ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 17 | 04 May 2022 to 10 May 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਪਟਿਆਲਾ ਹਿੰਸਾ ਕਾਰਨ ਪਰਵਾਨਾ ਅਤੇ ਸ਼ਿਵ ਸੈਨਾ ਦੇ ਜ਼ਿਲ੍ਹਾ ਪ੍ਰਧਾਨ ਸਣੇ ਛੇ ਹੋਰ ਗ੍ਰਿਫ਼ਤਾਰ

## ਪੁਲਿਸ ਵਲੋਂ ਬਲਜਿੰਦਰ ਸਿੰਘ ਪਰਵਾਨਾ ਸਾਜ਼ਿਸ਼ ਘਾੜਾ ਕਰਾਰ ✪ ਮੰਦਰ ਦੀ ਛੱਤ ਤੋਂ ਸਿੰਘ ਨੂੰ ਗੋਲੀ ਮਾਰਨ ਵਾਲੇ ਸ਼ਿਵ ਸੈਨਾਨੀ ਗ੍ਰਿਫ਼ਤਾਰ ਨਾ ਕੀਤੇ

## ✪ ਘਟਨਾਵਾਂ ਪ੍ਰਸ਼ਾਸਨਿਕ ਅਵੇਸਲੇਪਣ ਦਾ ਨਤੀਜਾ : ਸੁਖਬੀਰ ✪ ਸ਼੍ਰੋਮਣੀ ਕਮੇਟੀ ਵੱਲੋਂ ਪਰਵਾਨਾ ਖਿਲਾਫ਼ ਕੇਸ ਦਰਜ ਕਰਨ ਦਾ ਵਿਰੋਧ

**ਪਟਿਆਲਾ/ਏ.ਟੀ.ਨਿਊਜ਼ :-** ਖ਼ਾਲਿਸਤਾਨ ਦੇ ਮੁੱਦੇ 'ਤੇ ਮਾਰਚ ਕੱਢਣ ਦੌਰਾਨ 29 ਅਪ੍ਰੈਲ ਨੂੰ ਪਟਿਆਲਾ ਵਿਚ ਸਿੱਖਾਂ ਅਤੇ ਭਗਵੇਂ ਵਾਦੀ ਕਾਰਕੁਨਾਂ ਦਰਮਿਆਨ ਹੋਏ ਟਕਰਾਅ ਸਬੰਧੀ ਮੁੱਖ ਸਾਜ਼ਿਸ਼ਘਾੜੇ ਕਰਾਰ ਦਿੱਤੇ ਗਏ ਸਿੱਖ ਨੌਜਵਾਨ ਬਲਜਿੰਦਰ ਸਿੰਘ ਪਰਵਾਨਾ (38) ਅਤੇ ਸ਼ਿਵ ਸੈਨਾ (ਬਾਲ ਠਾਕਰੇ) ਦੇ ਜ਼ਿਲਾ ਪ੍ਰਧਾਨ ਸ਼ੰਕਰ ਭਾਰਦਵਾਜ ਸਮੇਤ ਛੇ ਜਣਿਆਂ ਨੂੰ ਬੀਤੇ ਦਿਨੀ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁਲੀਸ ਨੇ ਭੜਕਾਊ ਪ੍ਰਚਾਰ ਦੇ ਦੋਸ਼ ਹੇਠ ਪੰਡਤ ਅਸ਼ਵਨੀ ਗੱਗੀ, ਰਾਜਿੰਦਰ ਸਿੰਘ ਸਮਾਣਾ, ਦਵਿੰਦਰ ਸਿੰਘ ਜੀਂਦ ਅਤੇ ਵਾਸਦੇਵ ਵਾਸੀ ਫਤਿਹਗੜ ਸਾਹਿਬ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।ਇਸ ਕੇਸ ਵਿਚ 40 ਤੋਂ 50 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ ਜਿਨਾਂ ਵਿਚੋਂ ਅਜੇ ਸਿਰਫ਼ 10 ਕੁ ਦੀ ਹੀ ਸ਼ਨਾਖ਼ਤ ਹੋਈ ਹੈ। ਇਸ ਵਿਚ ਬਹੁਗਿਣਤੀ ਸਿੱਖ ਹਨ। ਪੁਲਿਸ ਅਫਸਰਸ਼ਾਹੀ ਤੇ ਆਪ ਸਰਕਾਰ ਦਾ ਝੁਕਾਅ ਭਗਵਿਆਂ ਵੱਲ ਸਾਫ ਦਿਖਾਈ ਦੇ ਰਿਹਾ ਹੈ। ਗੁੱਟਾਂ ਵਿਚ ਹੋਏ ਟਕਰਾਅ ਦੇ ਸਬੰਧ ਵਿਚ ਹੁਣ ਤੱਕ 9 ਵਿਅਕਤੀਆਂ ਨੂੰ ਗ੍ਰਿਫ਼ਤਾਰ ਹੋ ਚੁਕੇ ਹਨ। ਹੈਰਾਨੀ ਦੀ ਗੱਲ ਹੈ ਕਿ ਭਗਵਿਆਂ ਦੇ ਖਾਲਿਸਤਾਨੀ ਮਾਰਚ ਉਪਰ ਪਾਬੰਦੀ ਲਗਾਏ ਜਾਣ ਦੀ ਪੁਲਿਸ ਕੋਲੋਂ ਮੰਗ ਕਰਨ ਵਾਲੇ ਦਮਦਮੀ ਟਕਸਾਲ ਰਾਜਪੁਰਾ ਦੇ ਮੁਖੀ ਬਲਜਿੰਦਰ ਸਿੰਘ ਪਰਵਾਨਾ ਨੂੰ ਪੁਲਿਸ ਵਲੋਂ ਇਸ ਘਟਨਾ ਦਾ ਸਾਜ਼ਿਸ਼ਘਾੜਾ ਕਰਾਰ ਦਿੱਤਾ ਹੈ। ਯਾਦ ਰਹੇ ਕਿ ਇਸ ਟਕਰਾਅ ਵਿਚ ਤੇਜ਼ਧਾਰ ਹਥਿਆਰਾਂ ਅਤੇ ਮੰਦਰ ਤੋਂ ਇੱਟਾਂ-ਰੋੜੇ ਚੱਲਣ ਨਾਲ ਜਿਥੇ ਕੁਝ ਸਿਖ ਜ਼ਖ਼ਮੀ ਹੋਏ ਸਨ, ਉੱਥੇ ਹੀ ਮੰਦਰ ਦੀ ਛੱਤ ਤੋਂ ਇਕ ਸਿੱਖ ਕਾਰਕੁੰਨ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਿਆ ਸੀ।ਪਰ ਪੁਲਿਸ ਨੇ ਇਸ ਬਾਰੇ ਨਾ ਮੰਦਰ ਦੀ ਤਲਾਸ਼ੀ ਲਈ ਨਾ ਕਿਸੇ ਨੂੰ ਗ੍ਰਿਫਤਾਰ ਕੀਤਾ। ਟਕਰਾਅ ਏਨਾ ਵਧ ਗਿਆ ਸੀ ਕਿ ਇਸ ਨੂੰ ਰੋਕਣ ਲਈ ਐਸ.ਐਸ.



ਪੀ. ਨਾਨਕ ਸਿੰਘ ਅਤੇ ਪੁਲਿਸ ਮੁਲਾਜ਼ਮਾਂ ਵਲੋਂ ਹਵਾਈ ਫਾਇਰ ਕਰ ਕੇ ਸਥਿਤੀ 'ਤੇ ਕਾਬੂ ਪਾਇਆ ਗਿਆ। ਇਸ ਟਕਰਾਅ ਦੌਰਾਨ ਇਕ ਹਿੰਦੂ ਜਥੇਬੰਦੀ ਦੇ ਆਗੂ ਦੇ ਪੱਟ 'ਤੇ ਤੇਜ਼ਧਾਰ ਹਥਿਆਰ ਨਾਲ ਹੋਏ ਵਾਰ ਅਤੇ ਪੁਲਿਸ ਮੁਲਾਜ਼ਮ ਦੇ ਹੱਥ 'ਤੇ ਵੀ ਸੱਟ ਲੱਗੀ। ਜਦੋਂ ਸ਼ਾਮ ਤੱਕ ਮਸਲਾ ਸ਼ਾਂਤ ਹੁੰਦਾ ਦਿਖਾਈ ਨਾ ਦਿੱਤਾ ਤਾਂ ਡਿਪਟੀ ਕਮਿਸ਼ਨਰ ਵਲੋਂ ਸਥਿਤੀ 'ਤੇ ਕਾਬੂ ਪਾਉਣ ਲਈ ਕਰਫ਼ਿਊ ਲਗਾ ਦਿੱਤਾ ਸੀ । ਰਾਤ ਪੁਲਿਸ ਵਲੋਂ ਹਰੀਸ਼ ਸਿੰਗਲਾ ਨੂੰ ਬਿਨਾਂ ਆਗਿਆ ਜਲੂਸ ਕੱਢਣ ਅਤੇ ਹਿੰਸਾ ਭੜਕਾਉਣ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਸੀ। ਇਸ ਦੌਰਾਨ ਹਿੰਦੂ ਸੰਗਠਨ ਸ਼ਿਵ ਸੈਨਾ ਬਾਲ ਠਾਕਰੇ ਵਲੋਂ ਇਕ ਪੱਤਰ ਜਾਰੀ ਕਰਕੇ ਕਿਹਾ ਸੀ ਕਿ ਹਰੀਸ਼ ਸਿੰਗਲਾ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਹੈ, ਕਿਉਂਕਿ ਉਸ ਨੇ ਪਾਰਟੀ ਦੀ ਨੀਤੀ ਖਿਲਾਫ ਖ਼ਾਲਿਸਤਾਨ ਮੁਰਦਾਬਾਦ ਮਾਰਚ ਕੱਢਕੇ ਪੰਜਾਬ ਦਾ ਮਾਹੌਲ ਖਰਾਬ ਕੀਤਾ। ਹਰੀਸ਼ ਸਿੰਗਲਾ ਨੂੰ ਹਿੰਦੂ ਜਥੇਬੰਦੀਆਂ ਦੇ ਕਾਰਕੁੰਨਾਂ ਨੇ ਇਸ ਘਟਨਾ ਦਾ ਜ਼ਿੰਮੇਵਾਰ ਸਮਝਦਿਆਂ ਕੁਟਾਪਾ ਚਾੜਿਆ ਸੀ । ਹਿੰਸਕ ਘਟਨਾ ਬਾਅਦ ਕਾਲੀ ਮਾਤਾ ਮੰਦਰ ਵਿਖੇ ਹੋ ਰਹੀ ਬੈਠਕ ਦੌਰਾਨ ਪਹੁੰਚੇ ਸਿੰਗਲਾ ਦੀ ਕਾਰ ਤੱਕ ਦੀ ਵੀ ਭੰਨਤੋੜ ਕੀਤੀ ਗਈ ਸੀ। ਜਾਣਕਾਰੀ ਅਨੁਸਾਰ ਸ਼ਿਵ ਸੈਨਾ ਬਾਲ ਠਾਕਰੇ ਦੇ ਸੀਨੀਅਰ ਆਗੂ ਹਰੀਸ਼ ਸਿੰਗਲਾ ਵਲੋਂ 'ਖ਼ਾਲਿਸਤਾਨ ਮੁਰਦਾਬਾਦ ਮਾਰਚ' ਕੱਢਣ ਦਾ ਐਲਾਨ ਕੀਤਾ ਗਿਆ ਸੀ। ਇਸ ਐਲਾਨ ਤੋਂ ਬਾਅਦ ਦੂਰੋਂ-ਨੇੜਿਓਂ ਸਿੱਖ ਜਥੇਬੰਦੀਆਂ ਦੇ ਆਗੂ ਤੇ ਕਾਰਕੁੰਨ ਇਸ ਮਾਰਚ ਦਾ ਵਿਰੋਧ ਕਰਨ ਪਟਿਆਲਾ ਪਹੁੰਚੇ ਹੋਏ ਸਨ। ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਤੋਂ ਇਕੱਠੀਆਂ ਹੋਈਆਂ ਸਨ। ਪੁਲਿਸ ਮੁਲਾਜ਼ਮਾਂ ਨੇ ਪੰਥਕ ਜਥੇਬੰਦੀਆਂ ਨੂੰ ਲੀਲਾ ਭਵਨ ਕੋਲ ਰੋਕ ਦਿੱਤਾ ਸੀ । ਇਨਾਂ ਵਿਚੋਂ ਜਥੇਬੰਦੀਆਂ ਦੇ 15-20 ਕਾਰਕੁੰਨ ਮਾਲ ਰੋਡ ਤੋਂ ਸਥਿਤ ਕਾਲੀ ਮਾਤਾ ਮੰਦਰ ਦੇ ਸਾਹਮਣੇ ਤੋਂ ਲੰਘ ਰਹੇ ਸਨ, ਜਿਸ ਨੂੰ ਦੇਖਦਿਆਂ ਅੰਦਰੋਂ ਕੁਝ ਭਗਵੇਂ ਅਨਸਰਾਂ ਵਲੋਂ ਇੱਟਾਂ, ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਹਿੰਦੂ ਜਥੇਬੰਦੀਆਂ ਵਲੋਂ ਮੰਦਰ ਦੀਆਂ ਛੱਤਾਂ 'ਤੇ ਪਹਿਲਾਂ ਤੋਂ ਇਕੱਠੇ ਕੀਤੇ ਰੋੜੇ ਅਤੇ ਇੱਟਾਂ ਪੁਲਿਸ ਨੂੰ ਵੀ ਮਾਰੇ। ਜਦੋਂਕਿ ਦੂਜੇ ਪਾਸੇ ਸਿੱਖ ਜਥੇਬੰਦੀਆਂ ਨੇ ਆਪਣਾ ਰੋਸ ਜ਼ਾਹਿਰ ਕਰਦਿਆਂ ਫੁਹਾਰਾ ਚੌਕ ਵਿਖੇ ਧਰਨਾ ਲਗਾ ਦਿੱਤਾ ਪਰ ਸ਼ਾਮ ਦੌਰਾਨ ਕਰਫ਼ਿਊ ਲੱਗਣ ਤੋਂ ਬਾਅਦ ਪੁਲਿਸ ਵਲੋਂ ਸਿੱਖ ਜਥੇਬੰਦੀਆਂ ਨੂੰ ਹਮਲਾਵਰ ਧਿਰਾਂ 'ਤੇ ਪਰਚੇ ਦਰਜ ਕਰਨ ਦਾ ਭਰੋਸਾ ਦੇ ਕੇ ਇਹ ਧਰਨਾ ਚੁਕਵਾ ਦਿੱਤਾ। ਇਸ ਤੋਂ ਬਾਅਦ ਆਪ ਸਰਕਾਰ ਨੇ ਇਸ ਤੋਂ ਬਾਅਦ ਇਥੇ ਨਵੇਂ ਆਈਜੀ ਮੁਖਵਿੰਦਰ ਸਿੰਘ ਛੀਨਾ ਅਤੇ ਨਵੇਂ ਐੱਸਐੱਸਪੀ ਦੀਪਕ ਪਾਰਿਖ਼ ਨਿਯੁਕਤ ਕਰ ਦਿਤੇ ਸਨ। ਇਨਾਂ ਨੂੰ ਤਰਤੀਬਵਾਰ ਰਾਕੇਸ਼ ਅਗਰਵਾਲ ਅਤੇ ਡਾ. ਨਾਨਕ ਸਿੰਘ ਦੀ ਥਾਂ ਲਾਇਆ ਗਿਆ ਸੀ। ਐੱਸਪੀ ਸਿਟੀ ਹਰਪਾਲ ਸਿੰਘ ਅਤੇ ਡੀਐਸਪੀ ਅਸ਼ੋਕ ਸ਼ਰਮਾ ਦੇ ਵੀ ਤਬਾਦਲੇ ਕੀਤੇ ਗਏ ਹਨ ਜਦਕਿ ਥਾਣਾ ਕੋਤਵਾਲੀ ਦੇ ਮੁਖੀ ਬਿਕਰਮ ਸਿੰਘ ਅਤੇ ਥਾਣਾ ਲਾਹੌਰੀ ਗੇਟ ਦੇ ਮੁਖੀ ਗੁਰਪ੍ਰੀਤ ਸਿੰਘ ਨੂੰ ਲਾਈਨ ਹਾਜ਼ਰ ਕੀਤਾ ਗਿਆ ਸੀ।

ਪੰਥਕ ਜਥੇਬੰਦੀਆਂ ਨੇ ਕਿਹਾ ਕਿ ਪੁਲਿਸ ਨੇ ਭਗਵੇਂਵਾਦੀਆਂ ਦੇ ਮਾਰਚ ਤੇ ਭੜਕਾਊ ਭਾਸ਼ਣਾਂ ਉਪਰ ਕਾਰਵਾਈ ਕੀਤੀ ਹੁੰਦੀ ਤਾਂ ਸਿੱਖ ਨੌਜਵਾਨਾਂ ਨੂੰ ਇਕਠੇ ਹੋਣ ਦੀ ਲੋੜ ਨਹੀਂ ਸੀ। ਪੁਲਿਸ ਨੇ ਦੋ ਤਿੰਨ ਭਗਵੇਂਵਾਦੀਆਂ ਨੂੰ ਗ੍ਰਿਫਤਾਰ ਕਰਕੇ ਵੀਹ ਦੇ ਕਰੀਬ ਸਿੱਖਾਂ ਨੂੰ ਇਸ ਕੇਸ ਵਿਚ ਉਲਝਾ ਲਿਆ ਹੈ।

### ਪੰਥਕ ਜਥੇਬੰਦੀਆਂ ਨੇ ਭਗਵਿਆਂ ਤੇ ਸਰਕਾਰ ਨੂੰ ਦੋਸ਼ੀ ਠਹਿਰਾਇਆ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਨੌਜਵਾਨ ਆਗੂ ਬਲਜਿੰਦਰ ਸਿੰਘ ਪਰਵਾਨਾ ਦੀ ਪਿੱਠ 'ਤੇ ਆ ਗਈ ਹੈ। ਕਮੇਟੀ ਦੇ ਜਨਰਲ ਸਕੱਤਰ

ਬਾਕੀ ਸਫ਼ਾ 31 'ਤੇ

# ਮਾਮਲਾ ਬੇਅੰਤ ਸਿੰਘ ਕਤਲ ਕਾਂਡ ਦਾ

## ਸੁਪਰੀਮ ਕੋਰਟ ਨੇ ਕੇਂਦਰ ਨੂੰ ਕਿਹਾ ਕਿ ਰਾਜੋਆਣਾ ਦੀ ਪਟੀਸ਼ਨ 'ਤੇ ਦੋ ਮਹੀਨਿਆਂ ਵਿਚ ਫੈਸਲਾ ਲਵੋ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਬਲਵੰਤ ਸਿੰਘ ਰਾਜੋਆਣਾ ਦੀ ਪਟੀਸ਼ਨ 'ਤੇ ਦੋ ਮਹੀਨਿਆਂ ਦੇ ਅੰਦਰ ਫੈਸਲਾ ਲੈਣ ਦੇ ਨਿਰਦੇਸ਼ ਦਿੱਤੇ ਹਨ। ਇਸ ਪਟੀਸ਼ਨ ਵਿੱਚ ਰਾਜੋਆਣਾ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੀ ਮੰਗ ਕੀਤੀ ਹੈ। ਦੱਸਣਯੋਗ ਹੈ ਕਿ ਜੁਲਾਈ 2007 ਵਿੱਚ ਵਿਸ਼ੇਸ਼ ਅਦਾਲਤ ਨੇ ਬੇਅੰਤ ਸਿੰਘ ਕਤਲ ਕੇਸ ਵਿੱਚ ਰਾਜੋਆਣਾ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ। ਬਲਵੰਤ ਸਿੰਘ ਰਾਜੋਆਣਾ ਨੇ ਪਟੀਸ਼ਨ ਵਿੱਚ ਕਿਹਾ ਹੈ ਕਿ ਉਹ ਕਰੀਬ 26 ਸਾਲ ਜੇਲ ਕੱਟ ਚੁੱਕੇ ਹਨ। ਇਸ ਆਧਾਰ 'ਤੇ ਉਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕੀਤਾ ਜਾਣਾ ਚਾਹੀਦਾ ਹੈ। ਜਸਟਿਸ ਉਦੈ ਉਮੇਸ਼ ਲਲਿਤ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਵਿੱਚ ਹੋਰ ਦੋਸ਼ੀਆਂ ਦੀਆਂ ਅਪੀਲਾਂ ਦਾ ਪੈਂਡਿੰਗ ਹੋਣਾ ਰਾਜੋਆਣਾ ਦੀ ਪਟੀਸ਼ਨ 'ਤੇ ਫੈਸਲੇ ਵਿੱਚ ਰੁਕਾਵਟ ਨਹੀਂ ਬਣੇਗਾ।

31 ਅਗਸਤ 1995: ਬਲਵੰਤ ਸਿੰਘ ਰਾਜੋਆਣਾ ਦੇ ਅਦਾਲਤ ਵਿਚ ਬਿਆਨ ਮੁਤਾਬਕ ਉਨਾਂ ਅਤੇ ਪੰਜਾਬ ਪੁਲਿਸ ਦੇ ਐਸਪੀਓ ਦਿਲਾਵਰ ਸਿੰਘ ਨੇ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਬੰਬ ਧਮਾਕੇ ਵਿਚ ਕਤਲ ਕਰ ਦਿੱਤਾ ਸੀ। ਦਿਲਾਵਰ ਸਿੰਘ ਨੇ ਮਨੁੱਖੀ ਬੰਬ ਬਣ ਕੇ ਹਮਲਾ ਕੀਤਾ ਤੇ ਰਾਜੋਆਣਾ ਉਸ ਦੇ ਪਿੱਛੇ ਸੀ। ਜੇਕਰ ਦਿਲਾਵਰ ਨਾਕਾਮ ਹੋ ਜਾਂਦਾ ਤਾਂ ਰਾਜੋਆਣਾ ਨੇ ਹਮਲਾ ਕਰਨਾ ਸੀ। ਇਸ ਬੰਬ ਧਮਾਕੇ ਵਿੱਚ ਬੇਅੰਤ ਸਿੰਘ ਅਤੇ 16 ਹੋਰ ਲੋਕ ਮਾਰੇ ਗਏ ਸਨ। ਪੰਜਾਬ ਪੁਲਿਸ ਦੇ ਸਾਬਕਾ ਕਾਂਸਟੇਬਲ ਰਾਜੋਆਣਾ ਨੂੰ ਕਤਲ ਵਿੱਚ ਸ਼ਾਮਲ ਹੋਣ ਦਾ ਦੋਸ਼ੀ ਠਹਿਰਾਇਆ ਗਿਆ ਸੀ। ਹੁਣ ਰਾਜੋਆਣਾ ਨੇ ਸੁਪਰੀਮ ਕੋਰਟ ਵਿਚ ਪਟੀਸਨ ਦਾਇਰ ਕੀਤੀ ਹੈ, ਜਿਸ



'ਤੇ ਸੁਣਵਾਈ ਹੋ ਰਹੀ ਹੈ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਇਸ ਪਟੀਸ਼ਨ 'ਤੇ 30 ਅਪ੍ਰੈਲ ਤੱਕ ਫੈਸਲਾ ਲੈਣ ਦੇ ਨਿਰਦੇਸ਼ ਦਿੱਤੇ ਸਨ।

ਪਿਛਲੀ ਸੁਣਵਾਈ ਦੌਰਾਨ ਜਸਟਿਸ ਯੂ ਯੂ ਲਲਿਤ, ਜਸਟਿਸ ਐਸ ਰਵਿੰਦਰ ਭੱਟ ਅਤੇ ਜਸਟਿਸ ਪੀ ਐਸ ਨਰਸਿਮਹਾ ਦੇ ਬੈਂਚ ਨੇ ਕਿਹਾ ਸੀ ਕਿ ਜੇਕਰ ਕੇਂਦਰ ਸਰਕਾਰ 30 ਅਪ੍ਰੈਲ ਤੱਕ ਇਸ ਰਹਿਮ ਦੀ ਪਟੀਸ਼ਨ 'ਤੇ ਫੈਸਲਾ ਨਹੀਂ ਲੈਂਦੀ ਹੈ ਤਾਂ ਅਧਿਕਾਰੀਆਂ ਨੂੰ ਅਦਾਲਤ ਵਿਚ ਹਾਜ਼ਰ ਹੋਣਾ ਪਵੇਗਾ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਸੀ ਕਿ ਬਹੁਤ ਸਮਾਂ ਪਹਿਲਾਂ ਦਿੱਤੇ ਹੁਕਮਾਂ ਦੇ ਬਾਵਜੂਦ ਇਸ ਮਾਮਲੇ ਵਿੱਚ ਹੁਣ ਤੱਕ ਕੁਝ ਨਹੀਂ ਕੀਤਾ ਗਿਆ।

### ਰਿਹਾਈ ਲਈ ਉੱਠਦੀ ਰਹੀ ਹੈ ਸਿਆਸੀ ਮੰਗ

2019 ਵਿਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਮੌਕੇ ਕੇਂਦਰ ਸਰਕਾਰ 8 ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ ਸੀ। ਇਸ ਦੇ ਨਾਲ ਹੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਮਾਫ਼ ਕਰਕੇ ਉਮਰ ਕੈਦ ਵਿਚ ਬਦਲਣ ਦੇ ਹੁਕਮ ਦਿੱਤੇ ਸਨ। ਉਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਟਵੀਟ ਕਰਕੇ ਰਿਹਾਈ ਤੇ ਸਜ਼ਾ ਮਾਫ਼ੀ ਦਾ ਸਵਾਗਤ ਕੀਤਾ ਸੀ। ਬੇਅੰਤ ਸਿੰਘ ਦੇ ਪੋਤਰੇ ਤੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਇਸ ਰਾਜੋਆਣਾ ਨੂੰ ਮਾਫ਼ੀ ਦੇਣ ਦਾ ਵਿਰੋਧ ਕੀਤਾ ਸੀ। ਅਪ੍ਰੈਲ 2022 ਦੇ ਸ਼ੁਰੂਆਤੀ ਦਿਨਾਂ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਕੇ ਬਲਵੰਤ ਸਿੰਘ ਰਾਜੋਆਣਾ ਨੂੰ ਜੇਲ ਤੋਂ ਰਿਹਾਅ ਕਰਵਾਉਣ ਦੀ ਮੰਗ ਕੀਤੀ ਸੀ।

ਸੁਖਬੀਰ ਬਾਦਲ ਦੀ ਦਲੀਲ ਸੀ ਕਿ ਰਾਜੋਆਣਾ ਦੀ ਫਾਂਸੀ ਕੇਂਦਰ ਸਰਕਾਰ ਨੇ ਉਮਰ ਕੈਦ ਵਿਚ ਬਦਲ ਦਿੱਤੀ ਸੀ ਅਤੇ ਬਲਵੰਤ ਸਿੰਘ ਰਾਜੋਆਣਾ 26 ਸਾਲ ਬਾਕੀ ਸਫ਼ਾ 31 'ਤੇ

# ਬਰਗਾੜੀ ਮਾਮਲੇ ਵਿਚ ਸੌਦਾ ਸਾਧ ਨੂੰ ਵੱਡੀ ਰਾਹਤ, ਤਿੰਨੇ ਕੇਸਾਂ ਵਿਚ ਮਿਲੀ ਜ਼ਮਾਨਤ

**ਚੰਡੀਗੜ/ਏ.ਟੀ.ਨਿਊਜ਼:-** ਪੰਜਾਬ-ਹਰਿਆਣਾ ਹਾਈਕੋਰਟ ਨੇ ਬੀਤੇ ਦਿਨੀਂ ਸੁਨਾਰੀਆ ਜੇਲ ਵਿਚ ਬੰਦ ਸਿਰਸਾ ਡੇਰਾ ਮੁਖੀ ਵੱਡੀ ਰਾਹਤ ਦਿੱਤੀ, ਹਾਈਕੋਰਟ ਨੇ ਨਾ ਸਿਰਫ ਸੌਦਾ ਸਾਧ ਖਿਲਾਫ ਮਾਮਲੇ ਵਿਚ ਦਰਜ ਤਿੰਨ ਐਫ ਆਈ ਆਰ ਵਿਚ ਜ਼ਮਾਨਤ ਦੇ ਦਿੱਤੀ। ਸਗੋਂ ਪ੍ਰੋਡਕਸ਼ਨ ਵਾਰੰਟ 'ਤੇ ਪੰਜਾਬ ਲਿਆਉਣ 'ਤੇ ਵੀ ਰੋਕ ਲਗਾ ਦਿੱਤੀ ਗਈ ਸੀ। ਰਾਮ ਰਹੀਮ ਦੇ ਵਕੀਲ ਵਿਨੋਦ ਘਈ ਅਤੇ ਕਨਿਕਾ ਆਹੂਜਾ ਨੇ ਦੱਸਿਆ ਕਿ ਹਾਈਕੋਰਟ ਨੇ ਵੱਡੀ ਰਾਹਤ ਦਿੱਤੀ ਹੈ। ਬਰਗਾੜੀ ਮਾਮਲੇ ਵਿਚ 3 ਐਫ. ਆਈ.ਆਰ ਦਰਜ ਰਾਮ ਰਹੀਮ ਨੂੰ ਜ਼ਮਾਨਤ ਮਿਲ ਗਈ ਹੈ।

ਹੁਣ ਬੇਅਦਬੀ ਦੇ ਇਨਾਂ ਮਾਮਲਿਆਂ ਵਿਚ ਪੰਜਾਬ ਸਰਕਾਰ ਸੌਦਾ ਸਾਧ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਪੰਜਾਬ ਨਹੀਂ ਲਿਆ ਸਕੇਗੀ। ਜੇਕਰ ਰਾਮ ਰਹੀਮ ਵੱਲੋਂ ਕਿਸੇ ਵੀ ਦਸਤਾਵੇਜ਼ 'ਤੇ ਦਸਤਖਤ



ਕਰਵਾਉਣੇ ਹਨ ਤਾਂ ਉਹ ਵੀ ਪਹਿਲਾਂ ਰੋਹਤਕ ਸੁਨਾਰੀਆ ਜੇਲ ਜਾਵੇਗਾ ਅਤੇ ਫਿਰ ਵੀਸੀ ਰਾਹੀਂ ਹੀ ਭੇਜਿਆ ਜਾਵੇਗਾ। ਕਿਉਂ ਮੁਤਾਬਕ ਹੁਣ ਜੋ ਵੀ ਕਾਰਵਾਈ ਜਾਂ ਜਾਂਚ ਹੋਵੇਗੀ, ਉਹ ਵੀਡੀਓ ਕਾਨਫਰੰਸਿੰਗ ਰਾਹੀਂ ਹੀ ਹੋਵੇਗੀ।

ਪਿਛਲੀ ਸੁਣਵਾਈ ਵਿੱਚ ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਅਨਮੋਲ ਰਤਨ ਸਿੱਧੂ ਇਸ ਮਾਮਲੇ ਵਿੱਚ ਪੇਸ਼ ਹੋਏ ਸਨ। ਅਤੇ ਅਦਾਲਤ ਨੂੰ ਕਿਹਾ ਕਿ ਸੌਦਾ ਸਾਧ ਦੀ ਹਿਰਾਸਤੀ ਪੁੱਛਗਿੱਛ ਜ਼ਰੂਰੀ ਹੈ। ਕਿਉਂਕਿ ਸੌਦਾ ਸਾਧ ਸਹਿਯੋਗ ਨਹੀਂ ਕਰ ਰਿਹਾ ਹੈ ਅਤੇ ਬੇਅਦਬੀ ਮਾਮਲੇ ਦੀ ਤਹਿ ਤੱਕ ਜਾਣ ਲਈ ਸੌਦਾ ਸਾਧ ਦੀ ਹਿਰਾਸਤ ਵਿਚ ਪੁੱਛਗਿੱਛ ਜ਼ਰੂਰੀ ਹੈ। ਇਸ 'ਤੇ ਰਾਮ ਰਹੀਮ ਦੇ ਵਕੀਲਾਂ ਨੇ ਸਖ਼ਤ ਇਤਰਾਜ਼ ਜਤਾਇਆ ਸੀ ਅਤੇ ਕਿਹਾ ਸੀ ਕਿ 63 ਨੰਬਰ ਐਫ.ਆਈ. ਆਰ. ਜੋ ਹੁਕਮ ਹਾਈਕੋਰਟ ਨੇ ਦਿੱਤੇ ਹਨ, ਉਹ ਬਾਕੀਆਂ ਵਿਚ ਵੀ ਦਿੱਤੇ ਜਾਣੇ ਹਨ। ਕਿਉਂਕਿ ਰਾਮ ਰਹੀਮ ਨੂੰ ਪੰਜਾਬ ਲੈ ਕੇ ਜਾਣਾ ਖ਼ਤਰੇ ਤੋਂ ਖਾਲੀ ਨਹੀਂ ਹੈ।


U.S.A. REJUVENATION TOUR
APRIL - MAY 2022
SATINDER SARTAAJ
LIVE IN CONCERT
APRIL 21 THURS.
MODESTO, CA
559-347-7728
GALLO CENTRE.
APRIL 23 SAT.
DENVER, CO
559-347-7728
PARKER ARTS
APRIL 29 FRI.
PHOENIX, AZ
623-225-6778
SCOTTSDALE ARTS CTR
APRIL 30 SAT.
BAKERSFIELD, CA
661-479-2669
FOX THEATRE
MAY 1 SUN.
DALLAS, TX
832-955-5555
GRAND CENTRAL
MAY 6 FRI.
SEATTLE, WA
253-334-0400
FEDERAL WAY ARTS CTR
MAY 7 SAT.
SACRAMENTO, CA
510-807-7332
CREST THEATRE
MAY 8 SUN.
ORANGE, CA
714-504-5264
MUSCO CTR
MAY 13 FRI.
RAHWAY, NJ
917-749-1976
UNION COUNTY PERFORMING
ARTS CENTER
MAY 14 FRI.
WASHINGTON, DC
443-591-9496
HIGH POINT AUDITORIUM
MAY 15 SUN.
NEW YORK, NY
516-852-2222
COLDEN AUDITORIUM
For tickets visit
satindersartaaj.com/shows
For more info
sartaajusatour@gmail.com

# ਸਟੇਟ ਆਫ਼ ਕਨੈਕਟੀਕਟ 29 ਅਪ੍ਰੈਲ ਨੂੰ 'ਸਿੱਖ ਸੁਤੰਤਰਤਾ ਦਿਹਾੜੇ ਦੇ ਐਲਾਨਨਾਮੇ' ਵਜੋਂ ਮਾਨਤਾ ਦੇਣ ਵਾਲਾ ਅਮਰੀਕਾ ਦਾ ਪਹਿਲਾ ਸੂਬਾ ਬਣਿਆ










**ਵਾਸ਼ਿੰਗਟਨ ਡੀ.ਸੀ/ਏ.ਟੀ.ਨਿਊਜ਼ :** ਅਮਰੀਕਾ ਸਟੇਟ ਆਫ ਕਨੈਕਟੀਕਟ ਜਨਰਲ ਅਸੈਂਬਲੀ ਨੇ 29 ਅਪ੍ਰੈਲ ਨੂੰ ਸਿੱਖ ਨਸਲਕੁਸ਼ੀ ਯਾਦਗਾਰ ਦਿਵਸ ਵਜੋਂ ਮਾਨਤਾ ਦਿੱਤੀ। ਇਸ ਸਬੰਧੀ ਸਟੇਟ ਸੈਨੇਟਰ ਕੈਥੀ ਓਸਟਨ ਦੁਆਰਾ ਪ੍ਰਸ਼ੰਸਾ ਪੱਤਰ ਜਾਰੀ ਕੀਤਾ ਗਿਆ ਸੀ ਜਿਸ ਨੂੰ ਕਈ ਹੋਰ ਰਾਜ ਸੈਨੇਟਰਾਂ ਅਤੇ ਰਾਜ ਪ੍ਰਤੀਨਿਧਾਂ ਦੁਆਰਾ ਸਹਿ-ਪ੍ਰਾਯੋਜਿਤ ਕੀਤਾ ਗਿਆ ਸੀ।

ਇਸ ਪ੍ਰਸ਼ੰਸਾ ਪੱਤਰ ਨੂੰ ਨਾਰਵਿਚ ਸਿਟੀ ਹਾਲ ਦੇ ਬਾਹਰ ਪੜ੍ਹਿਆ ਗਿਆ ਜਿੱਥੇ ਮੇਅਰ ਪੀਟਰ ਨਿਸਟ੍ਰੋਮ ਅਤੇ ਨੌਰਵਿਚ ਸਿਟੀ ਕੌਂਸਲ ਦੇ ਮੈਂਬਰ ਸਵਰਨਜੀਤ ਸਿੰਘ ਖਾਲਸਾ ਅਤੇ ਡੇਰੇਲ ਵਿਲਸਨ ਵੀ ਮੌਜੂਦ ਸਨ।

ਸਿਟੀ ਆਫ ਨੌਰਵਿਚ ਨੇ ਵੀ 29 ਅਪ੍ਰੈਲ ਨੂੰ ਅਜ਼ਾਦੀ ਦਿਵਸ ਦੇ ਸਿੱਖ ਐਲਾਨਨਾਮੇ ਵਜੋਂ ਘੋਸ਼ਿਤ ਕੀਤਾ।

ਵਰਲਡ ਸਿੱਖ ਪਾਰਲੀਮੈਂਟ ਦੇ ਕੋ-ਆਰਡੀਨੇਟਰ ਹਿੰਮਤ ਸਿੰਘ ਨੇ ਕਿਹਾ, 'ਸਿਟੀ ਆਫ ਨਾਰਵਿਚ ਅਤੇ ਸਟੇਟ ਆਫ ਕਨੈਕਟੀਕਟ ਸ਼ਾਨਦਾਰ ਭਾਈਚਾਰਕ ਭਾਈਵਾਲ ਰਹੇ ਹਨ ਅਤੇ ਸਿੱਖਾਂ ਨੂੰ ਉਹਨਾਂ ਦੀਆਂ ਭਾਵਨਾਵਾਂ ਅਤੇ ਸੰਘਰਸ਼ਾਂ ਨੂੰ ਸਾਂਝਾ ਕਰਨ ਲਈ ਹਮੇਸ਼ਾ ਪਲੇਟਫਾਰਮ ਦਿੱਤਾ ਹੈ'।

ਵਰਲਡ ਸਿੱਖ ਪਾਰਲੀਮੈਂਟ ਦੇ ਬੁਲਾਰੇ ਡਾ. ਅਮਰਜੀਤ ਸਿੰਘ ਨੇ ਮੁੱਖ ਬੁਲਾਰੇ ਵਜੋਂ ਇਸ ਦਿਨ ਦੇ ਇਤਿਹਾਸ 'ਤੇ ਚਾਨਣਾ ਪਾਇਆ ਅਤੇ ਇਸ ਤੱਥ ਨੂੰ ਉਜਾਗਰ ਕੀਤਾ ਕਿ ਭਾਰਤ ਸਰਕਾਰ ਨੇ ਸਿੱਖਾਂ ਨੂੰ ਇਸ ਮੁਕਾਮ 'ਤੇ ਧੱਕ ਦਿੱਤਾ ਕਿ ਉਨਾਂ ਨੂੰ ਇਹ ਮਤਾ ਪਾਸ ਕਰਨਾ ਪਿਆ ਅਤੇ ਅਜ਼ਾਦ ਹੋਣ ਦੀ ਆਪਣੀ ਇੱਛਾ ਦਾ ਐਲਾਨ ਕਰਨਾ ਪਿਆ।

ਸਵਰਨਜੀਤ ਸਿੰਘ ਖਾਲਸਾ ਮੈਂਬਰ ਨਾਰਵਿਚ ਸਿਟੀ ਕੌਂਸਲ ਨੇ ਯੂਐਸ ਸੈਨੇਟਰ ਕ੍ਰਿਸ ਮਰਫੀ ਦਾ ਸੰਦੇਸ਼ ਪੜ੍ਹਿਆ ਅਤੇ ਇਸ ਤੱਥ ਨੂੰ ਉਜਾਗਰ ਕੀਤਾ ਕਿ ਪੰਜਾਬ ਅੰਤਰ-ਰਾਸ਼ਟਰੀ ਖੇਤਰ ਹੈ ਅਤੇ ਅਜੇ ਵੀ ਸੰਯੁਕਤ ਰਾਸ਼ਟਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਆਪਣੀ ਅਜ਼ਾਦੀ ਦੀ ਮੰਗ ਕਰਦਾ ਹੈ। ਲੈਫਟੀਨੈਂਟ ਗਵਰਨਰ ਸੁਜ਼ਨ ਬਾਈਸੀਵਿਜ਼ ਨੇ ਵੀ ਸਿੱਖ ਭਾਈਚਾਰੇ ਨੂੰ ਆਪਣੀਆਂ ਸ਼ੁਭਕਾਮਨਾਵਾਂ ਭੇਜੀਆਂ, ਜਿਸ ਨੂੰ ਸਿਟੀ ਆਫ ਨਾਰਵਿਚ ਦੇ ਨੁਮਾਇੰਦੇ ਨੇ ਪੜ੍ਹਿਆ। ਕਨੈਕਟੀਕਟ ਦੇ ਸਾਰੇ ਗੁਰਦੁਆਰਾ ਸਾਹਿਬਾਨ ਦੇ ਪ੍ਰਤੀਨਿਧਾਂ ਅਤੇ ਸਥਾਨਕ ਸਿੱਖ ਸੰਗਠਨਾਂ ਸਮੇਤ ਇਸ ਸਮਾਗਮ ਵਿੱਚ ਲਗਭਗ 100 ਲੋਕ ਸ਼ਾਮਲ ਹੋਏ। ਹੋਰ ਵੀ ਕਈ ਸਿੱਖ ਆਗੂਆਂ ਨੇ ਆ ਕੇ ਆਪਣੀਆਂ ਭਾਵਨਾਵਾਂ ਸਾਂਝੀਆਂ ਕੀਤੀਆਂ। ਇਸ ਵਿਸ਼ੇਸ਼ ਸਮਾਗਮ ਮੌਕੇ ਸਰਬੱਤ ਖਾਲਸਾ ਵੱਲੋਂ ਅਕਾਲ ਤਖ਼ਤ ਦੇ ਥਾਪੇ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼ ਵੀ ਪੜ੍ਹਿਆ ਗਿਆ।




## ਖ਼ਾਲਿਸਤਾਨ ਐਲਾਨਨਾਮਾ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਅਕਾਲੀ ਦਲ ਅੰਮ੍ਰਿਤਸਰ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਕੇ ਖ਼ਾਲਿਸਤਾਨ ਐਲਾਨਨਾਮਾ ਦਿਵਸ ਮਨਾਇਆ ਗਿਆ। ਇਸ ਤੋਂ ਪਹਿਲਾਂ ਪਾਰਟੀ ਦੇ ਜਨਰਲ ਸਕੱਤਰ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਦੀ ਅਗਵਾਈ ਵਿਚ ਪਾਰਟੀ ਵਰਕਰ ਘੰਟਾਘਰ ਵਿਖੇ ਇਕੱਠੇ ਹੋਏ ਤੇ ਕਈ ਪਾਰਟੀ ਆਗੂਆਂ ਨੇ ਖ਼ਾਲਿਸਤਾਨ ਦੇ ਹੱਕ ਵਿਚ ਨਾਅਰੇਬਾਜ਼ੀ ਕੀਤੀ। ਬਾਅਦ ਵਿਚ ਪਾਰਟੀ ਆਗੂਆਂ ਜਿਨਾਂ ਵਿਚ ਕਾਹਨ ਸਿੰਘ ਵਾਲਾ ਤੋਂ ਇਲਾਵਾ ਹਰਪਾਲ ਸਿੰਘ ਬਲੇਰ, ਹਰਬੀਰ ਸਿੰਘ ਸੰਧੂ, ਅਮਰੀਕ ਸਿੰਘ ਨੰਗਲ, ਬਲਵਿੰਦਰ ਸਿੰਘ ਕਾਲਾ ਤੇ ਹੋਰ ਸ਼ਾਮਿਲ ਸਨ, ਨੇ ਅਕਾਲ ਤਖ਼ਤ ਸਾਹਿਬ ਸਨਮੁੱਖ ਖ਼ਾਲਿਸਤਾਨ ਦੀ ਸਥਾਪਨਾ ਲਈ ਅਰਦਾਸ ਕੀਤੀ ਗਈ। ਕਾਹਨ ਸਿੰਘ ਵਾਲਾ ਨੇ ਕਿਹਾ ਕਿ ਖ਼ਾਲਿਸਤਾਨ ਦੀ ਨੀਂਹ ਅੱਜ ਦੇ ਦਿਨ ਰੱਖੀ ਗਈ ਸੀ ਤੇ ਖ਼ਾਲਿਸਤਾਨ ਦਿਵਸ ਹਰ ਸਾਲ ਛੇ ਜੂਨ ਨੂੰ ਮਨਾਇਆ ਜਾਂਦਾ ਹੈ। ਉਨਾਂ ਕਿਹਾ ਕਿ ਸੰਭਾਵਿਤ ਖ਼ਾਲਿਸਤਾਨ ਵਿਚ ਹਰ ਧਰਮ ਅਤੇ ਉਸ ਦੇ ਅਨੁਯਾਈ ਦਾ ਸਤਿਕਾਰ ਹੋਵੇਗਾ। ਇਸੇ ਦੌਰਾਨ ਪਾਰਟੀ ਆਗੂਆਂ ਵਲੋਂ ਘੰਟਾਘਰ ਪਲਾਜ਼ਾ ਵਿਖੇ ਮੁੱਖ ਮੰਤਰੀ ਪੰਜਾਬ ਦੇ ਨਾਂ ਲਿਖਿਆ ਪੱਤਰ ਡੀ.ਸੀ.ਪੀ. ਪਰਮਿੰਦਰ ਸਿੰਘ ਭੰਡਾਲ ਨੂੰ ਸੌਂਪਿਆ ਗਿਆ, ਜਿਸ ਵਿਚ ਕਿਹਾ ਗਿਆ ਕਿ ਪੰਜਾਬ ਅੰਦਰ ਭਾਜਪਾ, ਆਰਐੱਸਐੱਸ. ਦੇ ਵਿੰਗ ਸ਼ਿਵ ਸੈਨਾ, ਬਜਰੰਗ ਦਲ ਆਦਿ ਜਥੇਬੰਦੀਆਂ ਫਿਰਕਾਪ੍ਰਸਤੀ ਨੂੰ ਫੈਲਾਅ ਰਹੇ ਹਨ ਅਤੇ ਪੰਜਾਬ ਦੀ ਸ਼ਾਂਤੀ ਭੰਗ ਕਰਕੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰ ਰਹੇ ਹਨ। ਉਨਾਂ ਪੱਤਰ ਵਿਚ ਮੰਗ ਕੀਤੀ ਕਿ ਅਜਿਹੀਆਂ ਜਥੇਬੰਦੀਆਂ 'ਤੇ ਪਾਬੰਦੀ ਲਾਈ ਜਾਵੇ।



ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਤੇ ਆਗੂ ਅਕਾਲ ਤਖ਼ਤ ਸਾਹਿਬ ਸਨਮੁੱਖ ਖ਼ਾਲਿਸਤਾਨ ਐਲਾਨਨਾਮਾ ਦਿਵਸ ਸਬੰਧੀ ਅਰਦਾਸ ਕਰਦੇ ਹੋਏ। ਤਸਵੀਰ : ਹਰਜੀਤ ਸਿੰਘ

## ਨਵਿਆਉਣਯੋਗ ਊਰਜਾ ਖੇਤਰ ਨੇ 100% ਬਿਜਲੀ ਦੀ ਮੰਗ ਪੂਰੀ ਕਰਕੇ ਰੱਚਿਆ ਇਤਿਹਾਸ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ: -** ਅਮਰੀਕਾ ਦੇ ਕੈਲੀਫੋਰਨੀਆ ਰਾਜ ਨੇ ਨਵਿਉਣਯੋਗ ਊਰਜਾ ਖੇਤਰ ਵਿਚ ਇਤਿਹਾਸ ਰੱਚਦਿਆਂ ਸੂਬੇ ਦੇ ਵਾਸੀਆਂ ਦੀ 100% ਬਿਜਲੀ ਦੀ ਮੰਗ ਪੂਰੀ ਕਰ ਦਿੱਤੀ ਹੈ। ਬੀਤੇ ਦਿਨ ਰਾਜ ਵਿਚ ਬਿਜਲੀ ਦੀ ਮੰਗ 18672 ਮੈਗਾਵਾਟਸ ਤੱਕ ਪੁੱਜ ਗਈ ਸੀ ਜਦ ਕਿ ਬਿਜਲੀ ਦੀ ਮੰਗ ਪੂਰੀ ਕਰਨ ਲਈ ਰਾਜ ਕੋਲ 37172 ਮੈਗਾਵਾਟਸ ਬਿਜਲੀ ਮੌਜੂਦ ਸੀ ਜੋ ਸਾਰੀ ਦੀ ਸਾਰੀ ਨਵਿਆਉਣਯੋਗ ਖੇਤਰ ਵਿਚ ਤਿਆਰ ਹੋ ਰਹੀ ਹੈ। ਇਹ ਜਾਣਕਾਰੀ ਕੈਲੀਫੋਰਨੀਆ ਦੇ ਸਿਸਟਮ ਆਪਰੇਟਰ 'ਕੈਸੋ' ਨੇ ਦਿੱਤੀ ਹੈ। ਸੁਤੰਤਰ ਸਿਸਟਮ ਆਪਰੇਟਰ 'ਕੈਸੋ' ਰਾਜ ਦੇ ਥੋਕ ਬਿਜਲੀ ਪਾਵਰ ਸਿਸਟਮ ਤੇ ਟਰਾਂਸਮਿਸ਼ਨ ਲਾਈਨਾਂ ਦੀ ਦੇਖਭਾਲ ਕਰਦਾ ਹੈ। ਨਵਿਆਉਣਯੋਗ ਊਰਜਾ ਖੇਤਰ ਦੀ ਅਹਿਮ ਪ੍ਰਾਪਤੀ ਇਹ ਹੈ ਕਿ ਸੋਲਰ ਪਾਵਰ ਖੇਤਰ 12391 ਮੈਗਾਵਾਟ ਬਿਜਲੀ ਤਿਆਰ ਕਰ ਰਿਹਾ ਹੈ। ਕੈਸੋ ਦੇ ਬੁਲਾਰੇ ਐਨੀ ਗੋਂਜ਼ਲਜ ਨੇ ਕਿਹਾ ਹੈ ਕਿ ਇਸ ਵੇਲੇ ਜੋ ਸੰਕੇਤ ਮਿਲ ਰਹੇ ਹਨ ਉਹ ਨਵਿਆਉਣਯੋਗ ਊਰਜਾ ਖੇਤਰ ਵਿਚ ਇਕ ਨਵਾਂ ਕੀਰਤੀਮਾਨ ਸਥਾਪਿਤ ਹੋਣ ਵੱਲ ਇਸ਼ਾਰਾ ਕਰ ਰਹੇ ਪਰੰਤੂ ਅਸਲ ਸਥਿੱਤੀ ਦਾ ਪਤਾ ਲਾਉਣ ਲਈ ਸਮਾਂ ਲੱਗੇਗਾ। ਵਾਤਾਵਰਣ ਪ੍ਰੇਮੀ ਜੋ ਪਿਛਲੇ ਕਈ ਸਾਲਾਂ ਤੋਂ ਮੁਕੰਮਲ ਬਿਜਲੀ ਨਵਿਆਉਣਯੋਗ ਖੇਤਰ ਵਿਚ ਪੈਦਾ ਕਰਨ ਲਈ ਉਤਸ਼ਾਹਿਤ ਕਰਦੇ ਆ ਰਹੇ ਹਨ, 100% ਟੀਚਾ ਪੂਰਾ ਹੋਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰ ਰਹੇ ਹਨ।



ਬਿਜਲੀ ਤਿਆਰ ਕਰਨ ਲਈ ਪਾਮਸਪਰਿੰਗਜ ਕੈਲੀਫੋਰਨੀਆ ਵਿਚ ਨਜਰ ਆ ਰਿਹਾ ਸੋਲਰ ਤੇ ਪਵਨ ਚੱਕੀ ਸਿਸਟਮ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਜਗਤਾਰ ਸਿੰਘ ਜੱਗੀ ਜੌਹਲ ਦੀ ਰਿਹਾਈ ਨੂੰ ਯਕੀਨੀ ਬਣਾਉਣ ਵਿੱਚ ਅਸਫਲ ਰਹਿਣ ਲਈ ਯੂ.ਕੇ. ਪੀਐਮ ਬੋਰਿਸ ਜੌਹਨਸਨ ਦੀ ਹੋਈ ਸਖ਼ਤ ਆਲੋਚਨਾ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:-** ਜਗਤਾਰ ਸਿੰਘ ਜੌਹਲ ਜੋ ਕਿ ਜੱਗੀ ਵਜੋਂ ਜਾਣਿਆ ਜਾਂਦਾ ਹੈ, ਨੂੰ ਨਵੰਬਰ 2017 ਵਿੱਚ ਹਿੰਦੁਸਤਾਨ 'ਚ ਉਸਦੇ ਵਿਆਹ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ, ਜਿਸ 'ਤੇ ਹਿੰਦੂ ਨੇਤਾਵਾਂ ਦੇ ਕਤਲੇਆਮ ਦੀ ਸਾਜਿਸ਼ ਰਚਣ ਵਿਚ ਪੈਸਿਆਂ ਰਾਹੀਂ ਮਦਦ ਕਰਨ ਦਾ ਦੋਸ਼ ਲਗਾਇਆ ਗਿਆ ਹੈ, ਜਿਸਦਾ ਉਹ ਅਤੇ ਉਸਦਾ ਪਰਿਵਾਰ ਜ਼ੋਰਦਾਰ ਇਨਕਾਰ ਕਰਦਾ ਹੈ। 34 ਸਾਲਾ ਜੱਗੀ ਉਦੋਂ ਤੋਂ ਹੀ ਪੰਜਾਬ ਦੀ ਜੇਲ ਪਿਛੋਂ ਹੁਣ ਦਿੱਲੀ ਦੀ ਤਿਹਾੜ ਜੇਲ 'ਚ ਨਜ਼ਰਬੰਦ ਹੈ। ਵੈਸਟ ਡਨਬਰਟਨ ਸ਼ਾਇਰ ਦੇ ਐਮਪੀ ਮਾਰਟਿਨ ਡੋਚਰਟੀ-ਹਿਊਜ਼ ਨੇ ਐਸਐਨਪੀ ਦੁਆਰਾ ਪੇਸ਼ ਕੀਤੇ ਇੱਕ ਜ਼ਰੂਰੀ ਸੰਸਦੀ ਸਵਾਲ ਦੇ ਦੌਰਾਨ ਪ੍ਰਧਾਨ ਮੰਤਰੀ 'ਤੇ ਤਿੱਖਾ ਹਮਲਾ ਕੀਤਾ। ਉਸਨੇ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹਿੰਦੁਸਤਾਨ ਵਿੱਚ ਵਪਾਰਕ ਗੱਲਬਾਤ ਤੋਂ ਬਾਅਦ ਸ੍ਰੀ ਜੌਹਲ ਨੂੰ ਘਰ (ਯੂ.ਕੇ.) ਲਿਆਉਣ ਵਿੱਚ ਅਸਫਲ ਰਹਿਣ ਲਈ ਬੋਰਿਸ ਜੌਹਨਸਨ ਦੀ ਆਲੋਚਨਾ ਕੀਤੀ। ਡੋਚਰਟੀ-ਹਿਊਜ਼ ਨੇ ਕਿਹਾ 'ਕੀ ਪ੍ਰਧਾਨ ਮੰਤਰੀ ਨੇ ਮੋਦੀ ਨੂੰ ਜਗਤਾਰ ਸਿੰਘ ਜੌਹਲ ਦੀ ਮਨਮਾਨੀ ਨਜ਼ਰਬੰਦੀ ਨੂੰ ਸਿੱਧੇ ਤੌਰ 'ਤੇ ਚੁਣੌਤੀ ਦਿੱਤੀ ਸੀ, ਜਿਸ ਨੂੰ ਬੇਗੁਨਾਹ ਹੁੰਦੇ ਹੋਏ ਵੀ ਹੁਣ ਮੌਤ ਦੀ ਸਜ਼ਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ'। ਜਿਸ ਤੇ ਵਿਦੇਸ਼ ਮੰਤਰੀ ਵਿੱਕੀ ਫੋਰਡ ਨੇ ਯੂ.ਕੇ. ਸਰਕਾਰ ਨੂੰ ਇਹ ਭਰੋਸਾ ਦਿਵਾਇਆ ਕਿ ਪ੍ਰਧਾਨ ਮੰਤਰੀ ਨੇ ਆਪਣੀ ਹਿੰਦੁਸਤਾਨ ਫੇਰੀ ਦੌਰਾਨ ਸ੍ਰੀ ਜੌਹਲ ਦਾ ਮਾਮਲਾ ਉਠਾਇਆ ਸੀ। ਇਥੇ ਇਹ ਮੰਨਿਆ ਜਾ ਰਿਹਾ ਹੈ ਕਿ ਬੋਰਿਸ ਜੌਹਨਸਨ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਕੌਂਸਲਰ ਮਾਮਲਿਆਂ ਬਾਰੇ ਇੱਕ ਨੋਟ ਸੌਂਪਿਆ ਸੀ। ਸੰਸਦੀ ਕਾਮਨਜ਼ ਵਿੱਚ ਆਪਣੇ ਬਿਆਨ ਤੋਂ ਬਾਅਦ, ਐਮਪੀ ਡੋਚਰਟੀ-ਹਿਊਜ਼ ਨੇ ਅੱਗੇ ਕਿਹਾ 'ਇਹ ਮੇਰੇ ਹਲਕੇ ਲਈ ਇੱਕ ਬਹੁਤ ਵੱਡਾ ਝਟਕਾ ਹੈ ਕਿ ਜੌਹਲ ਪਰਿਵਾਰ ਨੇ ਪ੍ਰਧਾਨ ਮੰਤਰੀ ਨੂੰ ਡੰਬਰਟਨ ਦੇ ਇੱਕ ਬ੍ਰਿਟਿਸ਼ ਨਾਗਰਿਕ ਦੇ ਮਨੁੱਖੀ ਅਧਿਕਾਰਾਂ 'ਤੇ ਵਪਾਰਕ ਸੌਦੇ ਨੂੰ ਤਰਜੀਹ ਦਿੰਦੇ ਹੋਏ ਦੇਖਿਆ। ਉਨਾਂ ਅੱਗੇ ਕਿਹਾ ਕਿ 'ਹਿੰਦੁਸਤਾਨੀ ਮੂਲ ਦੇ ਲੱਖਾਂ ਯੂ.ਕੇ. ਦੇ ਨਾਗਰਿਕਾਂ ਲਈ ਇਸ ਦੇ ਲੰਬੇ ਸਮੇਂ ਦੇ ਨਤੀਜੇ ਵੀ ਚੁੱਪ-ਚਾਪ ਡਰਾਉਣੇ ਹਨ ਤੇ ਉਹ ਅੱਜ ਸੋਚ ਰਹੇ ਹੋਣਗੇ ਕਿ ਕੀ ਉਨਾਂ ਦੇ ਪੁੱਤਰ ਨੂੰ ਸੜਕ ਤੋਂ ਫੜਿਆ



ਜਾਵੇਗਾ ਅਤੇ ਅਣਪਛਾਤੀ ਹਿੰਦੁਸਤਾਨੀ ਪੁਲਿਸ ਦੁਆਰਾ ਜੇਲ ਡੱਕਿਆ ਜਾਵੇਗਾ? ਕੀ ਉਨਾਂ ਦੇ ਬੱਚਿਆਂ ਨੂੰ ਜੇਲ ਵਿੱਚ ਤਸੀਹੇ ਦਿੱਤੇ ਜਾਣਗੇ? ਜਾਂ ਕੀ ਉਨਾਂ ਦੇ ਬੱਚਿਆਂ ਨੂੰ ਹਿੰਦੁਸਤਾਨੀ ਸਰਕਾਰ ਦੁਆਰਾ ਨਜਾਇਜ਼ ਤੌਰ 'ਤੇ ਨਜ਼ਰਬੰਦ ਕੀਤਾ ਜਾ ਸਕਦਾ ਹੈ? ਜਿਸਦਾ ਯੂ.ਕੇ.-ਹਿੰਦੁਸਤਾਨ ਸਬੰਧਾਂ 'ਤੇ ਕੋਈ ਫਰਕ ਨਹੀਂ ਪੈਂਦਾ।

ਉਨਾਂ ਅੱਗੇ ਕਿਹਾ ਕਿ 'ਦੀਵਾਲੀ ਤੱਕ ਵਪਾਰਕ ਸੌਦਾ ਕਰਨ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ, ਪ੍ਰਧਾਨ ਮੰਤਰੀ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜਗਤਾਰ ਸਿੰਘ ਜੌਹਲ ਦੀਵਾਲੀ ਤੱਕ ਆਜ਼ਾਦ ਹੋ ਜਾਣ ਅਤੇ ਇਹ ਕਿ ਉਹ ਛੇਵਾਂ ਸਾਲ ਬੇਕਸੂਰੀ ਨਜ਼ਰਬੰਦੀ ਵਿੱਚ ਨਾ ਬਿਤਾਉਣ।' ਲੇਬਰ ਸੰਸਦ ਮੈਂਬਰ ਤਨ ਢੇਸੀ ਨੇ ਵੀ ਪ੍ਰਧਾਨ ਮੰਤਰੀ 'ਤੇ ਆਪਣੀ ਹਿੰਦੁਸਤਾਨ ਯਾਤਰਾ ਤੋਂ ਬਾਅਦ ਸੰਸਦ ਮੈਂਬਰਾਂ ਨੂੰ ਨਿੱਜੀ ਤੌਰ 'ਤੇ ਅਪਡੇਟ ਕਰਨ ਵਿੱਚ ਅਸਫਲ ਰਹਿਣ ਲਈ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ 'ਉਹ ਬ੍ਰਿਟਿਸ਼ ਨਾਗਰਿਕਾਂ ਦੀ ਘੱਟਗਿਣਤੀਆਂ ਦੇ ਮਨੁੱਖੀ ਅਧਿਕਾਰਾਂ ਅਤੇ ਨਜ਼ਰਬੰਦੀ ਦੇ ਬਹੁਤ ਮਸ਼ਹੂਰ ਮੁੱਦਿਆਂ ਨੂੰ ਉੱਚ ਪੱਧਰ 'ਤੇ ਉਠਾਉਣ ਦੀ ਖੇਚਲ ਕਿਉਂ ਨਹੀਂ ਕਰ ਸਕਦੇ ਸਨ?'

ਬਾਕੀ ਸਫ਼ਾ 31 'ਤੇ

# ਪੰਜਾਬ ਸਰਕਾਰ ਫਿਰਕਾਪ੍ਰਸਤ ਹਿੰਦੂਤਵੀਆਂ ਨੂੰ ਨੱਥ ਪਾਵੇ : ਯੂਨਾਈਟਿਡ ਖਾਲਸਾ ਦਲ ਯੂ.ਕੇ.

## 'ਖਾਲਿਸਤਾਨ ਲਈ ਨਿਸ਼ਕਾਮਨਾ ਸਹਿਤ ਸੰਘਰਸ਼ ਕਰਨਾ ਹਰੇਕ ਸਿੱਖ ਦਾ ਫਰਜ ਹੈ'

**ਲੰਡਨ/ਏ.ਟੀ.ਨਿਊਜ਼ :-** ਖਾਲਿਸਤਾਨ ਸਿੱਖਾਂ ਦਾ ਕੌਮੀ ਅਤੇ ਪਾਕਿ ਪਵਿੱਤਰ ਸਾਕਾਰ ਕਰਨਯੋਗ ਨਿਸ਼ਾਨਾ ਹੈ। ਜਿਸਦੀ ਨੀਂਹ ਵਿੱਚ ਸਦੀਆਂ ਬਾਅਦ ਸਿੱਖ ਕੌਮ ਨੂੰ ਪ੍ਰਾਪਤ ਹੋਏ ਮਹਾਂਪੁਰਖ ਅਤਿ ਸਤਿਕਾਰਯੋਗ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਜਥੇਦਾਰ ਦਮਦਮੀ ਟਕਸਾਲ, ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਮਹਾਨ ਜਰਨੈਲ ਜਨਰਲ ਸ਼ਾਬੇਗ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਸੀਸ ਲੱਗੇ ਹੋਏ ਹਨ। ਜਿਸ ਕੌਮੀ ਨਿਸ਼ਾਨੇ ਦੀ ਪੂਰਤੀ ਲਈ ਹਜ਼ਾਰਾਂ ਸਿੱਖ ਨੌਜਵਾਨ ਸ਼ਹੀਦ ਹੋ ਗਏ। ਸਿੱਖ ਮਾਤਾਵਾਂ ਦੇ ਦੋ-ਦੋ, ਤਿੰਨ-ਤਿੰਨ ਪੁੱਤਰ ਸ਼ਹੀਦ ਹੋ ਗਏ ਹਨ ਉਸ ਨਿਸ਼ਾਨੇ ਤੋਂ ਕੋਈ ਵੀ ਤਾਕਤ ਸਿੱਖਾਂ ਨੂੰ ਥਿੜਕਾ ਜਾਂ ਭਟਕਾ ਨਹੀਂ ਸਕਦੀ। ਸਿੱਖ ਕੌਮ ਵਲੋਂ ਖਾਲਿਸਤਾਨ ਦਾ ਸੰਘਰਸ਼ ਨਿਰੰਤਰ ਜਾਰੀ ਹੈ ਅਤੇ ਫਤਿਹ ਤੱਕ ਜਾਰੀ ਰਹੇਗਾ। ਪਿਛਲੇ ਦਿਨੀਂ 29 ਅਪ੍ਰੈਲ ਵਾਲੇ ਦਿਨ ਹਿੰਦੂਤਵੀਆਂ ਵਲੋਂ ਖਾਲਿਸਤਾਨ




ਮੁਰਦਾਬਾਦ ਮਾਰਚ ਕੱਢਣ ਦੇ ਐਲਾਨ ਕਰਨ ਨਾਲ ਪੰਜਾਬ ਸਰਕਾਰ ਦੇ ਕੰਨਾਂ ਤੇ ਜੂੰਅ ਤੱਕ ਨਹੀਂ ਸਰਕੀ। ਜਦੋਂ ਸਿੱਖਾਂ ਵਲੋਂ ਇਸਦਾ ਵਿਰੋਧ ਕਰਕੇ ਕੌਮੀ ਫਰਜ ਅਦਾ ਕੀਤਾ ਗਿਆ ਤਾਂ ਉਨਾਂ ਤੇ ਹਿੰਦੂਤਵੀ ਭੀੜ ਵਲੋਂ ਹਮਲਾ ਕਰ ਦਿੱਤਾ ਗਿਆ। ਪੰਜਾਬ ਸਰਕਾਰ ਵਲੋਂ ਜਾਣਬੁੱਝ ਕੇ ਹਿੰਦੂਤਵੀਆਂ ਨੂੰ ਖੁਸ਼ ਕਰਨ ਲਈ ਇਕਪਾਸੜ ਕਾਰਵਾਈ ਕਰਦਿਆਂ ਆਤਮ ਰੱਖਿਆ ਦੇ ਅਧਿਕਾਰ ਨੂੰ ਦਰ ਕਿਨਾਰ ਕਰਦਿਆਂ ਸਿੱਖ ਨੌਜਵਾਨਾਂ ਖਿਲਾਫ ਹੀ ਕੇਸ ਦਰਜ ਕਰਕੇ ਉਨਾਂ ਨੂੰ ਵੱਡੀ ਪੱਧਰ 'ਤੇ ਗ੍ਰਿਫਤਾਰ ਕੀਤਾ ਜਾ ਰਿਹਾ ਹੈ ਜੋ ਕਿ ਮਨੁੱਖੀ ਅਧਿਕਾਰਾਂ ਦਾ ਘਾਣ ਹੈ। ਯੂਨਾਈਟਿਡ ਖਾਲਸਾ ਦਲ ਯੂ.ਕੇ. ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਪੰਜਾਬ ਪੁਲਿਸ ਅਤੇ ਪੰਜਾਬ ਸਰਕਾਰ ਦੀ ਸਿੱਖਾਂ ਪ੍ਰਤੀ ਮਾੜੀ ਅਤੇ ਜ਼ਾਲਮਾਨਾ ਪਹੁੰਚ ਦੀ ਸਖਤ ਨਿਖੇਧੀ ਕੀਤੀ ਗਈ ਹੈ।

ਬਾਕੀ ਸਫ਼ਾ 31 'ਤੇ

# ਰੂਸ ਭੇਜਣ ਦੇ ਨਾਂ 'ਤੇ ਨੌਜਵਾਨ ਨਾਲ ਮਾਰੀ ਠੱਗੀ, ਪਰਚਾ ਦਰਜ

**ਲੁਧਿਆਣਾ/ਏ.ਟੀ.ਨਿਊਜ਼:-** ਥਾਣਾ ਬਸਤੀ ਜੋਧੇਵਾਲ ਪੁਲਿਸ ਨੇ ਪਿੰਡ ਔੜ ਜ਼ਿਲਾ ਨਵਾਂਸ਼ਹਿਰ ਦੇ ਰਹਿਣ ਵਾਲੇ ਵਿਸ਼ਾਲ ਕੁਮਾਰ ਦੇ ਬਿਆਨ ਉਪਰ ਲਛਮੀ ਕਲੋਨੀ ਕੈਲਾਸ਼ ਨਗਰ ਵਾਸੀ ਹਰਜਿੰਦਰ ਸਿੰਘ ਖ਼ਿਲਾਫ਼ ਇਮੀਗ੍ਰੇਸ਼ਨ ਐਕਟ ਅਤੇ ਧੋਖਾਦੇਹੀ ਦੇ ਦੋਸ਼ਾਂ ਤਹਿਤ ਪਰਚਾ ਦਰਜ ਕੀਤਾ ਹੈ। ਵਿਸ਼ਾਲ ਕੁਮਾਰ ਮੁਤਾਬਕ ਵਿਦੇਸ਼ ਜਾ ਕੇ ਕੰਮ ਕਰਨ ਲਈ ਉਹ ਵੀਜ਼ਾ ਲਗਵਾਉਣ ਦਾ ਚਾਹਵਾਨ ਸੀ। ਇਸ ਦੌਰਾਨ ਉਸ ਦੇ ਸੰਪਰਕ ਵਿੱਚ ਇੱਕ ਵਿਅਕਤੀ ਆਇਆ ਜਿਸ ਨੇ ਦਾਅਵਾ ਕੀਤਾ ਕਿ ਉਹ ਉਨਾਂ ਦੇ ਵਿਦੇਸ਼ ਜਾਣ ਦਾ ਇੰਤਜ਼ਾਮ ਕਰ ਸਕਦਾ ਹੈ। ਉਕਤ ਵਿਅਕਤੀ ਦੀਆਂ ਗੱਲਾਂ ਵਿੱਚ ਆ ਕੇ ਮੁਦਈ ਵਿਸ਼ਾਲ ਅਤੇ ਉਸ ਦੇ ਦੋਸਤ ਸੌਰਭ ਵਰਮਾ ਅਤੇ ਰਾਹੁਲ ਨੇ ਮਿਲ ਕੇ ਬਾਹਰ ਜਾਣ ਦੇ ਗੱਲਬਾਤ ਤੋਰੀ। ਉਕਤ ਵਿਅਕਤੀ ਨੇ ਉਨਾਂ ਨੂੰ ਲਛਮੀ ਕਲੋਨੀ ਕੈਲਾਸ਼ ਨਗਰ ਰੋਡ ਦੇ ਰਹਿਣ ਵਾਲੇ ਹਰਜਿੰਦਰ ਸਿੰਘ ਨਾਲ ਮਿਲਵਾ ਦਿੱਤਾ, ਜਿਸ ਨੇ ਦਾਅਵਾ ਕੀਤਾ ਕਿ ਉਹ ਮੁੱਦਈ ਸਮੇਤ ਤਿੰਨਾਂ ਦੋਸਤਾਂ ਦਾ ਰੂਸ ਦਾ ਵੀਜ਼ਾ ਲਗਵਾ ਸਕਦਾ ਹੈ। ਹਰਜਿੰਦਰ ਸਿੰਘ ਦੀਆਂ ਗੱਲਾਂ ਵਿੱਚ ਆ ਕੇ ਤਿੰਨਾਂ ਦੋਸਤਾਂ ਨੇ ਆਪਣੇ ਪਾਸਪੋਰਟ ਅਤੇ ਕਰੀਬ ਸੱਤਰ ਹਜ਼ਾਰ ਰੁਪਏ ਐਡਵਾਂਸ ਦੇ ਰੂਪ ਵਿੱਚ ਦੇ ਦਿੱਤੇ।

ਕਾਫੀ ਸਮਾਂ ਬੀਤਣ ਦੇ ਬਾਵਜੂਦ ਹਰਜਿੰਦਰ ਸਿੰਘ ਨੇ ਤਿੱਨ ਦੋਸਤਾਂ ਦੇ ਵੀਜ਼ੇ ਨਾ ਲਗਵਾਏ ਤਾਂ ਮੁਦੱਈ ਨੇ ਆਪਣਾ ਪਾਸਪੋਰਟ ਅਤੇ ਦਿੱਤੀ ਹੋਈ ਨਗਦੀ ਵਾਪਸ ਮੰਗਣੀ ਸ਼ੁਰੂ ਕਰ ਦਿੱਤੀ। ਕਈ ਵਾਰ ਪੈਸੇ ਮੰਗਣ ਦੇ ਬਾਵਜੂਦ ਆਰੋਪੀ ਹਰਜਿੰਦਰ ਸਿੰਘ ਉਨਾਂ ਨੂੰ ਪੈਸਾ ਵਾਪਸ ਕਰਨ ਵਿਚ ਲਾਰੇਬਾਜ਼ੀ ਕਰਨ ਲੱਗਾ ਤਾਂ ਮੁੱਦਈ ਅਤੇ ਉਸ ਦੇ ਦੋਸਤਾਂ ਨੇ ਥਾਣਾ ਬਸਤੀ ਜੋਧੇਵਾਲ ਪੁਲਿਸ ਕੋਲ ਆਰੋਪੀ ਖਿਲਾਫ ਸ਼ਿਕਾਇਤ ਦਰਜ ਕਰਵਾ ਦਿੱਤੀ। ਵਿਸ਼ਾਲ ਕੁਮਾਰ ਮੁਤਾਬਕ ਉਹ ਪਿੰਡ ਔੜ ਵਿੱਚ ਕਨਫੈਕਸ਼ਰੀ ਦੁਕਾਨ 'ਤੇ ਕੰਮ ਕਰਦਾ ਹੈ। ਥਾਣਾ ਬਸਤੀ ਜੋਧੇਵਾਲ ਪੁਲਿਸ ਨੇ ਹਰਜਿੰਦਰ ਸਿੰਘ ਖਿਲਾਫ ਧੋਖਾਦੇਹੀ ਅਤੇ ਇਮੀਗ੍ਰੇਸ਼ਨ ਐਕਟ ਅਧੀਨ ਪਰਚਾ ਦਰਜ ਕਰਕੇ ਅਗਲੇਰੀ ਪੜਤਾਲ ਸ਼ੁਰੂ ਕਰ ਦਿੱਤੀ ਹੈ।

# ਸਿੱਖ ਬੁੱਕ ਕਲੱਬ ਦੇ ਥਮਿੰਦਰ ਸਿੰਘ ਆਨੰਦ ਵਿਰੁੱਧ ਜਲਦੀ ਅਤੇ ਸਖ਼ਤ ਕਾਰਵਾਈ ਕੀਤੀ ਜਾਵੇ : ਗੁਰਦੁਆਰਾ ਸਾਹਿਬ ਫਰੀਮਾਂਟ

## ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲਿਖਿਆ ਪੱਤਰ

**ਫਰੀਮਾਂਟ/ਏ.ਟੀ.ਨਿਊਜ਼ :-** ਗੁਰਦੁਆਰਾ ਸਾਹਿਬ ਫਰੀਮਾਂਟ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਥਮਿੰਦਰ ਸਿੰਘ ਆਨੰਦ ਵਿਰੁੱਧ ਪੱਤਰ ਲਿਖ ਕੇ ਭੇਜਿਆ, ਜਿਸ ਵਿਚ ਉਨਾਂ ਨੇ ਸਿੱਖ ਬੁੱਕ ਕਲੱਬ ਦੇ ਥਮਿੰਦਰ ਸਿੰਘ ਆਨੰਦ ਦੁਆਰਾ ਵਾਧੂ ਲਗਾਂ ਮਾਤਰਾਵਾਂ ਲਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੀਤੀ ਬੇਅਦਬੀ ਦੇ ਵਿਰੁੱਧ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਪੱਤਰ ਵਿਚ ਉਨਾਂ ਨੇ ਅੱਗੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਛਾਪਣ ਦਾ ਅਧਿਕਾਰ ਕੇਵਲ ਗੁਰਦੁਆਰਾ ਰਾਮਸਰ ਸਾਹਿਬ ਅਤੇ ਗੁਰਦੁਆਰਾ ਰਕਾਬਗੰਜ ਸਾਹਿਬ ਨੂੰ ਹੀ ਹੈ। ਚੀਨ ਤੋਂ ਸਰੂਪ ਛਪਵਾ ਕੇ ਥਮਿੰਦਰ ਸਿੰਘ ਆਨੰਦ ਨੇ ਇਸ ਮਰਿਆਦਾ ਦੀ ਉਲੰਘਣਾ ਕੀਤੀ ਹੈ। ਛਪਾਈ ਦੀ ਇਸ ਪ੍ਰਕਿਰਿਆ ਦੌਰਾਨ ਸ਼ਬਦ ਗੁਰੂ ਦੀ ਕਿੰਨੀ ਬੇਅਦਬੀ ਹੁੰਦੀ ਹੈ, ਇਸ ਦਾ ਸਾਨੂੰ ਕੋਈ ਅੰਦਾਜ਼ਾ ਨਹੀਂ ਹੈ। ਇਹ ਸਰੂਪ ਚੀਨ ਤੋਂ ਉਨਾਂ ਦੇ ਅੰਤਮ ਗ੍ਰਾਹਕ ਨੂੰ ਭੇਜਣ ਤੋਂ ਪਹਿਲਾਂ ਜਾਂ ਵੰਡਣ ਤੱਕ ਸਟੋਰੇਜ ਵਿੱਚ ਰੱਖੇ ਜਾਂਦੇ ਹਨ।

ਥਮਿੰਦਰ ਸਿੰਘ ਆਨੰਦ ਅਤੇ ਉਸ ਦੇ ਸਮਰਥਕ ਅਜੇ ਤੱਕ ਵੀ ਇਸ ਨੂੰ ਬੇਅਦਬੀ ਨਹੀਂ ਮੰਨਦੇ ਅਤੇ ਆਪਣਾ ਸਪੱਸ਼ਟੀਕਰਨ ਦੇ ਰਹੇ ਹਨ। ਜਿਸ ਤਰਾਂ ਦਾ ਉਹ ਸਪੱਸ਼ਟੀਕਰਨ ਦੇ ਰਹੇ ਹਨ ਉਸ ਨਾਲ ਕੇਵਲ ਉਹ ਪੰਥ ਨੂੰ ਗੁੰਮਰਾਹ ਕਰ ਰਹੇ ਹਨ। ਮਰਹੂਮ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਅਤੇ ਉਸਦੀ ਟੀਮ ਦੁਆਰਾ ਜੋ ਪਹਿਲਾਂ ਖੋਜ ਕੀਤੀ ਗਈ ਸੀ ਉਸ ਵਿੱਚ ਵੀ ਉਨਾਂ ਨੇ ਕਿਹਾ ਸੀ ਕਿ ਜੇਕਰ ਪੰਥ ਇਸ ਉੱਤੇ ਸਹਿਮਤੀ ਪ੍ਰਗਟ ਕਰਦਾ ਹੈ ਤਦ ਹੀ ਇਸ ਨੂੰ ਪ੍ਰਕਾਸ਼ਿਤ ਕੀਤਾ ਜਾਵੇ।

ਅਸੀਂ ਸਾਰੇ ਜਾਣਦੇ ਹਾਂ ਕਿ ਪਿਛਲੇ ਸਾਲਾਂ ਦੌਰਾਨ ਬਹੁਤ ਸਾਰੇ ਮੁੱਦਿਆਂ 'ਤੇ ਖਾਲਸਾ ਪੰਥ ਸਹਿਮਤ ਨਹੀਂ ਹੋ ਸਕਦਾ ਹੈ, ਪਰ ਅਸੀਂ ਆਪਣੇ ਮਤਭੇਦਾਂ ਨੂੰ ਇੱਕ ਪਾਸੇ ਰੱਖ ਕੇ ਉਨਾਂ ਨੂੰ ਉਦੋਂ ਤੱਕ ਇਕੱਲੇ ਛੱਡ ਦਿੰਦੇ ਹਾਂ ਜਦੋਂ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਪੰਥਕ ਪੱਧਰ 'ਤੇ ਅੱਗੇ ਵਧਣ ਦਾ ਫੈਸਲਾ ਨਹੀਂ ਲੈਂਦੀ। ਥਮਿੰਦਰ ਸਿੰਘ ਆਨੰਦ ਕੌਣ ਹੈ ਜੋ ਆਪਣੇ ਤੌਰ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਦਲਾਅ ਕਰ ਕੇ ਪ੍ਰਕਾਸ਼ਿਤ ਕਰ ਰਿਹਾ ਹੈ ! ਉਸ ਦਾ ਇਹ ਕੰਮ ਪੰਥ ਵਿੱਚ ਹੋਰ ਪਾੜਾ ਅਤੇ ਭੰਬਲਭੂਸਾ ਪੈਦਾ ਕਰੇਗਾ। ਦੋਸ਼ੀਆਂ ਨੂੰ ਅਜਿਹੀਆਂ ਸਜ਼ਾਵਾਂ ਦਿੱਤੀਆਂ ਜਾਣ ਜਿਸ ਨੂੰ ਦੇਖ ਕੇ ਕੋਈ ਵੀ ਅਜਿਹੀ ਹਿੰਮਤ ਨਾ ਕਰੇ ਤੇ ਥਮਿੰਦਰ ਸਿੰਘ ਆਨੰਦ ਅਤੇ ਉਸ ਦੇ ਸਮਰਥਕ ਸਿੱਖ ਇਤਿਹਾਸ ਵਿੱਚ ਅਜਿਹੇ ਪਹਿਲੇ ਅਤੇ ਅਖੀਰਲੇ ਵਿਅਕਤੀ ਹੋਣ ਜਿਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਜਿਹੀਆਂ ਤਬਦੀਲੀਆਂ ਕਰਨ ਦੀ ਕੋਸ਼ਿਸ਼ ਕੀਤੀ ਹੈ।ਅਸੀਂ ਸਭ ਜਾਣਦੇ ਹਾਂ ਕਿ ਸਾਲਾਂ ਤੋਂ ਸਾਡੀ ਮਰਿਯਾਦਾ ਤੇ ਸਾਡੇ ਗੁਰ ਇਤਿਹਾਸ ਉੱਤੇ ਸਦਾ ਹਮਲਾ ਹੁੰਦਾ ਆ ਰਿਹਾ ਹੈ। ਇਹ ਹਮਲੇ ਪਹਿਲਾਂ ਦਸਮ ਪਾਤਸ਼ਾਹ ਜੀ ਦੀ ਬਾਣੀ ਨੂੰ ਲੈ ਕੇ ਹੋ ਰਹੇ ਸਨ ਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅਜਿਹੀਆਂ ਤਬਦੀਲੀਆਂ ਕਰ ਕੇ ਹਮਲੇ ਕੀਤੇ ਜਾ ਰਹੇ ਹਨ।

ਧੁਰ ਕੀ ਬਾਣੀ ਨਾਲ ਜੇਕਰ ਛੇੜਛਾੜ ਕਰਾਂਗੇ ਤਾਂ ਇਸ ਦਾ ਖਾਮਿਆਜ਼ਾ ਆਉਣ ਵਾਲੀਆਂ ਸਿੱਖ ਕੌਮ ਦੀਆਂ ਨਸਲਾਂ ਨੂੰ ਭੁਗਤਣਾ ਪਵੇਗਾ। ਪਹਿਲਾਂ ਹੀ ਵਿਆਖਿਆਵਾਂ ਦੀਆਂ ਦੀਵਾਰਾਂ ਉਸਾਰ ਕੇ ਪੰਥ ਨੂੰ ਅਸਲ ਸੱਚ ਤੋਂ ਦੂਰ ਕੀਤਾ ਜਾ ਰਿਹਾ ਹੈ। ਸਮੇਂ ਦੇ ਨਾਲ ਜੇਕਰ ਅਸੀਂ ਸ਼ਬਦਿਕ ਤਬਦੀਲੀਆਂ ਕਰਨ ਲੱਗ ਪਵੇ ਤਾਂ ਉਹ ਇਲਾਹੀ ਬਾਣੀ ਨਹੀਂ ਰਹਿਣੀ। ਗੁਰਦੁਆਰਾ ਸਾਹਿਬ ਫਰੀਮਾਂਟ ਅਤੇ ਸੁਪਰੀਮ ਕੌਂਸਲ ਦੇ ਮੈਂਬਰ ਹਰਪ੍ਰੀਤ ਸਿੰਘ ਬੈਂਸ, ਜਸਵਿੰਦਰ ਸਿੰਘ ਜਾਂਡੀ, ਜਸਪ੍ਰੀਤ ਸਿੰਘ ਅਟਵਾਲ, ਗੁਰਵਿੰਦਰ ਸਿੰਘ, ਰਾਜਿੰਦਰ ਸਿੰਘ ਰਾਜਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮਸਲੇ ਉੱਤੇ ਜਲਦ ਤੋਂ ਜਲਦ ਕਾਰਵਾਈ ਕਰਕੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

# ਸ਼੍ਰੋਮਣੀ ਕਮੇਟੀ ਮਿੱਥੇ ਸਮੇਂ ਵਿਚ ਵੈੱਬ ਚੈਨਲ ਸ਼ੁਰੂ ਨਾ ਕਰ ਸਕੀ

## ਕਮੇਟੀ ਦੀ ਰਿਪੋਰਟ ਮਿਲਣ ਮਗਰੋਂ ਕਾਰਵਾਈ ਆਰੰਭ ਦਿੱਤੀ ਜਾਵੇਗੀ : ਧਾਮੀ

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਸ੍ਰੀ ਦਰਬਾਰ ਸਾਹਿਬ ਵਿਚ ਹੁੰਦੇ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਸਿੱਖ ਸੰਸਥਾ ਵੱਲੋਂ ਆਪਣੇ ਵੈੱਬ ਚੈਨਲ 'ਤੇ ਸ਼ੁਰੂ ਕਰਨ ਸਬੰਧੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਦਿੱਤੇ ਗਏ ਹੁਕਮ ਨੂੰ ਅਮਲੀਜਾਮਾ ਪਹਿਨਾਉਣ ਵਿੱਚ ਫਿਲਹਾਲ ਸ਼੍ਰੋਮਣੀ ਕਮੇਟੀ ਪੱਛੜਦੀ ਦਿਖਾਈ ਦੇ ਰਹੀ ਹੈ। ਫਿਲਹਾਲ ਕੀਰਤਨ ਦਾ ਸਿੱਧਾ ਪ੍ਰਸਾਰਨ ਇਕ ਨਿੱਜੀ ਚੈਨਲ ਵੱਲੋਂ ਕੀਤਾ ਜਾ ਰਿਹਾ ਹੈ, ਜਿਸ ਦੇ ਪ੍ਰਬੰਧਕਾਂ 'ਤੇ ਗੰਭੀਰ ਦੋਸ਼ ਲੱਗੇ ਹਨ। ਇਹ ਦੋਸ਼ ਲੱਗਣ ਮਗਰੋਂ ਸਿੱਖ ਸੰਗਤ ਵੱਲੋਂ ਮੰਗ ਕੀਤੀ ਗਈ ਹੈ ਕਿ ਨਿੱਜੀ ਚੈਨਲ ਰਾਹੀਂ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਬੰਦ ਕੀਤਾ ਜਾਵੇ।

ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਅੱਠ ਅਪ੍ਰੈਲ ਨੂੰ ਲਿਖਤੀ ਰੂਪ ਵਿੱਚ ਸ਼੍ਰੋਮਣੀ ਕਮੇਟੀ ਨੂੰ ਆਪਣਾ ਚੈਨਲ ਸ਼ੁਰੂ ਕਰਨ ਲਈ ਕਿਹਾ ਸੀ ਤੇ ਨਿੱਜੀ ਚੈਨਲ ਸ਼ੁਰੂ ਹੋਣ ਤੱਕ ਇਹ ਪ੍ਰਸਾਰਨ ਸ਼੍ਰੋਮਣੀ ਕਮੇਟੀ ਨੂੰ ਆਪਣੇ ਵੈੱਬ ਚੈਨਲ ਰਾਹੀਂ ਕਰਨ ਲਈ ਕਿਹਾ ਗਿਆ ਸੀ। ਇਸ ਕੰਮ ਲਈ ਸ਼੍ਰੋਮਣੀ ਕਮੇਟੀ ਵੱਲੋਂ ਇਕ ਹਫ਼ਤੇ ਦਾ ਸਮਾਂ ਮੰਗਿਆ ਗਿਆ ਸੀ। ਇਸ ਹੁਕਮ ਤੋਂ ਬਾਅਦ ਕਈ ਦਿਨ ਬੀਤ ਜਾਣ 'ਤੇ ਵੀ ਹਾਲੇ ਸ਼੍ਰੋਮਣੀ ਕਮੇਟੀ ਵੈੱਬ ਚੈਨਲ ਰਾਹੀਂ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਆਰੰਭ ਨਹੀਂ ਸਕੀ ਹੈ।

ਸ਼੍ਰੋਮਣੀ ਕਮੇਟੀ ਦੇ ਸਦਨ ਵਿੱਚ ਵਿਰੋਧੀ ਧਿਰ ਦੇ ਕੁਝ ਮੈਂਬਰਾਂ ਵੱਲੋਂ ਇਹ ਮਾਮਲਾ



ਬੀਤੇ ਦਿਨ ਹੋਈ ਅੰਤ੍ਰਿਗ ਕਮੇਟੀ ਦੀ ਮੀਟਿੰਗ ਵਿੱਚ ਉਭਾਰਿਆ ਗਿਆ ਸੀ। ਇਸ ਸਬੰਧੀ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਰੰਧਾਵਾ ਨੇ ਪ੍ਰਧਾਨ ਨੂੰ ਇਕ ਪੱਤਰ ਵੀ ਭੇਜਿਆ ਹੈ।

ਇਸ ਸਬੰਧੀ ਤਕਨੀਕੀ ਤੇ ਕਾਨੂੰਨੀ ਪੱਖਾਂ ਨੂੰ ਵੀ ਘੋਖਿਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਵਲੋਂ ਗੁਰਬਾਣੀ ਦੇ ਪ੍ਰਸਾਰਨ ਲਈ ਨਿੱਜੀ ਚੈਨਲ ਨਾਲ ਕੀਤੇ ਸਮਝੌਤੇ ਤਹਿਤ ਇਹ ਸਮਝੌਤਾ ਫਰਵਰੀ 2023 ਤੱਕ ਲਾਗੂ ਹੈ। ਇਸ ਦੌਰਾਨ ਵੈੱਬ ਚੈਨਲ ਸ਼ੁਰੂ ਕਰਨ ਲਈ ਬਣਾਈ ਸਬ-ਕਮੇਟੀ ਮੈਂਬਰ ਨੇ ਦੱਸਿਆ ਕਿ ਇਸ ਕਮੇਟੀ ਵੱਲੋਂ ਇਸ ਖੇਤਰ ਦੇ ਮਾਹਿਰਾਂ ਨਾਲ ਇੱਕ-ਦੋ ਮੀਟਿੰਗਾਂ ਵੀ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਹ ਕੰਮ ਸ਼੍ਰੋਮਣੀ ਕਮੇਟੀ ਲਈ ਤਕਨੀਕੀ ਪੱਖੋਂ ਨਵਾਂ ਹੈ, ਇਸ ਲਈ ਤਕਨੀਕੀ ਮਾਹਿਰਾਂ ਦੀ ਰਾਏ ਲਈ ਜਾ ਰਹੀ ਹੈ।

ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਨੇ ਇਸ ਵੈੱਬ ਚੈਨਲ ਨੂੰ ਸ਼ੁਰੂ ਕਰਨ ਲਈ ਇੱਕ ਪੰਜ ਮੈਂਬਰੀ ਕਮੇਟੀ ਬਣਾਈ ਹੋਈ ਹੈ, ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਮੋਹਨ ਸਿੰਘ ਬੰਗੀ, ਕੁਲਵੰਤ ਸਿੰਘ ਮੰਨਣ, ਗੁਰਚਰਨ ਸਿੰਘ ਗਰੇਵਾਲ ਅਤੇ ਸਰਵਣ ਸਿੰਘ ਕੁਲਾਰ ਸ਼ਾਮਲ ਹਨ। ਇਹ ਕਮੇਟੀ ਜਿਵੇਂ ਹੀ ਆਪਣੀ ਰਿਪੋਰਟ ਦੇਵੇਗੀ, ਉਸ ਤੋਂ ਬਾਅਦ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ।

# ਸ਼੍ਰੋਮਣੀ ਕਮੇਟੀ ਨਾਲ ਸੰਬੰਧਿਤ ਅਦਾਰਿਆਂ ਵਿਚ ਹਰੇਕ ਵਿਅਕਤੀ ਨੂੰ ਸਿਰੋਪਾਓ ਦੇਣ 'ਤੇ ਪਾਬੰਦੀ

## ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਕੋਲੋਂ ਮੁਲਾਕਾਤ ਲਈ ਸਮਾਂ ਮੰਗਿਆ

**ਚੋਹਲਾ ਸਾਹਿਬ/ਏ.ਟੀ.ਨਿਊਜ਼ :-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸਕੂਲਾਂ ਕਾਲਜਾਂ ਤੇ ਹੋਰ ਅਦਾਰਿਆਂ ਵਿਚ ਹਰੇਕ ਵਿਅਕਤੀ ਨੂੰ ਦਿੱਤੇ ਜਾਂਦੇ ਸਿਰੋਪਾਓ ਉਪਰ ਰੋਕ ਲਗਾਉਂਦਿਆਂ ਹੋਇਆਂ ਇਸ ਨੂੰ ਗੁਰਮਰਿਆਦਾ ਦੇ ਉਲਟ ਦੱਸਿਆ ਹੈ। ਉਹ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸਥਾਨਕ ਗੁਰੂ ਅਰਜਨ ਦੇਵ ਖ਼ਾਲਸਾ ਕਾਲਜ ਵਿਖੇ ਡਿਗਰੀ ਵੰਡ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਵਜੋਂ ਪੁੱਜੇ ਸਨ, ਜਿਥੇ ਜਦ ਉਨ੍ਹਾਂ ਨੂੰ ਪ੍ਰੋਗਰਾਮ ਦੀ ਸਮਾਪਤੀ ਮੌਕੇ ਸਿਰੋਪਾਓ ਦੇਣ ਲਈ ਬੁਲਾਇਆ ਤਾਂ ਉਨ੍ਹਾਂ ਨੇ ਸਿਰੋਪਾਓ ਲੈਣ ਤੋਂ ਇਨਕਾਰ ਕਰਦਿਆਂ ਹੋਇਆਂ ਕਿਹਾ ਕਿ ਇਸ ਨੂੰ ਸਿਰੋਪਾਓ ਦਾ ਨਿਰਾਦਰ ਨਾ ਸਮਝਿਆ ਜਾਵੇ, ਬਲਕਿ ਸਿਰੋਪਾਓ ਦੇ ਮਾਣ-ਸਨਮਾਨ ਲਈ ਇਸ ਦੀ ਵਰਤੋਂ



ਉਸ ਵਿਅਕਤੀ ਲਈ ਹੀ ਕੀਤੀ ਜਾਵੇ, ਜੋ ਗੁਰਮਰਿਆਦਾ ਅਨੁਸਾਰ ਇਸ ਦਾ ਹੱਕਦਾਰ ਹੋਵੇ। ਉਨ੍ਹਾਂ ਸ਼੍ਰੋਮਣੀ ਕਮੇਟੀ ਨਾਲ ਸੰਬੰਧਿਤ ਸਮੂਹ ਸਕੂਲ ਕਾਲਜਾਂ ਦੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਉਹ ਸਿਰੋਪਾਓ ਭੇਟ ਕਰਨ ਲੱਗਿਆਂ ਵਿਅਕਤੀ-ਵਿਸ਼ੇਸ਼ ਦੀ ਸ਼ਖ਼ਸੀਅਤ ਨੂੰ ਧਿਆਨ ਵਿਚ ਰੱਖਣ ਅਤੇ ਉਸ ਵਿਅਕਤੀ ਨੂੰ ਹੀ ਸਿਰੋਪਾਓ ਭੇਂਟ ਕਰਨ ਜਿਸ ਧਰਮ ਦੇ ਕਾਰਜ ਵਿਚ ਕੋਈ ਵਿਸ਼ੇਸ਼ ਯੋਗਦਾਨ ਹੋਵੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੰਦੀ ਸਿੰਘਾਂ ਦੀ ਰਿਹਾਈ ਵਿਚ ਲਗਾਤਾਰ ਹੋ ਰਹੀ ਦੇਰੀ 'ਤੇ ਅਫਸੋਸ ਪ੍ਰਗਟ ਕਰਦਿਆਂ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਗੱਲਬਾਤ ਕਰਨ ਲਈ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਕੋਲੋਂ ਮੁਲਾਕਾਤ ਲਈ ਸਮਾਂ ਮੰਗਿਆ ਹੈ। ਇਤਿਹਾਸਕ ਕਸਬਾ ਚੋਹਲਾ ਸਾਹਿਬ ਵਿਖੇ ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੋਂ ਆਪਣੀ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕੀਤਾ ਜਾਣਾਂ ਸਮੇਂ ਦੀ ਮੰਗ ਹੈ।

# ਪੰਜਾਬ ਵਿਚ ਭਾਜਪਾ ਕੈਪਟਨ ਤੇ ਢੀਂਡਸਾ ਤੋਂ ਨਿਰਾਸ਼

## ਸੰਗਰੂਰ ਦੀ ਹੋਣ ਵਾਲੀ ਉਪ ਚੋਣ ਸਮੇਂ ਕੈਪਟਨ ਤੇ ਢੀਂਡਸਾ ਧੜੇ ਤੋਂ ਵੱਖ ਹੋ ਕੇ ਰਣਨੀਤੀ ਉਲੀਕੇਗੀ

**ਚੰਡੀਗੜ/ਏ.ਟੀ.ਨਿਊਜ਼:-** ਜਾਣਕਾਰ ਹਲਕਿਆਂ ਨੇ ਪ੍ਰਗਟਾਵਾ ਕੀਤਾ ਹੈ ਕਿ ਪੰਜਾਬ ਵਿਧਾਨ ਸਭਾ ਦੀਆਂ ਕੁਝ ਹਫ਼ਤੇ ਪਹਿਲਾਂ ਹੋਈਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ, ਪੰਜਾਬ ਲੋਕ ਕਾਂਗਰਸ ਤੇ ਸੰਯੁਕਤ ਅਕਾਲੀ ਦਲ ਨੂੰ ਜੋ ਨਮੋਸ਼ੀਜਨਕ ਹਾਰ ਹੋਈ ਹੈ, ਉਸ ਨੂੰ ਸਾਹਮਣੇ ਰੱਖ ਕੇ ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਭਾਜਪਾ ਹੁਣ ਮੂੰਹ ਮੋੜਨ ਲੱਗੀ ਹੈ ਤੇ ਉਹ ਸੰਗਰੂਰ ਦੀ ਹੋਣ ਵਾਲੀ ਉਪ ਚੋਣ ਸਮੇਂ ਕੈਪਟਨ ਤੇ ਸੁਖਦੇਵ ਸਿੰਘ ਢੀਂਡਸਾ ਧੜੇ ਤੋਂ ਵੱਖ ਹੋ ਕੇ ਰਣਨੀਤੀ ਉਲੀਕੇਗੀ। ਇਹ ਉਪ ਚੋਣ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਅਸਤੀਫ਼ੇ ਕਾਰਨ ਹੋ ਰਹੀ ਹੈ, ਭਾਵੇਂਕਿ ਕੋਈ ਚੋਣ ਤਰੀਕ ਚੋਣ ਕਮਿਸ਼ਨ ਵਲੋਂ ਨਿਰਧਾਰਤ ਨਹੀਂ ਕੀਤੀ ਗਈ ਪਰ 6 ਮਹੀਨਿਆਂ ਦੇ ਅੰਦਰ ਜ਼ਿਮਨੀ ਚੋਣ ਕਰਾਉਣੀ ਲਾਜ਼ਮੀ ਹੈ ਪਰ ਜੋ ਕਨਸੋਆਂ ਮਿਲੀਆਂ ਹਨ, ਉਨ੍ਹਾਂ ਅਨੁਸਾਰ ਆਪ ਪਾਰਟੀ, ਬਾਦਲ ਦਲ, ਕਾਂਗਰਸ ਆਪੋ ਆਪਣੇ ਉਮੀਦਵਾਰ ਜ਼ਰੂਰ ਖੜੇ ਕਰਨਗੀਆਂ।

# ਓਕਲਾਹੋਮਾ ਯੂਨੀਵਰਸਿਟੀ ਦੇ 3 ਵਿਦਿਆਰਥੀਆਂ ਦੀ ਸੜਕ ਹਾਦਸੇ ਵਿਚ ਹੋਈ ਮੌਤ, ਕਾਰ ਤੇ ਸੈਮੀ ਟਰੱਕ ਵਿਚਾਲੇ ਵਾਪਰਿਆ ਹਾਦਸਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਓਕਲਾਹੋਮਾ ਯੂਨੀਵਰਸਿਟੀ ਦੇ ਮੈਟਰਾਲੋਜੀ ਦੇ 3 ਵਿਦਿਆਰਥੀਆਂ ਦੀ ਇਕ ਸੜਕ ਹਾਦਸੇ ਵਿਚ ਮੌਤ ਹੋ ਗਈ। ਤਿੰਨਾਂ ਦੋਸਤਾਂ ਨਾਲ ਇਹ ਹਾਦਸਾ ਕਨਸਾਸ ਵਿਚ ਉਸ ਵੇਲੇ ਵਾਪਰਿਆ ਜਦੋਂ ਉਹ ਨਾਰਮੈਨ, ਓਕਲਾਹੋਮਾ ਤੋਂ ਵਾਪਿਸ ਪਰਤ ਰਹੇ ਸਨ। ਵਿਦਿਆਰਥੀਆਂ ਦੀ ਕਾਰ ਇਕ ਸੈਮੀ ਟਰੱਕ ਨਾਲ ਟਕਰਾਅ ਗਈ। ਮ੍ਰਿਤਕਾਂ ਦੀ ਪਛਾਣ ਡੈਨਟਾਨ, ਟੈਕਸਾਸ ਵਾਸੀ ਨਿਕੋਲਸ ਨਾਇਰ (20), ਗਰੇਅਸਲੇਕ,ਇਲੀਨੋਇਸ ਵਾਸੀ ਗੈਵਿਨ ਸ਼ਾਰਟ (19), ਤੇ ਈਵਾਨਸਵਿਲੇ, ਇੰਡੀਆਨਾ ਵਾਸੀ ਡਰੇਕ ਬਰੁੱਕਸ (22) ਵਜੋਂ ਹੋਈ ਹੈ। ਤਿੰਨਾਂ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਸੈਮੀ ਟਰੱਕ ਦੇ ਡਰਾਈਵਰ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਮਿਲੀ ਜਾਣਕਾਰੀ



*ਸੜਕ ਹਾਦਸੇ ਵਿਚ ਮਾਰੇ ਗਏ ਵਿਦਿਆਰਥੀਆਂ ਵੱਲੋਂ ਮੌਤ ਤੋਂ ਪਹਿਲਾਂ ਆਪਣੇ ਮਿੱਤਰਾਂ ਨੂੰ ਭੇਜੀ ਗਈ ਖੁਦ ਖਿੱਚੀ ( ਸੈਲਫੀ) ਤਸਵੀਰ*

ਅਨੁਸਾਰ ਵਿਦਿਆਰਥੀਆਂ ਦੀ ਕਾਰ ਸੱਜੇ ਪਾਸੇ ਸੜਕ ਤੋਂ ਉਤਰ ਗਈ ਤੇ ਫਿਰ ਸੜਕ ਉਪਰ ਚੜਕੇ ਸੈਮੀ ਟਰੱਕ ਨਾਲ ਟਕਰਾਅ ਗਈ। ਟੋਨਕਾਵਾ ਅੱਗ ਬੁਝਾਊ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਤਿੰਨਾਂ ਵਿਦਿਆਰਥੀਆਂ ਦੀਆਂ ਲਾਸ਼ਾਂ ਨੂੰ ਸਾਢੇ 5 ਘੰਟੇ ਦੀ ਮੁਸ਼ੱਕਤ ਤੋਂ ਬਾਅਦ ਮਲਬੇ ਵਿਚੋਂ ਕੱਢਿਆ ਗਿਆ। ਮੌਤ ਤੋਂ 3 ਘੰਟੇ ਪਹਿਲਾਂ ਉਨ੍ਹਾਂ ਦਾ ਸਾਹਮਣਾ ਇਕ ਤੂਫਾਨ ਨਾਲ ਹੋਇਆ ਜਿਸ ਸਬੰਧੀ ਤਸਵੀਰਾਂ ਉਨ੍ਹਾਂ ਨੇ ਟਵਿਟਰ ਉਪਰ ਸਾਂਝੀਆਂ ਕੀਤੀਆਂ ਸਨ। ਜਿਉਂ ਹੀ ਤਿੰਨਾਂ ਵਿਦਿਆਰਥੀਆਂ ਦੀ ਮੌਤ ਦੀ ਖ਼ਬਰ ਯੂਨੀਵਰਸਿਟੀ ਪੁੱਜੀ ਤਾਂ ਉਥੇ ਸੋਗ ਦੀ ਲਹਿਰ ਫੈਲ ਗਈ। ਉਨ੍ਹਾਂ ਦੇ ਸਾਥੀਆਂ ਅਨੁਸਾਰ ਤਿੰਨੋਂ ਵਿਦਿਆਰਥੀ ਬਹੁਤ ਹੀ ਮਿਲਾਪੜੇ ਸੁਭਾਅ ਦੇ ਸਨ ਤੇ ਉਹ ਹਮੇਸ਼ਾ ਆਪਣੇ ਸਾਥੀ ਵਿਦਿਆਰਥੀਆਂ ਦੀ ਮਦਦ ਕਰਨ ਲਈ ਤਿਆਰ ਰਹਿੰਦੇ ਸਨ।

# ਖ਼ਾਲਿਸਤਾਨ ਸਮਰਥਕਾਂ ਦੀ ਹਮਾਇਤ ਵਿਚ ਅਮਰੀਕਾ ਦੇ ਕਨੈਕਟੀਕਟ ਸੂਬੇ ਦੀ ਸਰਕਾਰ



**ਜਲੰਧਰ/ਏ.ਟੀ.ਨਿਊਜ਼:-** ਅਮਰੀਕਾ ਦੇ ਕਨੈਕਟੀਕਟ ਸੂਬੇ ਦੀ ਸਰਕਾਰ ਖ਼ਾਲਿਸਤਾਨ ਸਮਰਥਕਾਂ ਦੇ ਭਾਰਤ ਵਿਰੁੱਧ ਚਲਾਏ ਜਾਣ ਵਾਲੇ ਸਿੱਖ ਦਮਨ ਦੇ ਪ੍ਰਚਾਰ ਦੀ ਹਮਾਇਤ ਕਰ ਰਹੀ ਹੈ। ਸਟੇਟ ਆਫ਼ ਕਨੈਕਟੀਕਟ ਜਨਰਲ ਅਸੈਂਬਲੀ ਨੇ 29 ਅਪ੍ਰੈਲ ਨੂੰ 'ਸਿੱਖ ਆਜ਼ਾਦੀ ਦਿਵਸ' (ਦੂਜੇ ਸ਼ਬਦਾਂ ਵਿਚ ਖ਼ਾਲਿਸਤਾਨ ਐਲਾਨ ਦਿਵਸ) ਦੇ ਰੂਪ ਵਿਚ ਮਾਨਤਾ ਦਿੱਤੀ ਹੈ। ਇਸ ਸਬੰਧੀ ਕਨੈਕਟੀਕਟ ਸੂਬੇ ਵੱਲੋਂ ਇਕ ਪ੍ਰਸ਼ੰਸਾ-ਪੱਤਰ ਸੂਬੇ ਦੀ ਸੀਨੇਟਰ ਕੈਥੀ ਉਸਟਨ ਨੇ ਜਾਰੀ ਕੀਤਾ, ਜਿਸ ਨੂੰ ਕਈ ਹੋਰ ਸੀਨੇਟਰਾਂ ਅਤੇ ਸੂਬੇ ਦੇ ਪ੍ਰਤੀਨਿਧੀਆਂ ਦਾ ਸਮਰਥਨ ਹਾਸਲ ਹੈ। ਇਸ ਪ੍ਰਸ਼ੰਸਾ-ਪੱਤਰ ਨੂੰ ਬੀਤੇ ਦਿਨੀਂ ਨਾਰਵਿਚ ਸਿਟੀ ਹਾਲ ਦੇ ਬਾਹਰ ਪੜ੍ਹਿਆ ਗਿਆ, ਜਿੱਥੇ ਮੇਅਰ ਪੀਟਰ ਨਿਸਟਰੋਮ, ਨਾਰਵਿਚ ਸਿਟੀ ਕੌਂਸਲ ਦੇ ਮੈਂਬਰ ਸਵਰਣਜੀਤ ਸਿੰਘ ਖ਼ਾਲਸਾ ਅਤੇ ਡੈਰੇਲ ਵਿਲਸਨ ਵੀ ਮੌਜੂਦ ਸਨ। ਮੇਅਰ ਨਿਸਟਰੋਮ ਨੇ ਕਿਹਾ, 'ਕਨੈਕਟੀਕਟ ਸਟੇਟ ਦੀ ਜਨਰਲ ਅਸੈਂਬਲੀ ਸਿੱਖ ਕੌਮ ਦੀ ਆਜ਼ਾਦੀ ਦੇ ਐਲਾਨਨਾਮੇ ਦੀ 36ਵੀਂ ਬਰਸੀ ਦੇ ਸਨਮਾਨ ਵਿਚ ਵਰਲਡ ਸਿੱਖ ਪਾਰਲੀਮੈਂਟ ਨੂੰ ਆਪਣੇ ਵੱਲੋਂ ਵਧਾਈ ਦਿੰਦੀ ਹੈ।' ਇਸ ਵਿਸ਼ੇਸ਼ ਪ੍ਰੋਗਰਾਮ ਵਿਚ ਸਰਬਤ ਖ਼ਾਲਸਾ ਵੱਲੋਂ ਬਣਾਏ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਸੁਨੇਹਾ ਵੀ ਪੜ੍ਹਿਆ ਗਿਆ। ਪ੍ਰੋਗਰਾਮ ਵਿਚ ਮੌਜੂਦ ਵਰਲਡ ਸਿੱਖ ਪਾਰਲੀਮੈਂਟ ਦੇ ਕੋ-ਆਰਡੀਨੇਟਰ ਹਿੰਮਤ ਸਿੰਘ ਨੇ ਕਿਹਾ ਕਿ ਸਿਟੀ ਆਫ਼ ਨਾਰਵਿਚ ਅਤੇ ਸਟੇਟ ਆਫ਼ ਕਨੈਕਟੀਕਟ ਸਿੱਖਾਂ ਦੇ ਸਹਿਯੋਗੀ ਅਤੇ ਭਾਈਵਾਲ ਰਹੇ ਹਨ ਅਤੇ ਸਿੱਖਾਂ ਨੂੰ ਆਪਣੀਆਂ ਭਾਵਨਾਵਾਂ ਅਤੇ ਸੰਘਰਸ਼ ਸਾਂਝਾ ਕਰਨ ਲਈ ਹਮੇਸ਼ਾ ਪਲੇਟਫਾਰਮ ਪ੍ਰਦਾਨ ਕਰਵਾਇਆ ਹੈ। ਹਿੰਮਤ ਸਿੰਘ ਨੇ ਕਿਹਾ ਕਿ ਪੰਜਾਬ ਦੇ ਖੇਤਰ 'ਤੇ ਜ਼ਬਰਦਸਤੀ ਕਬਜ਼ਾ ਕੀਤਾ ਗਿਆ ਹੈ ਅਤੇ ਪੰਜਾਬ ਅਜੇ ਵੀ ਸੰਯੁਕਤ ਰਾਸ਼ਟਰ ਦੇ ਦਿਸ਼ਾ-ਨਿਰਦੇਸ਼ਾਂ ਵਿਚ ਆਪਣੀ ਆਜ਼ਾਦੀ ਦੀ ਮੰਗ ਕਰਦਾ ਹੈ।

ਸਿੱਖ ਵਰਲਡ ਪਾਰਲੀਮੈਂਟ ਦੇ ਬੁਲਾਰੇ ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਨੇ ਸਿੱਖਾਂ ਨੂੰ ਅਜਿਹੇ ਮੁਕਾਮ 'ਤੇ ਧੱਕ ਦਿੱਤਾ ਹੈ ਕਿ ਉਨ੍ਹਾਂ ਨੂੰ ਇਹ ਪ੍ਰਸਤਾਵ ਪਾਸ ਕਰਨਾ ਪਿਆ ਅਤੇ ਆਜ਼ਾਦ ਹੋਣ ਦੀ ਕੌਮੀ ਇੱਛਾ ਦਾ ਐਲਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਇਆ। ਪ੍ਰੋਗਰਾਮ ਵਿਚ ਅਮਰੀਕੀ ਸੀਨੇਟਰ ਕ੍ਰਿਸ ਮਰਫੀ ਦਾ ਵਿਸ਼ੇਸ਼ ਸੁਨੇਹਾ ਵੀ ਪੜ੍ਹਿਆ ਗਿਆ। ਕਨੈਕਟੀਕਟ ਦੇ ਲੈਫਟੀਨੈਂਟ ਗਵਰਨਰ ਯੂਜ਼ਨ ਬਾਇਸਿਵਿਜ਼ ਨੇ ਵੀ ਸਿੱਖਾਂ ਨੂੰ ਸ਼ੁਭਕਾਮਨਾਵਾਂ ਭੇਜੀਆਂ, ਜਿਸ ਨੂੰ ਸਿਟੀ ਆਫ਼ ਨਾਰਵਿਚ ਦੇ ਪ੍ਰਤੀਨਿਧੀਆਂ ਨੇ ਪੜ੍ਹ ਕੇ ਸੁਣਾਇਆ।

ਬਾਕੀ ਸਫ਼ਾ 31 'ਤੇ

# ਗੈਂਗਸਟਰ ਲਾਰੈਂਸ ਬਿਸ਼ਨੋਈ ਤੇ ਗੋਲਡੀ ਬਰਾੜ ਦੇ ਤਿੰਨ ਸਾਥੀ ਹਥਿਆਰਾਂ ਸਣੇ ਫੜੇ

**ਚੰਡੀਗੜ/ਏ.ਟੀ.ਨਿਊਜ਼ :-** ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ ਨੇ ਬਠਿੰਡਾ ਜੇਲ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਕੈਨੇਡਾ ਰਹਿ ਰਹੇ ਗੈਂਗਸਟਰ ਗੋਲਡੀ ਬਰਾੜ ਦੇ ਤਿੰਨ ਨਜ਼ਦੀਕੀ ਸਾਥੀਆਂ ਨੂੰ ਬਠਿੰਡਾ ਤੋਂ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਲਵਪ੍ਰੀਤ ਸਿੰਘ ਉਰਫ਼ ਸਚਿਨ ਵਾਸੀ ਪਿੰਡ ਚਰੇਵਾਨ ਸ੍ਰੀ ਮੁਕਤਸਰ ਸਾਹਿਬ, ਹਿੰਮਤਵੀਰ ਸਿੰਘ ਗਿੱਲ ਵਾਸੀ ਪਿੰਡ ਝੋਰੜ ਜ਼ਿਲਾ ਸ੍ਰੀ ਮੁਕਤਸਰ ਸਾਹਿਬ ਅਤੇ ਜ਼ਿਲਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਚੱਕ ਦੂਹੇ ਵਾਲਾ ਦੇ ਬਲਕਰਨ ਵਿੱਕੀ ਵਜੋਂ ਹੋਈ ਹੈ। ਪੁਲਿਸ ਨੇ ਇਨ੍ਹਾਂ ਪਾਸੋਂ ਦੋ .30 ਕੈਲੀਬਰ ਪਿਸਤੌਲ, ਦੋ .32 ਕੈਲੀਬਰ ਦੇ ਪਿਸਤੌਲ ਸਮੇਤ 20 ਕਾਰਤੂਸ ਅਤੇ ਆਈ-20 ਕਾਰ ਵੀ ਬਰਾਮਦ ਕੀਤੀ ਹੈ। ਏਜੀਟੀਐੱਫ ਦੇ ਡਿਪਟੀ ਇੰਸਪੈਕਟਰ ਜਨਰਲ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਸੂਹ ਮਿਲਣ ਤੋਂ ਬਾਅਦ ਬਠਿੰਡਾ ਤੋਂ ਏਜੀਟੀਐੱਫ ਦੀ ਟੀਮ ਨੇ ਇਨਾਂ ਤਿੰਨਾਂ ਨੂੰ ਗ੍ਰਿਫਤਾਰ ਕੀਤਾ।

# ਖ਼ਾਲਿਸਤਾਨ ਐਲਾਨਨਾਮੇ ਦੀ 36ਵੀਂ ਵਰੇਗੰਢ ਮੌਕੇ ਭਾਈ ਦਲਜੀਤ ਸਿੰਘ ਜੀ ਨਾਲ ਵਿਸ਼ੇਸ਼ ਗੱਲਬਾਤ

*** ਖ਼ਾਲਿਸਤਾਨ ਕੀ ਹੈ ?**

– ਖ਼ਾਲਿਸਤਾਨ ਸ਼ਬਦ ਕੋਈ ਆਮ ਸ਼ਬਦ ਨਹੀਂ ਹੈ ਇਸ ਵਿੱਚ ਬਹੁਤ ਡੂੰਘੀਆਂ ਪਰਤਾਂ ਸਮਾਈਆਂ ਹੋਈਆਂ ਹਨ, ਜੋ ਇਕ ਅਹਿਸਾਸ ਹੈ ।ਅਸੀਂ ਆਮ ਇੱਕ ਗੱਲ ਜਾਣਦੇ ਹਾਂ ਕਿ ਜਦੋਂ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੇ ਕਿਹਾ ਸੀ ਕਿ ਜਦੋਂ ਭਾਰਤੀ ਫ਼ੌਜ ਅਕਾਲ ਤਖ਼ਤ ਸਾਹਿਬ ਉੱਤੇ ਹਮਲਾ ਕਰੇਗੀ ਉਦੋਂ ਖ਼ਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ ਤੇ 29 ਅਪ੍ਰੈਲ ਨੂੰ ਖ਼ਾਲਿਸਤਾਨ ਐਲਾਨਨਾਮਾ ਹੋਇਆ ਸੀ। ਪਰ ਇਹ ਗੱਲ ਇਸ ਤਰਾਂ ਨਹੀਂ ਹੈ ਜੋ ਸੰਤਾਂ ਨੇ ਕਿਹਾ ਸੀ ਉਨਾਂ ਨੇ ਖ਼ਾਲਿਸਤਾਨ ਦੇ ਸੰਕਲਪ ਨੂੰ ਦ੍ਰਿੜਤਾ ਦਿੱਤੀ ਸੀ ਅੱਜ ਦੇ ਸਮਿਆਂ ਲਈ ਕਿ ਉਧਰ ਵਾਪਸ ਆਓ ਉਹ ਸਮਾਂ ਆ ਗਿਆ ਹੈ। ਇਸ ਲਈ ਜਦੋਂ ਅਸੀਂ ਖ਼ਾਲਿਸਤਾਨ ਦੀ ਗੱਲ ਕਰਦੇ ਹਾਂ ਤਾਂ ਉਸ ਵਿਚ ਉਹ ਸਭ ਆ ਜਾਂਦਾ ਹੈ ਜੋ ਮਨੁੱਖਤਾ ਦੀ ਭਲਾਈ ਦੀ ਗੱਲ ਕਰਦਾ ਹੈ ਜਿਵੇਂ, ਹੱਕ, ਸੱਚ, ਨਿਆਂ, ਸਰਬੱਤ ਦਾ ਭਲਾ, ਹਲੇਮੀ ਰਾਜ ਦਾ ਤੇ ਬੇਗਮਪੁਰ ਖ਼ਾਲਸਾ ਰਾਜ ਦਾ ਜੋ ਅਕਾਲ ਤਖ਼ਤ ਦੀ ਰਜ਼ਾ ਅਨੁਸਾਰ ਰਾਜ ਹੋਵੇ। ਇਹ ਸਾਰੇ ਨਿਸ਼ਾਨੇ ਸਾਹਮਣੇ ਹੁੰਦੇ ਨੇ ਜਦੋਂ ਅਸੀਂ ਲੜਦੇ ਤੇ ਸੰਘਰਸ਼ ਕਰਦੇ ਹਾਂ। ਇਹ ਹਲੀਮੀ ਰਾਜ ਹੀ ਅੱਗੇ ਬੇਗਮਪੁਰੇ ਦਾ ਸਮਾਜ ਤੁਹਾਨੂੰ ਸਿਰਜ ਕੇ ਦੇ ਸਕਦਾ ਹੈ। ਹਲੇਮੀ ਰਾਜ, ਖਾਲਸੇ ਦੇ ਬੋਲ ਬਾਲੇ, ਸਰਬੱਤ ਦੇ ਭਲੇ ਆਲਾ ਨਿਜ਼ਾਮ, ਗ਼ਰੀਬ ਦੀ ਰੱਖਿਆ ਇਹ ਸਭ ਕੁਝ ਖ਼ਾਲਿਸਤਾਨ ਰਾਜ 'ਚ ਹੈ ।

*** ਖਾੜਕੂ ਸੰਘਰਸ਼ ਸਿੱਖਾਂ ਵੱਲੋਂ ਪੁਰਾਤਨ ਸਮਿਆਂ ਤੋਂ ਹੁਣ ਤੱਕ ਲੜੇ ਗਏ ਸੰਘਰਸ਼ਾਂ ਦੀ ਲੜੀ**

–ਇਹ ਇਕ ਅਜਿਹਾ ਸੰਘਰਸ਼ ਹੈ ਜੋ ਗੁਰੂ ਕਾਲ ਦੇ ਸਮੇਂ, ਬਾਬਾ ਬੰਦਾ ਸਿੰਘ ਬਹਾਦਰ ਸਮੇਂ, ਮਿਸਲਾਂ ਵੇਲੇ, ਸਿੱਖ ਰਾਜ ਦੇ ਸਮੇਂ ਤੇ ਸਿੱਖ ਰਾਜ ਦੀ ਸਥਾਪਤੀ ਦੇ ਸਮੇਂ ਤੇ ਅੰਗਰੇਜ਼ਾਂ ਦੇ ਕਾਲ ਦੌਰਾਨ ਅਕਾਲੀਆਂ ਦੇ ਮੋਰਚੇ, ਬੱਬਰ ਅਕਾਲੀ, ਨਾਮਧਾਰੀਆਂ ਦਾ ਸੰਘਰਸ਼ ਹੋਇਆ, ਗ਼ਦਰੀ ਬਾਬਿਆਂ ਦਾ ਸੰਘਰਸ਼ ਹੋਏ, ਇਹ ਸਭ ਕੁਝ ਉਸ ਰੂਹਾਨੀ ਸ਼ਕਤੀ ਨਾਲ ਲੜਿਆ ਇਕ ਸੰਘਰਸ਼ ਹੈ। ਪਰ 1947 ਤੋਂ ਬਾਅਦ ਸਿੱਖ ਕੌਮ ਨੂੰ ਸਾਫ਼ ਨਜ਼ਰ ਆ ਗਿਆ ਕਿ ਅਸੀਂ ਹਰ ਪੱਖ ਤੋਂ ਗੁਲਾਮ ਹੋ ਗਏ ਹਾਂ ਤੇ ਇੱਕ ਬਰਬਾਦੀ ਦੇ ਰਾਹ ਵੱਲ ਜਾ ਰਹੇ ਹਾਂ ਜਿਸ ਵਿਚ ਆਰਥਿਕ, ਭਾਸ਼ਾ, ਸੱਭਿਆਚਾਰ, ਵਾਤਾਵਰਣ ਤੇ ਸਭ ਤੋਂ ਜ਼ਿਆਦਾ ਪਵਿੱਤਰ ਧਰਮ ਦੇ ਪੱਖੋਂ ਜਦੋਂ ਸਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਹੀ ਅਟੈਕ ਹੋ ਗਿਆ। ਗੁਰੂ ਨੂੰ ਹੀ ਮੋਹਰਾ ਬਣਾਇਆ ਜਾਣ ਲੱਗ ਪਿਆ, ਉਸ ਸਮੇਂ ਇਸ ਸਦੀ ਦੇ ਸਭ ਤੋਂ ਮਹਾਨ ਸਿੱਖ, ਸ਼ਹੀਦ, ਤੇ ਅਕਾਲ ਤਖਤ ਸਾਹਿਬ ਦੇ ਸਭ ਤੋਂ ਵੱਡੇ ਪਹਿਰੇਦਾਰ, ਖ਼ਾਲਸਾ ਪੰਥ ਦੇ ਸਭ ਤੋਂ ਵੱਡੇ ਨੁਮਾਇੰਦੇ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਆਪਣੀ ਰਹਿਨੁਮਾਈ ਵਿੱਚ ਅਕਾਲ ਤਖ਼ਤ ਸਾਹਿਬ ਉੱਤੇ ਇਸ ਬਿਪਰ ਤਖ਼ਤ ਨੂੰ ਮੁਕਾਬਲਾ ਦਿੱਤਾ ਤੇ ਬਹੁਤ ਸ਼ਾਨਾਮੱਤੀ ਵੱਡੀ ਲੜਾਈ ਲੜੀ ਅਤੇ ਸ਼ਹੀਦੀ ਪ੍ਰਾਪਤ ਕੀਤੀ। ਉਨਾਂ ਦੀ ਸੇਧ ਵਿੱਚ ਹੀ ਜੋ ਖਾੜਕੂ ਸੰਘਰਸ਼ ਚੱਲਿਆ ਉਹ ਵੀ ਉਸੀ ਸੇਧ ਵਿਚ ਚੱਲਿਆ। ਉਸ ਸਮੇਂ ਇਸ ਦਾ ਜੋ ਇਕੱਠ ਵਾਚਕ ਨਾਮ ਸੀ ਉਸ ਵਿੱਚ ਉਹ ਭਾਵਨਾਵਾਂ ਅਤੇ ਰੂਹਾਨੀਅਤ ਸ਼ਕਤੀ ਦੇ ਸੁਮੇਲ ਦਾ ਨਾਂ ਹੀ ਖ਼ਾਲਿਸਤਾਨ ਹੈ। ਪਿਛਲੇ ਸਮਿਆਂ ਦੌਰਾਨ ਜਿੰਨੇ ਵੀ ਪੰਥ ਉੱਤੇ ਹਮਲੇ ਹੋਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਹੋਈਆਂ, ਸਿਰਸਾ ਆਲਾ ਸੰਘਰਸ਼ ਹੋਵੇ, ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦਾ ਮਸਲਾ ਹੋਵੇ ਜਾਂ ਫਿਰ ਕਿਸਾਨ ਸੰਘਰਸ਼ ਹੋਵੇ ਉਸ ਸਭ ਵਿੱਚ ਜੋ ਖ਼ਾਲਸਾ ਪੰਥ ਦੀ ਰੂਹਾਨੀਅਤ ਸ਼ਕਤੀ, ਜੁਝਾਰੂਪਨ ਤੇ ਸ਼ਹਾਦਤ ਦਾ ਜੋ ਜਲੌਅ ਦਿਖਾਈ ਦਿੰਦਾ ਹੈ, ਉਹ ਸਭ ਕੁਝ ਸਦੈਵ ਚੱਲਣ ਵਾਲਾ ਸੰਘਰਸ਼ ਹੈ। ਇਹ ਸਭ ਕੁਝ ਉਨਾਂ ਸੰਘਰਸ਼ਾਂ ਦੀ ਹੀ ਬਦੌਲਤ ਹੈ ਜੋ ਤਵਾਰੀਖ ਵਿਚ ਲੜੇ ਗਏ ਸਨ।

***ਦਿੱਲੀ ਦਰਬਾਰ ਦਾ ਖ਼ਾਲਿਸਤਾਨ ਖ਼ਿਲਾਫ਼ ਪ੍ਰੋਪੇਗੰਡਾ ਕੀ ਹੈ ?**

–ਖ਼ਾਲਿਸਤਾਨ ਦੇ ਬਾਰੇ ਸਾਡੇ ਦੁਸ਼ਮਣਾਂ ਨੇ ਤੇ ਸਟੇਟ ਨੇ ਬਹੁਤ ਹੀ ਵੱਡਾ ਗ਼ਲਤ ਪ੍ਰਚਾਰ ਕੀਤਾ ਹੈ । ਅਸੀਂ ਕਹਿ ਸਕਦੇ ਹਾਂ ਕਿ ਉਨਾਂ ਨੇ 95 ਪ੍ਰਤੀਸ਼ਤ ਕੰਮ ਕਰ ਦਿੱਤਾ, ਪਰ ਸਾਡੇ ਕੋਲੋਂ ਤਾਂ 5 ਪ੍ਰਤੀਸ਼ਤ ਵੀ ਨਹੀਂ ਹੋਇਆ ਹੈ। ਉਨਾਂ ਨੇ ਇਸ ਨੂੰ ਆਪਣਾ ਹੀ ਰੰਗ ਦੇ ਕੇ ਮੀਡੀਆ ਤੇ ਅਕਾਦਮਿਕ ਵਿੱਚ ਆਪਣੇ ਅਨੁਸਾਰ ਹੀ ਪ੍ਰਚਾਰ ਤੇ ਪ੍ਰਸਾਰ ਕੀਤਾ ਹੈ । ਇਸ ਵਿਚ ਕੁਝ ਸਾਡੇ ਆਪਣੇ ਬੰਦੇ ਵੀ ਸ਼ਾਮਿਲ ਹੋਏ ਜਿਨਾਂ ਨੇ ਗ਼ੈਰ ਜ਼ਿੰਮੇਵਾਰੀ ਅਤੇ ਬੇਸਬਰੀ ਵਿੱਚ ਸਮਝ ਕੇ ਉਨਾਂ ਦੀਆਂ ਵਿਆਖਿਆਵਾਂ ਕੀਤੀਆਂ ਤੇ ਉਸ ਤਰਾਂ ਦੇ ਹੀ ਅਮਲ ਕੀਤੇ ਤੇ ਜਿਸ ਦੇ ਨਾਲ ਨਾਕਾਰਤਮਕ ਵਿਚਾਰ ਪੈਦਾ ਹੋਏ ਹਨ। ਪਰ ਜੇਕਰ ਅਸੀਂ ਖ਼ਾਲਿਸਤਾਨ ਨੂੰ ਸਹਿਜ ਤਰੀਕੇ ਨਾਲ ਸਮਝਾਂਗੇ ਤਾਂ ਉਸ ਵਿੱਚ ਕੇਵਲ ਸਰਬੱਤ ਦੇ ਭਲੇ ਦਾ ਸੰਘਰਸ਼ ਹੈ ਜਿਸ ਵਿੱਚ ਸਦਾ ਭਲੇ ਦੀ ਗੱਲ ਕੀਤੀ ਗਈ ਹੈ। ਜਿਸ ਨੂੰ ਲੈ ਕੇ ਪਹਿਲਾਂ ਏਨਾ ਵੱਡਾ ਖ਼ਾਲਸਾ ਰਾਜ ਸਥਾਪਿਤ ਕੀਤਾ ਗਿਆ ਸੀ। ਅੱਜ ਵੀ ਸਿੱਖਾਂ ਵਿੱਚ ਓਨੀ ਹੀ ਭਰੋਸੇਯੋਗਤਾ ਹੈ ਕਿ ਆਮ ਲੋਕ ਇਹ ਹੀ ਮਹਿਸੂਸ ਕਰਦੇ ਹਨ ਕਿ ਅੱਜ ਦੀ ਹੁਕਮਰਾਨ ਤਾਕਤ ਨੂੰ ਵੀ ਜੇਕਰ ਕੋਈ ਟੱਕਰ ਦੇ ਸਕਦਾ ਹੈ ਤਾਂ ਉਹ ਸਿਰਫ਼ ਖ਼ਾਲਸਾ ਰਾਜ, ਸਿੱਖ ਪੰਥ ਹੀ ਦੇ ਸਕਦਾ ਹੈ । ਇਹ ਸਭ ਕੁਝ ਸੰਘਰਸ਼ ਦੀ ਬਦੌਲਤ ਹੀ ਹੈ ।

*** ਖ਼ਾਲਸੇ ਦਾ ਬਿਰਦ ?**

6 ਜੂਨ ਨੂੰ ਜਦੋਂ ਸਾਨੂੰ ਪਤਾ ਚੱਲਿਆ ਕਿ ਸੰਤ ਸ਼ਹੀਦ ਹੋ ਗਏ ਉਸ ਸਮੇਂ ਹੀ ਅਸੀਂ ਸਾਰੇ ਦੋਸਤਾਂ ਨੇ ਨਿਰਣਾ ਲੈ ਲਿਆ ਕਿ ਅੱਜ ਸਾਡੀ ਜ਼ਿੰਦਗੀ ਬਦਲ ਗਈ ਹੈ, ਸਾਡੇ ਰਾਹ ਬਦਲ ਗਏ ਹਨ। ਜ਼ਿੰਦਗੀ ਦਾ ਬਤੀਤ ਹੋਇਆ ਪਲ ਅੱਜ ਖ਼ਤਮ ਹੋ ਗਿਆ ਹੈ। ਉਸ ਸਮੇਂ ਸਾਡੇ ਪਿੱਛੇ ਪੰਥ ਦੀ ਅਰਦਾਸ ਖੜੀ ਹੋਈ ਸੀ ਉਨਾਂ ਦੀ ਆਗਿਆ ਅਤੇ ਹੁਕਮ ਸੀ ਕਿ ਅਸੀਂ ਸੰਘਰਸ਼ ਕਰੀਏ। ਅਸੀਂ ਵੀ ਸੋਚ ਲਿਆ ਸੀ ਕਿ ਅਸੀਂ ਸਿੱਖ ਪੰਥ ਦੇ ਲਈ ਆਏ ਹਾਂ, ਗੁਰੂ ਦੇ ਲਈ ਆਏ ਹਾਂ ਤੇ ਲੋਕਾਂ ਦੀ ਭਲਾਈ ਕਰਨ ਦੇ ਲਈ ਆਏ ਹਾਂ। ਜੇਕਰ ਭਾਰਤੀ ਸਟੇਟ ਦਾ ਪੱਖ ਸੁਣੀਏ ਤਾਂ ਉਹ ਵੀ ਇਹੀ ਆਖਦੇ ਹਾਂ ਕਿ ਅਸੀਂ ਲੋਕਾਂ ਦੀ ਭਲਾਈ ਲਈ ਕੰਮ ਕਰ ਰਹੇ ਹਨ । ਪਰ ਪ੍ਰੈਕਟੀਕਲ ਤੌਰ 'ਤੇ ਹੀ ਪਤਾ ਚਲਦਾ ਹੈ ਕਿ ਕੌਣ ਕੀ ਕਰ ਰਿਹਾ ਹੈ । ਇਸ ਬਾਰੇ ਸਾਰੀ ਦੁਨੀਆਂ ਜਾਣਦੀ ਹੈ ਕਿ ਭਾਰਤੀ ਸਟੇਟ ਬਿਪਰ ਦਾ ਰਾਜ ਹੈ ਜਿੱਥੇ ਕਾਰਪੋਰੇਟ ਘਰਾਣਿਆਂ ਦੀ ਹਕੂਮਤ ਚੱਲਦੀ ਹੈ। ਜਿਸ ਰਾਜ ਲਈ ਅਸੀਂ ਲੜ ਰਹੇ ਹਾਂ ਉਹ ਇਸ ਤੋਂ ਉਲਟ ਇਕ ਬਿਹਤਰ ਰਾਜ ਹੈ ਜਿਸ ਵਿੱਚ ਨਿਆਂ, ਸਾਂਝੀਵਾਲਤਾ, ਬਰਾਬਰਤਾ, ਆਨੰਦ, ਮੁਹੱਬਤ ਤੇ ਇਤਫਾਕ ਸਭਨਾਂ ਲਈ ਹੈ । ਇਹ ਰਾਜ ਸਮੁੱਚੀ ਇਨਸਾਨੀਅਤ ਦਾ ਰਾਜ ਹੈ। ਸਾਡੀ ਜੋ ਜੰਗ ਹੈ ਉਹ ਬਿਪਰ ਤਖ਼ਤ ਦੇ ਖ਼ਿਲਾਫ਼ ਹੈ, ਹੋਰ ਜਿੰਨੇ ਵੀ ਭਾਈਚਾਰੇ, ਕੌਮਾਂ, ਦਲਿਤ ਹਨ, ਉਨਾਂ ਸਭਨਾਂ ਲਈ ਅਸੀਂ ਲੜ ਰਹੇ ਹਾਂ ਤੇ ਅਸੀਂ ਉਨਾਂ ਦੇ ਰਖਵਾਲੇ ਹਾਂ । ਸਾਡੇ ਇਤਿਹਾਸ ਨੇ ਸਾਨੂੰ ਸੰਘਰਸ਼ ਕਰਨਾ ਸਿਖਾਇਆ ਹੈ ਤੇ ਇਹ ਸੰਘਰਸ਼ ਮਜ਼ਲੂਮਾਂ ਦੀ ਰੱਖਿਆ ਲਈ ਹੈ ।

***ਖ਼ਾਲਿਸਤਾਨ ਨਾਅਰੇ ਦੇ ਮਾਅਨੇ ?**

–ਜਦੋਂ ਅਸੀਂ ਖ਼ਾਲਿਸਤਾਨ ਆਖਦੇ ਹਾਂ ਤਾਂ ਮੈਨੂੰ ਕਈ ਬੰਦੇ ਇਹ ਕਹਿੰਦੇ ਹਨ ਕਿ ਤੁਸੀਂ ਖ਼ਾਲਿਸਤਾਨ ਦਾ ਨਾਮ ਬਹੁਤ ਘੱਟ ਲੈਂਦੇ ਹੋ ਤੇ ਨਾ ਹੀ ਕਦੀ ਨਾਅਰਾ ਲਾਉਂਦੇ । ਮੈਨੂੰ ਇਹ ਸਭ ਕੁਝ ਬੜਾ ਹੀ ਅਜੀਬ ਲੱਗਦਾ ਹੈ ਕਿ ਇਹ ਕਿਹੋ ਜਿਹੇ ਹਾਲਾਤ ਪੈਦਾ ਹੋ ਗਏ ਹਨ। ਕੀ ਇਨਾਂ ਨੂੰ ਸਭ ਕੁਝ ਨਾਅਰੇ ਲਾਉਣ ਵਿੱਚੋਂ ਹੀ ਲੱਗਦਾ ਹੈ ? ਮੈਂ ਕਦੀ ਜ਼ਿੰਦਗੀ ਵਿਚ ਨਾਅਰਾ ਹੀ ਨਹੀਂ ਲਾਇਆ। ਉਸ ਵਕਤ ਜਦੋਂ ਅਸੀਂ ਲੜ ਰਹੇ ਸੀ ਤਦ ਮੈਂ ਦੇਖਿਆ ਜਿਹੜੇ ਬੰਦੇ ਖ਼ਾਲਿਸਤਾਨ ਦਾ ਨਾਅਰਾ ਲਾ ਰਹੇ ਸਨ ਉਹ ਉਨਾਂ ਦੀ ਰੂਹ ਵਿੱਚੋਂ ਉੱਠਦਾ ਸੀ, ਦੂਜਾ ਖ਼ਾਲਿਸਤਾਨ ਦਾ ਨਾਅਰਾ ਤਸ਼ੱਦਦ ਦੀਆਂ ਕੋਠੀਆਂ ਵਿੱਚ ਲੱਗਦਾ ਸੀ ਜਦੋਂ ਸ਼ਹਾਦਤਾਂ ਹੁੰਦੀਆਂ ਸਨ ਤੇ ਤੀਜਾ ਇਹ ਜੰਗੇ ਮੈਦਾਨ ਵਿਚ ਲੱਗਦਾ ਸੀ ਇਨਾਂ ਤਿੰਨ ਥਾਵਾਂ ਦੇ ਉੱਤੇ ਨਾਅਰਾ ਲੱਗਦਾ ਸੀ । ਹੁਣ ਤਾਂ ਖ਼ਾਲਿਸਤਾਨ ਦਾ ਨਾਅਰਾ ਬਿਨਾਂ ਅਮਲਾਂ ਵਾਲੇ ਲੋਕ ਹੀ ਲਾਈ ਜਾ ਰਹੇ ਹਨ। ਜਿਨਾਂ ਨੂੰ ਖ਼ਾਲਸਾ ਰਾਜ ਦਾ ਹੀ ਨਹੀਂ ਪਤਾ ਤੇ ਨਾ ਹੀ ਸਿੱਖੀ ਦਾ, ਤੇ ਕੁਝ ਲੋਕਾਂ ਦੀ ਮਾਨਸਿਕਤਾ ਇਹੋ ਜਿਹੀ ਹੋ ਗਈ ਹੈ ਕਿ ਉਹ ਨਾਅਰੇ ਪਿੱਛੇ ਹੀ ਲੜੀ ਜਾ ਰਹੇ ਹਨ।ਅੱਜ ਦੇ ਸਮੇਂ ਦੀ ਇਹ ਇੱਕ ਬੜੀ ਅਜੀਬ ਗੱਲ ਹੈ ਤੇ ਸੋਚਣ ਵਾਲੀ ਹੈ ਕਿ ਜੋ ਸੰਘਰਸ਼ ਪਹਿਲਾਂ ਉਠਿਆ ਸੀ ਅੱਜ ਕਿਸ ਰੂਪ ਵਿੱਚ ਹੈ। ਸਿੱਖਾਂ ਨੇ ਕਿੰਨੇ ਚਿਰ ਤੋਂ ਸ਼ਹਾਦਤਾਂ ਛੱਡੀਆਂ ਹੋਈਆਂ ਸਨ ਜਿਨਾਂ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਮੁੜ ਲੈ ਕੇ ਆਏ । ਨੌਜਵਾਨਾਂ ਨੇ ਅਜਿਹੇ ਢੰਗ ਨਾਲ ਤਲਵਾਰ ਫੜੀ ਕਿ ਉਨਾਂ ਦੇ ਅੰਦਰ ਜੁਝਾਰੂ ਤੇ ਉਹ ਰੂਹਾਨੀਅਤ ਦਾ ਜਲੌਅ ਨਿਕਲ ਕੇ ਸਾਹਮਣੇ ਆਇਆ ਜਿਸ ਦੇ ਝਲਕਾਰੇ ਅਲੱਗ ਹੀ ਪਏ ਸਨ ਤੇ ਇਸ ਨੂੰ ਉਹ ਰੂਹਾਂ ਹੀ ਮਹਿਸੂਸ ਕਰ ਸਕਦੀਆਂ ਹਨ ਜੋ ਅਕਾਲ ਦੇ ਭਾਣੇ ਵਿੱਚ ਜਿਊਂਦੀਆਂ ਨੇ। ਉਸ ਸਮੇਂ ਨੌਜਵਾਨ ਵੀ ਉੱਚੇ ਲੰਮੇ ਕੱਦ ਵਾਲੇ ਅਤੇ ਸੋਹਣੀਆਂ ਸ਼ਕਲਾਂ ਵਾਲੇ ਸਨ । ਉਸ ਸਮੇਂ ਜਿਨਾਂ ਲੋਕਾਂ ਨੂੰ ਮੇਰੇ ਬਾਰੇ ਪਤਾ ਸੀ ਉਨਾਂ ਵਿਚੋਂ ਕੁਝ 20 ਕੁ ਬੰਦਿਆਂ ਉਤੇ ਮੌਤ ਦਾ ਤਸ਼ੱਦਦ ਕੀਤਾ ਗਿਆ ਪਰ ਫੇਰ ਵੀ ਉਨਾਂ ਨੇ ਮੇਰੇ ਬਾਰੇ ਕੁਝ ਨਾ



ਦੱਸਿਆ । ਉਨਾਂ ਦੇ ਅੰਦਰ ਇੱਕ ਰੂਹਾਨੀਅਤ ਸ਼ਕਤੀ ਸੀ ਜਿਸ ਨੇ ਉਨਾਂ ਨੂੰ ਸੂਰਮੇ ਬਣਾਇਆ ਤੇ ਤਸ਼ੱਦਦ ਨੂੰ ਸਹਿਣ ਕੀਤਾ। ਜੇਕਰ ਉਨਾਂ ਵਿਚੋਂ ਕੋਈ ਇਕ ਵੀ ਮੇਰੇ ਬਾਰੇ ਦੱਸ ਦਿੰਦਾ ਤਾਂ ਮੈਂ ਉਦੋਂ ਹੀ ਫੜਿਆ ਜਾਣਾ ਸੀ।

*** ਕਿਹੜਾ ਦੌਰ ਕਾਲਾ ?**

–ਖ਼ਾਲਿਸਤਾਨ ਦੀ ਜਦੋਂ ਅਸੀਂ ਗੱਲ ਕਰਦੇ ਹਾਂ ਤਾਂ ਉਸ ਵਿੱਚ ਸਮੁੱਚੀ ਲੋਕਾਈ ਦੀ ਗੱਲ ਸ਼ਾਮਲ ਹੈ । ਜਿਸ ਵਿੱਚ ਸਭ ਨੂੰ ਨਿਆਂ ਬਰਾਬਰੀ ਦੇ ਕੇ ਤੇ ਸ਼ੋਸ਼ਣ ਦਾ ਅੰਤ ਕੀਤਾ ਜਾਵੇ ਅਤੇ ਸਾਰਿਆਂ ਨੂੰ ਚੜਦੀ ਕਲਾ ਵਾਲੀ ਜ਼ਿੰਦਗੀ ਦਿੱਤੀ ਜਾਵੇ ਨਾ ਕਿ ਅਜੋਕੇ ਸਮੇਂ ਵਾਲੀ ਜਿਹੜੀ ਕਿ ਇਕ ਮੁਰਦੇ ਵਾਲੀ ਜ਼ਿੰਦਗੀ ਜੀਅ ਰਹੇ ਹਾਂ । ਆਪਣੇ ਵਿੱਚੋਂ ਹੀ ਕਈ ਬੰਦੇ ਉਸ ਸਮੇਂ ਨੂੰ ਕਾਲਾ ਦੌਰ ਆਖਦੇ ਹਨ । ਪਰ ਉਸ ਸਮੇਂ ਨੂੰ ਅਸੀਂ ਕਾਲਾ ਦੌਰ ਕਿਵੇਂ ਆਖ ਸਕਦੇ ਹਾਂ ਜਦੋਂ ਸੂਰਮੇ ਜੰਗਾਂ ਲੜਦੇ ਸਨ ਸ਼ਹਾਦਤਾਂ ਦਿੰਦੇ ਸਨ । ਐਨੇ ਵੱਡੇ ਤਸ਼ੱਦਦ ਸਹਿ ਕੇ ਵੀ ਕੁਝ ਨਹੀਂ ਦੱਸ ਰਹੇ ਸਨ ਤੇ ਇਤਿਹਾਸ ਨੂੰ ਦੁਹਰਾ ਰਹੇ ਸਨ । ਹੱਕ ਸੱਚ ਦੇ ਲਈ ਆਵਾਜ਼ ਉਠਾ ਕੇ ਸ਼ਾਨਾਮੱਤੀ ਸੰਘਰਸ਼ ਕਰ ਰਹੇ ਸਨ। ਪਰ ਅੱਜ ਦੇ ਸਮੇਂ ਜਦੋਂ ਲੋਕ ਆਤਮਹੱਤਿਆ ਕਰ ਰਹੇ, ਨਸ਼ੇ ਕਰ ਰਿਹੈਂ, ਐਕਸੀਡੈਂਟ ਨਾਲ ਮਰ ਰਹੇ ਨੇ, ਬਿਮਾਰੀਆਂ ਨਾਲ ਜ਼ਿੰਦਗੀ ਬਤੀਤ ਕਰ ਰਹੇ ਹਨ। ਉਸ ਸਮੇਂ ਦੇ ਨਾਲੋਂ ਅੱਜ ਦੇ ਸਮੇਂ ਚਾਰ ਗੁਣਾ ਲੋਕ ਵੱਧ ਮਰ ਰਹੇ ਹਨ ਫਿਰ ਅਸੀਂ ਕਿਸ ਸਮੇਂ ਨੂੰ ਕਾਲਾ ਦੌਰ ਤੇ ਕਿਸ ਸਮੇਂ ਨੂੰ ਸੁਨਹਿਰੀ ਦੌਰ ਆਖਾਂਗੇ।

*** ਸੰਘਰਸ਼ ਵਿਚ ਕੌਣ ਮਾਰੇ ?**

– ਉਸ ਸਮੇਂ ਜਿਹੜੇ ਵੀ ਲੋਕ ਮਾਰੇ ਗਏ ਅਸੀਂ ਇਹ ਦੇਖ ਕੇ ਨਹੀਂ ਮਾਰੇ ਕਿ ਉਹ ਸਿੱਖ ਸੀ ਜਾਂ ਹਿੰਦੂ ਸੀ। ਉਸ ਸਮੇਂ ਅਸੀਂ ਇਹ ਦੇਖਿਆ ਕਿ ਉਸ ਦਾ ਕਸੂਰ ਕੀ ਸੀ ਉਹ ਕਿਹੜੇ ਪਾਸੇ ਖੜਾ ਸੀ। ਸਾਡਾ ਸੰਘਰਸ਼ ਨਾ ਤਾਂ ਹਿੰਦੂਆਂ ਦੇ ਖ਼ਿਲਾਫ਼ ਸੀ ਨਾ ਹੀ ਹਿੰਦੋਸਤਾਨ ਦੇ ਖਿਲਾਫ ਅਤੇ ਨਾ ਹੀ ਕਿਸੇ ਧਰਮ ਦੇ ਖ਼ਿਲਾਫ਼ ਸੀ । ਜਿਹੜੇ ਬੰਦੇ ਦਿੱਲੀ ਤਖ਼ਤ ਦੇ ਨਾਲ ਖੜਦੇ ਸਨ ਪੰਜਾਬ ਦੇ ਖ਼ਿਲਾਫ਼ ਖੜੇ ਹੁੰਦੇ ਸਨ ਤੇ ਖ਼ਾਲਸਾ ਰਾਜ ਦੇ ਖ਼ਿਲਾਫ਼ ਖੜੇ ਸਨ ਉਹ ਚਾਹੇ ਹਿੰਦੂ ਸਨ ਚਾਹੇ ਸਿੱਖ, ਸਾਡੇ ਨਾਲ ਅੱਗੇ ਹੋ ਕੇ ਜਦੋਂ ਉਹ ਲੜੇ ਤਾਂ ਸਾਨੂੰ ਉਹ ਮਾਰਨੇ ਪਏ। ਕੋਈ ਵੀ ਚੋਣਵੇਂ ਨਹੀਂ ਮਾਰੇ ਜਿੱਥੇ ਕੀਤੇ ਚੋਣਵੇਂ ਮਾਰੇ ਗਏ ਉਹ ਕਿਸੇ ਗਰੁੱਪ ਵੱਲੋਂ ਜਾਂ ਗੁੱਸੇ ਵਿੱਚ ਹੋਈ ਕਾਰਵਾਈ ਸੀ ਪਰ ਸੰਘਰਸ਼ ਦੇ ਦੌਰਾਨ ਕਿਸੇ ਵੀ ਲੀਡਰਸ਼ਿਪ ਦੀ ਅਜਿਹੀ ਕੋਈ ਵੀ ਮਾਨਸਿਕਤਾ ਨਹੀਂ ਸੀ ਕਿ ਕਿਸੇ ਘੱਟ ਗਿਣਤੀਆਂ ਨੂੰ ਟਾਰਗੈਟ ਕਰ ਕੇ ਮਾਰਿਆ ਜਾਵੇ।

*** ਕੀ ਖੱਟਿਆ ਕੀ ਖੱਟਣਾ ਸੀ ?**

–ਜਿਨਾਂ ਰੂਹਾਂ ਨੇ ਸੰਘਰਸ਼ ਕਰਨਾ ਹੁੰਦਾ ਉਨਾਂ ਨੇ ਰਾਹ ਪਹਿਲਾਂ ਹੀ ਚੁਣੇ ਹੁੰਦੇ ਹਨ। ਮੈਂ ਨਾ ਕਿਸੇ ਲਾਲਚ ਨਾਲ ਗਿਆ ਤੇ ਨਾ ਹੀ ਕੋਈ ਮੈਨੂੰ ਲੈ ਕੇ ਗਿਆ। ਸ਼ਹਾਦਤ ਤੋਂ ਵੱਡਾ ਰਾਹ ਹੋਰ ਕਿਹੜਾ ਹੋ ਸਕਦਾ ਹੈ । ਪਿੱਛੇ ਜਿਹੇ ਮੈਂ ਕਿਸੇ ਸ਼ਹੀਦੀ ਸਮਾਗਮ ਦੇ ਇਕੱਠ ਵਿੱਚ ਗਿਆ ਤਾਂ ਉੱਥੇ ਇੱਕ ਵੱਡੀ ਸ਼ਖ਼ਸੀਅਤ ਵਾਲੇ ਦੇ ਪੁੱਤਰ ਨੇ ਮੈਨੂੰ ਵੇਖ ਕੇ ਕਿਹਾ, ਕੀ ਤੁਸੀਂ ਇਸ ਸੰਘਰਸ਼ ਵਿੱਚੋਂ ਕੀ ਖੱਟਿਆ ? ਉਸ ਸਮੇਂ ਤਾਂ ਮੈਂ ਕੁਝ ਨਹੀਂ ਕਿਹਾ ਪਰ ਮੈਨੂੰ ਅੰਦਰੋਂ-ਅੰਦਰ ਅਫ਼ਸੋਸ ਹੋਇਆ ਕਿ ਐਨੀ ਵੱਡੀ ਸ਼ਖ਼ਸੀਅਤ ਤੇ ਸ਼ਹੀਦ ਘਰ ਦੇ ਮੈਂਬਰ ਹੋਣ ਦੇ ਨਾਤੇ ਕਿਹੋ ਜਿਹੀਆਂ ਗੱਲਾਂ ਆਖ ਰਿਹਾ ਹੈ । ਜੋ ਵੀ ਨੌਜਵਾਨ ਉਥੇ ਆਏ ਸੀ ਪੰਥ ਦੇ ਲਈ ਆਏ ਸੀ ਗੁਰੂ ਲਈ ਆਏ ਸਨ, ਖ਼ਾਲਸੇ ਦੇ ਬੋਲਬਾਲੇ ਲਈ ਆਏ ਸਨ ਤੇ ਖ਼ਾਲਿਸਤਾਨ ਦੇ ਲਈ ਆਏ ਸੀ, ਕੁਝ ਆਪਣਾ ਨਿਜੀ ਬਣਾਉਣ ਦੇ ਲਈ ਨਹੀਂ ਆਏ ਸਨ, ਨਿੱਜੀ ਤਾਂ ਅਸੀਂ ਆਪਣੀ ਛੱਡ ਕੇ ਆਏ ਸਨ। ਖੱਟਣਾ ਕੀ ਸੀ ? ਉਹ ਤਾਂ ਸਾਡੇ ਲਈ ਸੰਘਰਸ਼ ਸੀ ਤੇ ਖੁਸ਼ੀ ਵਾਲੇ ਪਲ ਸਨ ਜਦੋਂ ਅਸੀਂ ਐਡੇ ਸੋਹਣੇ ਉੱਚੀ ਸੁਰਤ ਦੇ ਬੰਦਿਆਂ ਨਾਲ ਰਹੇ ਤੇ ਉਨਾਂ ਦਾ ਸਾਥ ਮਾਣਿਆ ਹੈ । ਸ਼ਹਾਦਤਾਂ ਦੇਣ ਵਾਲਿਆਂ ਦੇ ਸਾਥੀ ਰਹੇ ਹਾਂ, ਸਿੱਖੀ ਵਿਚ ਤਾਂ ਸ਼ਹਾਦਤ ਦਾ ਬਹੁਤ ਵੱਡਾ ਰੁਤਬਾ ਹੈ। ਜੇਕਰ ਅਜਿਹੀ ਨੀਵੀਂ ਸੋਚ ਵਾਲੇ ਇਨਸਾਨ ਸ਼ਹਾਦਤ ਨੂੰ ਨੁਕਸਾਨ ਗਿਣਦੇ ਨੇ ਤੇ ਖੱਟੀਆਂ ਨੂੰ ਤਾਂ ਇਹ ਦੁਨਿਆਵੀ ਸੋਚ ਰੱਖਣ ਵਾਲੇ ਜਾਇਦਾਦਾਂ ਨੂੰ ਹੀ ਖੱਟਣਾ ਆਖਦੇ ਹਨ। ਪਰ ਸਾਡੇ ਗੁਰਬੇ ਵਿੱਚ ਅਜਿਹੀ ਕੋਈ ਗੱਲ ਨਹੀਂ ,ਬੇਸ਼ਕ ਸਾਨੂੰ ਸੰਘਰਸ਼ ਦੇ ਦੌਰਾਨ ਸਟੇਟ ਨੇ ਅਜਿਹੀਆਂ ਬਹੁਤ ਜ਼ਿਆਦਾ ਆਫਰਾਂ ਦਿੱਤੀਆਂ ਸਨ। ਪਰ ਇਹ ਸਾਡਾ ਰਾਹ ਨਹੀਂ ਸੀ ਸਾਨੂੰ ਤਾਂ ਪਾਤਸ਼ਾਹੀ ਗੁਰੂ ਵੱਲੋਂ ਬਖਸ਼ੀ ਗਈ ਸੀ ਨਾ ਕਿ ਸਾਨੂੰ ਦਿੱਲੀ ਤਖ਼ਤ ਨੇ ਦੇਣੀ ਸੀ।

*** ਹੁਣ ਦਾ ਸੰਘਰਸ਼ ?**

ਅੱਜ ਵੀ ਅਸੀਂ ਜੰਗ ਵਿੱਚ ਹੀ ਹੈ। ਕਈ ਲੋਕ ਆਖ ਦਿੰਦੇ ਹਨ ਕੀ ਤੁਸੀਂ ਸੰਘਰਸ਼ ਦੇ ਦੌਰਾਨ ਇਹ ਗਲਤੀਆਂ ਕੀਤੀਆਂ ਇਸ ਦਾ ਜਵਾਬ ਦਿਓ। ਪਹਿਲੀ ਗੱਲ ਤਾਂ ਇਹ ਕਿ ਜੰਗ, ਜੰਗ ਹੀ ਹੈ ਤੇ ਇਹ ਜਾਰੀ ਹੈ। ਉਸ ਸਮੇਂ ਜੰਗ ਹਥਿਆਰਾਂ ਨਾਲ ਸੀ ਬਿਲਕੁਲ ਜਾਇਜ਼ ਸੀ । ਕੌਮ ਦਾ ਹੁਕਮ ਸੀ ਪੰਥ ਦੀ ਅਰਦਾਸ ਸਾਡੇ ਪਿੱਛੇ ਸੀ ਇਸ ਲਈ ਜੰਗ ਕੀਤੀ । ਹੁਣ ਉਸ ਦੀ ਆਗਿਆ ਨਹੀਂ ਹੈ ਤੇ ਨਾ ਹੀ ਸਮਾਂ ਹੈ। ਪੰਥ ਤੇ ਪੰਜਾਬ ਦਾ ਇਸ ਵਿੱਚ ਹੀ ਭਲਾ ਹੈ ਕੀ ਅਸੀਂ ਉਸ ਜੰਗ ਨੂੰ ਆਪਣੇ ਅਮਲਾਂ ਰਾਹੀਂ ਆਪਣੇ ਵਿਚਾਰਾਂ ਰਾਹੀਂ ਲੜੀਏ। ਹੁਣ ਖ਼ਾਲਿਸਤਾਨ ਦਾ ਨਾਅਰਾ ਲਾਉਣਾ ਵੀ ਜ਼ਰੂਰੀ ਹੁੰਦਾ, ਮੈਂ ਨਾਅਰੇ ਦੇ ਖ਼ਿਲਾਫ਼ ਨਹੀਂ ਹੈ ਪਰ ਉਸ ਨਾਅਰੇ ਦੇ ਖ਼ਿਲਾਫ਼ ਹਾਂ ਜਿਸ ਦੇ ਪਿੱਛੇ ਕੋਈ ਕੋਈ ਧਾਰਨਾ ਨਹੀਂ ਹੈ ਤੇ ਨਾ ਹੀ ਕੋਈ ਜੜ ਹੈ। ਸਿਰਫ਼ ਕਿਸੇ ਨੂੰ ਡਰਾਉਣ ਦੇ ਲਈ ਜਾਂ ਸ਼ੋਹਰਤ ਕਮਾਉਣ ਦੇ ਲਈ ਨਾਅਰਾ ਨਹੀਂ ਲਾਇਆ ਜਾਂਦਾ, ਪਤਾ ਨਹੀਂ ਕਿਸ ਪਿੱਛੇ ਨਾਅਰੇ ਲਾ ਦਿੰਦੇ ਹਨ ਜਿਸ ਪਿੱਛੇ ਕੁਝ ਹੋਵੇ ਹੀ ਨਾ । ਨਾਅਰਾ ਲਾਓ ਨਾਅਰਾ ਬਹੁਤ ਜ਼ਰੂਰੀ ਹੈ ਪਰ ਉਸ ਤੋਂ ਵੀ ਜ਼ਰੂਰੀ ਹੈ ਕਿ ਤੁਸੀਂ ਖ਼ਾਲਿਸਤਾਨ ਨੂੰ ਜਿਊਣਾ ਹੈ। ਅਸੀ ਖ਼ਾਲਿਸਤਾਨ ਦੇ ਸੰਘਰਸ਼ ਵਿਚ ਜੀਅ ਰਹੇ ਹਾਂ, ਹਰ ਇਕ ਪਲ ਨਾਲ ਤੇ ਇਸ ਦੇ ਲਈ ਵੀ ਪਿੱਛੇ ਨਹੀਂ ਹਟੇ, ਸਦਾ ਸਮੁੱਚੀ ਅਰਦਾਸ ਦੇ ਨਾਲ ਖੜੇ ਹਾਂ। ਅਸੀਂ ਦੁਸ਼ਮਣ ਨੂੰ ਬਹੁਤ ਚੰਗੀ ਤਰਾਂ ਪਛਾਣ ਦੇ ਹਾਂ। ਜੰਗ ਜਾਰੀ ਹੈ, ਵਿਚਾਰਾਂ ਤੇ ਅਮਲਾਂ ਦੇ ਰਾਹੀਂ। ਇਹ ਕੋਈ ਪਤਾ ਨਹੀਂ ਕਿ ਅਗਲਾ ਸਮਾਂ ਕਿਵੇਂ ਦਾ ਹੋਵੇਗਾ। ਇਹ ਗੁਰੂ ਹੀ ਸਭ ਜਾਣਦਾ ਹੈ ਜਦੋਂ ਉਸ ਦਾ ਹੁਕਮ ਹੋਵੇਗਾ ਉਸ ਨੇ ਆਪ ਹੀ ਸਭ ਕੁਝ ਕਰਵਾ ਲੈਣਾ ਹੈ। ਸ਼ਹਾਦਤਾਂ ਪਾਉਣ ਵਾਲਿਆਂ ਦੇ ਭਾਗ ਵੱਡੇ ਸਨ ਅਤੇ ਉਨਾਂ ਤੋਂ ਪਿੱਛੇ ਅਸੀਂ ਬੈਠੇ ਹਾਂ। ਅਸੀਂ ਬਿਲਕੁਲ ਉੱਥੇ ਹੀ ਖੜੇ ਹਾਂ ਤੇ ਉਥੇ ਹੀ ਜੁੜੇ ਹਾਂ। ਦੁਨਿਆਵੀ ਹਾਰਾਂ ਜਿੱਤਾਂ ਚੱਲਦੀਆਂ ਰਹਿੰਦੀਆਂ ਹਨ ਪਰ ਖ਼ਾਲਸਾ ਪੰਥ ਅਜਿੱਤ ਹੈ ਤੇ ਸਦਾ ਗੁਰੂ ਦੇ ਨਾਲ ਹੈ । ਰਾਹ ਖੁੱਲ ਰਹੇ ਹਨ, ਸੰਭਾਵਨਾਵਾਂ ਵਧ ਰਹੀਆਂ ਹਨ, ਸਾਨੂੰ ਆਪਣੇ ਆਪੇ ਨੂੰ ਪਛਾਣਨ ਦੀ ਲੋੜ ਹੈ ਕੀ ਅਸੀਂ ਕੀ ਕਰ ਰਹੇ ਹਾਂ। ਗੱਲ ਇੱਥੇ ਹੀ ਨਿੱਬੜਦੀ ਹੈ ਕਿ ਤੁਸੀਂ ਕੀ ਕਰ ਰਹੇ ਹੋ ਪੰਥ ਦੇ ਲਈ ?

# ਆਪ ਸਰਕਾਰ ਬੇਅੰਤ ਸਿੰਘ ਦੇ ਰਾਹਾਂ ਉਪਰ ਨਾ ਚਲੇ

## ✪ ਖ਼ਤਰਨਾਕ ਅਪਰਾਧੀ ਹਰੀਸ਼ ਸਿੰਗਲਾ ਪਟਿਆਲਾ ਹਿੰਸਾ ਦਾ ਮੁਖ ਸਰਗਨਾ ✪ ਜ਼ਿਆਦਾ ਗ੍ਰਿਫ਼ਤਾਰੀਆਂ ਸਿੱਖਾਂ ਦੀਆਂ ਕਿਉਂ ?

ਪਿਛਲੇ ਕਈ ਦਿਨਾਂ ਤੋਂ ਆਪਣੇ ਆਪ ਨੂੰ ਹਿੰਦੂ ਭਾਈਚਾਰੇ ਦੇ ਨੁਮਾਇੰਦੇ ਆਖਣ ਵਾਲੇ ਸ਼ਿਵ ਸੈਨਾ ਵੱਲੋਂ ਪਟਿਆਲੇ ਵਿੱਚ ਸਿੱਖ ਵਿਰੋਧੀ ਪਰਦਰਸ਼ਨ ਕਰਨ ਅਤੇ ਸਿੱਖ ਲੀਡਰਸ਼ਿਪ ਦੇ ਪੁਤਲੇ ਫੂਕਣ ਦਾ ਐਲਾਨ ਕੀਤਾ ਜਾ ਰਿਹਾ ਸੀ। ਪੰਜਾਬ ਦੇ ਵੱਡੇ ਦੁਖਾਂਤ ਤੋਂ ਬਾਅਦ ਇੱਕ ਵਾਰ ਫਿਰ ਕੁਝ ਫਿਰਕੂ ਸਿਰਫਿਰੇ ਲੋਕ ਪੰਜਾਬ ਦੇ ਮਹੌਲ ਨੂੰ ਅੱਗ ਲਾਉਣ ਲਈ ਯਤਨਸ਼ੀਲ ਹਨ। ਇਹ ਉਸੇ ਲੜੀ ਦਾ ਹਿੱਸਾ ਹੈ ਕਿ ਸਰਕਾਰੀ ਸ਼ਹਿ ਪ੍ਰਾਪਤ ਕੁਝ ਭਗਵੇਂਵਾਦੀ ਲੋਕ ਪੰਜਾਬ ਵਿੱਚ ਮੁੜ ਹਿੰਸਾ ਭੜਕਾਉਣ ਦੇ ਯਤਨ ਕਰ ਰਹੇ ਹਨ। 29 ਅਪ੍ਰੈਲ ਨੂੰ ਪਟਿਆਲੇ ਦੇ ਇੱਕ ਹਿੰਦੂ ਮੰਦਰ ਲਾਗਿਓਂ ਸਿੱਖ ਵਿਰੋਧੀ ਜਲੂਸ ਕੱਢਣ ਅਤੇ ਸਿੱਖ ਵਿਰੋਧੀ ਨਾਅਰੇ ਲਗਾਉਣ ਦਾ ਪ੍ਰੋਗਰਾਮ ਦਿੱਤਾ ਗਿਆ ਸੀ। ਕਿਉਂਕਿ ਵਾਰ ਵਾਰ ਸੋਸ਼ਲ ਮੀਡੀਆ ’ਤੇ ਸਿੱਖਾਂ ਨੂੰ ਚੁਣੌਤੀ ਦਿੱਤੀ ਜਾ ਰਹੀ ਸੀ ਕਿ ਅਸੀਂ ਤੁਹਾਡੀ ਹਿੱਕ ਉੱਤੇ ਇਹ ਜਲੂਸ ਕੱਢਕੇ ਦਿਖਾਂਵਾਂਗੇ। ਇਸ ਲਈ ਖਾਲਸਾ ਪੰਥ ਦੇ ਇੱਕ ਹਿੱਸੇ ਨੇ ਇਸ ਚੁਣੌਤੀ ਨੂੰ ਪ੍ਰਵਾਨ ਕਰ ਲਿਆ ਅਤੇ 29 ਅਪ੍ਰੈਲ ਨੂੰ ਪਟਿਆਲੇ ਵਿਖੇ ਬਹੁਤ ਸਾਰੀਆਂ ਸਿੱਖ ਸੰਗਤਾਂ ਵੀ ਅੱਪੜ ਗਈਆਂ। ਬੇਸ਼ੱਕ ਪ੍ਰਸ਼ਾਸ਼ਨ ਨੇ ਵਿੱਚ ਦਖਲਅੰਦਾਜ਼ੀ ਕਰਕੇ ਮਹੌਲ ਨੂੰ ਬਹੁਤ ਜਿਆਦਾ ਖਰਾਬ ਹੋਣ ਤੋਂ ਬਚਾਇਆ ਪਰ ਕਥਿਤ ਭਗਵੇਂ ਲੀਡਰਾਂ ਦੀਆਂ ਫਿਰਕੂ ਨੀਤਾਂ ਦੀ ਇਸ ਨੇ ਸਾਫ ਝਲਕ ਦੇ ਦਿੱਤੀ।

ਪਟਿਆਲਾ ਵਿਚ ਫ਼ਿਰਕੂ ਭੜਕਾਹਟ ਪੈਦਾ ਕਰਨ ਵਾਲਾ ਸ਼ਿਵ ਸੈਨਾ (ਬਾਲ ਠਾਕਰੇ) ਦਾ ਪ੍ਰਧਾਨ ਹਰੀਸ਼ ਸਿੰਗਲਾ ਲੰਬੇ ਸਮੇਂ ਤੋਂ ਅਜਿਹੀਆਂ ਸਰਗਰਮੀਆਂ ਕਰਕੇ ਸੁਰਖੀਆਂ ਵਿਚ ਰਿਹਾ ਹੈ। ਪਟਿਆਲਾ ਹਿੰਸਾ ਦਾ ਉਹੀ ਮੁਖ ਸਰਗਨਾ ਹੈ। ਖ਼ੁਫ਼ੀਆ ਵਿਭਾਗ ਵੱਲੋਂ ਉਸ ਦਾ ਕੱਚਾ ਚਿੱਠਾ ਤਿਆਰ ਕਰਕੇ ਕਈ ਵਾਰੀ ਪੁਲਿਸ ਅਧਿਕਾਰੀਆਂ ਤੇ ਗ੍ਰਹਿ ਵਿਭਾਗ ਨੂੰ ਭੇਜਿਆ ਜਾ ਚੁੱਕਾ ਹੈ, ਪਰ ਉਸ ਖ਼ਿਲਾਫ਼ ਕਿਸੇ ਵੀ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ। ਸਗੋਂ ਇਸ ਨੂੰ ਸਰਕਾਰੀ ਗੱਡੀ ਤੇ ਸੁਰੱਖਿਆ ਗਾਰਦ ਦੇ ਰੱਖੀ ਹੈ। ਖ਼ੁਫ਼ੀਆ ਵਿਭਾਗ ਦੇ ਸੂਤਰਾਂ ਅਨੁਸਾਰ ਹਰੀਸ਼ ਸਿੰਗਲਾ ਪਹਿਲਾਂ ਸ਼ਿਵ ਸੈਨਾ (ਹਿੰਦੁਸਤਾਨ) ਦੇ ਕੌਮੀ ਪ੍ਰਧਾਨ ਪਵਨ ਗੁਪਤਾ ਨਾਲ ਰਹਿੰਦਾ ਸੀ। ਦੋਵਾਂ ਵਿੱਚ ਮਤਭੇਦ ਕਰ ਕੇ ਇਸ ਨੇ ਸ਼ਿਵ ਸੈਨਾ ਬਾਲ ਠਾਕਰੇ 2007 ਵਿਚ ਜੁਆਇਨ ਕੀਤੀ ਸੀ। ਉਹ ਲਗਾਤਾਰ ਜੰਮੂ ਕਸ਼ਮੀਰ ਮੁੱਦੇ ’ਤੇ, ਪੰਜਾਬ ਵਿਚ ਅਤਿਵਾਦੀਆਂ ਅਤੇ ਸੰਤ ਭਿੰਡਰਾਂਵਾਲਿਆਂ ਖ਼ਿਲਾਫ਼ ਬਿਆਨਬਾਜ਼ੀ ਕਰਦਾ ਹੈ। ਉਸ ਨੇ 14 ਦਸੰਬਰ 2007 ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚੋਂ ਫ਼ੋਟੋ ਹਟਾਏ ਜਾਣ ਦੀ ਮੰਗ ਨੂੰ ਲੈ ਕੇ ਪੰਜਾਬ ਬੰਦ ਦਾ ਸੱਦਾ ਦਿੱਤਾ ਸੀ। ਇਸ ਸਬੰਧ ਵਿਚ ਥਾਣਾ ਕੋਤਵਾਲੀ ਪੁਲਿਸ ਨੇ ਉਸ ਨੂੰ 14 ਦਸੰਬਰ 2007 ਨੂੰ ਹੀ ਗ੍ਰਿਫ਼ਤਾਰ ਕਰ ਲਿਆ ਸੀ। ਖ਼ੁਫ਼ੀਆ ਵਿਭਾਗ ਨੇ ਅਜੇ ਇਕ ਮਹੀਨਾ ਪਹਿਲਾਂ ਗ੍ਰਹਿ ਵਿਭਾਗ ਨੂੰ ਸ਼ਿਵ ਸੈਨਾ ਆਗੂ ਬਾਰੇ ਰਿਪੋਰਟ ਭੇਜੀ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਹਰੀਸ਼ ਸਿੰਗਲਾ ਸਿੱਖਾਂ ਤੇ ਹਿੰਦੂਆਂ ਵਿਚ ਫ਼ਸਾਦ ਪੈਦਾ ਕਰ ਸਕਦਾ ਹੈ, ਲਿਹਾਜ਼ਾ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।ਪਰ ਆਪ ਸਰਕਾਰ ਨੇ ਮੁਖ ਦੋਸ਼ੀ ਭਾਈ ਬਰਜਿੰਦਰ ਸਿੰਘ ਪਰਵਾਨਾ ਨੂੰ ਹਿੰਸਾ ਦਾ ਮੁਖ ਦੋਸ਼ੀ ਕਰਾਰ ਦੇ ਕੇ ਸਿਖਾਂ ਨੂੰ ਜਿੰਮੇਵਾਰ ਠਹਿਰਾਇਆ ਹੈ। ਗੋਲੀ ਚਲਾਉਣ ਤੇ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਦੀ ਮੰਜਲ ਉਪਰ ਚੜ ਕੇ ਪਥਰਾਓ ਕਰਨ ਵਾਲੇ ਭਗਵੇਂ ਗੁੰਡਿਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ।ਪਟਿਆਲਾ ਪੁਲਿਸ ਨੇ ਇਸ ਟਕਰਾਅ ਦੇ ਮਾਮਲੇ ਵਿਚ ਨਾਮਜ਼ਦ ਕੀਤੇ ਭਾਈ ਬਰਜਿੰਦਰ ਸਿੰਘ ਪਰਵਾਨਾ ਤੋਂ ਇਲਾਵਾ ਸ਼ਿਵ ਸੈਨਾ ਬਾਲ ਠਾਕਰੇ ਦੇ ਜ਼ਿਲਾ ਪ੍ਰਧਾਨ ਸ਼ੰਕਰ ਭਾਰਦਵਾਜ ਅਤੇ ਸੋਸ਼ਲ ਮੀਡੀਆ ’ਤੇ ਭੜਕਾਊ ਪੋਸਟਾਂ ਪਾਉਣ ਵਾਲੇ ਅਸ਼ਵਨੀ ਕੁਮਾਰ ਗੱਗੀ ਪੰਡਿਤ ਸਮੇਤ 6 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ । ਪਟਿਆਲਾ ਰੇਂਜ ਦੇ ਆਈ.ਜੀ. ਮੁਖਵਿੰਦਰ ਸਿੰਘ ਛੀਨਾ, ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਅਠਤੇ ਐੱਸ. ਐੱਸ.ਪੀ. ਦੀਪਕ ਪਾਰਿਕ ਮੁਤਾਬਿਕ ਬਰਜਿੰਦਰ ਸਿੰਘ ਪਰਵਾਨਾ ਨੂੰ ਐੱਸ.ਏ.ਐੱਸ. ਨਗਰ ਤੋਂ ਗ੍ਰਿਫ਼ਤਾਰ ਕੀਤਾ ਗਿਆ। ਹਿੰਸਕ ਘਟਨਾ ਵਿਚ ਨਾਮਜ਼ਦ ਹੋਰ ਵਿਅਕਤੀਆਂ, ਸ਼ਿਵਦੇਵ ਵਾਸੀ ਪਿੰਡ ਬਾਲ ਸਿਕੰਦਰ ਜ਼ਿਲਾ ਫ਼ਤਹਿਗੜ ਸਾਹਿਬ, ਦਵਿੰਦਰ ਸਿੰਘ ਵਾਸੀ ਜੀਂਦ ਤੇ ਰਾਜਿੰਦਰ ਸਿੰਘ ਵਾਸੀ ਸਮਾਣਾ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਹੁਣ ਤੱਕ ਕੁੱਲ 9 ਗ੍ਰਿਫ਼ਤਾਰੀਆਂ ਹੋਈਆਂ ਹਨ ਜਿਸ ਵਿਚੋਂ ਜਿਆਦਾ ਸਿਖ ਹਨ। ਹੋਰ ਵੀ ਸਿੱਖਾਂ ਨੂੰ ਗ੍ਰਿਫਤਾਰ ਕਰਨ ਦੀ ਸੰਭਾਵਨਾ ਹੈ। ਇਸ ਤਰਾਂ ਜਾਪਦਾ ਹੈ ਕਿ ਆਪ ਸਰਕਾਰ ਬੇਅੰਤ ਸਿੰਘ ਦੇ ਰਾਹਾਂ ਉਪਰ ਚੱਲ ਪਈ ਹੈ।









**ਦਰਪਣ ਝੂਠ ਨਹੀਂ ਬੋਲਦਾ**

ਯਾਦ ਰਹੇ ਕਿ 1982-83 ਵਿੱਚ ਵੀ ਪਟਿਆਲਾ ਅਜਿਹੀ ਹੀ ਮਾਰੂ ਖੇਡ ਦਾ ਕੇਂਦਰ ਬਣਕੇ ਉਭਰ ਰਿਹਾ ਸੀ ਜਿਸ ਵੇਲੇ ਸੰਤ ਜਰਨੈਲ ਸਿੰਘ ਨੇ ਸਰਕਾਰ ਨੂੰ ਵੰਗਾਰ ਪਾਈ ਸੀ ਕਿ ਜੇ ਸਿੱਖਾਂ ਕੋਲੋਂ ਹਥਿਆਰ ਨਿਕਲ ਆਉਣ ਤਾਂ ਉਨਾਂ ਤੇ ਕੇਸ ਦਰਜ ਹੋ ਜਾਂਦੇ ਹਨ ਪਰ ਜੇ ਹਿੰਦੂਆਂ ਤੋਂ ਹਥਿਆਰ ਨਿਕਲ ਆਉਣ ਤਾਂ ਉਨਾਂ ਤੇ ਕੋਈ ਕਾਰਵਾਈ ਨਹੀ ਹੁੰਦੀ। ਉਸ ਵੇਲੇ ਸ਼ਿਵ ਸੈਨਾ ਲੀਡਰ ਪਵਨ ਕੁਮਾਰ ਕੋਲ ਨਜਾਇਜ਼ ਹਥਿਆਰ ਹੋਣ ਦੀਆਂ ਖਬਰਾਂ ਆ ਰਹੀਆਂ ਸਨ।

ਇਸ ਤਰਾਂ ਮਹਿਸੂਸ ਹੁੰਦਾ ਹੈ ਕਿ ਕੁਝ ਪੰਜਾਬ ਦੋਖੀ ਤਾਕਤਾਂ ਇਸ ਖਿੱਤੇ ਨੂੰ ਫਿਰ ਬਲਦੀ ਦੇ ਬੂਥੇ ਝੋਕਣਾ ਚਾਹੁੰਦੀਆਂ ਹਨ। ਉਹ ਫਿਰ ਅਜਿਹੀਆਂ ਛੇੜਾਂ ਛੇੜ ਰਹੀਆਂ ਪ੍ਰਤੀਤ ਹੁੰਦੀਆਂ ਹਨ ਜਿਨਾਂ ਨਾਲ ਪੰਜਾਬ ਨੂੰ ਮੁੜ ਸਿੱਖਾਂ ਦੀ ਕਤਲਗਾਹ ਬਣਾਇਆ ਜਾ ਸਕੇ। ਹਸਦੇ ਵਸਦੇ ਸਿੱਖ, ਆਪਣੇ ਘਰਾਂ ਵਿੱਚ ਰਹਿ ਰਹੇ ਇਨਾਂ ਤਾਕਤਾਂ ਤੋਂ ਬਰਦਾਸ਼ਤ ਨਹੀ ਹੋ ਰਹੇ। 1984 ਤੋਂ 1995 ਤੱਕ ਪੰਜਾਬ ਨੇ ਬਹੁਤ ਵੱਡਾ ਸੰਤਾਪ ਹੰਢਾਇਆ ਹੈ। ਹਜਾਰਾਂ ਸਿੱਖ ਗੱਭਰੂ, ਮੁਟਿਆਰਾਂ ਅਤੇ ਬਜ਼ੁਰਗ ਉਸ ਹਿੰਸਾ ਦੀ ਭੇਟ ਚੜੇ ਹਨ। ਅਣਗਿਣਤ ਸਿੱਖਾਂ ਨੇ ਬੇਤਹਾਸ਼ਾ ਸਰਕਾਰੀ ਤਸ਼ੱਦਦ ਆਪਣੇ ਪਿੰਡਿਆਂ ਤੇ ਹੰਢਾਇਆ, ਬਹੁਤ ਸਾਰੇ ਜਲਾਵਤਨ ਹੋ ਗਏ। ਜਿਨਾਂ ਮਾਵਾਂ ਦੇ ਪੁੱਤ ਉਸ ਹਨੇਰੀ ਦੀ ਭੇਟ ਚੜੇ ਉਹ ਹਾਲੇ ਵੀ ਆਪਣੇ ਪੁੱਤਰਾਂ ਨੂੰ ਉਡੀਕ ਰਹੀਆਂ ਹਨ। ਉਸ ਹਨੇਰੀ ਦੀ ਮਾਰ ਝੱਲਣ ਵਾਲੇ ਹਾਲੇ ਵੀ ਭਾਰਤ ਦੀਆਂ ਜੇਲਾਂ ਵਿੱਚ ਬੰਦ ਹਨ। ਇਸੇ ਹਨੇਰੀ ਦੌਰਾਨ ਹੀ ਬਹੁਤ ਸਾਰੇ ਆਮ ਲੋਕ ਵੀ ਦੋਪਾਸੀ ਗੋਲੀ ਵਿੱਚ ਮਾਰੇ ਗਏ। ਜਿਨਾਂ ਦੇ ਘਰਾਂ ਦੇ ਚਿਰਾਗ ਉਸ ਦੋਪਾਸੀ ਗੋਲੀਬਾਰੀ ਵਿੱਚ ਬੁਝ ਗਏ, ਕਦੇ ਉਨਾਂ ਨੂੰ ਪੁੱਛ ਕੇ ਦੇਖੋ।

ਪਰ ਇਸ ਸਭ ਕੁਝ ਦੇ ਬਾਵਜੂਦ ਕੁਝ ਭੂਤਰੇ ਹੋਏ ਲੋਕ ਪੰਜਾਬ ਨੂੰ ਬਲਦੀ ਦੇ ਬੂਥੇ ਦੇਣ ਲਈ ਯਤਨਸ਼ੀਲ ਜਾਪਦੇ ਹਨ। ਉਹ ਆਪ ਸਰਕਾਰੀ ਸੁਰੱਖਿਆ ਦਾ ਅਨੰਦ ਮਾਣ ਕੇ ਲੀਡਰੀ ਕਰ ਰਹੇ ਹਨ ਪਰ ਬੇਗਾਨੇ ਧੀਆਂ ਪੁੱਤਰਾਂ ਨੂੰ ਖਤਰੇ ਮੂੰਹ ਪਾ ਰਹੇ ਹਨ। ਇਸ ਤਰਾਂ ਜਾਪ ਰਿਹਾ ਕਿ ਸਕਰਾਰਾਂ ਵਿੱਚ ਅਹਿਮ ਅਹੁਦਿਆਂ ’ਤੇ ਤਾਇਨਾਤ ਕੁਝ ਰਾਜਸੀ ਨੇਤਾ ਅਤੇ ਅਫਸਰ ਪੰਜਾਬ ਵਿੱਚ ਦੁਬਾਰਾ ਹਿੰਸਾ ਭੜਕਾਉਣ ਦੇ ਯਤਨ ਕਰਵਾ ਰਹੇ ਹਨ। ਕੌਮਾਂਤਰੀ ਪੱਧਰ ਤੇ ਜਿਸ ਕਿਸਮ ਦੇ ਹਾਲਾਤ ਪੈਦਾ ਹੋ ਰਹੇ ਹਨ ਉਸ ਸੰਦਰਭ ਵਿੱਚ ਕੁਝ ਸ਼ਰਾਰਤੀ ਭਗਵੇਂ ਫਿਰਕੂ ਲੋਕ ਪੰਜਾਬ ਦਾ ਵੱਡਾ ਨੁਕਸਾਨ ਕਰਵਾਉਣ ਦੀ ਕਾਹਲ ਵਿੱਚ ਜਾਪਦੇ ਹਨ। ਜਿਨਾਂ ਨੂੰ ਕੁਝ ਸਵਾਰਥੀ ਸਿਆਸਤਦਾਨਾਂ ਨੇ ਮੋਹਰੇ ਬਣਾਇਆ ਹੋਇਆ ਹੈ ਸਭ ਤੋਂ ਪਹਿਲਾਂ ਉਨਾਂ ਦੀ ਗਰਿਫਤਾਰੀ ਕਰਕੇ ਉਨਾਂ ਦੀ ਤਿੱਖੀ ਪੁੱਛਗਿੱਛ ਹੋਣੀ ਚਾਹੀਦੀ ਹੈ। ਜਿਹੜੇ ਸਿਆਸਤਦਾਨ ਅਤੇ ਅਫਸਰ ਪੰਜਾਬ ਦਾ ਨੁਕਸਾਨ ਕਰਵਾਉਣਾ ਚਾਹੁੰਦੇ ਹਨ ਉਹ ਬੇਨਕਾਬ ਹੋਣੇ ਚਾਹੀਦੇ ਹਨ। ਜਿਹੜੇ ਹਰ ਨਵੇਂ ਦਿਨ ਸੋਸ਼ਲ ਮੀਡੀਆ ਤੇ ਸਿੱਖਾਂ ਖਿਲਾਫ ਜਹਿਰ ਉਗਲਦੇ ਹਨ ਉਨਾਂ ਦੀ ਸੁਰੱਖਿਆ ਵਾਪਸ ਲਈ ਜਾਣੀ ਚਾਹੀਦੀ ਹੈ। ਜੇ ਉਨਾਂ ਨੂੰ ਕੋਈ ਡਰ ਹੈ ਉਹ ਆਪਣੇ ਨਿੱਜੀ ਗੰਨਮੈਨ ਰੱਖ ਲੈਣ। ਸਿਰਫ ਸਰਕਾਰੀ ਸੁਰੱਖਿਆ ਦੀ ਸ਼ਹਿ ਤੇ ਕਿਸੇ ਨੂੰ ਪੰਜਾਬ ਦਾ ਮਹੌਲ ਵਿਗਾੜਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।

## ਪੰਜਾਬ ਸਰਕਾਰ ਦਾ ਉਸਾਰੂ ਫ਼ੈਸਲਾ

### ਇਤਿਹਾਸ ਦੀਆਂ ਤਿੰਨ ਕਿਤਾਬਾਂ ’ਤੇ ਲਾਈ ਪਾਬੰਦੀ

ਪੰਜਾਬ ਵਿਚ ਪਿਛਲੇ 3-4 ਮਹੀਨਿਆਂ ਤੋਂ ਇਤਿਹਾਸ ਦੀਆਂ ਕਿਤਾਬਾਂ ਸਬੰਧੀ ਚੱਲ ਰਿਹਾ ਵਿਵਾਦ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਪੰਜਾਬ ਸਰਕਾਰ ਨੇ ਥੋੜਾ-ਬਹੁਤਾ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਬੋਰਡ ਦੇ ਚੇਅਰਮੈਨ ਡਾ. ਯੋਗਰਾਜ ਨੇ ਹੁਕਮ ਜਾਰੀ ਕੀਤਾ ਹੈ ਕਿ ਲੇਖਕਾਂ ਡਾ. ਮਨਜੀਤ ਸਿੰਘ ਸੋਢੀ ਤੇ ਡਾ. ਐੱਮਐੱਸ ਮਾਨ ਤੇ ਲੇਖਕਾ ਡਾ. ਮਹਿੰਦਰਪਾਲ ਕੌਰ ਦੀਆਂ ਕਿਤਾਬਾਂ ਦੀ ਪੰਜਾਬ ਵਿਚ ਵਿਕਰੀ ’ਤੇ ਤੁਰੰਤ ਪ੍ਰਭਾਵ ਨਾਲ ਪਾਬੰਦੀ ਲਗਾ ਦਿੱਤੀ ਗਈ ਹੈ। ਸਿੱਖਿਆ ਬੋਰਡ ਤੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਦੀ ਪੜਤਾਲੀਆਂ ਟੀਮ ਵੱਲੋਂ ਨਸ਼ਰ ਰਿਪੋਰਟ ’ਤੇ ਸਹਿਮਤੀ ਪ੍ਰਗਟ ਕਰਦਿਆਂ ਇਤਿਹਾਸ ਦੀਆਂ ਕਿਤਾਬਾਂ ਵਿਚ ਮੌਜੂਦ ਵਿਵਾਦਤ ਸਮੱਗਰੀ ਬਾਰੇ ਹਾਮੀ ਭਰੀ ਗਈ ਹੈ। ਹਾਲਾਂਕਿ ਸਿੱਖਿਆ ਬੋਰਡ ਦੇ ਦਫ਼ਤਰ ਅੱਗੇ ਬਲਦੇਵ ਸਿੰਘ ਸਿਰਸਾ ਦੀ ਅਗਵਾਈ ਹੇਠ ਧਰਨਾ ਹਾਲੇ ਵੀ ਜਾਰੀ ਹੈ। ਜ਼ਿਕਰਯੋਗ ਹੈ ਕਿ ਇਨਾਂ ਤਿੰਨਾਂ ਲੇਖਕਾਂ ਦੀਆਂ 12ਵੀਂ ਜਮਾਤ ਨੂੰ ਪੜਾਈਆਂ ਜਾ ਰਹੀਆਂ ਇਤਿਹਾਸ ਦੀਆਂ ਪੁਸਤਕਾਂ ਵਿਚ ਕੁਝ ਤੱਥ ਸਿੱਖੀ ਦੇ ਇਤਿਹਾਸ ਅਨੁਸਾਰ ਨਹੀਂ ਹਨ ਜੋ ਕਿ ਪੜਤਾਲ ਤੋਂ ਬਾਅਦ ਸਾਬਿਤ ਵੀ ਹੋ ਗਿਆ ਹੈ। ਹਾਲਾਂਕਿ ਸਿੱਖਿਆ ਵਿਭਾਗ ਪੰਜਾਬ ਨੇ ਇਨਾਂ ਨੂੰ ਮਾਨਤਾ ਦਿੱਤੀ ਹੋਈ ਸੀ ਤੇ ਇਹ ਕਾਫੀ ਸਮੇਂ ਤੋਂ ਵਿਦਿਆਰਥੀਆਂ ਨੂੰ ਪੜਾਈਆਂ ਵੀ ਜਾ ਰਹੀਆਂ ਸਨ।

ਪੰਜਾਬ ਸਰਕਾਰ ਦੇ ਹੁਕਮਾਂ ਦੀ ਤੁਰੰਤ ਪਾਲਣਾ ਕਰਦੇ ਹੋਏ ਡਾਇਰੈਕਟਰ ਐੱਸਸੀਈਆਰਟੀ ਤੇ ਸਮੂਹ ਜ਼ਿਲਾ ਸਿੱਖਿਆ ਅਫ਼ਸਰਾਂ ਨੂੰ ਇਸ ਬਾਰੇ ਜਾਣੂ ਵੀ ਕਰਵਾ ਦਿੱਤਾ ਗਿਆ ਹੈ। ਪੜਤਾਲ ਰਿਪੋਰਟ ਦੇ ਆਧਾਰ ’ਤੇ ਸਰਕਾਰ ਵੱਲੋਂ ਇਸ ਸੰਬੰਧੀ ਕੁਝ ਹੋਰ ਆਦੇਸ਼ ਬੋਰਡ ਨੂੰ ਜਾਰੀ ਕੀਤੇ ਗਏ ਹਨ ਜਿਨਾਂ ਤਹਿਤ ਇਨਾਂ ਕਿਤਾਬਾਂ ਨੂੰ ਸਾਲ 2017 ਤਕ ਨੋਟੀਫਾਈ ਕਰਨ ਸਮੇਂ ਕੰਮ ਕਰਦੇ ਕਰਮਚਾਰੀਆਂ/ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕਰਨ ਲਈ ਨਿਰਦੇਸ਼ ਦਿੱਤੇ ਗਏ ਹਨ। ਇਸ ਦੇ ਨਾਲ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਅਜਿਹੀਆਂ ਸਾਰੀਆਂ ਨੋਟੀਫਿਕੇਸ਼ਨ ਜੋ ਕਿ ਸਮੇਂ-ਸਮੇਂ ਸਿਰ ਇਨਾਂ ਕਿਤਾਬਾਂ ਬਾਰੇ ਜਾਰੀ ਕੀਤੀਆਂ ਗਈਆਂ, ਨੂੰ ਵੀ ਵਾਪਸ ਲੈਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਡਾ. ਏ ਸੀ ਅਰੋੜਾ ਵੱਲੋਂ ਲਿਖਤ ‘ਪੰਜਾਬ ਦਾ ਇਤਿਹਾਸ’ ਨਾਮੀ ਪੁਸਤਕ ਜੋ ਕਿ ਮੈਸ. ਪ੍ਰਦੀਪ ਪਬਲੀਕੇਸ਼ਨ, ਜਲੰਧਰ ਵੱਲੋਂ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ ਤੇ ਅਜੇ ਵੀ ਆਪਣੇ ਪੱਧਰ ’ਤੇ ਬੋਰਡ ਦੀ ਪ੍ਰਵਾਨਗੀ/ ਨੋਟੀਫਿਕੇਸ਼ਨ ਤੋਂ ਬਿਨਾਂ ਵੇਚੀ ਜਾ ਰਹੀ ਹੈ, ਬਾਰੇ ਵੀ ਸ੍ਰੀ ਆਈਪੀਐੱਸ ਮਲਹੋੱਤਰਾ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਤਿੰਨ ਹੋਰ ਪੁਸਤਕਾਂ ਜਿਨਾਂ ਵਿਚਲੀ ਪਠਨ ਸਮੱਗਰੀ ਉਪਰੋਕਤ ਪੁਸਤਕਾਂ ਨਾਲ ਮਿਲਦੀ ਜੁਲਦੀ ਹੈ ਨੂੰ ਵੀ ਇਸ ਪੜਤਾਲ ਦਾ ਹਿੱਸਾ ਬਣਾਇਆ ਗਿਆ ਹੈ। ਇਸ ਪੜਤਾਲ ਦੀ ਰਿਪੋਰਟ ਪ੍ਰਾਪਤ ਹੋਣ ’ਤੇ ਇਸ ਸਬੰਧੀ ਵੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਪੜਤਾਲ ਰਿਪੋਰਟ ਦੇ ਹੋਰ ਪਹਿਲੂਆਂ ਬਾਰੇ ਸਰਕਾਰ ਪੱਧਰ ’ਤੇ ਕਾਰਵਾਈ ਚੱਲ ਰਹੀ ਹੈ।

## ਦੱਖਣ ਤੋਂ ਬਹੁਤੀ ਆਸ ਨਹੀਂ-ਹਿੰਦੀ ਪੱਟੀ ’ਤੇ ਮੁੜ ਧਿਆਨ ਕੇਂਦਰਿਤ ਕਰ ਰਹੀ ਹੈ ਭਾਜਪਾ



ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਿਛਲੇ ਦਿਨੀਂ ਹਿੰਦੀ ਨੂੰ ਦੇਸ਼ ਭਰ ਦੀ ਸੰਪਰਕ ਭਾਸ਼ਾ ਬਣਾਉਣ ਦਾ ਜੋ ਬਿਆਨ ਦਿੱਤਾ ਹੈ, ਉਸ ’ਤੇ ਦੱਖਣੀ ਭਾਰਤ ਦੇ ਸਾਰੇ ਸੂਬਿਆਂ ਵਿਚ ਜਿਸ ਤਰਾਂ ਦੀਆਂ ਤਿੱਖੀਆਂ ਪ੍ਰਤੀਕਿਰਿਆਵਾਂ ਹੋ ਰਹੀਆਂ ਹਨ, ਉਸ ਨੂੰ ਦੇਖਦੇ ਹੋਏ ਅਜਿਹਾ ਲਗਦਾ ਹੈ ਕਿ ਭਾਜਪਾ ਨੇ ਦੱਖਣ ਭਾਰਤ ਵਿਚ ਆਪਣੇ ਵਿਸਥਾਰ ਦੀ ਉਮੀਦ ਛੱਡ ਦਿੱਤੀ ਹੈ ਅਤੇ ਉਹ ਉੱਤਰ ਭਾਰਤ ਖ਼ਾਸਕਰ ਹਿੰਦੀ ਭਾਸ਼ੀ ਖੇਤਰਾਂ ’ਤੇ ਆਪਣਾ ਧਿਆਨ ਕੇਂਦਰਿਤ ਕਰਨ ਜਾ ਰਹੀ। ਉਸ ਨੂੰ ਲੱਗ ਰਿਹਾ ਹੈ ਕਿ ਕਰਨਾਟਕ ਨੂੰ ਛੱਡ ਕੇ ਦੱਖਣ ਦੇ ਬਾਕੀ ਸੂਬਿਆਂ ਵਿਚ ਘੱਟ ਤੋਂ ਘੱਟ 2024 ਦੀਆਂ ਲੋਕ ਸਭਾ ਚੋਣਾਂ ’ਚ ਕੁਝ ਨਹੀਂ ਹੋ ਸਕਦਾ ਹੈ। ਇਸ ਲਈ ਉਸ ਦੀ ਕੋਸ਼ਿਸ਼ ਹਿੰਦੀ ਪੱਟੀ ਦੇ ਸੂਬਿਆਂ ਵਿਚ ਆਪਣੀ ਲੀਡ ਬਣਾਈ ਰੱਖਣ ਅਤੇ ਉਸ ਨੂੰ ਜ਼ਿਆਦਾ ਇਕਜੁੱਟ ਕਰਨ ਦੀ ਹੋ ਗਈ ਹੈ। ਦੱਸਣਯੋਗ ਹੈ ਕਿ ਉੱਤਰ ਭਾਰਤ ਦੇ ਹਿੰਦੀ ਭਾਸ਼ੀ ਸੂਬਿਆਂ ’ਚ ਕਰੀਬ ਸਵਾ ਦੋ ਸੌ ਸੀਟਾਂ ਹਨ, ਜਿਨਾਂ ਵਿਚੋਂ ਲਗਭਗ 90 ਫ਼ੀਸਦੀ ਸੀਟਾਂ ਭਾਜਪਾ ਅਤੇ ਉਸ ਦੀਆਂ ਭਾਈਵਾਲ ਪਾਰਟੀਆਂ ਦੇ ਕੋਲ ਹਨ। ਜੇਕਰ ਭਾਜਪਾ ਇਸ ਸਥਿਤੀ ਨੂੰ ਬਣਾਈ ਰੱਖਣ ਵਿਚ ਕਾਮਯਾਬ ਹੋ ਜਾਂਦੀ ਹੈ ਤਾਂ ਉਸ ਲਈ 2024 ਦੀਆਂ ਚੋਣਾਂ ਸੌਖੀਆਂ ਹੋ ਜਾਣਗੀਆਂ। ਕਿਉਂਕਿ ਹਿੰਦੀ ਪੱਟੀ ਦੇ ਸੂਬਿਆਂ ਤੋਂ ਇਲਾਵਾ ਭਾਜਪਾ ਨੂੰ ਗੁਜਰਾਤ ਵਿਚ ਸਾਰੀਆਂ ਸੀਟਾਂ ਜਿੱਤਣ ਦਾ ਭਰੋਸਾ ਹੈ। ਇਸ ਤੋਂ ਇਲਾਵਾ ਮਹਾਰਾਸ਼ਟਰ, ਕਰਨਾਟਕ, ਪੱਛਮੀ ਬੰਗਾਲ ਅਤੇ ਪੂਰਬ ਉੱਤਰ ਦੇ ਸੂਬਿਆਂ ’ਚ ਉਸ ਨੂੰ ਕੁਝ ਸੀਟਾਂ ਮਿਲ ਜਾਣਗੀਆਂ ਤਾਂ ਬਹੁਮਤ ਹਾਸਲ ਹੋ ਜਾਵੇਗਾ। ਸੰਭਾਵਿਤ ਇਸੇ ਲਈ ਹਿੰਦੀ ਦੀ ਬਹਿਸ ਛੇੜੀ ਗਈ ਹੈ। ਇਸ ਮੁੱਦੇ ’ਤੇ ਦੱਖਣ ਭਾਰਤ ’ਚ ਹਿੰਦੀ ਦਾ ਜਿੰਨਾ ਵਿਰੋਧ ਹੋਵੇਗਾ, ਉੱਤਰ ਭਾਰਤ ਵਿਚ ਭਾਜਪਾ ਨੂੰ ਆਪਣੀ ਸਥਿਤੀ ਮਜ਼ਬੂਤ ਕਰਨ ਵਿਚ ਓਨੀ ਹੀ ਮਦਦ ਮਿਲੇਗੀ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





**RANJIT SINGH**
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਪੰਚਾਇਤਾਂ ਦਾ ਸਿਆਸੀਕਰਨ ਲੋਕਤੰਤਰੀ ਰਵਾਇਤਾਂ ਉਤੇ ਧੱਬਾ



**ਗੁਰਮੀਤ ਸਿੰਘ ਪਲਾਹੀ**
9815802070

ਪੰਜਾਬ ਸਰਕਾਰ ਦੇ ਪੰਚਾਇਤੀ ਵਿਭਾਗ ਨੇ ਪੰਜਾਬ ਵਿੱਚ ਗ੍ਰਾਮ ਸਭਾਵਾਂ ਨੂੰ ਵਧੇਰੇ ਕਾਰਜਸ਼ੀਲ ਕਰਨ ਦਾ ਫ਼ੈਸਲਾ ਕੀਤਾ ਹੈ ਅਤੇ ਜੂਨ 2022 ਮਹੀਨੇ ਵਿਚ ਪੰਜਾਬ ਦੀਆਂ ਸਮੁੱਚੀਆਂ ਪੰਚਾਇਤਾਂ ਦੇ ਇਜਲਾਸ ਹੋਣੇ ਹਨ। ਗ੍ਰਾਮ ਸਭਾ ਅਨੁਸਾਰ ਕਿਸੇ ਵੀ ਪਿੰਡ ਦਾ ਹਰੇਕ ਵੋਟਰ ਗ੍ਰਾਮ ਸਭਾ ਦਾ ਮੈਂਬਰ ਹੁੰਦਾ ਹੈ, ਜੋ ਆਪਣੇ ਵਿਚੋਂ ਹਰ ਪੰਜ ਸਾਲਾਂ ਬਾਅਦ ਗ੍ਰਾਮ ਪੰਚਾਇਤ ਚੁਣਦਾ ਹੈ। ਆਮ ਤੌਰ 'ਤੇ ਆਮ ਲੋਕਾਂ ਨੂੰ ਗ੍ਰਾਮ ਸਭਾ ਦੇ ਅਧਿਕਾਰਾਂ ਬਾਰੇ ਜਾਣਕਾਰੀ ਨਹੀਂ ਹੁੰਦੀ, ਇਸ ਕਰਕੇ ਇਹ ਸਭਾ ਬੱਸ ਪੰਚਾਇਤ ਚੁਨਣ ਤੱਕ ਸੀਮਤ ਹੋ ਕੇ ਰਹਿ ਜਾਂਦੀ ਹੈ। ਪੰਜਾਬ ਸਰਕਾਰ ਦੇ ਇਸ ਫ਼ੈਸਲੇ ਨੂੰ ਚੰਗਾ ਉੱਦਮ ਗਿਣਿਆ ਜਾਏਗਾ, ਅਗਰ ਸਚਮੁੱਚ ਉਹ ਸਹੀ ਢੰਗ ਨਾਲ ਗ੍ਰਾਮ ਸਭਾਵਾਂ ਦੇ ਇਜਲਾਸ ਕਰਨ 'ਚ ਕਾਮਯਾਬ ਹੋ ਜਾਂਦੀ ਹੈ।

ਪੰਚਾਇਤ ਸ਼ਬਦ ਭਾਰਤ ਦੇ ਲਈ ਨਵਾਂ ਨਹੀਂ ਹੈ। ਇਹ ਪ੍ਰਾਚੀਨ ਕਾਲ ਤੋਂ ਹੀ ਜਾਣਿਆਂ ਜਾਂਦਾ ਹੈ। ਜਦੋਂ ਵੀ ਕੋਈ ਢਾਂਚਾ ਤਿਆਰ ਕੀਤਾ ਜਾਂਦਾ ਹੈ ਤਾਂ ਉਸਦੇ ਉਦੇਸ਼ ਵੀ ਤਹਿ ਕੀਤੇ ਜਾਂਦੇ ਹਨ ਅਤੇ ਇਨਾ ਉਦੇਸ਼ਾਂ ਦੀ ਪੂਰਤੀ ਲਈ ਸੰਸਥਾ ਦਾ ਖਾਕਾ ਤਿਆਰ ਕਰਨਾ ਪੈਂਦਾ ਹੈ। ਪੰਚਾਇਤ ਕੇਵਲ ਇੱਕ ਸ਼ਬਦ ਹੀ ਨਹੀਂ ਹੈ, ਬਲਕਿ ਪਿੰਡ ਦੀ ਜੀਵਨ ਧਾਰਾ ਹੈ, ਜਿਸ ਵਿੱਚ ਬਰਾਬਰਤਾ ਦੀ ਭਾਵਨਾ ਅਤੇ ਕਤਾਰ ਵਿੱਚ ਆਖ਼ਰੀ ਵਿਅਕਤੀ ਨੂੰ ਆਦਰ ਸਤਿਕਾਰ ਨਾਲ ਖੜੇ ਹੋਣ ਦਾ ਇਹਸਾਸ ਹੁੰਦਾ ਹੈ। ਜੇਕਰ ਸਹੀ ਅਰਥਾਂ ਵਿੱਚ ਪੰਚਾਇਤੀ ਢਾਂਚੇ ਦੀ ਗੱਲ ਕੀਤੀ ਜਾਵੇ ਤਾਂ ਇਹ ਲੋਕਤੰਤਰਿਕ ਵਿਕੇਂਦਰੀਕਰਨ ਦੀ ਇੱਕ ਮੰਜ਼ਿਲ ਹੈ। ਸਮੂਹਿਕ ਭਾਈਚਾਰਕ ਵਿਕਾਸ ਇਸਦੀ ਨੀਂਹ ਹੈ। ਇਸਦੀ ਸ਼ੁਰੂਆਤ ਦੋ ਅਕਤੂਬਰ, 1952 ਨੂੰ ਹੋਈ ਸੀ। ਆਪਣੀ ਹੋਂਦ ਤੋਂ ਲੈਕੇ ਹੁਣ ਤੱਕ ਕੀਤੇ ਕਾਰਜਾਂ ਕਾਰਨ ਪੰਚਾਇਤੀ ਰਾਜ ਸਦਾ ਚੰਗੀ-ਮੰਦੀ ਚਰਚਾ ਵਿਚ ਰਿਹਾ ਹੈ। ਜਦਕਿ ਪੰਚਾਇਤਾਂ ਨੂੰ ਸਿਆਸੀ ਸਮੱਸਿਆਵਾਂ ਤੋਂ ਦੂਰ ਅਤੇ ਲੋਕ ਸਮੱਸਿਆਵਾਂ ਹੱਲ ਕਰਨ ਦਾ ਇੱਕ ਸਵਰੂਪ ਮੰਨਿਆ ਜਾਂਦਾ ਹੈ, ਪਰ ਅੱਜ ਪੰਚਾਇਤ ਸਿਆਸੀ ਲੋਕਾਂ ਦਾ ਹੱਥਾਂ ਠੋਕਾ ਬਣਕੇ ਆਪਣੇ ਅਸਲੀ ਅਰਥ ਹੀ ਗੁਆ ਬੈਠੀ ਹੈ।

ਭਾਰਤ ਦੀ ਸੰਵਿਧਾਨ ਨੀਤੀ ਨਿਰਦੇਸ਼ਾਂ (ਡਾਇਰੈਕਟਿਵ ਪ੍ਰਿੰਸੀਪਲਜ਼) ਦੀ ਧਾਰਾ 40 ਅਨੁਸਾਰ ਪੰਚਾਇਤ ਦੇ ਗਠਨ ਦਾ ਅਧਿਕਾਰ ਸੂਬਿਆਂ ਨੂੰ ਦਿੱਤਾ ਗਿਆ ਸੀ। ਲੋਕਤੰਤਰਿਕ ਵਿਕੇਂਦਰੀਕਰਨ ਦੀ ਦ੍ਰਿਸ਼ਟੀ ਅਨੁਸਾਰ ਇਸਦਾ ਉਦੇਸ਼ ਪਿੰਡਾਂ ਨੂੰ ਸਮਾਜਿਕ-ਆਰਥਿਕ ਦ੍ਰਿਸ਼ਟੀ ਤੋਂ ਤਾਕਤਵਰ ਬਨਾਉਣਾ ਸੀ। ਇਸ ਮਾਮਲੇ 'ਚ ਪੰਚਾਇਤਾਂ ਕਿੰਨੀਆਂ ਕੁ ਸਫ਼ਲ ਹੋਈਆਂ ਹਨ, ਇਹ ਇੱਕ ਵੱਡਾ ਸਵਾਲ ਹੈ। ਪ੍ਰੰਤੂ ਲੱਖ ਟਕੇ ਦਾ ਇਕ ਸਵਾਲ ਹੈ ਇਹ ਹੈ ਕਿ ਜਿਸ ਪੰਚਾਇਤ ਨੂੰ ਸਭ ਤੋਂ ਥੱਲੇ ਦੇ ਲੋਕਤੰਤਰ ਦੀ ਮਜ਼ਬੂਤੀ ਦੇ ਰੱਖੀ ਸੀ, ਉਹ ਸਮੱਸਿਆਵਾਂ ਤੋਂ ਮੁਕਤ ਨਹੀਂ ਹੈ। ਅਸਲ 'ਚ ਪੰਚਾਇਤਾਂ ਵਿੱਤੀ ਸੰਕਟ ਦਾ ਸ਼ਿਕਾਰ ਹਨ। ਪੰਚਾਇਤਾਂ ਸਿਆਸੀ ਹੱਥ ਠੋਕਾ ਬਣਾ ਦਿੱਤੀਆਂ ਗਈਆਂ ਹਨ। ਪੰਚਾਇਤਾਂ ਮਰਦ ਪ੍ਰਧਾਨ ਸਮਾਜ ਦੇ ਹੱਥ ਆਈਆਂ ਹੋਈਆਂ ਹਨ, ਜਿਹੜੇ ਔਰਤਾਂ ਨੂੰ ਖੁਲਕੇ ਕੰਮ ਹੀ ਨਹੀਂ ਕਰਨ ਦੇ ਰਹੇ। ਪੰਚਾਇਤਾਂ ਨੌਕਰਸਾਹੀ, ਬਾਬੂਸ਼ਾਹੀ ਨੇ ਆਪਣੀਆਂ ਬੇੜੀਆਂ ਵਿਚ ਜੱਕੜੀਆਂ ਹੋਈਆਂ ਹਨ। ਪੰਚਾਇਤਾਂ ਭ੍ਰਿਸ਼ਟਾਚਾਰੀ ਤਾਕਤਾਂ ਤੇ ਮਾਫੀਏ ਨੇ ਹਥਿਆਈਆਂ ਹੋਈਆਂ ਹਨ। ਬਾਵਜੂਦ ਇਸ ਸਭ ਕੁਝ ਦੇ ਭਾਰਤ ਵਿੱਚ ਪੰਚਾਇਤੀ ਰਾਜ ਪੰਚਾਇਤਾਂ ਦਾ ਕੋਈ ਬਦਲ ਨਹੀਂ ਹੈ।

ਪੰਚਾਇਤੀ ਰਾਜ ਵਿਵਸਥਾ ਆਮ ਲੋਕਾਂ ਦੀ ਤਾਕਤ ਹੈ। ਬੀਤੇ ਤਿੰਨ ਦਹਾਕਿਆਂ ਵਿੱਚ ਪੰਚਾਇਤਾਂ ਬਦਲੀਆਂ ਹਨ। ਇਸ ਵਿੱਚ ਸਭ ਤੋਂ ਪ੍ਰਮੁੱਖ ਗੱਲ ਇਹ ਹੈ ਕਿ ਭਾਗੀਦਾਰੀ ਵਧੀ ਹੈ। ਪੰਚਾਇਤ ਇੱਕ ਇਹੋ ਜਿਹੀ ਸੰਸਥਾ ਹੈ ਜੋ ਚੰਗੇ ਸ਼ਾਸ਼ਨ ਨੂੰ ਅੱਗੇ ਵਧਾਉਣ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਭਾਵੇਂ ਇਹ ਕਥਨ ਪੁਰਾਣਾ ਹੈ ਕਿ ਪਿੰਡ ਦੇ ਵਿਕਾਸ ਬਿਨਾਂ ਭਾਰਤ ਦੇਸ਼ ਦਾ ਵਿਕਾਸ ਸੰਭਵ ਨਹੀਂ ਹੈ, ਪਰ ਪਿੰਡ ਦੇ ਨਵੇਂਪਨ ਨਾਲ ਅੱਜ ਵੀ ਸਮੱਸਿਆਵਾਂ ਤੋਂ ਛੁਟਕਾਰਾ ਨਹੀਂ ਮਿਲ ਰਿਹਾ। ਅਸਲ ਵਿੱਚ ਪੰਚਾਇਤ ਤਾਂ ਉਹ ਹੀ ਹੈ, ਜਿਹੜੀ ਸਭ ਦੀ ਭਾਗੀਦਾਰੀ ਯਕੀਨੀ ਬਣਾਵੇ, ਸਮੱਸਿਆਵਾਂ ਨੂੰ ਸਮਝੇ, ਉਨਾਂ ਦਾ ਹੱਲ ਤਹਿ ਕਰੇ ਜਾਂ ਹੱਲ ਤਹਿ ਕਰਨ ਦਾ ਜ਼ਮੀਨੀ ਪੱਧਰ 'ਤੇ ਯਤਨ ਕਰੇ। ਪੰਚਾਇਤ ਅਤੇ ਚੰਗੇ ਸਾਸ਼ਨ ਦਾ ਗੂੜਾ ਰਿਸ਼ਤਾ ਹੈ। ਅਸਲ ਵਿੱਚ ਤਾਂ ਪੰਚਾਇਤਾਂ ਇੱਕ ਸੋਸ਼ਨ ਮੁਕਤ ਸਮਾਜ ਦਾ ਨਿਰਮਾਣ ਕਰਨ ਦਾ ਸਾਧਨ ਬਨਣ, ਇਨਾਂ 'ਚ ਚੰਗਾ ਪ੍ਰਬੰਧਕੀ ਪ੍ਰਭਾਵ ਮਿਲੇ, ਪੰਚਾਇਤੀ ਖੁਲਾਪਣ ਅਤੇ ਅਨੁਸਾਸ਼ਨ ਮਿਲੇ ਅਤੇ ਪੰਚਾਇਤਾਂ ਨੂੰ 73ਵੀਂ ਸੰਵਿਧਾਨਿਕ ਸੋਧ ਅਨੁਸਾਰ 29 ਵਿਸ਼ੇ ਜੋ ਕੇਂਦਰ ਸਰਕਾਰ ਵਲੋਂ ਪੰਚਾਇਤਾਂ ਨੂੰ ਪ੍ਰਬੰਧਨ ਲਈ ਦਿੱਤੇ ਗਏ ਹਨ, ਉਨਾਂ ਨੂੰ ਲਾਗੂ ਕਰੇ। ਪਰ 2011 ਦੀ ਮਰਦਮਸ਼ੁਮਾਰੀ ਅਨੁਸਾਰ ਹਰ ਚੌਥਾ ਸਰਪੰਚ ਅਨਪੜ ਹੈ। ਉਨਾਂ ਨੂੰ ਪੰਚਾਇਤ ਦਾ ਲੇਖਾ-ਜੋਖਾ ਪੜਨ ਵਿਚ ਦਿੱਕਤ ਹੁੰਦੀ ਹੈ। ਸਾਲ 2015 'ਚ ਕੇਂਦਰ ਸਰਕਾਰ ਨੇ ਦੇਸ਼ 'ਚ ਡਿਜ਼ਟਲੀਕਰਨ ਕੀਤਾ ਹੈ। ਸਾਰੀਆਂ ਪੰਚਾਇਤਾਂ ਡਿਜ਼ੀਟਲ ਕਰਨ ਦਾ ਨਿਰਣਾ ਲਿਆ ਹੈ, ਪਰ ਹਾਲੀ ਤੱਕ ਵੀ ਲੱਖਾਂ ਪੰਚਾਇਤਾਂ ਡਿਜ਼ੀਟਲ ਨਹੀਂ ਹੋ ਸਕੀਆਂ। ਪਰ ਫਿਰ ਵੀ ਕਾਫੀ ਪੰਚਾਇਤਾਂ ਵਿੱਚ ਡਿਜ਼ੀਟਲ ਇੰਡੀਆ ਦੀ ਝਲਕ ਹੈ। ਫ਼ਸਲ ਬੀਮਾ ਯੋਜਨਾ, ਸਿਹਤ ਕਾਰਡ, ਜ਼ਮੀਨੀ ਦਸਤਾਵੇਜ ਆਦਿ ਦੀ ਵਰਤੋਂ ਹੋਣ ਲੱਗੀ ਹੈ। ਇਸ ਨਾਲ ਪਾਰਦਰਸ਼ਤਾ ਵਧੇਗੀ।

ਪੰਚਾਇਤੀ ਰਾਜ ਵਿਵਸਥਾ ਆਮ ਲੋਕਾਂ ਦੀ ਤਾਕਤ ਹੈ। ਕੇਂਦਰੀ ਅਤੇ ਸੂਬਾ ਸਰਕਾਰਾਂ ਦੀ ਮੌਜੂਦਗੀ, ਲੋਕਤੰਤਰ ਲਈ ਕਾਫੀ ਨਹੀਂ ਹੈ। ਚੰਗੇ ਸਾਸ਼ਨ ਦੀ ਦ੍ਰਿਸ਼ਟੀ ਤੋਂ ਵੀ ਵੇਖਿਆ ਜਾਵੇ ਤਾਂ ਲੋਕਾਂ ਵਿਚ ਤਾਕਤਾਂ ਦੀ ਵੰਡ ਅਤੇ ਵਿਕੇਂਦਰੀਕਰਨ ਪੰਚਾਇਤਾਂ ਦੁਆਰਾ ਹੀ ਸੰਭਵ ਹੈ। ਲੋਕਤੰਤਰ ਵਿੱਚ ਉਂਜ ਇਹ ਵੀ ਜ਼ਰੂਰੀ ਹੈ ਸਥਾਨਕ ਮਸਲਿਆਂ ਅਤੇ ਸਮੱਸਿਆਵਾਂ ਦੇ ਹੱਲ ਲਈ ਇੱਕ ਚੁਣੀ ਹੋਈ ਸਰਕਾਰ ਹੋਵੇ, ਜੋ ਪੰਚਾਇਤਾਂ ਹੀ ਕਰ ਸਕਦੀਆਂ ਹਨ। ਭਾਰਤ ਦੇ ਕੁਲ ਮਿਲਾਕੇ 5 ਲੱਖ 80 ਹਜ਼ਾਰ ਪਿੰਡ ਹਨ। ਸਾਲ 2020 ਦੇ ਅੰਕੜਿਆਂ ਅਨੁਸਾਰ ਤਿੰਨ ਮਿਲੀਅਨ ਪੰਚਾਇਤੀ ਚੁਣੇ ਹੋਏ ਨੁਮਾਇੰਦੇ ਹਨ, ਜਿਹਨਾ ਵਿੱਚ 1.3 ਮਿਲੀਅਨ ਔਰਤਾਂ ਹਨ। ਇਹ ਚੁਣੀਆਂ ਪੰਚਾਇਤਾਂ 99.6ਫ਼ੀਸਦੀ ਪੇਂਡੂ ਅਬਾਦੀ ਦੀ ਨੁਮਾਇੰਦਗੀ ਕਰਦੀਆਂ ਹਨ। ਸਮੇਂ-ਸਮੇਂ 'ਤੇ ਕੇਂਦਰੀ ਪੱਧਰ ਉਤੇ ਕੁਝ ਕਮੇਟੀਆਂ ਦਾ ਗਠਨ ਕੀਤਾ ਗਿਆ, ਜਿਨਾਂ ਨੇ ਪੰਚਾਇਤਾਂ ਨੂੰ ਦਿੱਤੇ ਜਾਣ ਵਾਲੇ ਅਧਿਕਾਰਾਂ, ਸ਼ਕਤੀਆਂ ਦੀ ਚਰਚਾ ਕੀਤੀ। ਬਲਵੰਤ ਰਾਏ ਮਹਿਤਾ ਕਮੇਟੀ (1957) ਨੇ ਸਥਾਨਕ ਵਿਕਾਸ ਨੂੰ ਪਹਿਲ ਦੇਣ ਦੀ ਗੱਲ ਕੀਤੀ ਅਤੇ ਬਲਾਕ ਸਮਿਤੀਆਂ ਬਨਾਉਣ 'ਤੇ ਜ਼ੋਰ ਦਿੱਤਾ। ਸਾਲ 1977 ਵਿਚ ਅਸ਼ੋਕ ਮਹਿਤਾ ਕਮੇਟੀ ਦਾ ਗਠਨ ਹੋਇਆ, ਜਿਸਨੇ ਜ਼ਿਲਾ ਪੱਧਰੀ ਯੋਜਨਾਵਾਂ ਦੇ ਨਾਲ ਜ਼ਿਲਾ ਪ੍ਰੀਸ਼ਦ ਬਣਾਉਣ ਦੀ ਸਿਫਾਰਸ਼ ਕੀਤੀ ਅਤੇ ਅਬਾਦੀ ਦੇ ਅਧਾਰ 'ਤੇ ਐਸ.ਸੀ ਅਤੇ ਐਸ.ਟੀ ਵਰਗ ਨੂੰ ਨੁਮਾਇੰਦਗੀ ਦੇਣ ਦੀ ਗੱਲ ਕੀਤੀ। ਸਾਲ 1985 ਵਿੱਚ ਜੀ ਵੀ ਕੇ ਰਾਓ ਕਮੇਟੀ ਦੀ ਸਥਾਪਨਾ ਹੋਈ, ਜਿਸ ਵਲੋਂ ਪੰਚਾਇਤੀ ਚੋਣਾਂ ਮਿਥੇ ਸਮੇਂ ਤੇ ਕਰਾਉਣ 'ਤੇ ਜ਼ੋਰ ਦਿੱਤਾ ਅਤੇ ਜ਼ਿਲਾ ਵਿਕਾਸ ਕਮਿਸ਼ਨਰ ਬਨਾਉਣਾ ਤਹਿ ਕੀਤਾ। ਸਾਲ 1986 ਵਿੱਚ ਐਲ.ਐਮ. ਸਿੰਘ ਵੀ ਨੇ ਪੰਚਾਇਤਾਂ ਨੂੰ ਸੰਵਿਧਾਨਿਕ ਮਾਨਤਾ ਪ੍ਰਦਾਨ ਕਰਨ ਅਤੇ ਵੱਧ ਤਾਕਤਾਂ ਦੇਣ ਦੀ ਗੱਲ ਕੀਤੀ। ਸਿੱਟੇ ਵਲੋਂ 64ਵਾਂ ਸੰਵਿਧਾਨਿਕ ਬਿੱਲ 1989 ਪੇਸ਼ ਕੀਤਾ ਗਿਆ। ਜੋ ਪਾਸ ਨਾ ਹੋ ਸਕਿਆ। ਫਿਰ 73ਵਾਂ ਸੋਧ ਬਿੱਲ ਪਾਸ ਹੋਇਆ, ਜਿਸ ਅਧੀਨ 1992 ਵਿੱਚ ਪੰਚਾਇਤਾਂ ਨੂੰ 29 ਖੇਤਰਾਂ 'ਚ ਵੱਡੇ ਅਧਿਕਾਰ ਦਿੱਤੇ ਗਏ, ਗ੍ਰਾਮ ਸਭਾਵਾਂ ਦਾ ਗਠਨ ਕਰਨ ਦਾ ਫ਼ੈਸਲਾ ਲਾਗੂ ਕੀਤਾ ਗਿਆ। ਪਰ ਅਸਲ ਅਰਥਾਂ ਵਿਚ ਦੇਸ਼ ਦੇ ਬਹੁਤੇ ਸੂਬਿਆਂ 'ਚ ਗ੍ਰਾਮ ਸਭਾਵਾਂ ਆਪਣੇ ਹੱਕ ਪ੍ਰਾਪਤ ਨਹੀਂ ਕਰ ਸਕੀਆਂ। ਭਾਵ ਬਾਵਜੂਦ ਮਿਲੇ ਹੱਕਾਂ ਦੇ ਗ੍ਰਾਮ ਸਭਾਵਾਂ ਦਾ ਜੋ ਮੰਤਵ ਤਹਿ ਕੀਤਾ ਗਿਆ ਸੀ, ਉਸ ਨੂੰ ਜ਼ਮੀਨੀ ਪੱਧਰ ਉਤੇ ਲਾਗੂ ਨਾ ਕੀਤਾ ਜਾ ਸਕਿਆ।

ਬਿਨਾਂ ਸ਼ੱਕ ਪੰਚਾਇਤੀ ਰਾਜ, ਦੇਸ਼ ਭਾਰਤ ਦੀ ਗੀੜ ਦੀ ਹੱਡੀ ਹੈ, ਇਸ ਨੂੰ ਭਾਰਤੀ ਲੋਕਤੰਤਰੀ ਪ੍ਰੰਪਰਾਵਾਂ ਦੇ ਹਾਣ ਦਾ ਬਣਾਉਣ ਦੇ ਯਤਨ ਹੋਏ ਹਨ। ਪਰ ਜਿਵੇਂ ਕੇਂਦਰ ਸਰਕਾਰ ਨੇ ਸੂਬਾ ਸਰਕਾਰਾਂ ਦੇ ਅਧਿਕਾਰ ਹਥਿਆਉਣ ਦਾ ਸਮੇਂ-ਸਮੇਂ ਯਤਨ ਕੀਤਾ ਹੈ, ਉਵੇਂ ਹੀ ਸੂਬਾ ਸਰਕਾਰਾਂ ਨੇ ਪੰਚਾਇਤੀ ਸੰਸਥਾਵਾਂ ਜਿਨਾਂ ਵਿੱਚ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦ ਸ਼ਾਮਲ ਹਨ, ਦੇ ਅਧਿਕਾਰਾਂ ਨੂੰ ਸਰਕਾਰੀ ਮਸ਼ੀਨਰੀ ਰਾਹੀਂ ਹਥਿਆਇਆ ਹੈ ਅਤੇ ਹਾਕਮ ਸਿਆਸੀ ਸਿਰ ਦਾ ਹੱਥ ਠੋਕਾ ਬਣਾ ਦਿੱਤਾ ਹੈ। ਪੰਚਾਇਤਾਂ, ਸਰਪੰਚਾਂ ਨੂੰ ਮਿਲੇ ਵਿੱਤੀ, ਨਿਆਂਇਕ ਅਧਿਕਾਰਾਂ ਪ੍ਰਤੀ ਸਰਪੰਚਾਂ ਦੇ ਹੱਥ ਬੰਨੇ ਹੋਏ ਹਨ। ਉਹ ਆਪਣੀ ਮਰਜ਼ੀ ਨਾਲ ਸਥਾਨਿਕ ਪੱਧਰ ਉਤੇ ਕੋਈ ਨਿਰਣੇ ਨਹੀਂ ਲੈ ਸਕਦੇ, ਜਿਸਦੇ ਅਧਿਕਾਰ ਉਹਨਾ ਨੂੰ ਮਿਲੇ ਹੋਏ ਹਨ। ਪੰਚਾਇਤ ਸੰਮਤੀਆਂ ਦੇ ਅਧਿਕਾਰੀ ਕਰਮਚਾਰੀ ਉਨਾਂ ਦੇ ਕੰਮਾਂ ਵਿਚ ਸਿੱਧੇ ਦਖ਼ਲ ਦਿੰਦੇ ਹਨ ਅਤੇ ਪੰਚਾਇਤਾਂ ਨੂੰ ਸਰਕਾਰਾਂ ਨੇ ਇਨਾਂ ਅਧਿਕਾਰੀਆਂ, ਕਰਮਚਾਰੀਆਂ ਰਾਹੀਂ ਪੰਗੂ ਬਣਾਕੇ ਰੱਖ ਦਿੱਤਾ ਹੋਇਆ ਹੈ।

ਪੰਜਾਬ ਦੀ ਹੀ ਗੱਲ ਲੈ ਲਵੋ। ਸਥਾਨਕ ਹਾਕਮ ਧਿਰ ਵਲੋਂ ਦਬਾਅ ਵਿਚ ਪੰਚਾਇਤਾਂ ਦੇ ਮੁਖੀਆਂ ਨੂੰ ਆਪਣੇ ਹੱਕ ਵਿਚ ਵਰਤਣ ਦੀ ਪਿਰਤ ਹੈ। ਕੇਂਦਰ ਸਰਕਾਰ ਵਲੋਂ ਨੀਅਤ ਗ੍ਰਾਂਟ ਪੰਚਾਇਤ ਖਾਤਿਆਂ ਵਿਚ ਆਉਂਦੀਆਂ ਹਨ ਜਦਕਿ ਹਾਕਮ ਧਿਰ ਕਲੇਮ ਕਰ ਲੈਂਦੀ ਹੈ ਕਿ ਉਨਾਂ ਵਲੋਂ ਗ੍ਰਾਂਟਾਂ ਦਿੱਤੀਆਂ ਜਾਂਦੀਆਂ ਹਨ। ਬਹੁਤੇ ਸਰਪੰਚਾਂ ਨੂੰ ਆਪਣੇ ਹੱਕ ਵਿਚ ਕਰਨ ਲਈ ਸਥਾਨਕ ਥਾਣਿਆਂ 'ਚ ਸ਼ਿਕਾਇਤਾਂ ਦਾ ਡਰ ਦਿੱਤਾ ਜਾਂਦਾ ਰਿਹਾ ਹੈ। ਮੁਕੱਦਮੇ ਦਰਜ ਕੀਤੇ ਜਾਂਦੇ ਰਹੇ ਹਨ। ਪੰਚਾਇਤੀ ਜ਼ਮੀਨ ਉਤੇ ਰਸੂਖਵਾਨਾਂ ਦੇ ਵੱਡੇ ਕਬਜ਼ੇ ਹਨ, ਜੋ ਛੁਡਾਉਣ ਲਈ ਸਾਲਾਂਬੱਧੀ ਕੇਸ ਸਿਆਸੀ ਦਬਾਅ ਅਧੀਨ ਲੰਬਿਤ ਰੱਖੇ ਜਾਂਦੇ ਹਨ। ਕੁਝ ਪੰਚਾਇਤਾਂ ਨੂੰ ਕਰੋੜਾਂ ਦੀਆਂ ਗ੍ਰਾਂਟਾਂ ਦਿੱਤੀਆਂ ਜਾਂਦੀਆਂ ਹਨ, ਪਰ ਕੁਝ ਹਾਕਮ ਵਿਰੋਧੀ ਪੰਚਾਇਤਾਂ ਨੂੰ ਇਨਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ। ਇਹ ਸਭ ਕੁਝ ਪੰਚਾਇਤਾਂ ਦੇ ਅਧਿਕਾਰਾਂ ਨੂੰ ਹਥਿਆਉਣ ਦੇ ਯਤਨ ਵਜੋਂ ਹੈ।

ਸਮੇਂ-ਸਮੇਂ ਪੰਚਾਇਤਾਂ ਨੂੰ ਤਾਕਤਵਰ ਬਣਾਉਣ ਲਈ ਬਣਾਏ ਗਏ ਕਾਨੂੰਨ, ਪੰਚਾਇਤਾਂ ਦਾ ਕੁਝ ਵੀ ਸੁਆਰ ਨਹੀਂ ਸਕੇ। ਪੰਚਾਇਤਾਂ ਦੇ ਅਧਿਕਾਰਾਂ ਨੂੰ ਸਿਆਸਤਦਾਨ ਅਤੇ ਸਰਕਾਰਾਂ ਹਥਿਆ ਰਹੀਆਂ ਹਨ। ਪੰਚਾਇਤਾਂ ਨੂੰ ਰਸੂਖਵਾਨ ਸਰਪੰਚਾਂ ਰਾਹੀਂ ਲਾਲਚ, ਦਬਾਅ ਦੀ ਰਾਜਨੀਤੀ ਰਾਹੀਂ ਆਪਣੀ ਕੁਰਸੀ ਪ੍ਰਾਪਤੀ ਲਈ ਸਿਆਸਤਦਾਨ ਵਰਤ ਰਹੇ ਹਨ ਅਤੇ ਸਰਕਾਰਾਂ ਆਪਣੇ ਹਿੱਤਾਂ ਦੀ ਪੂਰਤੀ ਲਈ। ਇਹ ਵਰਤਾਰਾ ਭਾਰਤੀ ਲੋਕਤੰਤਰੀ ਰਵਾਇਤਾਂ ਉਤੇ ਵੱਡਾ ਧੱਬਾ ਹੈ।



# ਕਰਜ਼ੇ ਦੇ ਦੈਂਤ ਨੇ ਕਿਸਾਨ ਬਲਵਿੰਦਰ ਸਿੰਘ ਦੇ ਨੌਜਵਾਨ ਪੁੱਤਰਾਂ ਨੂੰ ਨਿਗਲਿਆ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਜ਼ਿਲਾ ਬਠਿੰਡਾ ਅਧੀਨ ਪੈਂਦੇ ਪਿੰਡ ਮਾਈਸਰਖਾਨਾ ਦਾ ਵਸਨੀਕ ਕਿਸਾਨ ਬਲਵਿੰਦਰ ਸਿੰਘ ਆਖਦਾ ਹੈ ਕਿ ਕਰਜ਼ੇ ਕਾਰਨ 40 ਵਰਿਆਂ ਦੇ ਪੁੱਤਰ ਜਸਪਾਲ ਸਿੰਘ ਨੇ 20 ਅਪ੍ਰੈਲ ਨੂੰ ਰੇਲ ਗੱਡੀ ਹੇਠਾਂ ਆ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ ਸੀ। ਬਲਵਿੰਦਰ ਸਿੰਘ ਕਹਿੰਦੇ ਹਨ, 'ਮੈਂ ਤਕਰੀਬਨ 15 ਸਾਲ ਪਹਿਲਾਂ 20 ਲੱਖ ਰੁਪਏ ਦਾ ਕਰਜ਼ਾ ਲਿਆ ਸੀ। ਮੈਂ ਔਖਾ-ਸੌਖਾ ਬੈਂਕ ਦੀਆਂ ਕਿਸ਼ਤਾਂ ਵੀ ਮੋੜਦਾ ਰਿਹਾ ਪਰ ਕਰਜ਼ਾ ਲੈਣ ਤੋਂ ਪੰਜ ਸਾਲ ਬਾਅਦ ਹੀ ਮੇਰੇ ਛੋਟੇ ਪੁੱਤਰ ਨਿਰਮਲ ਸਿੰਘ ਨੇ ਵੀ ਖ਼ੁਦਕੁਸ਼ੀ ਕਰ ਲਈ ਸੀ। ਉਸ ਵੇਲੇ ਨਿਰਮਲ ਸਿੰਘ 27 ਸਾਲ ਦਾ ਸੀ।' ਜਸਪਾਲ ਸਿੰਘ ਦੀ ਪਤਨੀ ਰਾਜਵਿੰਦਰ ਕੌਰ ਦਾ ਰੋ-ਰੋ ਕੇ ਬੁਰਾ ਹਾਲ ਹੈ।ਉਹ ਆਖਦੀ ਹੈ ਕਿ 'ਸਾਡੇ ਪਰਿਵਾਰ ਦੇ ਸਿਰ ਕਰਜ਼ੇ ਦੀ ਪੰਡ ਭਾਰੀ ਹੋ ਗਈ ਸੀ। ਮੇਰਾ ਪਤੀ ਹਰ ਵੇਲੇ ਇਸ ਗੱਲ ਨੂੰ ਲੈ ਕੇ ਝੁਰਦਾ ਰਹਿੰਦਾ ਸੀ ਕਿ ਅਜਿਹੇ ਹਾਲਾਤ ਵਿੱਚ ਉਹ ਆਪਣੀ ਧੀ ਅਤੇ ਪੁੱਤ ਨੂੰ ਚੰਗੀ ਪੜ੍ਹਾਈ-ਲਿਖਾਈ ਕਿਵੇਂ ਕਰਵਾ ਸਕਦਾ ਹੈ।'

ਰਾਜਵਿੰਦਰ ਕੌਰ ਕਹਿੰਦੀ ਹੈ, 'ਮੈਂ ਆਪਣੇ ਪਤੀ ਦੀ ਹਾਲਤ ਤੋਂ ਚੰਗੀ ਤਰਾਂ ਵਾਕਫ਼ ਸੀ। ਮੈਂ ਉਨਾਂ ਨੂੰ ਬਾਰ-ਬਾਰ ਕਹਿੰਦੀ ਸੀ ਕਿ ਆਪਾਂ ਧੀ ਅਤੇ ਪੁੱਤ ਨੂੰ ਕਾਨਵੈਂਟ ਸਕੂਲ ਵਿੱਚੋਂ ਹਟਾ ਕੇ ਸਰਕਾਰੀ ਸਕੂਲ ਵਿੱਚ ਪੜ੍ਹਾ ਲਵਾਂਗੇ। ਦੋ ਡੰਗ ਦੀ ਥਾਂ ਇੱਕ ਡੰਗ ਰੋਟੀ ਖਾ ਕੇ ਗੁਜ਼ਾਰਾ ਕਰ ਲਵਾਂਗੇ। ਪਰ ਮੇਰੀਆਂ ਗੱਲਾਂ ਕਿਸੇ ਕੰਮ ਨਹੀਂ ਆਈਆਂ।' ਮ੍ਰਿਤਕ ਜਸਪਾਲ ਸਿੰਘ ਦੇ ਪਿਤਾ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਨਾਂ ਕੋਲ ਲਗਭਗ ਸੋਲ਼ਾਂ ਏਕੜ ਜ਼ਮੀਨ ਹੈ।ਪਰ ਇਸ ਜ਼ਮੀਨ ਵਿੱਚੋਂ ਦੱਸ ਏਕੜ ਜ਼ਮੀਨ ਵਿੱਚ ਪਾਣੀ ਦਾ ਪ੍ਰਬੰਧ ਨਹੀਂ ਹੈ ਜਿਸ ਕਾਰਨ ਫਸਲ ਘੱਟ ਹੁੰਦੀ ਹੈ। ਮੈਂ ਕਰਜ਼ੇ ਦੀਆਂ ਕਿਸ਼ਤਾਂ ਮੋੜਦਾ ਰਿਹਾ ਪਰ ਪਿਛਲੇ ਸਾਲ ਨਰਮੇ ਨੂੰ ਪਈ ਗੁਲਾਬੀ ਸੁੰਡੀ ਦੀ ਮਾਰ ਅਤੇ ਇਸ ਵਾਰ ਕਣਕ ਦਾ ਝਾੜ ਘੱਟ ਨਿਕਲਣ ਕਾਰਨ ਕਿਸ਼ਤਾਂ ਟੁੱਟ ਗਈਆਂ।'



ਬਲਵਿੰਦਰ ਸਿੰਘ ਭਰੇ ਮਨ ਨਾਲ ਕਹਿੰਦੇ ਹਨ, 'ਕਿਸ਼ਤਾਂ ਕੀ ਟੁੱਟੀਆਂ, ਮੇਰਾ ਤਾਂ ਜਹਾਨ ਹੀ ਉੱਜੜ ਗਿਆ ਹੈ। ਦਸ ਸਾਲ ਪਹਿਲਾਂ ਮੇਰੇ ਛੋਟੇ ਪੁੱਤਰ ਨਿਰਮਲ ਸਿੰਘ ਦੀ ਖ਼ੁਦਕੁਸ਼ੀ ਦਾ ਗ਼ਮ ਮੇਰੇ ਸੀਨੇ ਵਿੱਚ ਆਰ ਬਣ ਕੇ ਚੁਭਦਾ ਰਹਿੰਦਾ ਸੀ ਪਰ ਹੁਣ ਜਸਪਾਲ ਸਿੰਘ ਦੀ ਮੌਤ ਨੇ ਤਾਂ ਮੈਨੂੰ ਧੁਰ ਅੰਦਰੋਂ ਖ਼ਤਮ ਕਰ ਦਿੱਤਾ ਹੈ।' ਬਲਵਿੰਦਰ ਸਿੰਘ ਸਰਕਾਰ ਮੂਹਰੇ ਜੋਦੜੀ ਕਰਦੇ ਹਨ ਕੇ ਉਨਾਂ ਦੇ ਪੁੱਤਰ ਤਾਂ ਇਸ ਜਹਾਨ ਉੱਪਰ ਵਾਪਸ ਨਹੀਂ ਆ ਸਕਦੇ ਪਰ ਸਰਕਾਰ ਕਰਜ਼ਾ ਤਾਂ ਖਤਮ ਕਰ ਸਕਦੀ ਹੈ।

ਅਜਿਹੀ ਹੀ ਕਹਾਣੀ ਪਿੰਡ ਮਾਨਸਾ ਖੁਰਦ ਦੇ ਵਸਨੀਕ ਗਮਦੂਰ ਸਿੰਘ ਦੇ ਪਰਿਵਾਰ ਦੀ ਹੈ। ਇਸ ਕਿਸਾਨ ਦੇ ਪੁੱਤਰ ਗੁਰਦੀਪ ਸਿੰਘ ਨੇ ਵੀ 20 ਅਪ੍ਰੈਲ ਨੂੰ ਹੀ ਆਪਣੇ ਖੇਤ ਵਿੱਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਸੀ। ਮ੍ਰਿਤਕ ਗੁਰਦੀਪ ਸਿੰਘ ਦੇ ਚਾਚਾ ਇਕਬਾਲ ਸਿੰਘ ਨੇ ਦੱਸਿਆ ਕਿ ਉਨਾਂ ਦੇ ਭਤੀਜੇ ਦੇ ਸਿਰ ਸਵਾ ਤਿੰਨ ਲੱਖ ਦੇ ਕਰੀਬ ਸਹਿਕਾਰੀ ਬੈਂਕ ਦਾ ਕਰਜ਼ਾ ਸੀ।ਉਹ ਕਹਿੰਦੇ ਹਨ, 'ਦੋ ਕੁ ਲੱਖ ਰੁਪਏ ਦੀ ਹੋਰ ਦੇਣਦਾਰੀ ਸੀ। ਇਸ ਗੱਲ ਨੂੰ ਲੈ ਕੇ ਗੁਰਦੀਪ ਸਿੰਘ ਕਈ ਦਿਨਾਂ ਤੋਂ ਪ੍ਰੇਸ਼ਾਨ ਦਿਖਾਈ ਦੇ ਰਿਹਾ ਸੀ।' 'ਬਸ ਹੋਣਾ ਕੀ ਸੀ ? ਉਹੀ ਹੋਇਆ ਜਿਸ ਦਾ ਡਰ ਸੀ। ਗੁਰਦੀਪ ਘਰੋਂ ਖੇਤ ਮੋਟਰ ਉੱਪਰ ਗਿਆ ਸੀ ਉਸ ਤੋਂ ਬਾਅਦ ਮੁੜ ਵਾਪਸ ਨਹੀਂ ਆਇਆ। ਜਦੋਂ ਤੱਕ ਮੈਂ ਉਸ ਦੀ ਭਾਲ ਕਰਦਾ ਖੇਤ ਪਹੁੰਚਿਆ ਤਾਂ ਲਾਸ਼ ਮੰਜੇ ਉੱਪਰ ਪਈ ਸੀ।'

ਇਕਬਾਲ ਸਿੰਘ ਕਹਿੰਦੇ ਹਨ, 'ਅਸਲ ਗੱਲ ਤਾਂ, ਸਰਕਾਰ ਦੀਆਂ ਗਲਤ ਨੀਤੀਆਂ ਅਜਿਹੀਆਂ ਘਟਨਾਵਾਂ ਲਈ ਜ਼ਿੰਮੇਵਾਰ ਹਨ। ਸਾਡਾ ਨੌਜਵਾਨ ਪੁੱਤ ਘਰੋਂ ਤੁਰ ਗਿਆ, ਹੁਣ ਸਰਕਾਰ ਤੋਂ ਸਾਨੂੰ ਕੀ ਆਸ ਹੋ ਸਕਦੀ ਹੈ ?'

ਗੁਰਦੀਪ ਸਿੰਘ ਦੇ ਪਿਤਾ ਗਮਦੂਰ ਸਿੰਘ ਚੰਗੀ ਤਰਾਂ ਬੋਲਣ ਦੇ ਸਮਰੱਥ ਵੀ ਨਹੀਂ ਸਨ।ਆਪਣਾ ਗੱਚ ਭਰ ਕੇ ਦੋ ਕੁ ਗੱਲਾਂ ਕਰਦਿਆਂ ਉਨਾਂ ਕਿਹਾ, 'ਕਰਜ਼ੇ ਦਾ ਬੋਝ ਮੇਰੇ ਪੁੱਤ ਨੂੰ ਖਾ ਗਿਆ। ਸਾਊ ਪੁੱਤ ਦੇ ਇਸ ਜਹਾਨ ਤੋਂ ਤੁਰ ਜਾਣ 'ਤੇ ਮੈਂ ਕੀ ਬੋਲ ਸਕਦਾ ਹਾਂ।'

**ਸਰਕਾਰਾਂ ਦੀਆਂ ਨੀਤੀਆਂ ਸਰਮਾਏਦਾਰ ਘਰਾਣਿਆਂ ਨੂੰ ਉੱਚਾ ਚੁੱਕਣ ਵਾਲੀਆਂ : ਰਾਜੇਵਾਲ**

ਦੂਜੇ ਪਾਸੇ ਕਿਸਾਨ ਸੰਘਰਸ਼ ਦੌਰਾਨ ਸੰਯੁਕਤ ਕਿਸਾਨ ਮੋਰਚੇ ਦੇ ਅਹਿਮ ਆਗੂ ਰਹੇ ਬਲਬੀਰ ਸਿੰਘ ਰਾਜੇਵਾਲ ਮਾਈਸਰਖਾਨਾ ਅਤੇ ਮਾਨਸਾ ਖੁਰਦ ਵਿਖੇ ਪੀੜਤ ਪਰਿਵਾਰਾਂ ਦੇ ਘਰ ਪਹੁੰਚੇ। ਬਲਵੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਸਰਕਾਰਾਂ ਦੀਆਂ ਨੀਤੀਆਂ ਸਰਮਾਏਦਾਰ ਘਰਾਣਿਆਂ ਨੂੰ ਉੱਚਾ ਚੁੱਕਣ ਵਾਲੀਆਂ ਹਨ। ਸਾਨੂੰ ਕਿਸਾਨਾਂ ਨੂੰ ਤਾਂ ਸਿਰਫ ਅੰਨਦਾਤਾ ਕਹਿ ਕੇ ਵਡਿਆਈ ਦਿੱਤੀ ਜਾਂਦੀ ਹੈ ਪਰ ਕਿਸਾਨਾਂ ਦੇ ਭਵਿੱਖ ਲਈ ਕਿਸੇ ਵੀ ਸਿਆਸੀ ਵਿਅਕਤੀ ਕੋਲ ਕੋਈ ਵੀ ਠੋਸ ਪ੍ਰੋਗਰਾਮ ਨਹੀਂ ਹੈ।ਉਨਾਂ ਪੰਜਾਬ ਸਰਕਾਰ ਉੱਪਰ ਸਵਾਲ ਚੁੱਕਦਿਆਂ ਕਿਹਾ, 'ਸਰਕਾਰ ਕਿਸੇ ਪੁਲਿਸ ਮੁਲਾਜ਼ਮ ਦੀ ਮੌਤ ਜਾਂ ਹੋਰ ਮੁਲਾਜ਼ਮ ਦੀ ਮੌਤ ਉੱਪਰ ਇੱਕ ਕਰੋੜ ਰੁਪਈਆ ਦੇਣ ਦੀ ਗੱਲ ਕਰਦੀ ਹੈ ਪਰ ਖੁਦਕੁਸ਼ੀ ਕਰਨ ਵਾਲੇ ਇਨਾਂ ਪਰਿਵਾਰਾਂ ਦੀ ਸਾਰ ਲੈਣ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਨਹੀਂ ਹੈ।' ਥਾਣਾ ਕਾਲਿਆਂਵਾਲੀ ਦੇ ਤਫ਼ਤੀਸ਼ ਕਰਨ ਵਾਲੇ ਅਫਸਰ ਕੇਵਲ ਸਿੰਘ ਨੇ ਦੱਸਿਆ ਕਿ ਗੁਰਦੀਪ ਸਿੰਘ ਕਰਜ਼ੇ ਕਾਰਨ ਪ੍ਰੇਸ਼ਾਨ ਸੀ। ਇਸੇ ਤਰਾਂ ਦੀ ਗੱਲ ਰੇਲ ਗੱਡੀ ਹੇਠਾਂ ਆ ਕੇ ਖੁਦਕੁਸ਼ੀ ਕਰਨ ਵਾਲੇ ਜਸਪਾਲ ਸਿੰਘ ਸਬੰਧੀ ਰੇਲਵੇ ਪੁਲਿਸ ਨੇ ਕਹੀ ਹੈ।

**ਸੂਬਾ ਸਰਕਾਰ ਦਾ ਪੱਖ**

ਦੂਜੇ ਪਾਸੇ ਹਾਕਮ ਧਿਰ ਆਮ ਆਦਮੀ ਪਾਰਟੀ ਵੱਲੋਂ ਅਜਿਹੀਆਂ ਆਤਮ ਹੱਤਿਆਵਾਂ ਲਈ ਪਿਛਲੀਆਂ ਸਰਕਾਰਾਂ ਦੀਆਂ ਨੀਤੀਆਂ ਨੂੰ ਕਥਿਤ ਤੌਰ'ਤੇ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਆਪ ਦੇ ਸੂਬਾ ਸੰਯੁਕਤ ਸਕੱਤਰ ਅਤੇ ਜ਼ਿਲਾ ਬਠਿੰਡਾ ਵਿਚ ਕਿਸਾਨ ਵਿੰਗ ਦੇ ਪ੍ਰਧਾਨ ਜਤਿੰਦਰ ਸਿੰਘ ਭੱਲਾ ਕਹਿੰਦੇ ਹਨ, 'ਖ਼ੁਦਕੁਸ਼ੀਆਂ ਕਰਨਾ ਪੰਜਾਬੀਆਂ ਦੇ ਇਤਿਹਾਸ ਦਾ ਹਿੱਸਾ ਨਹੀਂ ਹੈ। ਜੇਕਰ ਪਿਛਲੀਆਂ ਸਰਕਾਰਾਂ ਨੇ ਕਿਸਾਨਾਂ ਦੇ ਹਿੱਤਾਂ ਵਿੱਚ ਕੋਈ ਠੋਸ ਨੀਤੀ ਤੈਅ ਕੀਤੀ ਹੁੰਦੀ ਤਾਂ ਆਰਥਿਕ ਮੰਦੀ ਕਾਰਨ ਕਿਸੇ ਵੀ ਕਿਸਾਨ ਦੀ ਮੌਤ ਨਾ ਹੁੰਦੀ। ਸਾਡੀ ਸਰਕਾਰ ਕਿਸਾਨਾਂ ਦੇ ਭਵਿੱਖ ਲਈ ਚਿੰਤਤ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਕਿਸਾਨਾਂ ਲਈ ਸ਼ੁਭ ਸੰਦੇਸ਼ ਮਿਲਣਗੇ।'

# ਪੰਜਾਬ ਉਪਰ ਕਰਜ਼ੇ ਦੀ ਨਿੱਤ ਭਾਰੀ ਹੁੰਦੀ ਪੰਡ



**ਤਰਲੋਚਨ ਸਿੰਘ ਭੱਟੀ**
**ਮੋਬਾਈਲ : 98765-02607**

'ਸਰਕਾਰ ਦੁਆਰਾ ਪੰਜਾਬ ਦੇ ਸਿਰ ਚੜੇ ਕਰਜ਼ੇ ਬਾਰੇ ਸਾਰੇ ਪੰਜਾਬੀਆਂ ਨੂੰ ਗੰਭੀਰ ਹੋਣ ਦੀ ਲੋੜ ਹੈ। ਸੰਨ 1983-84 ਦੌਰਾਨ ਪੰਜਾਬ ਸਰਕਾਰ ਨੇ 1,450 ਕਰੋੜ ਦਾ ਕਰਜ਼ਾ ਲਿਆ ਸੀ ਤੇ 1993-94 ਦੌਰਾਨ ਇਹ 10,500 ਕਰੋੜ ਰੁਪਏ ਹੋ ਗਿਆ ਸੀ। ਸੰਨ 1996-97 ਵਿਚ 15,250 ਕਰੋੜ, 2002-03 ਦੌਰਾਨ 32,496 ਕਰੋੜ, 1006-07 ਵਿਚ 51,000 ਕਰੋੜ, 2017 'ਚ 1,82,000 ਕਰੋੜ ਅਤੇ 2022 ਵਿਚ ਇਹ 2,82,000 ਕਰੋੜ ਹੋ ਗਿਆ।

ਪੰਜਾਬ ਸਿਰ ਚੜਿਆ ਕਰਜ਼ਾ ਕੇਵਲ ਪੰਜਾਬ ਸੰਤਾਪ ਨਾਲ ਨਜਿੱਠਣ ਲਈ ਹੀ ਨਹੀਂ ਲਿਆ ਗਿਆ ਸਗੋਂ ਇਹ ਸਮੇਂ ਦੀਆਂ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਤੇ ਕੁਸ਼ਾਸਨ ਦੀ ਉਪਜ ਹੈ। ਕੈਗ ਦੀ ਰਿਪੋਰਟ ਅਨੁਸਾਰ 2024-25 ਤਕ ਪੰਜਾਬ ਸਿਰ ਕਰਜ਼ਾ 3.73 ਲੱਖ ਕਰੋੜ ਰੁਪਏ ਹੋ ਜਾਵੇਗਾ। ਪੰਜਾਬ ਦੇ ਹਾਕਮ ਤਰਕ ਦਿੰਦੇ ਹਨ ਕਿ ਪੰਜਾਬ ਦੇ ਵਿਕਾਸ ਅਤੇ ਲੋਕ ਭਲਾਈ ਲਈ ਕਰਜ਼ਾ ਲੈਣਾ ਕੋਈ ਮਾੜੀ ਗੱਲ ਨਹੀਂ ਹੈ। ਉਹ ਦੂਜੇ ਰਾਜਾਂ ਦਾ ਵੀ ਹਵਾਲਾ ਦਿੰਦੇ ਹਨ ਜਿਨਾਂ ਨੇ ਕਰਜ਼ਾ ਲੈ ਰੱਖਿਆ ਹੈ। ਵਿੱਤੀ ਸਾਲ 2021-22 ਦੌਰਾਨ ਰਾਜ ਸਰਕਾਰਾਂ ਦੇ ਜੀਡੀਪੀ ਦੇ ਅਨੁਪਾਤ ਨਾਲ ਰਾਜਸਥਾਨ ਨੇ 39.8%, ਪੱਛਮੀ ਬੰਗਾਲ ਨੇ 38.8%, ਕੇਰਲ ਨੇ 38.3%, ਆਂਧਰਾ ਪ੍ਰਦੇਸ਼ ਨੇ 32.4% ਕਰਜ਼ਾ ਲਿਆ ਹੈ ਜਦਕਿ ਪੰਜਾਬ ਦਾ ਇਸੇ ਵਿੱਤੀ ਸਾਲ ਦੌਰਾਨ ਕਰਜ਼ਾ 53.3% ਹੈ। ਪੰਜਾਬ ਕਰਜ਼ੇ ਦੇ ਮਾਮਲੇ ਵਿਚ ਭਾਰਤ ਦਾ ਮੋਹਰੀ ਰਾਜ ਬਣ ਗਿਆ ਹੈ। ਨਵੰਬਰ 2020 ਵੇਲੇ ਆਂਧਰਾ ਪ੍ਰਦੇਸ਼ ਸਿਰ 3,37,140 ਕਰੋੜ, ਮਹਾਰਾਸ਼ਟਰ 'ਤੇ 6.5 ਲੱਖ ਕਰੋੜ, ਉੱਤਰ ਪ੍ਰਦੇਸ਼ 'ਤੇ 5 ਲੱਖ ਕਰੋੜ, ਪੱਛਮੀ ਬੰਗਾਲ 'ਤੇ 2 ਲੱਖ ਕਰੋੜ, ਦਿੱਲੀ 'ਤੇ 33,000 ਕਰੋੜ ਕਰਜ਼ਾ ਹੈ। ਪੰਜਾਬ ਸਿਰ ਚੜੇ ਕਰਜ਼ੇ ਨੂੰ ਤਰਕਸੰਗਤ ਬਣਾਉਣ ਦਾ ਇਹ ਤਰੀਕਾ ਪੰਜਾਬ ਦੇ ਲੋਕਾਂ ਦੀ ਸਮਝ ਤੋਂ ਪਰੇ ਹੈ ਅਤੇ ਉਨਾਂ ਨੂੰ ਇਹ ਤਰਕ ਹਜ਼ਮ ਨਹੀਂ ਹੋ ਰਿਹਾ। ਪੰਜਾਬ 'ਤੇ ਚੜ ਰਹੇ ਕਰਜ਼ੇ ਬਾਬਤ ਪੰਜਾਬੀਆਂ ਨੂੰ 'ਦੜ ਵੱਟ ਜ਼ਮਾਨਾ ਕੱਟ ਭਲੇ ਦਿਨ ਆਉਣਗੇ' ਵਾਲੀ ਨੀਤੀ ਅਪਨਾਉਣੀ ਚਾਹੀਦੀ ਹੈ ਜਾਂ ਫਿਰ ਸਮੇਂ ਦੀਆਂ ਸਰਕਾਰਾਂ ਦੁਆਲੇ ਹੋਣਾ ਚਾਹੀਦਾ ਹੈ ਜੋ ਇਸ ਕਰਜ਼ੇ ਲਈ ਜ਼ਿੰਮੇਵਾਰ ਹਨ। ਸੰਨ 2001 ਵਿਚ ਪੰਜਾਬ ਦੀ ਅਬਾਦੀ 2.44 ਕਰੋੜ, 2011 ਵਿਚ 2.77 ਕਰੋੜ ਸੀ। ਪ੍ਰੋਵੀਜ਼ਨਲ ਅੰਕੜਿਆਂ ਅਨੁਸਾਰ ਸਾਲ 2018 ਵਿਚ 2.99 ਕਰੋੜ, 2019 ਵਿਚ 3.02 ਕਰੋੜ, 2022 ਵਿਚ 3.05 ਕਰੋੜ, 2021 ਵਿਚ 3.07 ਕਰੋੜ ਅਤੇ 20 22 ਵਿਚ 3.10 ਕਰੋੜ ਹੋਵੇਗੀ ਜਿਸ ਵਿਚ 62% ਪੇਂਡੂ ਅਤੇ 38% ਸ਼ਹਿਰੀ ਵਸੋਂ ਹੈ। ਆਬਾਦੀ ਦਾ ਅੰਕੜਾ ਦੇਣ ਦਾ ਸਾਡਾ ਮਕਸਦ ਇਹ ਦੱਸਣਾ ਹੈ ਕਿ ਪੰਜਾਬ ਸਿਰ 3 ਲੱਖ ਕਰੋੜ ਦਾ ਜੋ ਕਰਜ਼ਾ ਹੈ, ਹਰੇਕ ਪੰਜਾਬੀ ਦੇ ਜ਼ੁੰਮੇ 1 ਲੱਖ ਰੁਪਏ ਦਾ ਕਰਜ਼ਾ ਆਉਂਦਾ ਹੈ।

ਖੇਤੀ ਪ੍ਰਧਾਨ ਪੰਜਾਬ ਰਾਜ ਦੀ 2003 ਤਕ ਪ੍ਰਤੀ ਵਿਅਕਤੀ ਆਮਦਨ ਭਾਰਤ ਦੇ ਸਾਰੇ ਰਾਜਾਂ ਨਾਲੋਂ ਸਭ ਤੋਂ ਵਧੇਰੇ ਸੀ ਜਦਕਿ ਭਾਰਤ ਦੇ ਨੀਤੀ ਆਯੋਗ ਦੇ ਤਾਜ਼ਾ ਅੰਕੜਿਆਂ ਅਨੁਸਾਰ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਭਾਵ 1,15,882 ਰੁਪਏ ਹੈ ਜਦਕਿ ਰਾਸ਼ਟਰੀ ਪੱਧਰ 'ਤੇ ਇਹ ਅੰਕੜਾ 1,16,067 ਰੁਪਏ ਹੈ। ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਜੋ ਭਾਰਤ ਦੇ ਸਾਰੇ ਰਾਜਾਂ ਦੀ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਅਤੇ ਵਿਕਾਸ ਦੇ ਪੱਖੋਂ ਅਗਵਾਈ ਕਰਦਾ ਸੀ ਅੱਜ ਫਾਡੀ ਨਜ਼ਰ ਆਉਂਦਾ ਹੈ ਅਤੇ ਕਰਜ਼ੇ ਦੇ ਮਾਮਲੇ ਵਿਚ ਸਭ ਤੋਂ ਮੋਹਰੀ। ਕਰਜ਼ਾਈ ਰਾਜਾਂ ਵੱਲ ਜੇਕਰ ਨਜ਼ਰ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਸਾਲ 2021-22 ਦੌਰਾਨ ਰਾਜਾਂ ਦੀ ਜੀਡੀਪੀ ਦੇ ਹਿਸਾਬ ਨਾਲ ਕਰਜ਼ੇ ਦੀ ਦਰ ਪੰਜਾਬ ਦੀ 53.3%, ਰਾਜਸਥਾਨ ਦੀ 39.8%, ਪੱਛਮੀ ਬੰਗਾਲ ਦੀ 38.8%, ਕੇਰਲ ਦੀ 38.3% ਅਤੇ ਆਂਧਰ ਪ੍ਰਦੇਸ਼ ਦੀ 32.4% ਹੈ। ਪਿੱਛੇ ਜਿਹੇ ਦੀਵਾਲੀਆ ਹੋਏ ਸ੍ਰੀਲੰਕਾ ਦੀ ਇਹ ਦਰ 102.8% ਹੈ। ਪੰਜਾਬੀ ਸੱਭਿਆਚਾਰ ਸਾਡੇ ਗੁਰੂਆਂ-ਪੀਰਾਂ ਦੀਆਂ ਸਿੱਖਿਆਵਾਂ ਉੱਪਰ ਆਸ਼ਰਿਤ ਹੈ। ਕਿਰਤ ਕਰਨੀ ਅਤੇ ਵੰਡ ਛਕਣਾ ਪੰਜਾਬੀਆਂ ਦੀ ਫ਼ਿਤਰਤ ਹੈ। ਪੰਜਾਬੀਆਂ ਦੀ ਜੀਵਨਸ਼ੈਲੀ ਇਸ ਵਿਚਾਰ ਨਾਲ ਭਰੀ ਪਈ ਹੈ ਕਿ ਰੋਟੀ ਭਾਵੇਂ ਇਕ ਤੋਂ ਅੱਧੀ ਖਾ ਲਓ, ਕੱਪੜਾ ਭਾਵੇਂ ਸਾਧਾਰਨ ਜਿਹਾ ਪਾ ਲਓ ਪਰ ਸਿਰ ਉੱਤੇ ਕੋਈ ਕਰਜ਼ਾ ਨਹੀਂ ਹੋਣਾ ਚਾਹੀਦਾ। ਲੱਗਦਾ ਹੈ ਕਿ ਪਿਛਲੇ 15-20 ਸਾਲਾਂ ਤੋਂ ਰਾਜਨੀਤਕ ਪਾਰਟੀਆਂ ਤੇ ਸਾਡੇ ਵੱਲੋਂ ਚੁਣੇ ਗਏ ਵਿਧਾਇਕਾਂ ਨੇ ਆਪਣੀ ਪਾਰਟੀ ਦੀ ਵਿਚਾਰਧਾਰਾ ਤੇ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਹਿੱਤ ਪੰਜਾਬੀਆਂ ਦੀ ਜੀਵਨ-ਸ਼ੈਲੀ ਹੀ ਬਦਲ ਦਿੱਤੀ ਹੈ।

ਉਹ ਲੋਕ ਜੋ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਕਿਰਤ ਕਰਨੀ, ਵੰਡ ਛਕਣਾ ਅਤੇ ਨਾਮ ਜਪਣ ਨੂੰ ਆਪਣੇ ਜੀਵਨ ਦਾ ਆਧਾਰ ਮੰਨਦੇ ਸਨ, ਸਮੇਂ ਦੀਆਂ ਸਰਕਾਰਾਂ ਅੱਗੇ ਮੁਫ਼ਤ ਵਿਚ ਆਟਾ-ਦਾਲ, ਟਿਊਬਵੈੱਲਾਂ ਲਈ ਅਤੇ ਘਰੇਲੂ




ਬਿਜਲੀ ਮੁਫ਼ਤ ਲੈਣ ਲਈ ਤਰਲੋਮੱਛੀ ਹੋ ਰਹੇ ਹਨ। ਇਸ ਦੇ ਨਾਲ ਹੀ ਉਹ ਆਪਣੇ ਨਿੱਜੀ ਕਾਰੋਬਾਰਾਂ ਲਈ ਲਏ ਗਏ ਕਰਜ਼ਿਆਂ ਨੂੰ ਮਾਫ਼ ਕਰਵਾਉਣ ਲਈ ਸਰਕਾਰਾਂ ਅੱਗੇ ਹਾੜ੍ਹੇ ਕੱਢ ਰਹੇ ਹਨ। ਪੰਜਾਬੀਆਂ ਦੀ ਅੱਜ-ਕੱਲ ਇਹ ਆਦਤ ਬਣ ਗਈ ਹੈ ਕਿ ਕੋਈ ਕੰਮਕਾਰ ਕੀਤੇ ਬਿਨਾਂ ਸਰਕਾਰ ਕੋਲੋਂ ਹਰ ਤਰਾਂ ਦੀ ਸੁੱਖ-ਸਹੂਲਤ ਭਾਲਦੇ ਹਨ। ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਨੇ ਪੰਜਾਬੀਆਂ ਨੂੰ ਇਕ ਪਾਸੇ ਨਸ਼ਿਆਂ ਵੱਲ ਧੱਕ ਦਿੱਤਾ ਹੈ, ਦੂਜੇ ਪਾਸੇ ਲੋਕਾਂ ਵਿਹਲੜ ਬਣਾ ਦਿੱਤਾ ਹੈ। ਪੰਜਾਬ ਵਿਧਾਨ ਸਭਾ ਦੀਆਂ 2022 ਵਿਚ ਹੋਈਆਂ ਚੋਣਾਂ 'ਚ ਲੋਕਾਂ ਨੇ ਪਿਛਲੀਆਂ ਨਿਕੰਮੀਆਂ ਸਰਕਾਰਾਂ ਚਲਾਉਣ ਵਾਲੀਆਂ ਪਾਰਟੀਆਂ ਨੂੰ ਦਰਕਿਨਾਰ ਕਰ ਕੇ ਆਮ ਆਦਮੀ ਪਾਰਟੀ ਦੀ ਬੇਨਤੀ ਨੂੰ ਸਵੀਕਾਰਦੇ ਹੋਏ ਉਸ ਨੂੰ ਬੇਮਿਸਾਲ ਸਮਰਥਨ ਦਿੱਤਾ ਹੈ ਤਾਂ ਕਿ ਰਵਾਇਤੀ ਪਾਰਟੀਆਂ ਦੀ ਮੁਫ਼ਤਖੋਰੀ ਵਾਲੀ ਵਿਚਾਰਧਾਰਾ ਅਤੇ ਕੁਸ਼ਾਸ਼ਨ ਵਾਲੀ ਕਾਰਜ-ਸ਼ੈਲੀ ਵਿਚ ਇਨਕਲਾਬੀ ਬਦਲਾਅ ਲਿਆਂਦਾ ਜਾ ਸਕੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਤਾਰੀਫ਼ ਕਰਨੀ ਬਣਦੀ ਹੈ ਕਿ ਉਨਾਂ ਨੇ ਲੋਕਾਂ ਦੇ ਰੂਬਰੂ ਹੁੰਦੇ ਹੋਏ ਐਲਾਨ ਕੀਤਾ ਹੈ ਕਿ ਉਹ ਪੰਜਾਬ ਸਿਰ ਚੜੇ ਕਰਜ਼ੇ ਬਾਰੇ ਪੜਤਾਲ ਕਰਨਗੇ ਤੇ ਯਕੀਨੀ ਬਣਾਉਣਗੇ ਕਿ ਜ਼ਿੰਮੇਵਾਰ ਅਧਿਕਾਰੀਆਂ/ ਰਾਜਨੇਤਾਵਾਂ ਪਾਸੋਂ ਇਸ ਦੀ ਭਰਪਾਈ ਹੋਵੇ ਅਤੇ ਮੁਜਰਮ ਅਧਿਕਾਰੀਆਂ ਅਤੇ ਰਾਜਨੇਤਾਵਾਂ ਨੂੰ ਕਾਨੂੰਨ ਅਨੁਸਾਰ ਕੀਤੇ ਦੀ ਸਜ਼ਾ ਦਿਵਾਉਣਗੇ। ਭਗਵੰਤ ਮਾਨ ਆਪਣੇ ਇਸ ਫ਼ੈਸਲੇ 'ਤੇ ਕਿੰਨਾ ਕੁ ਅਮਲ ਕਰਦੇ ਹਨ, ਇਹ ਵੇਖਣ ਵਾਲੀ ਗੱਲ ਹੋਵੇਗੀ। ਕੁਝ ਸਾਲਾਂ ਵਿਚ ਨਹੀਂ ਸਗੋਂ ਕੁਝ ਮਹੀਨਿਆਂ ਵਿਚ ਹੀ ਇਸ ਦਾ ਅਸਰ ਪੰਜਾਬ ਦੇ ਲੋਕ ਵੇਖਣ ਲਈ ਬੇਤਾਬ ਹਨ। ਪੰਜਾਬ ਸਿਰ ਚੜੇ ਤਿੰਨ ਲੱਖ ਕਰੋੜ ਦੇ ਕਰਜ਼ੇ ਨੂੰ ਪੰਜਾਬੀਆਂ ਅਤੇ ਭਗਵੰਤ ਮਾਨ ਸਰਕਾਰ ਵੱਲੋਂ ਇਕ ਆਫ਼ਤ ਦੇ ਤੌਰ 'ਤੇ ਲੈਣਾ ਹੋਵੇਗਾ। ਆਫ਼ਤ ਵੀ ਐਸੀ ਜੋ ਕੇਵਲ ਤੇ ਕੇਵਲ ਸਾਬਕਾ ਸਰਕਾਰਾਂ ਵੱਲੋਂ ਜਾਣਬੁੱਝ ਕੇ ਪੈਦਾ ਕੀਤੀ ਗਈ ਹੈ। ਭਗਵੰਤ ਮਾਨ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਨੂੰ ਵਿਸ਼ਵਾਸ ਦਿਵਾਉਣ ਕਿ ਪੰਜਾਬ ਸਿਰ ਚੜੇ ਤਿੰਨ ਲੱਖ ਕਰੋੜ ਦੇ ਕਰਜ਼ੇ ਨਾਲ ਨਜਿੱਠਣ ਲਈ ਤਤਪਰ ਹਨ ਭਾਵੇਂ ਇਸ ਲਈ ਉਨਾਂ ਨੂੰ ਕਿਸੇ ਵੀ ਹੱਦ ਤਕ ਕਿਉਂ ਨਾ ਜਾਣਾ ਪਵੇ। ਭਗਵੰਤ ਮਾਨ ਸਰਕਾਰ ਨੂੰ ਯਾਦ ਰੱਖਣਾ ਹੋਵੇਗਾ ਕਿ ਪੰਜਾਬ ਦੇ ਲੋਕਾਂ 'ਚ ਆਪਣੀ ਕਮਾਈ 'ਚੋਂ ਦਸਵੰਧ ਕੱਢਣ ਦੀ ਅਤੇ ਦਾਨ ਦੇਣ ਦੀ ਆਦਤ ਅਜੇ ਖ਼ਤਮ ਨਹੀਂ ਹੋਈ। ਪੰਜਾਬ ਵਿਚ ਭ੍ਰਿਸ਼ਟਾਚਾਰ ਨਾਲ ਨਜਿੱਠਣ ਲਈ ਜਿਵੇਂ ਭਗਵੰਤ ਮਾਨ ਹੋਰਾਂ ਇਕ ਹੈਲਪਲਾਈਨ ਨੰਬਰ ਜਾਰੀ ਕੀਤਾ ਹੈ ਉਸੇ ਤਰਾਂ ਪੰਜਾਬ ਦੇ ਕਰਜ਼ੇ ਨਾਲ ਨਜਿੱਠਣ ਲਈ ਵੀ ਇਕ ਬੈਂਕ ਅਕਾਊਂਟ ਨੰਬਰ ਜਾਰੀ ਕਰਨਾ ਚਾਹੀਦਾ ਹੈ ਜਿਸ ਵਿਚ ਪੰਜਾਬ ਵਿਚ ਰਹਿਣ ਵਾਲੇ ਅਤੇ ਵਿਦੇਸ਼ਾਂ ਵਿਚ ਵਸਦੇ ਪੰਜਾਬੀ ਆਪਣੀ ਸਮਰੱਥਾ ਅਨੁਸਾਰ ਪੈਸੇ ਜਮਾ ਕਰਵਾਉਣ ਅਤੇ ਪੰਜਾਬ ਸਰਕਾਰ ਧੰਨਵਾਦ ਸਹਿਤ ਕੀਤੇ ਦਾਨ ਦੀ ਰਸੀਦ ਜਾਰੀ ਕਰੇ।

ਪੰਜਾਬ ਸਰਕਾਰ ਵੱਲੋਂ ਨੀਤੀ ਅਤੇ ਵਿਵਸਥਾ ਬਣਾਉਣੀ ਹੋਵੇਗੀ ਤਾਂ ਕਿ ਇਸ ਅਕਾਊਂਟ ਵਿਚ ਆਈ ਰਾਸ਼ੀ ਕੇਵਲ ਤੇ ਕੇਵਲ ਪੰਜਾਬ ਸਿਰ ਚੜੇ ਕਰਜ਼ੇ ਨੂੰ ਉਤਾਰਨ ਲਈ ਹੀ ਵਰਤੀ ਜਾਵੇ। ਭਗਵੰਤ ਮਾਨ ਸਰਕਾਰ ਵੱਲੋਂ ਲੋਕਾਂ ਨੂੰ ਦਿੱਤੀ ਜਾ ਰਹੀ ਹਰ ਤਰਾਂ ਸਬਸਿਡੀ, ਮੁਫ਼ਤ ਬਿਜਲੀ ਸਹੂਲਤ, ਕਰਜ਼ਾ ਮਾਫ਼ੀ, ਫਜ਼ੂਲ ਦੀ ਇਸ਼ਤਿਹਾਰਬਾਜ਼ੀ ਆਦਿ ਉਦੋਂ ਤੱਕ ਬੰਦ ਰੱਖਣੀ ਹੋਵੇਗੀ ਜਦੋਂ ਤਕ ਪੰਜਾਬ ਦਾ ਵਿੱਤੀ ਸੰਕਟ ਹੱਲ ਨਹੀ ਹੋ ਜਾਂਦਾ। ਹਰ ਤਰਾਂ ਦੇ ਟੈਕਸਾਂ ਦੀ ਵਸੂਲੀ ਕਰਨੀ ਹੋਵੇਗੀ। ਇਨਕਲਾਬੀ ਬਦਲਾਅ ਲਈ ਇਨਕਲਾਬੀ ਫ਼ੈਸਲੇ ਲੈਣੇ ਹੋਣਗੇ ਵਰਨਾ ਇਨਕਲਾਬ ਦਾ ਮਿਸ਼ਨ 'ਇਨ-ਕਾ-ਲਾਭ' ਬਣ ਕੇ ਹੀ ਰਹਿ ਜਾਵੇਗਾ।

**ਵਿਸ਼ੇਸ਼ ਮੁੱਦਾ**

# ਕਾਂਗਰਸੀ ਅਤੇ ਅਕਾਲੀਆਂ ਤੋਂ ਨਿਰਾਸ਼ ਲੋਕ ਹੁਣ ਬਦਲਾਅ ਤੋਂ ਵੀ ਮਾਯੂਸ

## ਭਗਵੰਤ ਮਾਨ ਤੁਰਿਆ ਪੰਥ ਵਿਰੋਧੀ ਰਾਹ ’ਤੇ



**ਬਘੇਲ ਸਿੰਘ ਪੱਤਰਕਾਰ**

**99142-58142**

ਸਰਕਾਰਾਂ ਆਉਂਦੀਆਂ ਜਾਂਦੀਆਂ ਹੀ ਰਹਿੰਦੀਆਂ ਹਨ। ਪੰਜਾਬ ਦੇ ਲੋਕਾਂ ਤੇ ਹਕੂਮਤੀ ਅਤਿਆਚਾਰ ਵੀ ਕੋਈ ਨਵੀਂ ਗੱਲ ਨਹੀਂ ਹੈ। ਇਹ ਵੀ ਕੋਈ ਨਵੀਂ ਗੱਲ ਨਹੀਂ ਕਿ ਪੰਜਾਬ ਦੀ ਸੱਤਾ ’ਤੇ ਕਾਬਜ਼ ਹੋਣ ਵਾਲੇ ਸਿਆਸੀ ਲੋਕਾਂ ਨੇ ਲਾਰੇ ਲੋਕਾਂ ਨੂੰ ਜੋ ਮਰਜ਼ੀ ਲਾਏ ਹੋਣ, ਪਰ ਰਾਜਭਾਗ ਦੌਰਾਨ ਲੋਕਾਂ ਨਾਲ ਵਰਤਾਰਾ ਤਕਰੀਬਨ ਇੱਕੋ ਜਿਹਾ ਹੀ ਰਿਹਾ ਹੈ। ਪਿਛਲੇ 75 ਸਾਲਾਂ ਤੋ ਕੁੱਝ ਸਮਾਂ ਰਾਸ਼ਟਰਪਤੀ ਰਾਜ ਦਾ ਕੱਢ ਕੇ ਬਾਕੀ ਸਮਾਂ ਪੰਜਾਬ ਚ ਕਾਂਗਰਸ ਪਾਰਟੀ ਅਤੇ ਅਕਾਲੀ ਦਲ ਤਕਰੀਬਨ ਵਾਰੀ ਨਾਲ ਰਾਜ ਕਰਨ ਵਿੱਚ ਸਫਲ ਹੁੰਦੀਆਂ ਰਹੀਆਂ ਹਨ। ਇੱਕ ਵਾਰੀ ਕਾਂਗਰਸ ਸਰਕਾਰ ਬਣਦੀ ਤਾਂ ਪੰਜ ਸਾਲ ਬਾਅਦ ਲੋਕਾਂ ਦਾ ਮੋਹ ਕਾਂਗਰਸ ਤੋ ਭੰਗ ਹੋ ਜਾਂਦਾ ਤੇ ਲੋਕ ਅਕਾਲੀ ਦਲ ਨੂੰ ਅੱਗੇ ਲੈ ਆਉਂਦੇ। ਲਗਾਤਾਰ ਚੱਲਦੇ ਇੱਸ ਵਾਰੀ ਵੱਟੇ ਦੇ ਖੇਡ ਦੇ ਤੁਜਰਬੇ ਤੋ ਸਿਆਸੀ ਧਿਰਾਂ ਇਹ ਚੰਗੀ ਤਰਾਂ ਸਮਝ ਚੁੱਕੀਆਂ ਸਨ ਕਿ ਲੋਕ ਕੋਈ ਬਹੁਤੀ ਸਮਝ ਨਹੀ ਰੱਖਦੇ, ਬਲਕਿ ਸਿਆਸੀ ਪਾਰਟੀਆਂ ਦੇ ਪਿਛਲੱਗ ਬਣ ਕੇ ਆਪਸ ਵਿੱਚ ਲੜਨ ਜੋਗੇ ਹੀ ਰਹਿ ਗਏ ਹਨ। ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਸਿੱਖਾਂ ਦੀ ਮਾਂ ਪਾਰਟੀ ਵਜੋਂ ਹੋਂਦ ਵਿੱਚ ਆਈ। ਪੰਜਾਬ ਸਿੱਖ ਬਹੁਗਿਣਤੀ ਵਾਲਾ ਸੂਬਾ ਹੋਣ ਕਰਕੇ ਪੰਜਾਬ ਵਿਚ ਜ਼ਿਆਦਾ ਤੂਤੀ ਵੀ ਅਕਾਲੀਆਂ ਦੀ ਬੋਲਦੀ ਰਹੀ ਹੈ। ਇਹ ਵੱਖਰੀ ਗੱਲ ਹੈ ਕਿ ਅਕਾਲੀਆਂ ਨੇ ਲੋਕ ਭਾਵਨਾਵਾਂ ਦਾ ਰੱਜ ਕੇ ਖਿਲਵਾੜ ਕੀਤਾ। ਸਿੱਖ ਅਤੇ ਸਿੱਖੀ ਸਿਧਾਂਤਾਂ ਨੂੰ ਤਹਿਸ ਨਹਿਸ ਕਰਨ ਵਿੱਚ ਅਕਾਲੀਆਂ ਦੀ ਵੱਡੀ ਭੂਮਿਕਾ ਰਹੀ ਅਤੇ ਲਗਾਤਾਰ ਹੁਣ ਤੱਕ ਵੀ ਜਾਰੀ ਹੈ। ਸ਼੍ਰੋਮਣੀ ਅਕਾਲੀ ਦਲ, ਕਿਉਕਿ ਸਿੱਖਾਂ ਦੀ ਪਾਰਟੀ ਹੋਣ ਕਰਕੇ ਸ਼੍ਰੋਮਣੀ ਕਮੇਟੀ ਤੇ ਵੀ ਕੇਂਦਰ ਦੀ ਮਦਦ ਨਾਲ ਇਹ ਲੋਕ ਹੀ ਕਾਬਜ ਹੁੰਦੇ ਰਹੇ, ਜਿਸ ਦਾ ਵੱਡਾ ਫਾਇਦਾ ਅਕਾਲੀ ਦਲ ਨੇ ਹੰਢਾਇਆ ਹੈ।ਅਕਾਲੀ ਦਲ ਹਮੇਸ਼ਾ ਸ਼੍ਰੋਮਣੀ ਕਮੇਟੀ ਤੇ ਆਪਣਾ ਹੀ ਹੱਕ ਸਮਝਦਾ ਰਿਹਾ ਹੈ। ਅਕਾਲੀ ਵਿਰੋਧੀ ਸਿਆਸੀ ਪਾਰਟੀਆਂ ਨੂੰ ਇਹ ਕਹਿ ਕੇ ਨੇੜੇ ਨਹੀ ਸਨ ਲੱਗਣ ਦਿੰਦੇ ਕਿ ਇਹ ਧਰਮ ਵਿਚ ਦਖਲ ਦੇ ਰਹੇ ਹਨ,ਜਦੋਂ ਕਿ ਆਪਣੇ ਵਿਰੋਧੀ ਪੰਥਕ ਦਲਾਂ ਨੂੰ ਕੇਂਦਰ ਦੀ ਮਦਦ ਨਾਲ ਪਛਾੜ ਦਿੰਦੇ ਰਹੇ ਹਨ। ਇਹੋ ਕਾਰਨ ਹੈ ਕਿ ਅੱਜ ਤੱਕ ਕਦੇ ਵੀ ਸ਼੍ਰੋਮਣੀ ਕਮੇਟੀ ਦੇ ਪਰਬੰਧ ਵਿੱਚ ਸਿੱਖੀ ਅਤੇ ਗੁਰੂ ਨੂੰ ਸਮਰਮਿਤ ਸੋਚ ਵਾਲੇ ਗੁਰਸਿੱਖ ਨਹੀ ਆਉਣ ਦਿੱਤੇ ਗਏ। ਸਭ ਤੋਂ ਲੰਮਾ ਸਮਾਂ ਰਾਜ ਵੀ ਪੰਜਾਬ ਅੰਦਰ ਅਕਾਲੀ ਦਲ ਨੇ ਕੀਤਾ ਹੈ, ਜਿਸ ਦੀ ਅਗਵਾਈ ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਰਹੀ ਹੈ ਅਤੇ ਸਭ ਤੋਂ ਵੱਧ ਕੌਮ ਦਾ ਨੁਕਸਾਨ ਵੀ ਬਾਦਲ ਦੇ ਰਾਜ ਵਿੱਚ ਹੀ ਹੋਇਆ ਹੈ। ਝੂਠੇ ਪੁਲਿਸ ਮੁਕਾਬਲਿਆਂ ਦੀ ਸ਼ੁਰੂਆਤ ਵੀ ਬਾਦਲ ਦੀ ਸਰਕਾਰ ਵਿਚ ਨਕਸਲੀ ਲਹਿਰ ਨੂੰ ਕੁਚਲਣ ਸਮੇਂ ਹੋਈ। ਇਹ ਬਾਦਲ ਸਰਕਾਰ ਦੀ ਅਜਿਹੀ ਖੂਨ ਪੀਣੀ ਪਿਰਤ ਸੀ, ਜਿਸ ਨੇ ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਨੂੰ ਨਿਗਲ ਲਿਆ। ਪੰਜਾਬ ਦੇ ਲੋਕਾਂ ਨੇ ਕਦੇ ਵੀ ਕਿਸੇ ਪਾਰਟੀ ਨੂੰ ਲਗਾਤਾਰ ਦੋ ਵਾਰ ਸਰਕਾਰ ਬਣਾਉਣ ਦਾ ਮੌਕਾ ਨਹੀ ਦਿੱਤਾ, ਪਰ ਪ੍ਰਕਾਸ਼ ਸਿੰਘ ਬਾਦਲ ਪਹਿਲੇ ਅਜਿਹੇ ਸਿਆਸੀ ਆਗੂ ਹੋ ਨਿਬੜੇ ਹਨ, ਜਿਹੜੇ ਸਭ ਤੌਂ ਵੱਧ ਪੰਜਾਬ ਦਾ ਨੁਕਸਾਨ ਕਰਨ, ਸਿੱਖੀ ਸਿਧਾਂਤਾਂ ਨੂੰ ਰੋਲਣ, ਗੁਰਦੁਆਰਾ ਪ੍ਰਬੰਧ ਵਿਚ ਨਿਘਾਰ ਲੈ ਕੇ ਆਉਣ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਮਹੱਤਤਾ ਨੂੰ ਇੱਕ ਗਿਣੀ ਮਿਥੀ ਸਾਜਿਸ਼ ਤਹਿਤ ਘਟਾਉਣ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬ-ਉੱਚਤਾ ਨੂੰ ਢਾਹ ਲਾਉਣ ਦੇ ਗੁਨਾਹਗਾਰ ਹੋਣ ਦੇ ਬਾਵਜੂਦ ਵੀ ਲਗਾਤਾਰ 10 ਸਾਲ ਰਾਜ ਕਰਨ ਵਾਲੇ ਅਤੇ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਬਨਣ ਵਾਲੇ ਪੰਜਾਬ ਦੇ ਪਹਿਲੇ ਸਿਆਸੀ ਆਗੂ ਬਣੇ ਹੋਣ ਦਾ ਮਾਣ ਰੱਖਦੇ ਹਨ। ਸ਼ਾਇਦ ਕਾਂਗਰਸੀਆਂ ਨੇ ਵੀ ਕੇਂਦਰ ਨਾਲ ਸਾਂਝ ਭਿਆਲੀ ਪਾਉਣ ਦੀ ਜੁਗਤ ਬਾਦਲ ਤੋ ਹੀ ਸਿੱਖੀ ਹੋਵੇਗੀ, ਇਸ ਕਰਕੇ ਹੀ 2017 ਦੀਆਂ ਚੋਣਾਂ ਮੌਕੇ ਮੱਥੇ ਨੂੰ ਗੁਟਕਾ ਸਾਹਿਬ ਲਾ ਕੇ ਕਸਮ ਖਾਣ ਤੋ ਬਾਅਦ ਵੀ ਕਾਂਗਰਸ ਪਾਰਟੀ ਦੇ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦਾ ਕੱਖ ਨਹੀਂ ਸੀ ਸੰਵਾਰਿਆ। ਬਲਕਿ ਕੇਂਦਰ ਨਾਲ ਸਾਂਝ ਪਾ ਕੇ ਪੰਜ ਸਾਲ ਰਾਜ ਭਾਗ ਮਾਨਣ ਤੱਕ ਦਾ ਸੁਪਨਾ ਹੀ ਪਾਲਿਆ ਸੀ, ਜਿਹੜਾ ਸਾਢੇ ਚਾਰ ਬਾਅਦ ਹੀ ਟੁੱਟ ਗਿਆ। ਇਹੋ ਕਾਰਨ ਰਿਹਾ ਹੈ ਕਿ ਪੰਜਾਬ ਦੇ ਲੋਕ ਦੋਨੋਂ ਹੀ ਪਾਰਟੀਆਂ ਕਾਂਗਰਸ ਅਤੇ ਅਕਾਲੀ ਦਲ ਤੋਂ ਬੁਰੀ ਤਰਾਂ ਨਿਰਾਸ਼ ਹੋਣ ਕਰਕੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਤੇ ਟੇਕ ਰੱਖ ਬੈਠੇ,ਜਿਸ ਦਾ ਨਤੀਜਾ ਇਹ ਨਿਕਲਿਆ ਕਿ ਆਮ ਆਦਮੀ ਪਾਰਟੀ 117 ਵਿੱਚੋਂ 92 ਸੀਟਾਂ ਜਿੱਤ ਕੇ ਨਵਾਂ ਰਿਕਾਰਡ ਕਾਇਮ ਕਰਨ ਵਾਲੀ ਪੰਜਾਬ ਦੀ ਪਹਿਲੀ ਸਿਆਸੀ ਪਾਰਟੀ ਬਣ ਗਈ।ਇੱਥੇ ਇਹ ਦੱਸਣਾ ਵੀ ਜਰੂਰੀ ਬਣਦਾ ਹੈ ਕਿ ਇਸ ਵਾਰ ਬਦਲਾਅ ਦੇ ਨਾਮ ਤੇ ਪਈ ਵੋਟ ਨੇ ਹੀ ਆਮ ਆਦਮੀ ਪਾਰਟੀ ਨੂੰ ਭਾਰੀ ਬਹੁਮੱਤ ਨਾਲ ਜਿਤਾਇਆ, ਪ੍ਰੰਤੂ ਜਿੰਨਾ ਜਲਦੀ ਆਮ ਆਦਮੀ ਪਾਰਟੀ ਦੀ ਸਰਕਾਰ ਤੋ ਲੋਕਾਂ ਦਾ ਮੋਹ ਭੰਗ ਹੁੰਦਾ ਜਾ ਰਿਹਾ ਹੈ, ਇਹ ਹਾਲਾਤ ਦੇਖ ਕੇ ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਸ਼ਾਇਦ ਪੌਣੇ ਦੋ ਮਹੀਨਿਆਂ ਭਾਵ 45 ਕੁ ਦਿਨਾਂ ਦੇ ਬਹੁਤ ਥੋੜੇ ਸਮੇਂ ਵਿੱਚ ਲੋਕਾਂ ਦੇ ਵਿਸ਼ਵਾਸ ਗੁਆ ਲੈਣ ਵਾਲੀ ਵੀ ਆਪ ਪਾਰਟੀ ਪੰਜਾਬ ਦੀ ਪਹਿਲੀ ਸਿਆਸੀ ਪਾਰਟੀ ਬਨਣ ਦਾ ਰਿਕਾਰਡ ਅਪਣੇ ਨਾਮ ਕਰਵਾ ਲਵੇਗੀ। ਪੰਜਾਬ ਵਿਚੋਂ ਰਾਜ ਸਭਾ ਮੈਂਬਰਾਂ ਦੀ ਨਿਯੁਕਤੀ, ਘਰੇਲੂ ਬਿਜਲੀ ਖਪਤਕਾਰਾਂ ਦੇ ਬਿਲ ਅਤੇ ਬਕਾਇਆ ਮੁਆਫ ਕਰਨ ਤੋਂ ਭੱਜਣ, ਸਹਿਕਾਰੀ ਬੈਂਕਾਂ ਦੇ ਕਰਜੇ ਨਾ ਭਰ ਸਕਣ ਵਾਲੇ



ਦੋ ਹਜ਼ਾਰ ਕਿਸਾਨਾਂ ਤੇ ਪਰਚੇ ਦਰਜ ਕਰਨ, ਔਰਤਾਂ ਦੇ ਖਾਤਿਆਂ ਵਿਚ ਹਜ਼ਾਰ ਰੁਪਏ/ਮਹੀਨਾ ਪਾਉਣ ਦੇ ਵਾਅਦੇ ਤੋਂ ਟਾਲਾ ਵੱਟਣਾ ਅਤੇ ਸਭ ਤੋਂ ਖਤਰਨਾਕ ਅਤੇ ਪੰਜਾਬ ਵਿਰੋਧੀ ਖਾਸ ਕਰਕੇ ਸਿੱਖ ਵਿਰੋਧੀ ਰੋਲ ਅਦਾ ਕਰਨ ਵਿੱਚ ਪਟਿਆਲੇ ਵਾਲੀ ਘਟਨਾ ਵਿੱਚ ਨਿਭਾਇਆ ਗਿਆ ਰੋਲ, ਦੋਸ਼ੀਆਂ ਖਿਲਾਫ ਕਾਰਵਾਈ ਕਰਨ ਵਾਲੇ ਜਿਲਾ ਪੁਲਿਸ ਮੁਖੀ ਅਤੇ ਆਈ ਜੀ ਦੀ ਬਦਲੀ ਕਰਕੇ ਸਿੱਖ ਨੌਜਵਾਨਾਂ ਤੇ ਝੂਠੇ ਪਰਚੇ ਦਰਜ ਕਰਨ ਵਰਗੇ ਦਿੱਲੀ ਪੱਖੀ ਫੈਸਲਿਆਂ ਤੋਂ ਲੋਕ ਬੇਹੱਦ ਨਿਰਾਸ਼ ਹੋਏ ਹਨ। ਉਪਰੋਕਤ ਦੇ ਮੱਦੇਨਜ਼ਰ ਪੰਜਾਬ ਸਰਕਾਰ ਦੇ ਦਿਨੋ ਦਿਨ ਲੋਕਾਂ ਵਿਚੋਂ ਡਿੱਗ ਰਹੇ ਗਰਾਫ ਦਾ ਕਾਰਨ ਸਿਆਸੀ ਸੂਝਬੂਝ ਦੀ ਘਾਟ ਦੇ ਨਾਲ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਆਹਲਾਕਮਾਨ ਦਾ ਹੱਦੋਂ ਵੱਧ ਦਬਾਅ ਤਾਂ ਹੈ ਹੀ, ਪ੍ਰੰਤੂ ਨਾਲ ਹੀ ਸਚਾਈ ਇਹ ਵੀ ਹੈ ਕਿ ਦਿੱਲੀ ਵਿਚ ਬੈਠੀ ਪਾਰਟੀ ਆਹਲਾਕਮਾਨ ਨੂੰ ਪੰਜਾਬ ਨਾਲ ਕੋਈ ਹੇਜ ਹਮਦਰਦੀ ਨਹੀਂ ਹੈ, ਬਲਕਿ ਪੰਜਾਬ ਦੀ ਬਰਬਾਦੀ ਦੀ ਇਬਾਰਤ ਲਿਖਣ ਵਾਲੀ ਕਤਾਰ ਵਿੱਚ ਆਪਣਾ ਨਾਮ ਮੋਹਰੀਆਂ ਵਿੱਚ ਦਰਜ ਕਰਵਾਉਣ ਲਈ ਕਾਹਲੇ ਕਦਮੀ ਚੱਲਦੀ ਪ੍ਰਤੀਤ ਹੁੰਦੀ ਹੈ। ਕੁੱਝ ਵੀ ਹੋਵੇ, ਜਿਸ ਤਰਾਂ ਦੇ ਪੰਜਾਬ ਸਰਕਾਰ ਦੇ ਕੰਮ ਕਰਨ ਦੇ ਤੌਰ ਤਰੀਕੇ ਹਨ,ਉਹ ਪੰਜਾਬ ਦੇ ਲੋਕਾਂ ਨੂੰ ਨਿਰਾਸ਼ ਕਰਨ ਵਾਲੇ ਹਨ। ਜੇਕਰ ਗੱਲ ਸਿਸਟਮ ਵਿੱਚ ਬਦਲਾਅ ਦੀ ਕੀਤੀ ਜਾਵੇ ਤਾਂ ਇਹ ਕਿਹਾ ਜਾਣਾ ਗਲਤ ਨਹੀਂ ਕਿ ਆਮ ਆਦਮੀ ਪਾਰਟੀ ਦੇ ਬਦਲਾਅ ਦੇ ਨਾਮ ’ਤੇ ਚੋਣਾਂ ਜਿੱਤਣ ਵਾਲੇ ਵਿਧਾਇਕ ਭਾਵੇਂ ਸਿਸਟਮ ਵਿਚ ਬਦਲਾਅ ਕਰਨ ਦੇ ਯੋਗ ਤਾਂ ਨਹੀਂ ਹੋ ਸਕੇ, ਪਰ ਉਨਾਂ ਨੇ ਆਪਣੇ ਰਹਿਣ ਸਹਿਣ, ਜਿਉਣ ਦੇ ਢੰਗ ਵਿਚ ਬਹੁਤ ਬਦਲਾਅ ਲੈਆਂਦਾ ਹੈ। ਹੁਣ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੂੰ ਆਪਣੇ ਹਲਕੇ ਵਿੱਚ ਰਹਿਣ ਤੋਂ ਔਖ ਮਹਿਸੂਸ ਹੋਣ ਲੱਗੀ ਹੈ ਅਤੇ ਹੁਣ ਉਨਾਂ ਨੇ ਆਪਣੀ ਰਿਹਾਇਸ਼ ਪਿੰਡਾਂ ਵਿਚੋਂ ਬਦਲ ਕੇ ਚੰਡੀਗੜ ਜਰੂਰ ਕਰ ਲਈ ਹੈ। ਹਲਕਾ ਮਹਿਲ ਕਲਾਂ ਦੇ ਵਿਧਾਇਕ ਦੀ ਚੰਡੀਗੜ ਰਿਹਾਇਸ਼ ਕਰਨ ਦੀ ਕਾਹਲ ਪਿਛਲੇ ਦਿਨੀਂ ਵਾਇਰਲ ਹੋਈਆਂ ਵੀਡੀਓ ਵਿੱਚ ਦੇਖੀ ਜਾ ਸਕਦੀ ਹੈ। ਵਿਧਾਇਕ ਸਾਹਿਬ ਨੂੰ ਫਲੈਟ ਦੀ ਚਾਬੀ ਅਜੇ ਮਿਲੀ ਵੀ ਨਹੀਂ ਸੀ, ਪਰ ਸਮਾਨ ਤੇ ਪਰਿਵਾਰ ਨੂੰ ਉਹ ਪਹਿਲਾਂ ਹੀ ਗੱਡੀਆਂ ਵਿਚ ਲੱਦ ਕੇ ਚੰਡੀਗੜ ਪਹੁੰਚ ਗਏ। ਇਸੇ ਤਰਾਂ ਬਰਨਾਲਾ ਦੇ ਦੂਸਰੇ ਦੋ ਵਿਧਾਇਕਾਂ, ਜਿਨਾਂ ਵਿਚੋਂ ਇੱਕ ਕੈਬਨਿਟ ਮੰਤਰੀ ਹਨ, ਉਨਾਂ ਨੇ ਰਿਹਾਇਸ਼ ਦੇ ਨਾਲ ਆਪਣੇ ਮੋਬਾਇਲ ਨੰਬਰਾਂ ਵਿੱਚ ਵੀ ਬਦਲਾਅ ਕਰ ਲਿਆ ਹੈ, ਹੁਣ ਮੰਤਰੀ ਸਾਹਬ ਨੂੰ ਪੁਰਾਣੇ ਨੰਬਰ ਤੇ ਘੰਟੀਆਂ ਮਾਰਨ ਦਾ ਕੋਈ ਲਾਭ ਨਹੀਂ ਹੋਵੇਗਾ। ਸੋ, ਉਪਰੋਕਤ ਵਰਤਾਰਾ ਬੇਸ਼ੱਕ ਪੜਨ ਸੁਣਨ ਵਿੱਚ ਮਜਾਕੀਆ ਜਾਪਦਾ ਹੋਵੇਗਾ, ਪਰ ਸੱਚ ਤਾਂ ਇਹ ਹੈ ਕਿ ਇਹ ਵਰਤਾਰਾ ਬੇਹੱਦ ਨਿੰਦਣਯੋਗ ਅਤੇ ਆਪਣੇ ਲੋਕਾਂ ਨਾਲ ਧ੍ਰੋਹ ਕਮਾਉਣ ਵਾਲਾ ਹੈ। ਵਿਧਾਇਕਾਂ ਮੰਤਰੀਆਂ ਵੱਲੋਂ ਘਰ ਬਦਲਣੇ, ਮੋਬਾਇਲ ਨੰਬਰ ਬਦਲਣੇ, ਉਨਾਂ ਦੀ ਨੀਅਤ ਪ੍ਰਤੀ ਕਈ ਤਰਾਂ ਸ਼ੰਕੇ ਖੜੇ ਕਰਦਾ ਹੈ। ਮੰਤਰੀ ਦੀ ਰਿਹਾਇਸ਼ ਚੰਡੀਗੜ ਵਿਚ ਤਬਦੀਲ ਹੋਣੀ ਕੁੱਝ ਸਮਝ ਵਿੱਚ ਪੈਂਦੀ ਹੈ, ਪਰ ਮਹਿਲ ਕਲਾਂ ਦੇ ਵਿਧਾਇਕ, ਜਿਸ ਦੇ ਨਾ ਹੀ ਤਾਂ ਅਜੇ ਤੱਕ ਚੰਡੀਗੜ ਵਿੱਚ ਕੋਈ ਕਾਰੋਬਾਰ ਹਨ ਅਤੇ ਨਾ ਹੀ ਕੋਈ ਪਾਰਟੀ ਨੇ ਹੋਰ ਵੱਡੀ ਜੁੰਮੇਵਾਰੀ ਦਿੱਤੀ ਹੈ ਜਿਸ ਤੋਂ ਚੰਡੀਗੜ ਵਿਚ ਰਿਹਾਇਸ਼ ਦਾ ਕੋਈ ਕਾਰਨ ਸਮਝ ਆ ਸਕੇ। ਬਗੈਰ ਕਿਸੇ ਠੋਸ ਕਾਰਨ ਤੋਂ ਐਨੇ ਮਹਿੰਗੇ ਸ਼ਹਿਰ ਵਿਚ ਰਹਿਣ ਦੀ ਇੱਛਾ ਉਨਾਂ ਦੀ ਇਮਾਨਦਾਰੀ ਤੇ ਸਵਾਲੀਆ ਨਿਸ਼ਾਨ ਲਾਉਂਦੀ ਹੈ।ਭਗਵੰਤ ਮਾਨ ਸਰਕਾਰ ਦੇ ਹੁਣ ਤੱਕ ਦੀ ਉੱਪਰ ਦਰਸਾਏ ਗਈ ਕਾਰਜ ਪ੍ਰਣਾਲੀ ਤੋਂ ਇਲਾਵਾ ਪਿਛਲੇ ਦਿਨੀਂ ਪਟਿਆਲਾ ਵਿੱਚ ਵਾਪਰੀ ਘਟਨਾ ’ਤੇ ਜਿਸ ਤਰਾਂ ਆਪ ਸਰਕਾਰ ਨੇ ਸਿੱਖ ਨੌਜਵਾਨਾਂ ਤੇ ਕੇਂਦਰੀ ਤਾਕਤਾਂ ਨੂੰ ਖੁਸ਼ ਕਰਨ ਲਈ ਪਰਚੇ ਦਰਜ ਕੀਤੇ ਹਨ ਅਤੇ ਉਨਾਂ ਪਰਿਵਾਰਾਂ ਨੂੰ ਪੁਲਿਸ ਵੱਲੋਂ ਤੰਗ ਪ੍ਰੇਸ਼ਾਨ ਕਰਨ ਖਾਸ ਕਰਕੇ ਮਹਿਲਾ ਪਰਿਵਾਰਕ ਮੈਬਰਾਂ ਨੂੰ ਗ੍ਰਿਫਤਾਰ ਕਰਨ ਦੀਆਂ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀਆਂ ਖਬਰਾਂ ਦੀਪ ਸਿੱਧੂ ਵੱਲੋਂ ਭਗਵੰਤ ਮਾਨ ਦੇ ਸਬੰਧ ਵਿੱਚ ਕੀਤੀ ਗਈ ਭਵਿੱਖ ਬਾਣੀ ਨੂੰ ਸੱਚ ਕਰਦੀਆਂ ਹਨ। ਅਖੀਰ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸਲਾਹ ਹੈ ਕਿ ਉਹ ਪੰਜਾਬ ਦੇ ਲੋਕਾਂ ਦੀਆਂ ਇਛਾਵਾਂ ਦਾ ਘਾਣ ਕਰਕੇ ਸੱਤਾ ਸਲਾਮਤੀ ਦਾ ਰਾਹ ਅਖਤਿਆਰ ਕਰਨ ਦੀ ਗੁਸਤਾਖੀ ਨਾ ਕਰਨ, ਬਲਕਿ ਸਵੈ-ਪੜਚੋਲ ਦੇ ਨਾਲ ਨਾਲ ਸਵੈ-ਨਿਰਣੇ ਲੈਣ ਲਈ ਦ੍ਰਿੜ ਸੰਕਲਪ ਹੋਣ ਅਤੇ ਲੋਕ ਹਿਤਾਂ ਦੀ ਪਹਿਰੇਦਾਰੀ ਨੂੰ ਯਕੀਨੀ ਬਨਾਉਣ ਲਈ ਆਤਮ ਵਿਸ਼ਵਾਸ਼ ਬਣਾ ਕੇ ਰੱਖਣ।



ਅੰਮ੍ਰਿਤਸਰ ਟਾਈਮਜ਼ AMRITSAR TIMES

04 ਮਈ 2022 ਤੋਂ 10 ਮਈ 2022

# ਸਰਹਿੰਦ ਫਤਹਿ ਦਿਵਸ ਨੂੰ ਯਾਦ ਕਰਦਿਆਂ

ਗੁਰੂ ਪਾਤਸ਼ਾਹ ਨੇ ਸਾਨੂੰ ਖੁਦ ਇਨਸਾਫ ਕਰਨ ਦੇ ਸਮਰੱਥ ਬਣਾਇਆ ਹੈ। ਸੱਚ ਅਤੇ ਝੂਠ ਦੇ ਨਿਤਾਰੇ ਲਈ ਗੁਰੂ ਖਾਲਸਾ ਪੰਥ 'ਸਵਾ ਲੱਖ' ਵੀ ਨਿਆਂ ਕਰਨ ਦੇ ਸਮਰੱਥ ਹੈ। ਇਹੀ ਨਿਆਂ ਅੱਜ ਤੋਂ ਤਕਰੀਬਨ 312 ਸਾਲ ਪਹਿਲਾਂ ਗੁਰੂ ਪਾਤਿਸ਼ਾਹ ਜੀ ਦੇ ਥਾਪੜੇ ਨਾਲ ਚੱਲੇ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਫਤਹਿ ਕਰ ਕੇ ਕੀਤਾ ਸੀ। ਪ੍ਰੋ. ਪੂਰਨ ਸਿੰਘ ਲਿਖਦੇ ਹਨ ਕਿ 'ਉਹ ਸੂਰਮਾ ਕੀ ਜੋ ਟੀਨ ਦੇ ਭਾਂਡੇ ਵਾਂਗ ਪਲ ਵਿਚ ਗਰਮ ਤੇ ਪਲ ਵਿਚ ਠੰਡਾ ਹੋ ਜਾਵੇ। ਸਦੀਆਂ ਅੱਗ ਉਸ ਦੇ ਹੇਠ ਬਲਦੀ ਰਹੇ ਤਾਂ ਸ਼ਾਇਦ ਕਿਤੇ ਵੀਰ ਪੁਰਖ ਤੱਤਾ ਹੋ ਸਕੇ ਤੇ ਹਜ਼ਾਰਾਂ ਵਰੇ ਬਰਫ ਉਸ 'ਤੇ ਜੰਮਦੀ ਰਹੇ ਤਾਂ ਵੀ ਕੀ ਮਜਾਲ ਉਸ ਦੀ ਬਾਣੀ ਤਕ ਠੰਡੀ ਹੋ ਸਕੇ। ਉਸ ਨੂੰ ਆਪ ਠੰਡੇ ਤੱਤੇ ਹੋਣ ਨਾਲ ਕੀ ਮਤਲਬ ?' ਪ੍ਰੋ. ਹਰਪਾਲ ਸਿੰਘ ਪੰਨੂ ਬਾਬਾ ਬੰਦਾ ਸਿੰਘ ਬਹਾਦਰ ਬਾਬਤ ਲਿਖਦੇ ਹਨ ਕਿ 'ਪੰਜਵੇਂ ਪਾਤਸ਼ਾਹ, ਨੌਵੇਂ ਪਾਤਸ਼ਾਹ ਅਤੇ ਸਾਹਿਬਜ਼ਾਦਿਆਂ ਸਮੇਤ ਹਜ਼ਾਰਾਂ ਮਾਸੂਮਾਂ ਦੇ ਕਤਲਾਂ ਨੇ ਬੰਦਾ ਸਿੰਘ ਨੂੰ ਗੁੱਸੇ ਕਰ ਦਿੱਤਾ। ਇਹੋ ਜਿਹੇ ਜਰਨੈਲ ਜਦੋਂ ਗੁੱਸੇ ਵਿੱਚ ਆ ਜਾਣ ਤਦ ਉਨਾਂ ਦਾ ਗੁੱਸਾ ਉਤਰਨ ਵਿੱਚ ਵੀ ਕਈ ਸਦੀਆਂ ਲਗਦੀਆਂ ਹਨ।'

ਲਛਮਣ ਦੇਵ ਜਦੋਂ ਅਜੇ ਨਿੱਕੀ ਉਮਰ 'ਚ ਸੀ ਤਾਂ ਆਮ ਨੌਜਵਾਨਾਂ ਵਾਂਙ ਉਸ ਦਾ ਝੁਕਾਅ ਵੀ ਸ਼ਿਕਾਰ, ਘੋੜ-ਸਵਾਰੀ, ਤੀਰ-ਅੰਦਾਜੀ ਆਦਿ ਵੱਲ ਸੀ ਪਰ ਉਹ ਬਹੁਤ ਦਿਲ ਵਾਲਾ ਨਹੀਂ ਸੀ ਭਾਵ ਨਰਮ ਦਿਲ ਅਤੇ ਜਜ਼ਬਾਤੀ ਸੁਭਾਅ ਦਾ ਸੀ। ਹਿਰਨ ਦੇ ਸ਼ਿਕਾਰ ਤੋਂ ਬਾਅਦ ਉਸ ਨੂੰ ਅਜਿਹਾ ਪਛਤਾਵਾ ਹੋਇਆ ਕਿ ਰੁਚੀ ਤਿਆਗੀ ਸਾਧੂਆਂ ਵਾਲੇ ਪਾਸੇ ਮੋੜਾ ਖਾ ਗਈ। ਘਰ ਘਾਟ ਛੱਡ ਕੇ ਬੈਰਾਗੀ ਦਾ ਚੇਲਾ ਬਣਿਆ ਅਤੇ ਨਾਮ ਲਛਮਣ ਦੇਵ ਤੋਂ ਮਾਧੋ ਦਾਸ ਪੈ ਗਿਆ। ਪਰ ਕੁਦਰਤ ਨੂੰ ਅਜੇ ਕੁਝ ਹੋਰ ਮਨਜੂਰ ਸੀ। ਦਸਵੇਂ ਪਾਤਿਸਾਹ ਨੇ ਥਾਪੜਾ ਦੇਣਾ ਸੀ ਅਤੇ ਸਰਬੱਤ ਦੇ ਭਲੇ ਲਈ ਧਰਮ ਯੁੱਧ ਲਈ ਰਵਾਨਾ ਕਰਨਾ ਸੀ। ਬਿਧ ਬਣੀ ਅਤੇ ਪਾਤਿਸ਼ਾਹ ਨਾਲ ਮੇਲ ਹੋਇਆ, ਕੁਰਾਹੇ ਅਤੇ ਵਿਅਰਥ ਜਾ ਰਹੀਆਂ ਮਾਨਸਿਕ ਅਤੇ ਸਰੀਰਕ ਸ਼ਕਤੀਆਂ ਦਾ ਰੁਖ ਬਦਲਿਆ ਅਤੇ ਸਤਾਈ ਹੋਈ ਲੁਕਾਈ ਦੀ ਸੇਵਾ ਵੱਲ ਹੋ ਗਿਆ। ਗੁਰੂ ਪਾਤਿਸ਼ਾਹ ਨੇ ਉਸ ਨੂੰ ਖੰਡੇ ਬਾਟੇ ਦੀ ਪਾਹੁਲ ਛਕਾਈ ਅਤੇ ਮਾਧੋ ਦਾਸ ਤੋਂ ਬੰਦਾ ਸਿੰਘ ਬਣਾ ਦਿੱਤਾ।

ਔਰੰਗਜ਼ੇਬ ਦੀ ਮੌਤ ਤੋਂ ਬਾਅਦ ਬਹਾਦਰ ਸ਼ਾਹ ਜਿਸ ਦਾ ਪਹਿਲਾ ਨਾਮ ਮੁਅਜ਼ਮ ਸੀ, ਉਸ ਨੇ ਬਾਦਸ਼ਾਹ ਬਣਨ ਲਈ ਗੁਰੂ ਪਾਤਿਸ਼ਾਹ ਤੋਂ ਮਦਦ ਮੰਗੀ ਅਤੇ ਬਾਦਸ਼ਾਹ ਬਣ ਜਾਣ ਦੀ ਸੂਰਤ ਵਿੱਚ ਇਨਸਾਫ ਕਰਨ ਦੀ ਗੱਲ ਉੱਤੇ ਸਹਿਮਤੀ ਕੀਤੀ ਗਈ ਪਰ ਜਦੋਂ ਦਸਵੇਂ ਪਾਤਿਸ਼ਾਹ ਦੀ ਮਿਹਰ ਸਦਕਾ ਉਹ ਬਾਦਸ਼ਾਹ ਬਣ ਗਿਆ ਤਾਂ ਆਪਣੇ ਰਾਜ ਭਾਗ ਦੀ ਫਿਕਰ ਵਿੱਚ ਬੇਵੱਸ ਹੋ ਕੇ ਸਮਾਂ ਅੱਗੇ ਪਾਉਣ ਲੱਗਾ, ਤੈਅ ਹੋਈਆਂ ਗੱਲਾਂ ਨੂੰ ਲਮਕਾਉਣ ਲੱਗਾ ਤਾਂ ਗੁਰੂ ਪਾਤਿਸ਼ਾਹ ਨੇ ਬੰਦਾ ਸਿੰਘ ਨੂੰ ਥਾਪੜਾ ਦਿੱਤਾ, ਪੰਜ ਤੀਰ ਆਪਣੇ ਭੱਥੇ ਵਿਚੋਂ ਬਖਸ਼ੇ, ਨਿਸ਼ਾਨ ਅਤੇ ਨਗਾਰਾ ਦਿੱਤਾ ਅਤੇ ਕੁਝ ਸਿੰਘਾਂ ਨਾਲ ਬੰਦਾ ਸਿੰਘ ਨੇ ਇਨਸਾਫ ਕਰਨ ਲਈ ਪੰਜਾਬ ਨੂੰ ਕੂਚ ਕੀਤਾ। ਪ੍ਰੋ. ਪੂਰਨ ਸਿੰਘ ਆਪਣੀ ਇੱਕ ਲਿਖਤ ਵਿੱਚ ਲਿਖਦੇ ਹਨ ਕਿ 'ਜਦ ਕਿਸੇ ਦਾ ਭਾਗ ਜਾਗਿਆ ਤੇ ਉਸ ਨੂੰ ਜੋਸ਼ ਆਇਆ ਤਾਂ ਜਾਣ ਲਵੋ ਦੁਨੀਆਂ ਵਿਚ ਤੂਫਾਨ ਆ ਗਿਆ। ਉਸ ਦੀ ਚਾਲ ਸਾਹਮਣੇ ਫੇਰ ਕੋਈ ਰੁਕਾਵਟ ਨਹੀਂ ਆ ਸਕਦੀ। ਪਹਾੜਾਂ ਦੀਆਂ ਪਸਲੀਆਂ ਤੋੜ ਕੇ ਇਹ ਲੋਕ ਵਾ ਵਰੋਲੇ ਵਾਂਗ ਨਿਕਲ ਜਾਂਦੇ ਹਨ। ਉਨਾਂ ਦੀ ਤਾਕਤ ਦਾ ਇਸ਼ਾਰਾ ਭੁਚਾਲ ਦੱਸਦਾ ਹੈ। ਕੁਦਰਤ ਦੀ ਹੋਰ ਕੋਈ ਤਾਕਤ ਉਨਾਂ ਦੇ ਸਾਹਮਣੇ ਫਟਕ ਨਹੀਂ ਸਕਦੀ। ਸਭ ਚੀਜ਼ਾਂ ਰੁਕ ਜਾਂਦੀਆਂ ਹਨ। ਪ੍ਰਮਾਤਮਾ ਵੀ ਸਾਹ ਰੋਕ ਕੇ ਉਨਾਂ ਦਾ ਰਾਹ ਵੇਖਦਾ ਹੈ।'

ਬੰਦਾ ਸਿੰਘ ਕੋਲ ਨਾ ਕੋਈ ਤੋਪਖਾਨਾ ਸੀ ਅਤੇ ਨਾ ਹੀ ਹਾਥੀ ਸਗੋਂ ਉਸ ਦੇ ਸਾਰੇ ਸਿੰਘਾਂ ਕੋਲ ਘੋੜੇ ਵੀ ਪੂਰੇ ਨਹੀਂ ਸਨ, ਸਿਰਫ ਲੰਮੇ ਨੇਜੇ, ਤੀਰ ਕਮਾਨ, ਕਿਰਪਾਨਾਂ ਆਦਿ ਹੀ ਸਨ। ਜੇਕਰ ਕੁਝ ਹੈ ਸੀ ਤਾਂ ਉਹ ਸੀ 'ਗੁਰੂ ਦੀ ਬਖਸ਼ਿਸ਼' ਜਿਸ ਸਦਕਾ ਸਰਹਿੰਦ ਨੂੰ ਜਾਣ ਵਕਤ ਸਿੰਘ ਆਪਣੇ ਭਾਂਡੇ, ਡੰਗਰ ਅਤੇ ਜਮੀਨਾਂ ਵੇਚ ਕੇ ਸਸ਼ਤਰ, ਘੋੜੇ ਖਰੀਦ ਜੰਗ ਲਈ ਆਪਣੇ ਆਪ ਨੂੰ ਪੇਸ਼ ਕਰਦੇ ਹਨ। ਗੁਰੂ ਖਾਲਸਾ ਪੰਥ ਨਿਆਂ ਕਰਦਾ ਹੋਇਆ ਸਮਾਣਾ, ਸਢੌਰ, ਬਨੂੜ ਆਦਿ ਇਲਾਕੇ ਫਤਹਿ ਕਰਦਾ ਹੋਇਆ ਸਰਹਿੰਦ ਫਤਹਿ ਕਰਦਾ ਹੈ ਅਤੇ ਉਨਾਂ ਦੇ ਕਿਰਦਾਰਾਂ ਦੀ ਖੁਸ਼ਬੂ ਸਭ ਜਗਾ ਫੈਲ ਜਾਂਦੀ ਹੈ। ਸੱਚ ਦੇ ਰਾਹ 'ਤੇ ਤੇਗ ਫੜ ਚੱਲ ਰਿਹਾ ਕਦੇ ਵੀ ਕਿਸੇ 'ਤੇ ਵਾਧਾ ਨਹੀਂ ਕਰਦਾ, ਇਸ ਗੱਲ ਦੀਆਂ ਇਤਿਹਾਸ ਵਿੱਚ ਬੇਅੰਤ ਗਵਾਹੀਆਂ ਹਨ। ਗੁਰੂ ਪਾਤਿਸਾਹ ਦੀਆਂ ਜੰਗਾਂ ਵੇਲੇ ਦੋਵਾਂ ਪਾਸਿਓਂ ਲੜਨ ਵਾਲਿਆਂ ਦਾ ਸੰਸਕਾਰ ਅਤੇ ਇਲਾਜ ਬਿਨਾਂ ਕਿਸੇ ਭੇਦ-ਭਾਵ ਦੇ ਕਰਵਾਇਆ ਜਾਂਦਾ ਸੀ। ਬਾਬਾ ਬੰਦਾ ਸਿੰਘ ਵੇਲੇ ਕਿਸੇ ਵੀ ਪੀਰ ਫਕੀਰ ਦੀ ਕੋਈ ਜਗਾ ਨੂੰ ਨੁਕਸਾਨ ਨਹੀਂ ਪਹੁੰਚਾਇਆ ਗਿਆ। ਗੰਡਾ ਸਿੰਘ ਆਪਣੀ ਕਿਤਾਬ 'ਬੰਦਾ ਸਿੰਘ ਬਹਾਦਰ' ਵਿੱਚ ਜ਼ਿਕਰ ਕਰਦੇ ਹਨ ਕਿ ਡਾ. ਗੋਕਲ ਚੰਦ ਨਾਰੰਗ ਨੇ 1912 ਈ. ਵਿੱਚ ਲਿਖਿਆ ਸੀ ਕਿ 'ਸਾਰੀਆਂ ਇਮਾਰਤਾਂ ਵਿਚੋਂ ਜਿਆਦਾ ਸ਼ਾਨਦਾਰ ਸ਼ਾਹ ਦਾ ਮਜ਼ਾਰ ਹੁਣ ਤੱਕ ਉਸੇ ਤਰਾਂ ਖੜਾ ਹੈ ਜਿਵੇਂ ਲੜਾਈ ਤੋਂ ਪਹਿਲਾਂ ਸੀ।' ਇਹ ਕਿਰਦਾਰ ਸੀ ਸਾਡੀ ਜੰਗ ਦਾ।

ਅਸੀਂ ਆਉਂਦੇ ਦਿਨਾਂ 'ਚ ਸਰਹਿੰਦ ਫਤਹਿ ਦਿਵਸ ਨੂੰ ਯਾਦ ਕਰਨਾ ਹੈ ਅਤੇ ਇਸ ਯਾਦ ਵਿੱਚ ਸਮਾਗਮ ਵੀ ਕਰਨੇ ਹਨ ਪਰ ਇਤਿਹਾਸ ਨੂੰ ਯਾਦ ਕਰਨ ਦਾ ਲਾਭ ਤਦ ਹੀ ਹੈ ਜੇਕਰ ਉਸ ਵਿਚੋਂ ਮਿਲ ਰਹੇ ਸੁਨੇਹਿਆਂ ਨੂੰ ਅਮਲ ਵਿੱਚ ਲੈ ਕੇ ਆ ਸਕੀਏ। ਅੱਜ ਸਦੀਆਂ ਬਾਅਦ ਜਦੋਂ ਇਨਸਾਫ ਦੀ ਗੱਲ ਤੁਰਦੀ ਹੈ ਤਾਂ ਸਾਨੂੰ ਆਪਣੇ ਇਤਿਹਾਸ ਅਤੇ ਰਵਾਇਤ ਤੋਂ ਸੇਧ ਲੈਂਦਿਆਂ ਆਪਣੇ ਅਮਲਾਂ ਦੀ ਜਰੂਰ ਪੜਚੋਲ ਕਰਨੀ ਚਾਹੀਦੀ ਹੈ ਅਤੇ ਗੁਰੂ ਪਾਤਿਸ਼ਾਹ ਨੂੰ ਅਰਦਾਸ ਕਰਨੀ ਚਾਹੀਦੀ ਹੈ ਕਿ ਸਾਨੂੰ ਸੇਵਾ ਸਿਮਰਨ ਦੀ ਦਾਤ ਮਿਲੇ ਜਿਸ ਨਾਲ ਅਸੀਂ ਉਸ ਦੀ ਬਖਸ਼ਿਸ਼ ਦੇ ਪਾਤਰ ਬਣ ਸਕੀਏ। ਪ੍ਰੋ. ਪੂਰਨ ਸਿੰਘ ਹੁਰਾਂ ਦੇ ਇਨਾਂ ਵਾਕਾਂ ਨੂੰ ਅਮਲ 'ਚ ਲੈ ਕੇ ਆਉਣ ਦੇ ਯਤਨ ਕਰਨੇ ਚਾਹੀਦੇ ਹਨ 'ਜਦੋਂ ਕਦੇ ਅਸੀਂ ਬਹਾਦਰਾਂ ਦਾ ਹਾਲ ਸੁਣਦੇ ਹਾਂ, ਤਾਂ ਸਾਡੇ ਆਪਣੇ ਅੰਦਰ ਵੀ ਬਹਾਦਰੀ ਦੀਆਂ ਲਹਿਰਾਂ ਉਠਦੀਆਂ ਹਨ, ਰੰਗ ਚੜ ਜਾਂਦਾ ਹੈ। ਪਰ ਉਹ ਰੰਗ ਟਿਕਾਊ ਨਹੀਂ ਹੁੰਦਾ। ਕਾਰਨ ਇਹ ਹੈ ਕਿ ਸਾਡੇ ਅੰਦਰ ਬਹਾਦਰੀ ਦਾ ਮਸਾਲਾ ਤਾਂ ਹੁੰਦਾ ਨਹੀਂ ਖਾਲੀ ਮਹਿਲ ਉਸ ਦੇ ਦਿਖਾਵੇ ਲਈ ਉਸਾਰਨਾ ਲੋਚਦੇ ਹਾਂ। ਟੀਨ ਦੇ ਭਾਂਡੇ ਦਾ ਸੁਭਾਉ ਛੱਡ ਕੇ ਆਪਣੇ ਜੀਵਨ ਦੇ ਅੰਤਰ-ਆਤਮੇ ਵਿਚ ਨਿਵਾਸ ਕਰੋ ਤੇ ਸੱਚਾਈ ਦੀ ਚੱਟਾਨ 'ਤੇ ਪੱਕੇ ਪੈਰੀਂ ਖਲੋ ਜਾਓ। ਆਪਣੀ ਜ਼ਿੰਦਗੀ ਕਿਸੇ ਹੋਰ ਨੂੰ ਸੌਂਪ ਦਿਓ ਤਾਂ ਜੋ ਜ਼ਿੰਦਗੀ ਬਚਾਉਣ ਦੇ ਯਤਨਾਂ ਵਿਚ ਸਮਾਂ ਵਾਧੂ ਨਸ਼ਟ ਨਾ ਹੋਵੇ।'

# ਜੰਮੂ ਕਸ਼ਮੀਰ ਵਿਚ ਪ੍ਰੈੱਸ ਦੀ ਅਜ਼ਾਦੀ ਉੱਪਰ ਹਮਲਾ



ਰਣਜੀਤ ਸਿੰਘ ਕੁਕੀ

ਜੰਮੂ ਕਸ਼ਮੀਰ ਵਿਚ ਧਾਰਾ 370 ਮਨਸੂਖ ਕਰਨ ਤੋਂ ਬਾਅਦ ਜ਼ਮੀਨੀ ਪੱਧਰ 'ਤੇ ਜਿਆਦਾ ਤਬਦੀਲੀ ਨਹੀਂ ਆਈ ਹੈ। ਵਿਰੋਧ ਨੂੰ ਦਬਾਉਣ ਲਈ ਜਨਤਕ ਸੁਰੱਖਿਆ ਐਕਟ ਅਤੇ ਮਨਮਾਨੇ ਢੰਗ ਨਾਲ ਕੀਤੀਆਂ ਗ੍ਰਿਫਤਾਰੀਆਂ ਨੂੰ ਹਥਿਆਰ ਬਣਾਇਆ ਜਾ ਰਿਹਾ ਹੈ। ਜੰਮੂ ਕਸ਼ਮੀਰ ਜਨਤਕ ਸੁਰੱਖਿਆ ਐਕਟ ਤਤਕਾਲੀ ਮੁੱਖ ਮੰਤਰੀ ਸ਼ੇਖ ਅਬਦੁੱਲਾ ਦੁਆਰਾ 1978 ਵਿਚ ਲਾਗੂ ਕੀਤਾ ਗਿਆ ਸੀ। ਇਸ ਐਕਟ ਤਹਿਤ ਪ੍ਰਸ਼ਾਸਨ ਨੂੰ ਕਿਸੇ ਵੀ ਵਿਅਕਤੀ ਨੂੰ ਸ਼ੱਕ ਦੇ ਆਧਾਰ 'ਤੇ ਗ੍ਰਿਫਤਾਰ ਕਰਨ ਲਈ ਬੇਇੰਤਹਾ ਸ਼ਕਤੀਆਂ ਪ੍ਰਦਾਨ ਕਰ ਦਿੱਤੀਆਂ।ਜੰਮੂ ਕਸ਼ਮੀਰ ਸੁਰੱਖਿਆ ਐਕਟ ਦਾ ਪਿਛੋਕੜ ਭਾਰਤ ਦੀ ਸੁਰੱਖਿਆ ਐਕਟ 1915 ਵਿਚ ਦੇਖਿਆ ਜਾ ਸਕਦਾ ਹੈ ਜੋ ਕਿ ਬਸਤੀਵਾਦੀ ਦੌਰ ਵਿਚ ਲਾਗੂ ਕੀਤਾ ਗਿਆ।ਇਹ ਬਸਤੀਵਾਦੀ ਕਸ਼ਮੀਰ ਵਿਚ ਹੀ 1946 ਵਿਚ ਪਾਸ ਕੀਤੇ ਗਏ ਜਨਤਕ ਸੁਰੱਖਿਆ ਐਕਟ ਦਾ ਹੀ ਦੁਹਰਾਅ ਸੀ।1946 ਦਾ ਜਨਤਕ ਸੁਰੱਖਿਆ ਐਕਟ 'ਕਸ਼ਮੀਰ ਛੱਡੋ ਅੰਦੋਲਨ' ਦੇ ਮੈਂਬਰਾਂ ਨੂੰ ਰੋਕਣ ਅਤੇ ਜਨਤਕ 'ਅਮਨ ਕਾਨੂੰਨ' ਬਣਾਈ ਰੱਖਣ ਲਈ ਹੀ ਲਾਗੂ ਕੀਤਾ ਗਿਆ ਸੀ। ਇਸ ਸੁਰੱਖਿਆ ਐਕਟ ਨੂੰ ਇਹ ਤਰਕ ਦੇ ਕੇ ਜਾਇਜ਼ ਠਹਿਰਾਇਆ ਗਿਆ ਸੀ ਕਿ ਜੰਗਲਾਤ ਹਿੱਸੇ ਨੂੰ ਬਣਾਉਣ ਲਈ ਇਹ ਲੱਕੜ ਦੇ ਤਸਕਰਾਂ ਵਿਰੱਧ ਵਰਤਿਆ ਜਾਵੇਗਾ।ਪਰ ਲੱਕੜ ਦੇ ਤਸਕਰਾਂ ਨੂੰ ਕਦੇ ਵੀ ਇਸ ਕਾਨੂੰਨ ਦੇ ਤਹਿਤ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ। ਅਸਲੀਅਤ ਇਹ ਹੈ ਕਿ ਇਸ ਐਕਰ ਨੂੰ ਰਾਜਨੀਤਕ ਮੁਫਾਦਾਂ ਅਤੇ ਵਿਰੋਧ ਦੀਆਂ ਅਵਾਜ਼ਾਂ ਨੂੰ ਦਬਾਉਣ ਲਈ ਹੀ ਇਸਤੇਮਾਲ ਕੀਤਾ ਜਾਂਦਾ ਰਿਹਾ ਹੈ।

5 ਅਗਸਤ 2019 ਨੂੰ ਜੰਮੂ ਕਸ਼ਮੀਰ ਨੂੰ ਇਸ ਦੇ ਵਿਸ਼ੇਸ਼ ਦਰਜੇ ਤੋਂ ਵਾਂਝਾ ਕਰ ਦਿੱਤਾ ਗਿਆ ਅਤੇ ਇਸ ਦਾ ਰੁਤਬਾ ਘਟਾ ਕੇ ਇਸ ਨੂੰ ਕੇਂਦਰੀ ਸ਼ਾਸਿਤ ਪ੍ਰਦੇਸ਼ ਵਿਚ ਤਬਦੀਲ ਕਰ ਦਿੱਤਾ ਗਿਆ। ਇਸ ਕਦਮ ਨਾਲ ਇਹ ਯਕੀਨੀ ਬਣਾਇਆ ਗਿਆ ਕਿ ਇਸ ਖਿੱਤੇ ਉੱਪਰ ਕੇਂਦਰੀ ਸਰਕਾਰ ਦਾ ਸਿੱਧਾ ਨਿਯੰਤਰਣ ਹੋ ਜਾਵੇ। ਬਹੁਤ ਸਾਰੀਆਂ ਨਾਗਰਿਕ ਸਮਾਜਿਕ ਸੰਸਥਾਵਾਂ (ਜਿਵੇਂ ਕਿ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਸਥਾ ਅਤੇ ਐਮਨੇਸਟੀ ਇੰਟਰਨੈਸ਼ਨਲ) ਦੁਆਰਾ ਪ੍ਰਕਾਸ਼ਿਤ ਕੀਤੀਆਂ ਗਈਆਂ ਰਿਪੋਰਟਾਂ ਤੋਂ ਇਹ ਸਪੱਸ਼ਟ ਹੋਇਆ ਹੈ ਕਿ ਇਸ ਕਾਨੂੰਨ ਦਾ ਨਿਸ਼ਾਨਾ ਨੌਜਵਾਨਾਂ ਅਤੇ ਨਿਜ਼ਾਮ ਦਾ ਵਿਰੋਧ ਕਰਨ ਵਾਲ਼ਿਆਂ ਨੂੰ ਬਣਾਇਆ ਗਿਆ ਹੈ। ਕਸ਼ਮੀਰ ਵਿਚ ਸਮਾਜਿਕ-ਰਾਜਨੀਤਿਕ ਵਰਤਾਰਾ ਇਕ ਬਦਲਾਅ ਵਿਚੋਂ ਲੰਘ ਰਿਹਾ ਹੈ। ਇਨਾਂ ਬਦਲਾਵਾਂ ਨੂੰ ਸਹੀ ਸਹੀ ਇੱਥੇ ਪੇਸ਼ ਕਰਨਾ ਸੰਭਵ ਨਹੀਂ ਹੈ, ਪਰ ਇਸ ਦਾ ਅਸਰ ਕਸ਼ਮੀਰ ਦੇ ਮੀਡੀਆ ਜਾਂ ਚੁੱਪ ਕਰਵਾਈਆਂ ਗਈਆਂ ਅਵਾਜ਼ਾਂ ਉੱਪਰ ਸਹਿਜੇ ਹੀ ਦੇਖਿਆ ਜਾ ਸਕਦਾ ਹੈ।

ਕਿਸੇ ਵੀ ਲੋਕਤੰਤਰੀ ਸਮਾਜ ਵਿਚ ਪ੍ਰੈਸ ਦਾ ਮਹੱਤਵਪੂਰਨ ਸਥਾਨ ਹੁੰਦਾ ਹੈ। ਇਹ ਵਿਚਾਰ ਬਣਾਉਣ, ਅੰਦੋਲਨਾਂ ਨੂੰ ਰਾਹ ਪ੍ਰਦਾਨ ਕਰਨ ਅਤੇ ਸਹੀ ਆਲੋਚਨਾ ਰਾਹੀ ਨੀਤੀਆਂ ਉੱਪਰ ਨਿਯੰਤ੍ਰਣ ਰੱਖਦੀ ਹੈ।ਅੰਗਰੇਜ਼ੀ ਨਾਵਲਕਾਰ ਚਾਰਲਸ ਡਿਕਨਜ਼ ਨੇ ਆਪਣੀ ਇਕ ਪੁਸਤਕ ਵਿਚ ਪ੍ਰੈਸ ਨੂੰ 'ਇਕ ਵੱਡਾ ਇੰਜਣ' ਕਿਹਾ ਹੈ।ਪ੍ਰੈੱਸ ਦਾ ਪ੍ਰਭਾਵ ਇੰਨਾ ਵਿਸ਼ਾਲ ਹੁੰਦਾ ਹੈ ਕਿ ਇਸ ਨੂੰ 'ਚੌਥੀ ਥੰਮ' ਵੀ ਕਿਹਾ ਜਾਂਦਾ ਹੈ। ਫਰਾਂਸ ਦਾ ਫੌਜੀ ਜਰਨੈਲ਼ ਨਪੋਲੀਅਨ ਕਿਹਾ ਕਰਦਾ ਸੀ, 'ਹਜ਼ਾਰਾਂ ਹੀ ਕਿਰਚਾਂ ਦੇ ਮੁਕਬਾਤਲਨ ਤੁਹਾਨੂੰ ਪ੍ਰਤੀਰੋਧੀ ਅਖਬਾਰਾਂ ਤੋਂ ਬਚਣਾ ਚਾਹੀਦਾ ਹੈ।' ਭਾਰਤੀ ਸੰਵਿਧਾਨ ਵਿਚ 'ਪ੍ਰੈਸ' ਜਾਂ 'ਮੀਡੀਆ' ਸ਼ਬਦ ਨਹੀਂ ਵਰਤੇ ਗਏ ਹਨ।ਪਰ ਭਾਰਤੀ ਨਿਆਂਇਕ ਵਿਵਸਥਾ ਵਿਚ ਇਹ ਮੰਨਿਆ ਗਿਆ ਹੈ ਕਿ ਸੰਵਿਧਾਨ ਦੀ ਧਾਰਾ 19 ਵਿਚ ਸ਼ਾਮਿਲ ਬੋਲਣ ਦੀ ਅਜ਼ਾਦੀ ਦੇ ਅਧਿਕਾਰ ਵਿਚ ਪ੍ਰੈੱਸ ਦੀ ਅਜ਼ਾਦੀ ਵੀ ਸ਼ਾਮਿਲ ਹੈ।ਭਾਰਤੀ ਅਜ਼ਾਦੀ ਤੋਂ ਬਾਅਦ ਪਹਿਲੀ ਅੱਧੀ ਸਦੀ ਵਿਚ ਖਬਰਾਂ ਨੂੰ ਚਲਾਉਣ ਦਾ ਕੰਮ ਜਨਤਕ ਪ੍ਰਸਾਰਕਾਂ ਕੋਲ ਸੀ ਜੋ ਕਿ ਪ੍ਰੈੱਸ ਦੀ ਅਜ਼ਾਦੀ ਉੱਪਰ ਵੱਡਾ ਨਿਯੰਤ੍ਰਣ ਸੀ। 1990ਵਿਆਂ ਵਿਚ ਆਰਥਿਕ ਉਦਾਰੀਕਰਨ ਦੀ ਸ਼ੁਰੂਆਤ ਤੋਂ ਬਾਅਦ ਮੀਡੀਆ ਦਾ ਨਿਯੰਤਰਣ ਨਿੱਜੀ ਹੱਥਾਂ ਵਿਚ ਆ ਗਿਆ ਜਿਸ ਨਾਲ ਅਜ਼ਾਦੀ ਅਤੇ ਸਰਕਾਰ ਦੇ ਨਿਯੰਤ੍ਰਣ ਦੋਹਾਂ ਵਿਚ ਹੀ ਭਾਰੀ ਵਾਧਾ ਹੋਇਆ।

ਮੌਜੂਦਾ ਦੌਰ ਵਿਚ ਭਾਰਤ ਦੀ ਪ੍ਰੈੱਸ ਦੁਆਰਾ ਅਜ਼ਾਦ ਰਹਿਣਾ ਬਹੁਤ ਹੀ ਮੁਸ਼ਕਿਲ ਹੋ ਗਿਆ ਹੈ। ਜਿਆਦਾ ਅਖਬਾਰ ਅਤੇ ਚੈਨਲ ਕਾਰਪੋਰੇਟ ਘਰਾਣਿਆਂ ਦੁਆਰਾ ਚਲਾਏ ਜਾਂਦੇ ਹਨ ਜੋ ਕਿ ਜਾਂ ਤਾਂ ਸਰਕਾਰ ਦੇ ਬੁਲਾਰਿਆਂ ਦੇ ਰੂਪ ਵਿਚ ਕੰਮ ਕਰਦੇ ਹਨ ਜਾਂ ਉਨਾਂ ਦਾ ਸੰਬੰਧ ਕਿਸੇ ਨਾ ਕਿਸੇ ਰਾਜਨੀਤਿਕ ਪਾਰਟੀ ਨਾਲ ਹੈ। ਅਸਲ ਵਿਚ ਗਿਣੇ-ਚੁਣੇ ਮੀਡੀਆ ਘਰ ਹੀ ਹੁਣ ਅਜ਼ਾਦੀ ਨਾਲ ਕੰਮ ਕਰ ਰਹੇ ਹਨ।ਇਸ ਤਰਾਂ ਦੇ ਹਾਲਾਤਾਂ ਵਿਚ ਲੋਕਾਂ ਦੀ ਮਹੱਤਤਾ ਅਤੇ ਇੱਛਾ ਨੂੰ ਅੱਖੋਂ-ਪਰੋਖੇ ਕਰ ਦਿੱਤਾ ਜਾਂਦਾ ਹੈ। ਜੰਮੂ ਕਸ਼ਮੀਰ ਵਿਚ ਪੱਤਰਕਾਰ, ਰਾਜਨੀਤਕ ਵਿਸ਼ਲੇਸ਼ਕ, ਕਾਲਮ-ਨਵੀਸ ਅਤੇ ਕਾਰਕੁੰਨ ਲਗਾਤਾਰ ਸਹਿਮ ਦੇ ਸਾਏ ਹੇਠ ਰਹਿ ਰਹੇ ਹਨ। ਸ੍ਰੀਨਗਰ ਵਿਚ ਪੱਤਰਕਾਰਾਂ ਦੇ ਘਰਾਂ ਵਿਚ ਪੁਲਿਸ ਦੁਆਰਾ ਸਮੇਂ ਸਮੇਂ ਤੇ ਰੇਡ ਕੀਤੀ ਜਾਂਦੀ ਹੈ ਅਤੇ ਉਨਾਂ ਨੂੰ ਹਿਰਾਸਤ ਵਿਚ ਲੈ ਕੇ ਉਨਾਂ ਤੋਂ ਘੰਟਿਆਂ ਬੱਧੀ ਪੁੱਛ-ਗਿੱਛ ਕੀਤੀ ਜਾਂਦੀ ਹੈ। ਪਿਛਲੇ ਦਹਾਕਿਆਂ ਵਿਚ ਚੱਲ ਰਹੀ ਰਾਜਨੀਤਿਕ ਉੱਥਲ-ਪੁੱਥਲ ਨੇ ਪ੍ਰੈੱਸ ਦੀ ਅਜ਼ਾਦੀ ਨੂੰ ਲਗਾਤਾਰ ਘਟਾਇਆ ਹੈ। ਸੂਬਾਈ ਅਤੇ ਗੈਰ-ਸੂਬਾਈ ਕਰਤਿਆਂ ਦੁਆਰਾ ਕੀਤੀ ਜਾਂਦੀ ਦਖਲਅੰਦਾਜ਼ੀ ਨੇ ਇਸ ਚੌਥੇ ਥੰਭ ਦੀ ਅਜ਼ਾਦੀ ਅਤੇ ਸਮਾਜਿਕ-ਰਾਜਨੀਤਿਕ ਸੰਸਥਾਵਾਂ ਦੇ ਵਿਕਾਸ ਨੂੰ ਠੱਲ ਪਾਈ ਹੈ। 1990ਵਿਆਂ ਤੋਂ ਲੈ ਕੇ ਹੁਣ ਤੱਕ ਸਥਾਨਕ ਪ੍ਰੈੱਸ ਦੋ ਬੰਦੂਕਾਂ ਦੀਆਂ ਧਮਕੀਆਂ ਵਿਚਕਾਰ ਫਸ ਗਈ ਹੈ, ਇਕ ਪਾਸੇ ਲੜਾਕੂ ਗੁਰੱਪ ਹਨ ਅਤੇ ਦੂਜੇ ਪਾਸੇ ਪੁਲਿਸ ਅਤੇ ਸੁਰੱਖਿਆ ਬਲ।

ਪੱਤਰਕਾਰਾਂ ਦੀ ਸਹਾਇਤਾ ਲਈ ਬਣੀ ਅਮਰੀਰਨ ਗੈਰ-ਸਹਾਇਤਾ ਕਮੇਟੀ ਅਨੁਸਾਰ 1992 ਤੋਂ ਲੈ ਕੇ 2021 ਦੌਰਾਨ 53 ਪੱਤਰਕਾਰਾਂ ਨੇ ਆਪਣਾ ਕੰਮ ਕਰਦੇ ਸਮੇਂ ਆਪਣੀ ਜਾਨ ਗੁਆਈ ਹੈ। ਇਨਾਂ ਵਿਚੋਂ ਦੋ ਦਰਜਨ ਤੋਂ ਜਿਆਦਾ ਕਸ਼ਮੀਰ ਵਿਚ ਮਾਰੇ ਗਏ ਸਨ। ਪਿਛਲੇ ਦੋ ਵਰਿਆਂ ਦੌਰਾਨ ਸ੍ਰੀਨਗਰ ਤੋਂ ਛਪਦੇ ਮਹੱਤਵਪੂਰਨ ਅਖਬਾਰਾਂ ਨੂੰ ਸਰਕਾਰੀ ਇਸ਼ਤਿਹਾਰਾਂ ਤੋਂ ਵਾਂਝੇ ਕਰ ਦਿੱਤਾ ਗਿਆ ਹੈ। ਇਹ ਇਕ ਵੱਡਾ ਕਾਰਨ ਹੈ ਕਿ ਇਹ ਸੰਸਥਾਵਾਂ ਹੁਣ ਆਰਥਿਕ ਮੰਦੀ ਵਿਚੋਂ ਲੰਘ ਰਹੀਆਂ ਹਨ। ਇਸੇ ਕਰਕੇ ਬਹੁਤ ਸਾਰੇ ਪੇਸ਼ੇਵਰ ਪੱਤਰਕਾਰ ਵਿਹਲੇ ਹੋ ਗਏ ਹਨ ਅਤੇ ਬਹੁਤ ਸਾਰਿਆਂ ਨੇ ਹੋਰ ਕਿੱਤਿਆਂ ਵਿਚ ਪ੍ਰਵੇਸ਼ ਕਰ ਲਿਆ ਹੈ।ਇਸ ਦੇ ਨਾਲ ਹੀ ਸਰਕਾਰ ਦਾ ਪ੍ਰੈੱਸ ਉੱਪਰ ਨਿਯੰਤ੍ਰਣ ਅਤੇ ਸੈਂਸਰਸ਼ਿਪ ਦਿਨ-ਬ-ਦਿਨ ਜਿਆਦਾ ਸਖਤ ਹੋਈ ਹੈ।ਅਗਰ ਕਸ਼ਮੀਰ ਦੇ ਪੱਤਰਕਾਰ ਉੱਥੋਂ ਦੇ ਮੁੱਢਲੇ ਮਸਲਿਆਂ ਜਿਵੇਂ ਜਨਤਕ ਸੇਵਾਵਾਂ, ਬਿਜਲੀ, ਪਾਣੀ, ਸੜਕਾਂ ਬਾਰੇ ਹੀ ਨਹੀਂ ਲਿਖ ਸਕਦੇ ਤਾਂ ਇਸ ਚੌਥੇ ਥੰਭ ਦਾ ਕੀ ਮਤਲਬ ਰਹਿ ਜਾਂਦਾ ਹੈ ? ਜਿਆਦਾਤਰ ਅਖਬਾਰਾਂ ਦੇ ਸੰਪਾਦਕੀ ਅਤੇ ਵਿਚਾਰ ਪੜਨ ਵਾਲੇ ਨਹੀਂ ਹੁੰਦੇ ਕਿਉਂਕਿ ਸੰਪਾਦਕ ਅਤੇ ਪੱਤਰਕਾਰ ਸਰਕਾਰ ਨੂੰ ਨਰਾਜ਼ ਨਹੀਂ ਕਰਨਾ ਚਾਹੁੰਦੇ ਹਨ।ਇਹ ਬਹੁਤ ਹੀ ਚਿੰਤਾ ਵਾਲੀ ਸਥਿਤੀ ਹੈ ਜੋ ਕਿ ਕਸ਼ਮੀਰ ਵਿਚ ਪੱਤਰਕਾਰਤਾ ਦੀ ਮੌਤ ਵੱਲ ਇਸ਼ਾਰਾ ਕਰ ਰਹੀ ਹੈ।

ਕਸ਼ਮੀਰ ਵਿਚ ਸੰਘਰਸ਼ ਦੀ ਸ਼ੁਰੂਆਤ ਤੋਂ ਹੀ ਉੱਥੋਂ ਦੇ ਲੋਕਾਂ ਲਈ ਨਿਆਂ ਦੀ ਸਥਿਤੀ ਬਹੁਤ ਹੀ ਹਨੇਰੇ ਵਾਲੀ ਰਹੀ ਹੈ।ਭਾਰਤੀ ਸੰਵਿਧਾਨ ਵਿਚ ਸਿਰਫ ਸੁਰੱਖਿਆ ਨੂੰ ਖਤਰਾ ਪੈਦਾ ਕਰਨ ਵਾਲੇ ਭਾਸ਼ਣਾਂ ਉੱਪਰ ਸੀਮਿਤ ਪਾਬੰਦੀ ਹੈ ਨਾ ਕਿ ਬੋਲਣ ਦੀ ਅਜ਼ਾਦੀ ਉੱਪਰ। 5 ਅਗਸਤ 2019 ਤੋਂ ਬਾਅਦ ਕਸ਼ਮੀਰ ਵਿਚ ਥੋਪੀਆਂ ਗਈਆਂ ਪਾਬੰਦੀਆਂ ਦਾ ਸੁਰੱਖਿਆ, ਜਨਤਕ ਸੁਰੱਖਿਆ ਅਤੇ ਵਿਰੋਧ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਭਾਰਤੀ ਸਰਕਾਰ ਦੁਆਰਾ ਦਖਲਅੰਦਾਜ਼ੀ ਅਤੇ ਮੀਡੀਆ ਉੱਪਰ ਨਿਯੰਤ੍ਰਣ ਅਸਲ ਵਿਚ ਲੋਕਤੰਤਰ ਦੀ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਦੇ ਰਾਹ ਵਿਚ ਅੜਿੱਕਾ ਹੀ ਬਣਦਾ ਹੈ। ਸਹੀ ਪ੍ਰਸ਼ਾਸਨ ਨੂੰ ਯਕੀਨੀ ਬਣਾਉਣ ਲਈ ਇਸ ਚੌਥੇ ਥੰਭ ਦੀ ਅਜ਼ਾਦੀ ਬਹੁਤ ਹੀ ਜਰੂਰੀ ਹੈ। ਦੇਸ਼ ਭਰ ਵਿਚ ਪੱਤਰਕਾਰਾਂ ਉੱਪਰ ਹੋ ਰਹੇ ਹਮਲੇ ਅਤੇ ਗ੍ਰਿਫਤਾਰੀਆਂ ਸਾਨੂੰ ਸੁਚੇਤ ਕਰਨ ਵਾਲੀਆਂ ਹਨ। ਜੰਮੂ ਕਸ਼ਮੀਰ ਵਿਚ ਸਥਿਤੀ ਹੋਰ ਵੀ ਜਿਆਦਾ ਗੰਭੀਰ ਅਤੇ ਸੰਵੇਦਨਸ਼ੀਲ ਹੈ ਜਿੱਥੇ ਪ੍ਰੈਸ ਦੀ ਅਜ਼ਾਦੀ ਨੂੰ ਦਬਾਉਣਾ ਜ਼ਮੀਨੀ ਹਕੀਕਤ ਨੂੰ ਬਾਹਰ ਨਹੀਂ ਆਉਣ ਦਿੰਦਾ।

ਧਾਰਾ 370 ਨੂੰ ਮਨਸੂਖ ਕਰਨ ਤੋਂ ਬਾਅਦ ਇਕ ਆਨਲਾਈਨ ਖਬਰ ਪੋਰਟਲ 'ਅਜ਼ਾਦ ਪ੍ਰੈਸ ਕਸ਼ਮੀਰ' ਨੇ ਇਕ ਸੰਪਾਦਕੀ ਆਪਣੀ ਵੈਬਸਾਈਟ ਉੱਪਰ ਪਾਇਆ। ਇਸ ਸੰਪਾਦਕੀ ਵਿਚ ਕੁਝ ਕੁ ਕਾਲੇ ਅੱਖਰਾਂ ਤੋਂ ਇਲਾਵਾ ਸਾਰਾ ਪੇਜ ਹੀ ਖਾਲੀ ਛੱਡਿਆ ਹੋਇਆ ਸੀ ਜਿਸ ਦਾ ਸਪੱਸ਼ਟ ਸੰਦੇਸ਼ ਇਹ ਸੀ : ਕਸ਼ਮੀਰ ਵਿਚ ਅਜ਼ਾਦ ਪ੍ਰੈੱਸ ਖਤਰੇ ਵਿਚ ਹੈ।ਜੰਮੂ ਕਸ਼ਮੀਰ ਨੇ ਇਕ ਨਵੀਂ ਮੀਡੀਆ ਨੀਤੀ 'ਮੀਡੀਆ ਨੀਤੀ 2020' ਪ੍ਰਵਾਨ ਕੀਤੀ ਤਾਂ ਕਿ 'ਪ੍ਰੈੱਸ ਰਾਹੀ ਲੋਕਾਂ ਵਿਚ ਸਰਕਾਰ ਦੀ ਸਕਰਾਤਾਮਕ ਤਸਵੀਰ ਪੇਸ਼ ਕਰਕੇ ਉਨਾਂ ਵਿਚ ਸਰਕਾਰ ਪ੍ਰਤੀ ਭਰੋਸਾ ਬਣਾਇਆ ਜਾਵੇ।' ਇਸ ਨੀਤੀ ਦੇ ਪ੍ਰਵਾਨ ਹੋਣ ਤੋਂ ਤੁਰੰਤ ਬਾਅਦ ਹੀ ਕਸ਼ਮੀਰ ਦੇ ਪੱਤਰਕਾਰਾਂ ਅਤੇ ਮੀਡੀਆ ਘਰਾਂ ਨੇ ਵੱਖ-ਵੱਖ ਮਾਧਿਅਮਾਂ ਰਾਹੀ ਇਸ ਨੀਤੀ ਪ੍ਰਤੀ ਆਪਣਾ ਗੁੱਸਾ ਜ਼ਾਹਿਰ ਕੀਤਾ।ਇਸ ਨਵੀਂ ਮੀਡੀਆ ਨੀਤੀ ਕਰਕੇ ਹੀ ਅਜ਼ਾਦ ਪ੍ਰੈਸ ਦੇ ਕੁਝ ਮੁੱਢਲੇ ਸਿਧਾਂਤ ਖੋਹ ਲਏ ਗਏ ਹਨ, ਹਰ ਤਰਾਂ ਦੇ ਵਿਰੋਧ ਨੂੰ ਦਬਾਇਆ ਜਾ ਰਿਹਾ ਹੈ ਅਤੇ ਕਸ਼ਮੀਰੀਆਂ ਨੂੰ ਚੁੱਪ ਕਰਵਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਅਸਲ ਵਿਚ ਇਸ ਨਵੀਂ ਮੀਡੀਆ ਨੀਤੀ ਦਾ ਅਰਥ ਹੈ ਕਿ ਸਰਕਾਰੀ ਪ੍ਰਸ਼ਾਸਨ ਕੋਲ ਖਬਰਾਂ ਨੂੰ ਨਿਯੰਤ੍ਰਣ ਕਰਨ ਦੀ ਸ਼ਕਤੀ ਹਾਸਿਲ ਹੋ ਜਾਵੇਗੀ। ਇਹ ਸਿੱਧੇ ਰੂਪ ਵਿਚ ਪਾਬੰਦੀਆਂ ਨਹੀਂ ਲਗਾਉਂਦੀ, ਪਰ ਇਸ ਤਰਾਂ ਦਾ ਮਾਹੌਲ ਤਿਆਰ ਕਰਦੀ ਹੈ ਕਿ ਪੱਤਰਕਾਰਾਂ ਅਤੇ ਮੀਡੀਆ ਘਰਾਂ ਨੂੰ ਨਿਸ਼ਾਨਾ ਬਣਾਇਆ ਜਾ ਸਕੇ। ਨਵੀਂ ਮੀਡੀਆ ਨੀਤੀ ਸਰਵਉੱਚ ਅਦਾਲਤ ਦੁਆਰਾ ਪ੍ਰੈੱਸ ਦੀ ਅਜ਼ਾਦੀ ਲਈ ਬਣਾਏ ਗਏ ਸਿਧਾਂਤਾਂ ਦੀ ਉਲੰਘਣਾ ਕਰਦੀ ਹੈ।ਅਦਾਲਤ ਨੇ ਸਮੇਂ ਸਮੇਂ ਉੱਪਰ ਕਿਹਾ ਹੈ ਕਿ ਪ੍ਰੈੱਸ ਦੀ ਅਜ਼ਾਦੀ ਲੋਕਤੰਤਰ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ ਅਤੇ ਇਸ ਨੂੰ ਕੁਝ ਖਾਸ ਹਾਲਾਤਾਂ ਵਿਚ ਹੀ ਸੀਮਿਤ ਕੀਤਾ ਜਾ ਸਕਦਾ ਹੈ।ਪਰ ਇਸ ਨਵੀਂ ਮੀਡੀਆ ਨੀਤੀ ਨੇ ਵਿਵਸਥਿਤ ਢੰਗ ਨਾਲ ਅਜ਼ਾਦ ਪ੍ਰੈੱਸ ਨੂੰ ਦਬਾਇਆ ਹੈ।ਵਾਸ਼ਿੰਗਟਨ ਸਪਾਈਜ਼ ਵਿਚ ਜੇਮਜ਼ ਰਿਵਿੰਗਟਨ ਕਹਿੰਦਾ ਹੈ, 'ਅਗਰ ਸੱਤਾ ਨੂੰ ਸੱਚ ਨਾਲ ਕੋਈ ਵਾ-ਬਸਤਾ ਨਹੀਂ ਤਾਂ ਸੱਤਾ ਸਾਹਮਣੇ ਕੋਈ ਸੱਚ ਨਹੀਂ ਬੋਲ ਸਕਦਾ।'

# ਅਕਾਲ ਤਖ਼ਤ ਸਾਹਿਬ ਵੱਲੋਂ ਗੁਰਬਾਣੀ ਦੇ ਛੇੜਛਾੜ ਮਾਮਲੇ ਵਿਚ ਥਮਿੰਦਰ ਸਿੰਘ ਤਨਖ਼ਾਹੀਆ ਕਰਾਰ

## ✪ ਇੱਕ ਮਹੀਨੇ ਵਿੱਚ ਸ੍ਰੀ ਅਕਾਲ ਤਖ਼ਤ ’ਤੇ ਪੇਸ਼ ਹੋ ਕੇ ਰਿਕਾਰਡ ਜਮਾਂ ਕਰਵਾਏ ✪ ਓਅੰਕਾਰ ਸਿੰਘ ਨੂੰ ਵੀ ਅਕਾਲ ਤਖ਼ਤ ਸਾਹਿਬ ਵਿਖੇ ਆ ਕੇ ਭੁੱਲ ਬਖ਼ਸ਼ਾਉਣ ਦਾ ਆਦੇਸ਼ ✪ ਸਿੰਘ ਸਾਹਿਬਾਨ ਨੇ ਅਕਾਲ ਤਖਤ ਸਾਹਿਬ ਤੋਂ ਪੰਥਕ ਇਕੱਠ ਵਿਚ ਸੁਣਾਇਆ ਫੈਸਲਾ ✪ ਸ਼੍ਰੋਮਣੀ ਕਮੇਟੀ ਨੂੰ ਇੰਟਰਨੈੱਟ ’ਤੇ ਚੱਲ ਰਹੀਆਂ 21 ਗੁਰਬਾਣੀ ਐਪਸ ਵਿਚ ਤਰੁੱਟੀਆਂ ਦੀ ਸੁਧਾਈ ਕਰਵਾਉਣ ਲਈ ਕਿਹਾ





**ਅੰਮ੍ਰਿਤਸਰ:** ਗੁਰਬਾਣੀ ਨਾਲ ਛੇੜਛਾੜ ਕਰਨ ਦੇ ਮਾਮਲੇ ਵਿੱਚ ਪੰਥਕ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਤੋਂ ਬਾਅਦ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਮੇਤ ਪੰਜ ਸਿੰਘ ਸਾਹਿਬਾਨ ਨੇ ਅਮਰੀਕਾ ਵਾਸੀ ਥਮਿੰਦਰ ਸਿੰਘ ਨੂੰ ਤਨਖ਼ਾਹੀਆ ਐਲਾਨ ਦਿੱਤਾ ਹੈ। ਇੱਕ ਹੋਰ ਵਿਅਕਤੀ ਉਂਕਾਰ ਸਿੰਘ ਨੂੰ ਵੀ ਅਜਿਹੇ ਇੱਕ ਹੋਰ ਮਾਮਲੇ ਵਿੱਚ ਗੁਰੂ ਪੰਥ ਕੋਲੋਂ ਭੁੱਲ ਬਖਸ਼ਾਉਣ ਦੇ ਆਦੇਸ਼ ਦਿੱਤੇ ਗਏ ਹਨ। ਇਸੇ ਤਰਾਂ ਇੰਟਰਨੈੱਟ ’ਤੇ ਚੱਲ ਰਹੀਆਂ ਗੁਰਬਾਣੀ ਸਬੰਧੀ 21 ਐਪਸ ਵਿੱਚ ਤਰੁੱਟੀਆਂ ਕਾਰਨ ਸ਼੍ਰੋਮਣੀ ਕਮੇਟੀ ਨੂੰ ਇਨਾਂ ਵਿੱਚ ਸੁਧਾਈ ਕਰਾਉਣ ਦੇ ਆਦੇਸ਼ ਦਿੱਤੇ ਗਏ ਹਨ। ਜੇਕਰ ਕੋਈ ਅਜਿਹਾ ਨਹੀਂ ਕਰਦਾ ਤਾਂ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰ ਕੇ ਐਪਜ਼ ਨੂੰ ਬੰਦ ਕਰਨ ਲਈ ਕਿਹਾ ਗਿਆ ਹੈ। ਉਨਾਂ ਦੱਸਿਆ ਕਿ ਗੁਰਬਾਣੀ ਸਬੰਧੀ ਇੰਟਰਨੈੱਟ ’ਤੇ ਕਈ ਐਪਜ਼ ਚੱਲ ਰਹੀਆਂ ਹਨ ਪਰ ਅਕਾਲ ਤਖ਼ਤ ਵੱਲੋਂ 21 ਐਪਜ਼ ਦੀ ਜਾਂਚ ਕਰਵਾਈ ਗਈ ਹੈ ਜਿਸ ਵਿੱਚ ਸਿਰਫ਼ ਨਿਤਨੇਮ ਦੀਆਂ ਬਾਣੀਆਂ ਵਿੱਚ ਤਰੁੱਟੀਆਂ ਸਾਹਮਣੇ ਆਈਆਂ ਹਨ ਜਿਨਾਂ ਨੂੰ ਠੀਕ ਕਰਨਾ ਜ਼ਰੂਰੀ ਹੈ।

ਇਹ ਹੁਕਮਨਾਮਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸ੍ਰੀ ਅਕਾਲ ਤਖ਼ਤ ਦੀ ਫ਼ਸੀਲ ਤੋਂ ਸੁਣਾਇਆ ਗਿਆ। ਉਨਾਂ ਜਾਰੀ ਹੁਕਮਨਾਮੇ ਵਿੱਚ ਆਖਿਆ ਕਿ ਅਮਰੀਕਾ ਵਾਸੀ ਥਮਿੰਦਰ ਸਿੰਘ ਨੇ ਮਰਜ਼ੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਤਬਦੀਲੀਆਂ ਕੀਤੀਆਂ ਹਨ, ਜਿਸ ਕਾਰਨ ਪੰਜ ਸਿੰਘ ਸਾਹਿਬਾਨ ਵੱਲੋਂ ਉਸ ’ਤੇ ਆਨਲਾਈਨ ਅਤੇ ਆਫ਼ਲਾਈਨ ਅਣ-ਅਧਿਕਾਰਤ ਛਪਾਈ ’ਤੇ ਰੋਕ ਲਾਈ ਗਈ ਹੈ। ਉਸ ਨੂੰ ਗੁਰਬਾਣੀ ਨਾਲ ਛੇੜਛਾੜ ਦੇ ਦੋਸ਼ ਹੇਠ ਦੋਸ਼ੀ ਮੰਨਦਿਆਂ ਤਨਖ਼ਾਹੀਆ ਐਲਾਨਿਆ ਗਿਆ ਹੈ ਤੇ ਇੱਕ ਮਹੀਨੇ ਵਿੱਚ ਅਕਾਲ ਤਖ਼ਤ ’ਤੇ ਪੇਸ਼ ਹੋਣ ਅਤੇ ਸਾਰਾ ਰਿਕਾਰਡ ਇੱਥੇ ਲਿਆਉਣ ਦੇ ਆਦੇਸ਼ ਦਿੱਤੇ ਗਏ ਹਨ। ਇਸ ਦੌਰਾਨ ਜਦੋਂ ਤੱਕ ਉਹ ਇੱਥੇ ਪੇਸ਼ ਨਹੀਂ ਹੁੰਦਾ, ਸਿੱਖ ਸੰਗਤ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਉਸ ਨਾਲ ਕੋਈ ਵੀ ਤਾਲਮੇਲ ਨਾ ਰੱਖਣ ਅਤੇ ਨਾ ਹੀ ਉਸ ਨਾਲ ਕੋਈ ਸਾਂਝ ਰੱਖੀ ਜਾਵੇ। ਇਸੇ ਹੁਕਮਨਾਮੇ ਤਹਿਤ ਉਂਕਾਰ ਸਿੰਘ ਨੂੰ ਗੁਰਬਾਣੀ ਸੇਧਾਂ ਦੇ ਨਾਂ ਹੇਠ ਕੀਤੇ ਕਾਰਜ ਤੁਰੰਤ ਬੰਦ ਕਰਨ ਅਤੇ ਆਪਣਾ ਸਾਰਾ ਰਿਕਾਰਡ ਲੈ ਕੇ ਅਕਾਲ ਤਖ਼ਤ ’ਤੇ ਪੇਸ਼ ਹੋ ਕੇ ਜਮਾਂ ਕਰਾਉਣ ਦੇ ਆਦੇਸ਼ ਦਿੱਤੇ ਗਏ ਹਨ। ਓਅੰਕਾਰ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਕਾਰਜਕਾਰੀ ਜਥੇਦਾਰ ਪ੍ਰੋਫੈਸਰ ਮਨਜੀਤ ਸਿੰਘ ਦਾ ਭਰਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਹੱਥੀਂ ਲਿਖਣ ਦੀ ਸੇਵਾ ਕਰਨ ਬਾਰੇ ਪੁੱਜੀ ਮੰਗ ’ਤੇ ਉਨਾਂ ਕਿਹਾ ਕਿ ਇਸ ਸਬੰਧੀ ਵਿਦਵਾਨਾਂ ਦੀ ਕਮੇਟੀ ਵੱਲੋਂ ਕੀਤੀ ਸਿਫ਼ਾਰਸ਼ ’ਤੇ ਫ਼ੈਸਲਾ ਲਿਆ ਗਿਆ ਹੈ ਕਿ ਜੇ ਕੋਈ ਪਾਵਨ ਸਰੂਪ ਹੱਥੀਂ ਲਿਖਣ ਦੀ ਸੇਵਾ ਕਰਨਾ ਚਾਹੁੰਦਾ ਹੈ ਤਾਂ ਉਹ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਕੋਲੋਂ ਸ੍ਰੀ ਅਕਾਲ ਤਖ਼ਤ ਤੋਂ ਪ੍ਰਵਾਨਿਤ ਨਿਯਮਾਵਲੀ ਦੀਆਂ ਸ਼ਰਤਾਂ ਪੂਰੀਆਂ ਕਰ ਕੇ ਪ੍ਰਵਾਨਗੀ ਪ੍ਰਾਪਤ ਕਰੇ ਅਤੇ ਇਸ ਤੋਂ ਬਾਅਦ ਸੇਵਾ ਸ਼ੁਰੂ ਕਰੇ। ਉਨਾਂ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਸਮੂਹ ਸਿੱਖ ਜਥੇਬੰਦੀਆਂ, ਸੰਸਥਾਵਾਂ ਤੇ ਸੰਪਰਦਾਵਾਂ ਨੂੰ ਆਦੇਸ਼ ਦਿੱਤਾ ਕਿ ਬੰਦੀ ਸਿੱਖਾਂ ਦੀ ਰਿਹਾਈ ਲਈ ਇੱਕਜੁੱਟ ਹੋ ਕੇ ਸਮੂਹਿਕ ਯਤਨ ਕੀਤੇ ਜਾਣ। ਪਿੰਡ ਰੋਡੇ ਵਿੱਚ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਲਈ ਟਾਵਰ ’ਤੇ ਚੜੇ ਇੱਕ ਵਿਅਕਤੀ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਉਹ ਖ਼ੁਦਕੁਸ਼ੀ ਦਾ ਰਾਹ ਛੱਡ ਕੇ ਬੰਦੀ ਸਿੱਖਾਂ ਦੀ ਰਿਹਾਈ ਲਈ ਜਥੇਬੰਦੀਆਂ ਦਾ ਸਹਿਯੋਗ ਕਰੇ। ਇਸ ਤੋਂ ਪਹਿਲਾਂ ਅਕਾਲ ਤਖ਼ਤ ਦੇ ਜ਼ਮੀਨਦੋਜ ਹਾਲ ਵਿੱਚ ਵੱਖ-ਵੱਖ ਸਿੱਖ ਜਥੇਬੰਦੀਆਂ, ਸੰਪਰਦਾਵਾਂ ਤੇ ਨਿਹੰਗ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਇੱਕ ਮੀਟਿੰਗ ਹੋਈ, ਜਿਸ ਵਿੱਚ ਗੁਰਬਾਣੀ ਨਾਲ ਤੋੜ-ਮਰੋੜ ਕਰਨ ਦੇ ਵਿਸ਼ੇ ’ਤੇ ਸੁਝਾਅ ਲਏ ਗਏ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਥਮਿੰਦਰ ਸਿੰਘ ਵੱਲੋਂ ਪ੍ਰਕਾਸ਼ਿਤ ਕੀਤੇ ਸਰੂਪ ਵਿੱਚ ਸਿਰਫ਼ 1429 ਅੰਗ ਹਨ ਅਤੇ ਇਸਨੂੰ ਰਾਗ ਮਾਲਾ ਤੋਂ ਬਿਨਾਂ ਹੀ ਮੁਕੰਮਲ ਕੀਤਾ ਗਿਆ ਹੈ। ਮੀਟਿੰਗ ਦੌਰਾਨ ਉਨਾਂ ਸ਼੍ਰੋਮਣੀ ਕਮੇਟੀ ਨੂੰ ਆਖਿਆ ਕਿ ਸ੍ਰੀ ਦਰਬਾਰ ਸਾਹਿਬ ਵਿੱਚ ਗੁਰਬਾਣੀ ਦਾ ਕੀਰਤਨ ਸਿਰਫ਼ ਤੰਤੀ ਸਾਜ਼ਾਂ ਨਾਲ ਅਤੇ ਰਾਗਾਂ ’ਤੇ ਆਧਾਰਤ ਕਰਵਾਇਆ ਜਾਵੇ। ਉਨਾਂ ਕਿਹਾ ਕਿ ਪਾਵਨ ਸਰੂਪ ਛਾਪਣ ਦੇ ਮਾਮਲੇ ਵਿੱਚ ਇੱਕਸਾਰਤਾ ਲਿਆਉਣ ਲਈ ਸਮੂਹ ਜਥੇਬੰਦੀਆਂ ਦੇ ਸਹਿਯੋਗ ਨਾਲ ਯਤਨ ਕੀਤੇ ਜਾਣਗੇ।

### ਇਕੱਤਰਤਾ ਵਿਚ ਸ਼ਾਮਿਲ ਸ਼ਖ਼ਸੀਅਤਾਂ

ਹਰਮੀਤ ਸਿੰਘ ਕਾਲਕਾ, ਬਾਬਾ ਬਲਜੀਤ ਸਿੰਘ ਦਾਦੂਵਾਲ, ਬਾਬਾ ਹਰਨਾਮ ਸਿੰਘ ਖ਼ਾਲਸਾ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਸੰਤ ਬਾਬਾ ਮੱਖਣ ਸਿੰਘ, ਬਾਬਾ ਸਰਬਜੋਤ ਸਿੰਘ ਬੇਦੀ,ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ, ਗਿਆਨੀ ਕੁਲਵੰਤ ਸਿੰਘ ਲੁਧਿਆਣਾ, ਆਰ. ਪੀ. ਸਿੰਘ, ਬਾਬਾ ਹਰੀ ਸਿੰਘ ਰੰਧਾਵਾ ਵਾਲੇ, ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਬਾਬਾ ਘਾਲਾ ਸਿੰਘ ਨਾਨਕਸਰ, ਸੰਤ ਕਰਮਜੀਤ ਸਿੰਘ ਯਮੁਨਾਨਗਰ, ਬਾਬਾ ਅਵਤਾਰ ਸਿੰਘ ਸੁਰਸਿੰਘ, ਸੰਤ ਜਗਜੀਤ ਸਿੰਘ ਲੋਪੋਂ, ਭਾਈ ਪ੍ਰੀਤਮ ਸਿੰਘ ਕੈਨੇਡਾ, ਸੰਤ ਜਗਜੀਤ ਸਿੰਘ ਹਰਖੋਵਾਲ ਆਦਿ ਨੇ ਵਿਚਾਰ ਪੇਸ਼ ਕੀਤੇ।

# ਜੇ ਅਸੀਂ ਅੱਜ ਨਾ ਜਾਗੇ ਤਾਂ 25 ਸਾਲ ਬਾਅਦ ਸਾਡੀਆਂ ਜ਼ਮੀਨਾਂ ਬੰਜਰ ਹੋ ਜਾਣਗੀਆਂ

## ✪ ਐਚ.ਐਸ. ਫੂਲਕਾ ਨੇ ਪੰਜਾਬ ਨੂੰ ਕੀਤਾ ਸੁਚੇਤ ✪ ਕਿਹਾ, ਛੇ-ਸੁਹਾਗਾ ਵਿਧੀ ਨਾਲ ਨਾ ਸਿਰਫ ਜ਼ਮੀਨ ਨੂੰ ਉਪਜਾਊ ਬਣਾਇਆ ਜਾ ਸਕਦਾ ਹੈ ਸਗੋਂ ਆਮਦਨ ਵਿਚ ਵੀ ਹੋਵੇਗਾ ਵਾਧਾ

**ਚੰਡੀਗੜ/ਏ.ਟੀ.ਨਿਊਜ਼ :-** ਉੱਘੇ ਵਕੀਲ ਐਚ.ਐਸ. ਫੂਲਕਾ ਨੇ ਪ੍ਰੈਸ ਕਾਨਫਰੰਸ ਦੌਰਾਨ ਜ਼ਮੀਨ ਹੇਠਲੇ ਪਾਣੀ ਨੂੰ ਬਚਾਉਣ ਦੀ ਗੱਲ ਕਰਦਿਆਂ ਕਿਹਾ ਕਿ ਜੇਕਰ ਅਸੀਂ ਆਪਣਾ ਖੇਤੀ ਕਰਨ ਦਾ ਤਰੀਕਾ ਨਾ ਬਦਲਿਆ ਤਾਂ ਅਗਲੇ 25 ਸਾਲਾਂ ਵਿਚ ਧਰਤੀ ਹੇਠਲਾ ਪਾਣੀ ਖ਼ਤਮ ਹੋ ਜਾਵੇਗਾ ਅਤੇ ਸਾਡੀਆਂ ਜ਼ਮੀਨਾਂ ਬੰਜਰ ਹੋ ਜਾਣਗੀਆਂ। ਉਨਾਂ ਕਿਹਾ ਕਿ ਹੁਣ ਸਾਡੇ ਕੋਲ ਇੱਕ ਮੌਕਾ ਹੈ ਅਤੇ ਸਾਨੂੰ ਇਹ ਮੌਕਾ ਸੰਭਾਲ ਲੈਣਾ ਚਾਹੀਦਾ ਹੈ ਇਹ ਨਾ ਹੋਵੇ ਕਿ ਬਹੁਤ ਦੇਰ ਹੋ ਜਾਵੇ।

ਦੱਸ ਦੇਈਏ ਕਿ ਸਰਕਾਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਦੇਣ ਦੇ ਐਲਾਨ ਤੋਂ ਬਾਅਦ ਐਚ.ਐਸ. ਫੂਲਕਾ ਨੇ ਵੀ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੀ ਅਪੀਲ ਕੀਤੀ ਹੈ। ਉਨਾਂ ਇਸ ਮੌਕੇ ਜ਼ਿਕਰ ਵੀ ਕੀਤਾ ਕਿ ਇਹ ਬਹੁਤ ਹੀ ਗੰਭੀਰ ਮੁੱਦਾ ਹੈ ਜੋ ਸਮੇਂ ਦੀਆਂ ਸਰਕਾਰਾਂ ਦੇ ਧਿਆਨ ਵਿਚ ਸੀ ਪਰ ਮੌਜੂਦਾ ਸਰਕਾਰ ਨੇ ਕਦਮ ਚੁੱਕਿਆ ਹੈ ਅਤੇ ਕਿਸਾਨਾਂ ਦਾ ਧਿਆਨ ਇਸ ਪਾਸੇ ਵੱਲ ਲਿਆਂਦਾ ਹੈ।

ਉਨਾਂ ਕਿਹਾ ਕਿ ਜਦੋਂ ਸਰਕਾਰ ਵਲੋਂ ਸਿੱਧੀ ਬਿਜਾਈ ਕਰਨ ’ਤੇ ਕਿਸਾਨਾਂ ਨੂੰ ਪੈਸੇ ਦੇਣ ਦਾ ਐਲਾਨ ਕੀਤਾ ਗਿਆ ਤਾਂ ਕਈਆਂ ਨੇ ਇਸ ਨੂੰ ਬਹੁਤ ਹੀ ਘੱਟ ਦੱਸਿਆ ਅਤੇ ਖੇਤੀ ਕਰਨ ਦਾ ਤਰੀਕਾ ਨਾ ਬਦਲਣ ਦਾ ਫ਼ੈਸਲਾ ਕੀਤਾ ਹੈ। ਉਨਾਂ ਕਿਹਾ ਕਿ ਸਾਡਾ ਇਹ ਰਵਈਆ ਬਹੁਤ ਹੀ ਗਲਤ ਹੈ। ਇਸ ਦਾ ਮਤਲਬ ਤਾਂ ਇਹ ਹੋਇਆ ਕਿ ਜੇਕਰ ਸਰਕਾਰ ਸਾਨੂੰ ਪੈਸੇ ਨਹੀਂ ਦੇਵੇਗੀ ਤਾਂ ਅਸੀਂ ਆਪਣੀ ਜ਼ਮੀਨ ਖੁਦ ਤਬਾਹ ਕਰ ਲਵਾਂਗੇ।

ਇਸ ਮੌਕੇ ਐਚ.ਐਸ. ਫੂਲਕਾ ਨੇ ਮੇਰੀ ਜ਼ਮੀਨ, ਮੇਰੀ ਜ਼ਿੰਮੇਵਾਰੀ ਨਾਂ ਦੀ ਮੁਹਿੰਮ ਸ਼ੁਰੂ ਕੀਤੀ ਹੈ। ਉਨਾਂ ਕਿਹਾ ਕਿ ਸਾਡੀਆਂ ਜ਼ਮੀਨਾਂ ਨੂੰ ਉਪਜਾਊ ਬਣਾਈ ਰੱਖਣਾ ਸਾਡਾ ਫਰਜ਼ ਹੈ ਇਸ ਲਈ ਇਹ ਸਮੇਂ ਦੀ ਮੰਗ ਹੈ ਕਿ ਖੇਤੀ ਦਾ ਤਰੀਕਾ ਬਦਲਿਆ ਜਾਵੇ। ਇਹ ਮੁਹਿੰਮ ਝੋਨੇ ਦੀ ਕਾਸ਼ਤ ਲਈ ਚੌਲਾਂ ਦੀ ਸਿੱਧੀ ਬਿਜਾਈ (ਡੀਐਸਆਰ) ਨੂੰ ਐਨਾਰੋਬਿਕ ਸੀਡਿੰਗ ਆਫ਼ ਰਾਈਸ (ਏਐਸਆਰ) ਵਿਧੀ ਨਾਲ ਬਦਲਣ ਦੀ ਹੈ। ਉਨਾਂ ਦੱਸਿਆ ਕਿ ਇਸ ਨਾਲ 80 ਤੋਂ 90 ਫ਼ੀਸਦੀ ਪਾਣੀ ਦੀ ਬਚਤ ਹੁੰਦੀ ਹੈ। ਉਨਾਂ ਕਿਹਾ ਕਿ ਸਾਨੂੰ ਝੋਨੇ ਦਾ ਕੋਈ ਹੋਰ ਵਿਕਲਪ ਲੱਭਣਾ ਚਾਹੀਦਾ ਹੈ ਪਰ ਇਸ ਸਮੇਂ ਪੰਜਾਬ ਕੋਲ ਕੋਈ ਹੋਰ ਚਾਰਾ ਨਹੀਂ ਹੈ ਇਸ ਲਈ ਝੋਨਾ ਨਾ ਲਗਾਉਣ ਦੀ ਸਲਾਹ ਨਹੀਂ ਦਿੱਤੀ ਜਾ ਸਕਦੀ ਪਰ ਝੋਨੇ ਦੀ ਬਿਜਾਈ ਇਸ ਤਰੀਕੇ ਨਾਲ ਕਰੋ ਕਿ ਸਾਡੀ ਜ਼ਮੀਨ ਬਚੀ ਰਹੇ ਅਤੇ ਬੰਜਰ ਨਾ ਹੋਵੇ। ਇਸ ਮੌਕੇ ਉਨਾਂ ਨੇ ਕਈ ਉਦਾਹਰਣ ਵੀ ਦਿਤੀਆਂ ਜੋ ਕੱਦੂ ਛੱਡ ਕੇ ਝੋਨੇ ਦੀ ਸਿੱਧੀ ਬਿਜਾਈ ਕਰਦੇ ਹਨ। ਜਿਨਾਂ ਨੇ ਆਪਣੀ ਖੇਤੀ ਦਾ ਤਰੀਕਾ ਬਦਲ ਕੇ ਨਾ ਸਿਰਫ ਆਪਣੀ ਜ਼ਮੀਨ ਨੂੰ ਬਚਾਇਆ ਸਗੋਂ ਆਪਣੀ ਆਮਦਨ ਵਿਚ ਵੀ ਵਾਧਾ ਕੀਤਾ ਹੈ। ਉਨਾਂ ਦੱਸਿਆ ਕਿ ਡਾ. ਅਵਤਾਰ ਸਿੰਘ ਫਗਵਾੜਾ ਨੇ ਖੇਤੀ ਦਾ ਤਰੀਕਾ ਬਦਲ ਕੇ ਆਪਣੀ ਆਮਦਨ ਵਿਚ ਤਿੰਨ ਗੁਣਾ ਵਾਧਾ ਕੀਤਾ ਹੈ, ਉਨਾਂ ਨੇ ਅਜਿਹਾ ਮਾਡਲ ਤਿਆਰ ਕੀਤਾ ਹੈ ਜੋ ਹੋਰ ਕਿੰਨਿਆਂ ਲਈ ਵੀ ਮਿਸਾਲ ਬਣ ਗਿਆ ਹੈ।



ਫੂਲਕਾ ਨੇ ਦੱਸਿਆ ਕਿ ਕਿਸਾਨ ਅਵਤਾਰ ਸਿੰਘ ਨੇ ਇਹ ਵਿਧੀ ਤਕਰੀਬਨ 2010 ਵਿਚ ਸ਼ੁਰੂ ਕੀਤੀ ਸੀ ਜਿਸ ਨੇ ਉਨਾਂ ਦੀ ਆਮਦਨ ਵਿਚ ਵਾਧਾ ਕੀਤਾ ਹੈ। ਇਸ ਵਿਧੀ ਨੂੰ ਏ.ਐਸ.ਆਰ. ਵਿਧੀ ਕਹਿੰਦੇ ਹਨ। ਇਸ ਵਿਧੀ ਨਾਲ ਹਜ਼ਾਰਾਂ ਕਿਸਾਨ ਝੋਨਾ ਬੀਜ ਰਹੇ ਹਨ ਅਤੇ ਇਸ ਨੂੰ ਛੇ ਸੁਹਾਗਾ ਵਿਧੀ ਵੀ ਕਿਹਾ ਜਾਂਦਾ ਹੈ। ਉਨਾਂ ਦੱਸਿਆ ਕਿ ਡੀ.ਐੱਸ. ਆਰ ਵਿਧੀ ਦੇ ਉਲਟ ਇਸ ਵਿਧੀ ਨਾਲ ਝੋਨਾ ਬੀਜਣ ’ਤੇ ਕੋਈ ਵੀ ਨਦੀਨ ਖਰਚ ਨਹੀਂ ਆਉਂਦਾ ਅਤੇ ਨਾ ਹੀ ਰਵਾਇਤੀ ਢੰਗ ਨਾਲ ਹੋਣ ਵਾਲੀ ਲੇਬਰ ਦਾ ਖਰਚਾ ਝੱਲਣਾ ਪੈਂਦਾ ਹੈ।

ਉਨਾਂ ਕਿਹਾ ਕਿ ਇਹ ਇੱਕ ਸਮਾਜਿਕ ਮੁੱਦਾ ਹੈ ਅਤੇ ਇਸ ਪ੍ਰਤੀ ਲੋਕ ਨੂੰ ਜਾਗਰੂਕ ਕਰਨ ਲਈ ਸਿਆਸੀ ਲੀਡਰ ਨਹੀਂ ਸਗੋਂ ਸਮਾਜ ਸੇਵੀ ਲੋਕ ਨੂੰ ਅੱਗੇ ਆਉਣ ਦੀ ਜ਼ਰੂਰਤ ਹੈ। ਫੂਲਕਾ ਨੇ ਜ਼ਿਲਾ ਗੁਰਦਾਸਪੁਰ ਦੇ ਪਿੰਡ ਬਦਰੀ ਨੰਗਲ ਦੇ ਰਹਿਣ ਵਾਲੇ ਅਤੇ ਪੰਜਾਬੀ ਯੂਨੀਵਰਸਿਟੀ ਵਿਚ ਲੈਕਚਰਾਰ ਹਰਜੀਤ ਸਿੰਘ, ਮੋਗਾ ਦੇ ਕਿਸਾਨ ਇਕਬਾਲ ਸਿੰਘ, ਰੋਪੜ ਦੇ ਨਰਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਦੀ ਮਿਸਾਲ ਦਿੱਤੀ ਜੋ ਪਿਛਲੇ ਚਾਰ-ਪੰਜ ਸਾਲਾਂ ਤੋਂ ਇਸ ਵਿਧੀ ਰਾਹੀਂ ਝੋਨੇ ਦੀ ਕਾਸ਼ਤ ਕਰ ਰਹੇ ਹਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਮਾਣਿਕਤਾ ਅਤੇ ਮੌਲਿਕਤਾ ਸ਼੍ਰੋਮਣੀ ਕਮੇਟੀ ਕਾਇਮ ਰੱਖੇ



**ਤਲਵਿੰਦਰ ਸਿੰਘ ਬੁੱਟਰ**

ਸਿੱਖ ਧਰਮ ਨੂੰ ਇਹ ਸੁਭਾਗ ਹਾਸਲ ਹੈ ਕਿ ਸਾਡੇ ਗੁਰੂ ਸਾਹਿਬਾਨ ਵਲੋਂ ਉਚਾਰੀ ਹੋਈ ਇਲਾਹੀ ਬਾਣੀ ਜਿਉਂ ਦੀ ਤਿਉਂ ਸਾਡੇ ਕੋਲ ਮੌਜੂਦ ਹੈ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਲਿਖਾਰੀ ਬਣਾ ਕੇ ਨਾ-ਸਿਰਫ਼ ਆਪਣੀ ਹਜ਼ੂਰੀ ਵਿਚ 'ਧੁਰ ਕੀ ਬਾਣੀ' ਨੂੰ ਕਲਮਬੰਦ ਕਰਵਾਇਆ, ਸਗੋਂ ਨਾਲ-ਨਾਲ ਵਾਚਦੇ ਅਤੇ ਸੁਧਾਈ ਵੀ ਕਰਦੇ ਰਹੇ। ਗੁਰਬਾਣੀ ਵਿਚ ਕਈ ਵਾਰ 'ਸੁਧ' ਅਤੇ 'ਸੁਧ ਕੀਚੇ' ਸ਼ਬਦ ਦਾ ਆਉਣਾ ਇਸ ਦਾ ਪ੍ਰਮਾਣ ਹੈ ਕਿ ਗੁਰਬਾਣੀ ਦੀ ਮੁੱਢਲੀ ਸੰਪਾਦਨਾ ਵੇਲੇ ਇਸ ਨੂੰ ਬਿਲਕੁਲ ਸ਼ੁੱਧ ਕਰਕੇ ਲਿਖਿਆ ਗਿਆ ਹੈ। ਗੁਰੂ ਸਾਹਿਬਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਹੀ ਆਦੇਸ਼ ਕਰ ਗਏ ਹਨ ਕਿ ਅਕਾਲ ਪੁਰਖ ਦੀ ਬਾਣੀ ਵਿਚ ਕਿਸੇ ਪ੍ਰਕਾਰ ਦੀ ਦਖ਼ਲਅੰਦਾਜ਼ੀ ਨਹੀਂ ਕਰਨੀ। ਪਿਛਲੇ ਦਿਨੀਂ ਅਮਰੀਕਾ ਨਿਵਾਸੀ ਥਮਿੰਦਰ ਸਿੰਘ ਅਨੰਦ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦੇ ਪੰਥ ਪ੍ਰਵਾਨਿਤ ਪ੍ਰਮਾਣਿਕ ਪਾਵਨ ਸਰੂਪ ਤੋਂ ਅਲੱਗ, ਮਨਮਰਜ਼ੀ ਨਾਲ ਲਗਾ-ਮਾਤਰਾਂ, ਬਿੰਦੀਆਂ ਅਤੇ ਸਿਰਲੇਖ ਆਦਿਕ ਦਾ ਵਾਧਾ-ਘਾਟਾ ਕਰਦਿਆਂ ਇਕ ਸਰੂਪ, 'ਸੋਧੇ ਹੋਏ ਸਰੂਪ' ਦਾ ਨਾਂਅ ਦੇ ਕੇ ਕਥਿਤ ਤੌਰ 'ਤੇ ਆਨਲਾਈਨ ਅਤੇ ਛਾਪ ਕੇ ਵੰਡਣ ਦਾ ਮਾਮਲਾ ਸਿੱਖ ਜਗਤ ਵਿਚ ਡਾਢੀ ਚਿੰਤਾ ਦਾ ਸਬੱਬ ਬਣਿਆ ਹੋਇਆ ਹੈ।

### ਮੌਲਿਕ ਬੀੜਾਂ ਦਾ ਇਤਿਹਾਸ

ਇਤਿਹਾਸਕ ਤੌਰ 'ਤੇ ਹੁਣ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਮੂਲ ਸਰੂਪ ਹੋਂਦ ਵਿਚ ਆਏ ਹਨ। ਜਿਨ੍ਹਾਂ ਵਿਚੋਂ ਪਹਿਲੀ ਕਰਤਾਰਪੁਰੀ ਬੀੜ, ਜਿਹੜੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਮੇਤ ਪਹਿਲੇ ਪੰਜ ਗੁਰੂ ਸਾਹਿਬਾਨ, ਪੰਦਰਾਂ ਭਗਤਾਂ, ਗਿਆਰਾਂ ਭੱਟਾਂ, ਤਿੰਨ ਗੁਰਸਿੱਖਾਂ; ਬਾਬਾ ਸੁੰਦਰ ਜੀ, ਭਾਈ ਬਲਵੰਡ ਅਤੇ ਭਾਈ ਸੱਤਾ ਜੀ (ਕੁਝ ਵਿਦਵਾਨਾਂ ਦੇ ਮਤ ਅਨੁਸਾਰ ਚੌਥੇ ਸਿੱਖ ਭਾਈ ਮਰਦਾਨਾ ਜੀ) ਦੀ ਬਾਣੀ ਨੂੰ ਸ਼ਾਮਲ ਕਰਕੇ ਭਾਈ ਗੁਰਦਾਸ ਜੀ ਨੂੰ ਲਿਖਾਰੀ ਲਾ ਕੇ ਤਿਆਰ ਕੀਤੀ ਸੀ। ਇਸ ਪਾਵਨ ਆਦਿ ਬੀੜ ਦਾ ਪ੍ਰਕਾਸ਼ 1604 ਈਸਵੀ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ। ਇਹ ਬੀੜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਭਰਾ ਧੀਰਮੱਲ ਨੇ ਗੁਰਤਾਗੱਦੀ ਨਾ ਮਿਲਣ ਦੇ ਗੁੱਸੇ ਵਿਚ ਆਪਣੇ ਕਬਜ਼ੇ ਵਿਚ ਲੈ ਲਈ ਸੀ। ਦੂਜੀ ਬੀੜ ਭਾਈ ਬੰਨੋ ਵਾਲੀ ਬੀੜ ਮੰਨੀ ਜਾਂਦੀ ਹੈ, ਜੋ ਕਿ ਪਾਕਿਸਤਾਨ ਦੇ ਗੁਜਰਾਤ ਸਥਿਤ ਪਿੰਡ ਮਾਂਗਟ ਦੇ ਰਹਿਣ ਵਾਲੇ ਭਾਈ ਬੰਨੋ ਨੇ 'ਕਰਤਾਰਪੁਰੀ ਬੀੜ' ਦਾ ਉਤਾਰਾ ਕਰਕੇ ਲਿਖੀ ਸੀ। ਇਤਿਹਾਸਕਾਰ ਮੰਨਦੇ ਹਨ ਕਿ ਇਸ ਬੀੜ ਦਾ ਉਤਾਰਾ ਭਾਈ ਬੰਨੋ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਗਿਆ ਤੋਂ ਬਗ਼ੈਰ ਕੀਤਾ ਸੀ ਅਤੇ ਇਸ ਵਿਚ ਕੁਝ ਵਾਧੂ ਬਾਣੀ ਦਰਜ ਕਰਨ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਬੀੜ ਨੂੰ 'ਖਾਰੀ ਬੀੜ' ਦਾ ਨਾਂ ਦੇ ਕੇ ਇਸ ਦਾ ਪ੍ਰਕਾਸ਼ ਨਾ ਕਰਨ ਦਾ ਹੁਕਮ ਕੀਤਾ ਸੀ। ਇਸੇ ਤਰ੍ਹਾਂ ਤੀਜੀ ਬੀੜ ਦਮਦਮੀ ਬੀੜ ਅਖਵਾਉਂਦੀ ਹੈ, ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾ ਕੇ ਸੰਪਾਦਿਤ ਕੀਤਾ, ਜਿਸ ਵਿਚ 'ਕਰਤਾਰਪੁਰੀ ਬੀੜ' ਨਾਲੋਂ ਵਧੀਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 59 ਸ਼ਬਦ ਅਤੇ ਅਖ਼ੀਰ ਵਿਚ 57 ਸਲੋਕ ਦਰਜ ਕੀਤੇ ਤੇ ਰਾਗਾਂ ਦੀ ਗਿਣਤੀ 30 ਤੋਂ 31 ਕੀਤੀ। ਇਸੇ ਬੀੜ ਨੂੰ ਗੁਰਤਾਗੱਦੀ ਦਿੱਤੀ ਗਈ। ਮੌਜੂਦਾ ਸਮੇਂ ਵੀ ਸੰਸਾਰ ਭਰ ਵਿਚ ਇਸੇ ਤਰਤੀਬ ਅਨੁਸਾਰ ਛਪੇ ਪਾਵਨ ਸਰੂਪਾਂ ਦਾ ਪ੍ਰਕਾਸ਼ ਹੋ ਰਿਹਾ ਹੈ।

### ਛਾਪੇ ਖ਼ਾਨਿਆਂ ਵਿਚ ਪਾਵਨ ਬੀੜਾਂ ਦੀ ਛਪਾਈ

ਇਤਿਹਾਸਕ ਅਤੇ ਪੁਰਾਤਨ ਸਾਰੀਆਂ ਬੀੜਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਲੜੀਵਾਰ (ਜੁੜਵੇਂ ਅੱਖਰਾਂ ਵਾਲੀਆਂ) ਅਤੇ ਹੱਥ-ਲਿਖਤ ਹੁੰਦੀਆਂ ਸਨ। 1860 ਈਸਵੀ ਵਿਚ ਲਾਹੌਰ ਨਿਵਾਸੀ ਸ਼ਾਹੂਕਾਰ ਲਾਲਾ ਹਰਸੁਖ ਰਾਏ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜ ਕੇ ਪੰਥ ਕੋਲ ਬੇਨਤੀ ਕੀਤੀ ਕਿ ਉਹ ਪੱਥਰ ਦੇ ਛਾਪੇਖ਼ਾਨੇ, ਜੋ ਉਸ ਵੇਲੇ ਨਵੇਂ-ਨਵੇਂ ਚੱਲੇ ਸਨ, ਵਿਚ ਪਾਵਨ ਬੀੜ ਛਪਵਾਉਣਾ ਚਾਹੁੰਦਾ ਹੈ। ਇਸ 'ਤੇ ਪੰਥ ਨੇ ਦਮਦਮੀ ਬੀੜ, ਜਿਸ ਨੂੰ ਨਾਂਦੇੜ ਵਿਖੇ ਗੁਰਤਾਗੱਦੀ ਮਿਲੀ ਸੀ ਦੀ ਛਪਾਈ ਕਰਵਾਉਣ ਦਾ ਫ਼ੈਸਲਾ ਕੀਤਾ। ਇਸ ਤਰ੍ਹਾਂ ਛਾਪੇਖ਼ਾਨੇ ਵਿਚ ਪਹਿਲੀ ਪਾਵਨ ਬੀੜ ਸੰਨ 1864 ਵਿਚ ਲਾਹੌਰ ਦੇ ਕੋਹੇਨੂਰ ਯੰਤਰਾਲਯ ਵਿਚ ਛਪਵਾਈ ਗਈ, ਜਿਸ ਦਾ ਲਿਖਣ ਕਾਰਜ ਭਾਈ ਤਾਰਾ ਸਿੰਘ ਲਿਖਾਰੀ ਨੇ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲੀ ਵਾਰ 1952 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਛਾਪਣ ਦਾ ਉਦਮ ਕੀਤਾ। ਇਸ ਬੀੜ ਦੀ ਛਪਾਈ ਦਾ ਆਧਾਰ 'ਕਰਤਾਰਪੁਰੀ ਬੀੜ' ਅਤੇ 'ਦਮਦਮੀ ਬੀੜ' ਨੂੰ ਬਣਾਇਆ ਗਿਆ।

### ਪਾਵਨ ਬੀੜਾਂ ਦੇ ਮੌਲਿਕ ਸਰੂਪ ਵਿਚ ਫ਼ਰਕ ਕਿਵੇਂ ਆਇਆ ?

ਵੀਹਵੀਂ ਸਦੀ ਦੇ ਅੱਧ ਦੌਰਾਨ ਹੀ ਨਿੱਜੀ ਅਤੇ ਵਪਾਰਕ ਛਾਪੇਖ਼ਾਨਿਆਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਵਾਰ (ਜੁੜਵੇਂ ਅੱਖਰਾਂ ਵਾਲੀ) ਗੁਰਬਾਣੀ ਦੇ ਸ਼ਬਦ-ਜੋੜਾਂ ਨੂੰ ਨਿਖੇੜ ਕੇ ਪਦ-ਛੇਦ ਸਰੂਪ ਛਾਪਣੇ ਸ਼ੁਰੂ ਕਰ ਦਿੱਤੇ ਗਏ, ਜਿਸ ਦਾ ਉਸ ਸਮੇਂ ਪ੍ਰਮੁੱਖ ਧਾਰਮਿਕ



ਜਥੇਬੰਦੀਆਂ ਚੀਫ਼ ਖ਼ਾਲਸਾ ਦੀਵਾਨ (1945 ਵਿਚ) ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ (1950 ਵਿਚ) ਆਪਣੇ ਮਤਿਆਂ ਰਾਹੀਂ ਵਿਰੋਧ ਕੀਤਾ ਤੇ ਇਸ ਨੂੰ ਮਨਮਤਿ ਦਾ ਦਰਜਾ ਦਿੱਤਾ ਸੀ ਪਰ ਇਸ ਰੁਝਾਨ ਨੂੰ ਠੱਲਿਆ ਨਹੀਂ ਜਾ ਸਕਿਆ ਅਤੇ ਵੱਖ-ਵੱਖ ਨਿੱਜੀ ਪ੍ਰਿੰਟਿੰਗ ਪ੍ਰੈੱਸਾਂ ਵਿਚ ਗੁਰਬਾਣੀ ਦੇ ਸ਼ਬਦਾਂ ਨੂੰ ਮਨਮਰਜ਼ੀ ਦੇ ਨਾਲ ਪਦ-ਛੇਦ ਕਰਨ ਦੇ ਨਾਲ ਹੀ ਵੱਖ-ਵੱਖ ਥਾਵਾਂ 'ਤੇ ਛਪੇ ਪਾਵਨ ਸਰੂਪਾਂ ਵਿਚ ਅਣਗਹਿਲੀ ਕਾਰਨ ਲਗਾ-ਮਾਤਰਾਂ, ਬਿੰਦੀਆਂ ਅਤੇ ਹੋਰ ਕਈ ਤਰ੍ਹਾਂ ਦੇ ਭਿੰਨ-ਭੇਦ ਉਜਾਗਰ ਹੋਣ ਲੱਗ ਪਏ। ਨਿੱਜੀ ਪ੍ਰਿੰਟਿੰਗ ਪ੍ਰੈੱਸਾਂ ਵਿਚ ਪਾਵਨ ਸਰੂਪਾਂ ਦੀ ਛਪਾਈ ਅਤੇ ਆਮ ਦੁਕਾਨਾਂ 'ਤੇ ਹੋ ਰਹੀ ਵਿਕਰੀ ਦੇ ਰੁਝਾਨ ਨੂੰ ਸਖ਼ਤੀ ਨਾਲ ਰੋਕਣ ਲਈ 9 ਮਈ 1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਦੇਸ਼ ਜਾਰੀ ਕਰਕੇ ਭਵਿੱਖ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ, ਪੋਥੀਆਂ ਅਤੇ ਪਵਿੱਤਰ ਗੁਟਕਿਆਂ ਦੀ ਛਪਾਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਿਗਰਾਨੀ ਹੇਠ ਪੰਥਕ ਪ੍ਰੈੱਸ ਸ਼੍ਰੋਮਣੀ ਕਮੇਟੀ ਤੋਂ ਇਲਾਵਾ ਹੋਰ ਕਿਤੇ ਵੀ ਕਰਨ 'ਤੇ ਪਾਬੰਦੀ ਲਾ ਦਿੱਤੀ ਸੀ। ਸਾਲ 2008 ਵਿਚ ਪੰਜਾਬ ਸਰਕਾਰ ਵਲੋਂ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ' ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿੱਜੀ ਪ੍ਰੈੱਸਾਂ ਵਿਚ ਛਪਾਈ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ ਗਿਆ।

### ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੌਲਿਕ ਪ੍ਰਜੁਲਿਤਵਾਦ ਕਿਵੇਂ ਬਹਾਲ ਰਹੇ ?

ਸਿੱਖ ਜਗਤ ਨੂੰ ਭਾਰੀ ਖ਼ਦਸ਼ਾ ਹੈ ਕਿ ਜੇਕਰ ਕੋਈ ਵੀ ਵਿਅਕਤੀ ਜਾਂ ਸੰਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਮਨਮਰਜ਼ੀ ਦੀ ਸੁਧਾਈ ਕਰਕੇ ਛਾਪਣ ਲੱਗ ਜਾਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵੀ ਅਨਮਤਾਂ ਦੇ ਧਾਰਮਿਕ ਗ੍ਰੰਥਾਂ ਵਾਂਗ ਭਿੰਨ-ਭਿੰਨ ਤਰ੍ਹਾਂ ਦੇ ਸਰੂਪ ਬਣ ਜਾਣਗੇ ਅਤੇ ਇਨ੍ਹਾਂ ਦੀ ਮੌਲਿਕਤਾ, ਸ਼ਬਦਾਰਥਾਂ ਅਤੇ ਭਾਵ-ਅਰਥਾਂ ਵਿਚ ਵੱਡੇ ਫ਼ਰਕ ਪੈ ਜਾਣਗੇ। ਇਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪੰਥ ਦੀ ਸਰਬਸੰਮਤੀ ਦੇ ਨਾਲ ਜਲਦ ਹੀ ਭਵਿੱਖ ਲਈ ਕੋਈ ਠੋਸ ਨੀਤੀ ਬਣਾਉਣ ਦੀ ਲੋੜ ਹੈ ਤਾਂ ਜੋ ਅੱਗੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਮਾਣਿਕ ਸਰੂਪ ਨਾਲ ਕੋਈ ਵੀ ਛੇੜਛਾੜ ਕਰਕੇ ਪੰਥ ਵਿਚ ਨਵੀਂ ਦੁਬਿਧਾ ਪੈਦਾ ਨਾ ਕਰ ਸਕੇ। ਇਸ ਦੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੇ ਪੁਰਾਤਨ ਪ੍ਰਮਾਣਿਕ ਲੜੀਵਾਰ ਸਰੂਪ ਨੂੰ ਬਹਾਲ ਕਰਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਿਗਾਹਬਾਨੀ ਵਿਚ ਸ਼੍ਰੋਮਣੀ ਕਮੇਟੀ ਵਲੋਂ ਪੰਥ ਪ੍ਰਵਾਨਿਤ ਅਤੇ ਪ੍ਰਮਾਣਿਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਖਰੜਾ ਪੀ.ਡੀ.ਐਫ਼. ਰੂਪ ਵਿਚ ਵੀ ਤਾਲਾਬੰਦ ਕਰਕੇ ਤਿਆਰ ਕਰ ਦਿੱਤਾ ਜਾਵੇ (ਤਾਂ ਜੋ ਉਸ ਨਾਲ ਵੀ ਕੋਈ ਛੇੜਛਾੜ ਨਾ ਹੋ ਸਕੇ) ਅਤੇ ਡਿਜੀਟਲ ਰੂਪ ਵਿਚ ਵੀ ਸੰਸਾਰ ਭਰ ਵਿਚ ਸਿਰਫ਼ ਉਸੇ ਦੀ ਹੀ ਵਰਤੋਂ ਹੋਵੇ। ਵਿਦੇਸ਼ਾਂ ਵਿਚ ਲੋੜ ਅਨੁਸਾਰ ਮਰਯਾਦਾ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਪਹੁੰਚ/ ਛਪਾਈ ਲਈ ਸ਼੍ਰੋਮਣੀ ਕਮੇਟੀ ਤਰਜੀਹੀ ਤੌਰ 'ਤੇ ਆਪਣੀ ਕਾਰਵਾਈ ਅਮਲ ਵਿਚ ਲਿਆਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਰਥ ਟੀਕਿਆਂ, ਪੋਥੀਆਂ ਅਤੇ ਗੁਟਕਿਆਂ ਵਿਚ ਵੀ ਇਕਸਾਰਤਾ ਲਿਆਉਣ ਲਈ ਪੰਥਕ ਤੌਰ 'ਤੇ ਵੱਡੇ ਫ਼ੈਸਲੇ ਲੈਣ ਦੀ ਲੋੜ ਹੈ। ਸਿੱਖ ਪੰਥ ਨੇ ਪਿਛਲੇ ਸਮਿਆਂ ਦੌਰਾਨ ਆਪਣੇ ਇਤਿਹਾਸਕ ਸਰੋਤਾਂ, ਵਿਰਾਸਤਾਂ ਅਤੇ ਪਰੰਪਰਾਵਾਂ ਦਾ ਵੱਡਾ ਖ਼ਜ਼ਾਨਾ ਗੁਆ ਲਿਆ ਹੈ। ਜੇਕਰ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੇ ਮੌਲਿਕ ਅਤੇ ਪ੍ਰਮਾਣਿਕ ਪ੍ਰਜੁਲਿਤਵਾਦ ਨੂੰ ਵੀ ਬਹਾਲ ਨਾ ਰੱਖਿਆ ਜਾ ਸਕਿਆ ਤਾਂ ਭਵਿੱਖ ਵਿਚ ਸਿੱਖ ਧਰਮ ਦੀ ਮੌਲਿਕ ਹੋਂਦ ਨੂੰ ਕੋਈ ਵੀ ਨਹੀਂ ਬਚਾਅ ਸਕੇਗਾ।

---

# ਭਾਰਤ ਵਿਚ ਪੱਤਰਕਾਰਾਂ ਲਈ ਔਖਾ ਹੋਇਆ ਕੰਮ ਕਰਨਾ

## 'ਪ੍ਰੈੱਸ ਫਰੀਡਮ ਇੰਡੈੱਕਸ 2021' ਅਨੁਸਾਰ 180 ਦੇਸ਼ਾਂ ਵਿਚੋਂ ਭਾਰਤ ਪ੍ਰੈੱਸ ਦੀ ਅਜ਼ਾਦੀ ਪੱਖੋਂ 142ਵੇਂ ਸਥਾਨ 'ਤੇ

**ਵਿਜੈ ਕਪੂਰ**

ਮੱਧ ਪ੍ਰਦੇਸ਼ ਦੇ ਜ਼ਿਲ੍ਹਾ ਸੀਧੀ ਵਿਚ ਕੋਤਵਾਲੀ ਪੁਲਿਸ ਨੇ 2 ਅਪ੍ਰੈਲ, 2022 ਨੂੰ ਇਕ ਥੀਏਟਰ ਕਲਾਕਾਰ ਨੀਰਜ ਕੁੰਡਰ ਨੂੰ ਇਕ ਭਾਜਪਾ ਵਿਧਾਇਕ ਅਤੇ ਉਸ ਦੇ ਪਰਿਵਾਰ ਨੂੰ ਬਦਨਾਮ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ। ਇਨ੍ਹਾਂ ਦੋਸ਼ਾਂ ਅਤੇ ਇਸ ਗ੍ਰਿਫ਼ਤਾਰੀ ਨੂੰ ਗਲਤ ਦੱਸਦਿਆਂ ਤੇ ਨੀਰਜ ਦੀ ਰਿਹਾਈ ਦੀ ਮੰਗ ਕਰਦਿਆਂ ਲਗਭਗ 40 ਥੀਏਟਰ ਕਲਾਕਾਰ ਕੋਤਵਾਲੀ ਪੁਲਿਸ ਸਟੇਸ਼ਨ ਦੇ ਸਾਹਮਣੇ ਧਰਨੇ 'ਤੇ ਬੈਠ ਗਏ। ਉਦੋਂ ਹੀ ਪੁਲਿਸ ਦੇ ਕੋਲ ਕਿਸੇ ਦਾ ਫ਼ੋਨ ਆਉਂਦਾ ਹੈ ਅਤੇ ਪੁਲਿਸ ਧਰਨੇ 'ਤੇ ਬੈਠੇ ਵਿਅਕਤੀਆਂ ਨੂੰ ਬਲ ਦੀ ਵਰਤੋਂ ਨਾਲ ਹਟਾਉਣ ਲਗਦੀ ਹੈ। ਇਸ ਘਟਨਾ ਦੇ ਵਾਇਰਲ ਵੀਡੀਓ ਵਿਚ ਥੀਏਟਰ ਕਲਾਕਾਰਾਂ ਨੂੰ ਪੁਲਿਸ ਵਲੋਂ ਕੁੱਟਦਿਆਂ ਤੇ ਘਸੀਟਦਿਆਂ ਦੇਖਿਆ ਜਾ ਸਕਦਾ ਹੈ।

ਪੁਲਿਸ ਅੱਠ ਵਿਅਕਤੀਆਂ, ਜਿਨ੍ਹਾਂ ਵਿਚ ਇਕ ਪੱਤਰਕਾਰ ਕਨਿਸ਼ਕ ਤਿਵਾੜੀ ਵੀ ਹੈ, ਨੂੰ ਹਿਰਾਸਤ ਵਿਚ ਲੈ ਲੈਂਦੀ ਹੈ। ਤਿਵਾੜੀ ਦੇ ਮੁਤਾਬਿਕ ਕੋਤਵਾਲੀ ਵਿਚ ਉਨ੍ਹਾਂ ਨੂੰ ਨੰਗਾ ਕਰਕੇ ਕੁੱਟਿਆ ਗਿਆ, ਜਿਸ ਵਿਚ ਨੀਰਜ ਦੇ ਅਨੁਸਾਰ ਉਨ੍ਹਾਂ ਦੇ ਭਰਾ ਦੀ ਕੀਤੀ ਗਈ ਕੁੱਟਮਾਰ ਨਾਲ ਉਸ ਦੇ ਕੰਨ ਦਾ ਪਰਦਾ 70 ਫ਼ੀਸਦੀ ਤੱਕ ਨੁਕਸਾਨਿਆ ਗਿਆ, ਜਿਸ ਦਾ ਅਪਰੇਸ਼ਨ ਕਰਵਾਉਣਾ ਪਵੇਗਾ। ਬਹਰਹਾਲ, ਇਸ ਘਟਨਾ 'ਤੇ ਜ਼ਿਆਦਾ ਵਿਵਾਦ ਇਸ ਗੱਲ ਨੂੰ ਲੈ ਕੇ ਹੈ ਕਿ ਹਿਰਾਸਤ ਵਿਚ ਲਏ ਗਏ ਅੱਠਾਂ ਵਿਅਕਤੀਆਂ ਦੀ ਕੋਤਵਾਲੀ ਵਿਚ ਅਰਧ-ਨਗਨ ਤਸਵੀਰ ਸੋਸ਼ਲ ਮੀਡੀਆ 'ਤੇ ਇਸ ਕੈਪਸ਼ਨ ਦੇ ਨਾਲ ਵਾਇਰਲ ਹੋਈ ਕਿ 'ਭਾਜਪਾ ਵਿਧਾਇਕ ਕੇਦਾਰਨਾਥ ਸ਼ੁਕਲਾ ਦੇ ਖ਼ਿਲਾਫ਼ ਰਿਪੋਰਟਿੰਗ ਕਰਨ ਦੇ ਲਈ ਪੱਤਰਕਾਰਾਂ ਨੂੰ ਪੁਲਿਸ ਸਟੇਸ਼ਨ ਵਿਚ ਨੰਗਾ ਕੀਤਾ ਗਿਆ।' ਜਦੋਂ ਥਾਣੇ ਵਿਚ ਨੰਗਾ ਕੀਤੇ ਜਾਣ ਦੀ ਚਾਰੇ ਪਾਸਿਓਂ ਆਲੋਚਨਾ ਹੋਣ ਲੱਗੀ ਤਾਂ ਪੁਲਿਸ ਤੇ ਪ੍ਰਸ਼ਾਸਨ ਨੇ ਆਪਣੀ ਸਫ਼ਾਈ ਦਿੰਦਿਆਂ ਕਿਹਾ ਕਿ ਹਿਰਾਸਤ ਵਿਚ ਦੋਸ਼ੀਆਂ ਦੇ ਕੱਪੜੇ ਸੁਰੱਖਿਆ ਦੇ ਨਜ਼ਰੀਏ ਨਾਲ ਉਤਰਵਾ ਲਏ ਜਾਂਦੇ ਹਨ ਤਾਂ ਕਿ ਉਹ ਆਪਣੇ ਕੱਪੜਿਆਂ ਨਾਲ ਫੰਦਾ ਬਣਾ ਕੇ ਖ਼ੁਦਕੁਸ਼ੀ ਨਾ ਕਰ ਸਕਣ। ਕੀ ਅਜਿਹਾ ਕਰਨ ਦਾ ਕੋਈ ਨਿਯਮ ਹੈ ? ਇਹ ਤਾਂ ਨਹੀਂ ਪਤਾ, ਪਰ ਇਹ ਨਿਯਮ ਜ਼ਰੂਰ ਹੈ ਕਿ ਜੇਕਰ ਦੋਸ਼ੀ ਦੇ ਕੋਲ ਕੱਪੜੇ ਨਹੀਂ ਹਨ, ਤਾਂ ਸਰਕਾਰ ਵਲੋਂ ਉਸ ਨੂੰ ਉਪਲਬਧ ਕਰਵਾਏ ਜਾਣਗੇ। ਬਹਰਹਾਲ, ਇਸ ਸਿਲਸਿਲੇ ਵਿਚ ਦੋ ਪੁਲਿਸ ਕਰਮੀਆਂ ਨੂੰ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ ਅਤੇ ਜਾਂਚ ਦੇ ਆਦੇਸ਼ ਦਿੱਤੇ ਗਏ ਹਨ ਕਿ ਅਰਧ-ਨਗਨ ਤਸਵੀਰ ਵਾਇਰਲ ਕਿਵੇਂ ਹੋਈ ? ਪੱਤਰਕਾਰਾਂ ਨਾਲ ਸੰਬੰਧਿਤ ਇਕ ਹੋਰ ਚਿੰਤਾਜਨਕ ਘਟਨਾ ਘਟੀ, ਜਿਸ ਵਿਚ ਜ਼ਿਲ੍ਹਾ ਬਲਿਆ 'ਚ ਤਿੰਨ ਵੱਖ-ਵੱਖ ਅਖ਼ਬਾਰਾਂ ਦੇ ਤਿੰਨ ਪੱਤਰਕਾਰਾਂ ਅਜੀਤ ਕੁਮਾਰ ਓਝਾ, ਦਿਗਵਿਜੈ ਸਿੰਘ ਤੇ ਮਨੋਜ ਗੁਪਤਾ ਨੂੰ 12ਵੀਂ ਜਮਾਤ ਦੀ ਬੋਰਡ ਪ੍ਰੀਖਿਆ ਦੇ ਅੰਗਰੇਜ਼ੀ ਪ੍ਰਸ਼ਨ ਪੱਤਰ ਦੇ ਲੀਕ ਹੋਣ ਦੇ ਸੰਦਰਭ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਹਾਲਾਂਕਿ ਪੁਲਿਸ ਅਜੇ ਤੱਕ ਇਨ੍ਹਾਂ ਪੱਤਰਕਾਰਾਂ ਦੀ ਭੂਮਿਕਾ ਨੂੰ ਸਪੱਸ਼ਟ ਨਹੀਂ ਕਰ ਸਕੀ। ਇਨ੍ਹਾਂ ਪੱਤਰਕਾਰਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਬਲਿਆ ਸੰਯੁਕਤ ਪੱਤਰਕਾਰ ਸੰਘਰਸ਼ ਕਮੇਟੀ ਦਾ ਗਠਨ ਕੀਤਾ ਗਿਆ, ਜੋ ਰੋਜ਼ਾਨਾ ਥਾਲੀ ਖੜਕਾਉਂਦੇ ਹੋਏ ਟਾਊਨ ਹਾਲ ਤੋਂ ਵਿਰੋਧ-ਪ੍ਰਦਰਸ਼ਨ ਮਾਰਚ ਕੱਢ ਰਹੀ ਹੈ, ਜਿਸ ਵਿਚ ਸਥਾਨਕ ਲੋਕ ਤੇ ਵੱਖ-ਵੱਖ ਸਿਆਸੀ ਦਲਾਂ ਦੇ ਨੇਤਾ ਵੀ ਸ਼ਾਮਿਲ ਹੋ ਰਹੇ ਹਨ। ਕਮੇਟੀ ਦਾ ਕਹਿਣਾ ਹੈ ਕਿ ਪੱਤਰਕਾਰਾਂ ਨੂੰ ਇਸ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ, ਕਿਉਂਕਿ ਉਨ੍ਹਾਂ ਨੇ ਪ੍ਰਸ਼ਨ ਪੱਤਰ ਲੀਕ ਹੋਣ ਬਾਰੇ ਆਪਣੇ-ਆਪਣੇ ਅਖ਼ਬਾਰਾਂ ਵਿਚ



ਖ਼ਬਰ ਛਾਪੀ ਸੀ। ਇਹ ਪ੍ਰੈੱਸ ਦੀ ਅਜ਼ਾਦੀ 'ਤੇ ਹਮਲਾ ਹੈ ਅਤੇ ਪੱਤਰਕਾਰਾਂ ਨੂੰ ਸੱਚ ਬੋਲਣ ਤੋਂ ਰੋਕਣ ਦੀ ਕੋਸ਼ਿਸ਼ ਹੈ। ਅਸਲ ਵਿਚ ਇਨ੍ਹੀਂ ਦਿਨੀਂ ਇਕ ਪੱਤਰਕਾਰ ਦੇ ਲਈ ਪੱਤਰਕਾਰੀ ਕਰਨਾ ਬਹੁਤ ਔਖਾ ਤੇ ਜੋਖ਼ਮ ਭਰਿਆ ਹੋ ਗਿਆ ਹੈ। ਖ਼ਾਸਕਰ ਉਨ੍ਹਾਂ ਪੱਤਰਕਾਰਾਂ ਦੇ ਲਈ ਜੋ ਛੋਟੇ ਸ਼ਹਿਰਾਂ ਤੇ ਕਸਬਿਆਂ ਵਿਚ ਕੰਮ ਕਰਦੇ ਹਨ। ਇਸ ਧਾਰਨਾ ਦਾ ਆਧਾਰ ਸਿਰਫ਼ ਉਕਤ ਦੋ ਘਟਨਾਵਾਂ ਹੀ ਨਹੀਂ ਹਨ, ਸਗੋਂ ਇਕ ਲੰਬੀ ਸੂਚੀ ਹੈ। ਕੁਝ ਘਟਨਾਵਾਂ ਜੋ ਇਕਦਮ ਨਾਲ ਯਾਦ ਆ ਰਹੀਆਂ ਹਨ ਚੁਨਾਰ, ਮਿਰਜ਼ਾਪੁਰ (ਉੱਤਰ ਪ੍ਰਦੇਸ਼) 'ਚ ਪੋਸਟ-ਮਾਰਟਮ ਹਾਊਸ ਵਿਚ ਹੋ ਰਹੇ ਹੰਗਾਮੇ ਨੂੰ ਕੈਮਰੇ ਵਿਚ ਰਿਕਾਰਡ ਕਰਨ ਲਈ ਪੱਤਰਕਾਰ ਕ੍ਰਿਸ਼ਨ ਕੁਮਾਰ ਸਿੰਘ ਨੂੰ ਮੂਕ ਦਰਸ਼ਕ ਬਣੀ ਪੁਲਿਸ ਦੇ ਸਾਹਮਣੇ ਬੁਰੀ ਤਰ੍ਹਾਂ ਨਾਲ ਕੁੱਟਿਆ ਗਿਆ। ਪੱਤਰਕਾਰ ਪਵਨ ਜੈਸਵਾਲ ਦੇ ਖ਼ਿਲਾਫ਼ ਅਪਰਾਧਕ ਸਾਜਿਸ਼ ਦਾ ਮੁਕੱਦਮਾ ਦਰਜ ਕੀਤਾ ਗਿਆ ਸੀ, ਕਿਉਂਕਿ ਉਨ੍ਹਾਂ ਨੇ ਵੀਡੀਓ ਸਬੂਤਾਂ ਦੇ ਨਾਲ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਉੱਤਰ ਪ੍ਰਦੇਸ਼ ਦੇ ਇਕ ਪ੍ਰਾਇਮਰੀ ਸਕੂਲ ਵਿਚ ਮਿਡ-ਡੇ-ਮੀਲ 'ਚ ਬੱਚਿਆਂ ਨੂੰ ਸਿਰਫ਼ ਨਮਕ ਤੇ ਰੋਟੀ ਪਰੋਸੀ ਜਾ ਰਹੀ ਸੀ।

ਆਜ਼ਮਗੜ੍ਹ ਪੁਲਿਸ ਨੇ ਇਕ ਹਿੰਦੀ ਅਖ਼ਬਾਰ ਦੇ ਖ਼ੋਜੀ ਪੱਤਰਕਾਰ ਨੂੰ ਗ੍ਰਿਫ਼ਤਾਰ ਕੀਤਾ, ਜਦੋਂ ਉਸ ਨੇ ਉਨ੍ਹਾਂ ਬੱਚਿਆਂ ਦੀ ਤਸਵੀਰ ਖਿੱਚ ਲਈ ਸੀ, ਜੋ ਆਪਣੇ ਸਕੂਲ ਦੇ ਫ਼ਰਸ਼ 'ਤੇ ਪੋਚਾ ਲਗਾ ਰਹੇ ਸਨ। ਬਿਜਨੌਰ ਵਿਚ ਇਕ ਦਲਿਤ ਪਰਿਵਾਰ ਨੂੰ ਪਿੰਡ ਦੇ ਹੈਂਡ ਪੰਪ ਤੋਂ ਪਾਣੀ ਨਹੀਂ ਲੈਣ ਦਿੱਤਾ ਗਿਆ, ਉਸ ਨੇ ਵਿਰੋਧ ਵਿਚ ਆਪਣੇ ਘਰ 'ਤੇ 'ਇਹ ਮਕਾਨ ਵਿਕਾਊ ਹੈ' ਦਾ ਬੋਰਡ ਲਗਾਇਆ, ਇਹ ਖ਼ਬਰ ਅਖ਼ਬਾਰਾਂ ਵਿਚ ਆਈ ਤਾਂ ਪੰਜ ਪੱਤਰਕਾਰਾਂ ਖ਼ਿਲਾਫ਼ ਪੁਲਿਸ ਨੇ ਮਾਮਲਾ ਦਰਜ ਕਰ ਦਿੱਤਾ। ਬਹਰਹਾਲ, ਪੱਤਰਕਾਰ ਕ੍ਰਿਸ਼ਨ ਕੁਮਾਰ ਸਿੰਘ ਦੇ ਲਈ ਇਹ ਕੋਈ ਨਵੀਂ ਗੱਲ ਨਹੀਂ ਹੈ। ਪੱਤਰਕਾਰਤਾ ਦੇ ਲੰਬੇ ਕਰੀਅਰ ਵਿਚ ਉਨ੍ਹਾਂ ਦੀਆਂ ਭ੍ਰਿਸ਼ਟਾਚਾਰ ਵਿਰੋਧੀ ਰਿਪੋਰਟਾਂ, ਜਿਨ੍ਹਾਂ 'ਚ ਕਾਰਤੂਸ ਘੁਟਾਲਾ ਤੇ ਗ਼ੈਰਕਾਨੂੰਨੀ ਜ਼ਮੀਨ-ਵੰਡ ਵੀ ਸ਼ਾਮਿਲ ਹਨ, ਨੇ ਕਈ ਅਧਿਕਾਰੀਆਂ ਨੂੰ ਸਲਾਖ਼ਾਂ ਪਿੱਛੇ ਪਹੁੰਚਾਇਆ ਹੈ। ਜਦੋਂ ਸਮਾਜਵਾਦੀ ਪਾਰਟੀ ਸੱਤਾ ਵਿਚ ਸੀ, ਤਾਂ ਕ੍ਰਿਸ਼ਨ ਕੁਮਾਰ ਸਿੰਘ ਨੂੰ ਭੂ-ਮਾਫ਼ੀਆ ਨੇ ਪੁਲਿਸ ਸਟੇਸ਼ਨ 'ਚ ਹੀ ਕੁੱਟਿਆ ਸੀ।

ਪਰ ਪੋਸਟ-ਮਾਰਟਮ ਹਮਲੇ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਤੋੜ ਕੇ ਰੱਖ ਦਿੱਤਾ ਹੈ। ਕਿਉਂ ?

ਬਾਕੀ ਸਫ਼ਾ 31 'ਤੇ

# ਅਕਾਲ ਤਖ਼ਤ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਬਾਰੇ ਫੈਸਲਾ ਸ਼ਲਾਘਾਯੋਗ

**ਰਜਿੰਦਰ ਸਿੰਘ ਪੁਰੇਵਾਲ**

ਬੀਤੇ ਦਿਨੀਂ ਗੁਰੂ ਗ੍ਰੰਥ ਸਾਹਿਬ ਨਾਲ ਛੇੜਛਾੜ ਕਰਨ ਦੇ ਮਸਲੇ ਉਪਰ ਅਕਾਲ ਤਖ਼ਤ ਸਾਹਿਬ ਵਿਖੇ ਪ੍ਰਤੀਨਿਧ ਸਿੱਖ ਧਿਰਾਂ ਦਾ ਪੰਥਕ ਇਕੱਠ ਸੱਦਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਸਰੂਪ ਨਾਲ ਛੇੜਛਾੜ, ਬਿੰਦੀ, ਲਗਾਂ-ਮਾਤਰਾਵਾਂ ਨਵੇਂ ਸਿਰਿਓਂ ਜੋੜਨ ਦੇ ਮਾਮਲੇ ਦੇ ਸਬੰਧ ਵਿਚ ਵਿਚਾਰ ਚਰਚਾ ਕੀਤੀ ਗਈ। ਇਸ ਪੰਥਕ ਇਕੱਠ ਦੌਰਾਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰਦਿਆਂ ਪਵਿੱਤਰ ਗੁਰਬਾਣੀ ਦੀਆਂ ਲਗਾਂ-ਮਾਤਰਾਵਾਂ ਵਿਚ ਮਨਮਰਜ਼ੀ ਨਾਲ ਤਬਦੀਲੀਆਂ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਪ੍ਰਕਾਸ਼ਿਤ ਕਰਨ ਦੇ ਦੋਸ਼ ਵਿਚ ਅਮਰੀਕਾ ਵਾਸੀ ਥਮਿੰਦਰ ਸਿੰਘ ਨੂੰ ਤਨਖ਼ਾਹੀਆ ਐਲਾਨਿਆ ਗਿਆ ਹੈ। ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਥਮਿੰਦਰ ਸਿੰਘ ਨੂੰ ਹੁਕਮ ਕੀਤਾ ਜਾਂਦਾ ਹੈ ਕਿ ਉਹ ਤੁਰੰਤ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਾਸ਼ਨਾ ਆਫ਼ਲਾਈਨ ਤੇ ਆਨਲਾਈਨ ਬੰਦ ਕਰੇ। ਜਥੇਦਾਰ ਨੇ ਕਿਹਾ ਕਿ ਥਮਿੰਦਰ ਸਿੰਘ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਗੁਰੂ ਗ੍ਰੰਥ ਸਾਹਿਬ ਦੀ ਸੋਧਾਂ ਦੇ ਨਾਂ 'ਤੇ ਕੀਤੀ ਗਈ ਛੇੜਖਾਨੀ ਦੀ ਮਨਸ਼ਾ ਜ਼ਾਹਿਰ ਕਰੇ।ਥਮਿੰਦਰ ਸਿੰਘ ਇਹ ਵੀ ਦੱਸੇ ਕਿ ਇਸ ਪਿੱਛੇ ਕਿਸ ਦਾ ਹੱਥ ਹੈ। ਜਥੇਦਾਰ ਨੇ ਇਹ ਵੀ ਆਦੇਸ਼ ਦਿੱਤਾ ਕਿ ਥਮਿੰਦਰ ਸਿੰਘ ਨਾਲ ਸਮੂਹ ਸੰਗਤਾਂ ਉਦੋਂ ਤੱਕ ਮਿਲਵਰਤਨ ਬੰਦ ਰੱਖਣ ਜਦੋਂ ਤੱਕ ਉਹ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਸਭ ਕੁਝ ਜ਼ਾਹਿਰ ਨਹੀਂ ਕਰਦਾ। ਜਥੇਦਾਰ ਨੇ ਕਿਹਾ ਕਿ ਥਮਿੰਦਰ ਸਿੰਘ ਨੂੰ ਉਦੋਂ ਤੱਕ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ। ਪਰ ਜਥੇਦਾਰ ਅਕਾਲ ਤਖਤ ਸਾਹਿਬ ਨੇ ਸੰਪਰਦਾਵਾਂ ਬਾਰੇ ਕੋਈ ਸਟੈਂਡ ਨਹੀਂ ਲਿਆ ਜੋ ਨਿਤਨੇਮ, ਗੁਰਬਾਣੀ ਵਿਚ ਤਬਦੀਲੀਆਂ ਕਰ ਰਹੇ ਹਨ। ਇਸ ਬਾਰੇ ਸਾਡੇ ਕੋਲ ਸਬੂਤ ਵੀ ਹਨ। ਜੇ ਉਹ ਸਬੂਤ ਜਥੇਦਾਰ ਜੀ ਨੂੰ ਨਹੀਂ ਮਿਲੇ ਉਹ ਅਸੀਂ ਭੇਜ ਸਕਦੇ ਹਾਂ। ਜਥੇਦਾਰ ਜੀ ਨੂੰ ਹਰੇਕ ਦੋਸ਼ੀ ਬਾਰੇ ਸਪੱਸ਼ਟ ਪੰਥਕ ਫੈਸਲਾ ਲੈਣਾ ਚਾਹੀਦਾ ਹੈ ਚਾਹੇ ਉਹ ਸੰਪਰਦਾਵਾਂ ਨਾਲ ਜੁੜਿਆ ਕਿਉਂ ਨਾ ਹੋਵੇ।

**ਪਟਿਆਲਾ ਹਿੰਸਾ ਲਈ ਭਗਵੇਂ, ਭਾਜਪਾ ਤੇ ਆਪ ਸਰਕਾਰ ਜ਼ਿੰਮੇਵਾਰ**

ਪਟਿਆਲਾ ਵਿਖੇ 29 ਅਪ੍ਰੈਲ ਨੂੰ ਵਾਪਰੀ ਟਕਰਾਅ ਦੀ ਘਟਨਾ ਸਬੰਧੀ ਭਗਵੇਂਵਾਦੀ ਤੇ ਆਪ ਸਰਕਾਰ ਜ਼ਿੰਮੇਵਾਰ ਹੈ। ਯਾਦ ਰਹੇ ਕਿ ਹਿੰਸਕ ਘਟਨਾਵਾਂ ਤੋਂ ਬਾਅਦ ਪੁਲਿਸ ਵੱਲੋਂ ਇਸ ਮਾਮਲੇ ਵਿੱਚ ਮੁੱਖ ਮੁਲਜ਼ਮ ਦੱਸੇ ਜਾ ਰਹੇ ਹਰੀਸ਼ ਸਿੰਗਲਾ ਤੇ ਬਰਜਿੰਦਰ ਸਿੰਘ ਪਰਵਾਨਾ ਤੇ ਛੇ ਦੇ ਕਰੀਬ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ।ਹੁਣ ਇਸ ਕੇਸ ਵਿਚ ਦੋ ਭਾਜਪਾ ਕਾਰਕੁਨਾਂ ਨੂੰ ਨਾਮਜ਼ਦ ਕੀਤਾ ਗਿਆ ਹੈ। ਇਨਾਂ ਵਿੱਚੋਂ ਇੱਕ ਕਾਰਕੁਨ ਭਾਜਪਾ ਦਾ ਬਾਕਾਇਦਾ ਅਹੁਦੇਦਾਰ ਵੀ ਹੈ। ਘਟਨਾ ਤੋਂ ਬਾਅਦ 'ਆਪ' ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਅਪਲੋਡ ਕਰਦਿਆਂ ਘਟਨਾ ਵਿਚ ਸਰਕਾਰ ਵਿਰੋਧੀ ਰਾਜਸੀ ਪਾਰਟੀਆਂ ਦਾ ਹੱਥ ਹੋਣ ਦੀ ਗੱਲ ਆਖੀ ਸੀ, ਜਿਨਾਂ ਨੇ ਆਪਣੇ ਕਾਰਕੁਨ ਭੇਜ ਕੇ ਦੋ ਫਿਰਕਿਆਂ ਵਿਚ ਨਫ਼ਰਤ ਫੈਲਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਪੋਸਟ ਦੇ ਨਾਲ ਫੋਟੋਆਂ ਵੀ ਅਟੈਚ ਕੀਤੀਆਂ ਹੋਈਆਂ ਸਨ, ਜਿਨਾਂ ਵਿਚੋਂ ਇੱਕ ਵਿੱਚ ਕੁਝ ਕਾਰਕੁਨਾਂ ਦੀ ਭੀੜ ਵਿਚ ਮੌਜੂਦ ਇੱਕ ਭਾਜਪਾ ਨੌਜਵਾਨ ਦੇ ਹੱਥ ਵਿਚ ਨੰਗੀ ਤਲਵਾਰ ਸੀ। ਇੱਕ ਹੋਰ ਭਾਜਪਾ ਕਾਰਕੁਨ ਉਸ ਦੇ ਨਾਲ ਹੀ ਖੜਾ ਨਜ਼ਰ ਆ ਰਿਹਾ ਹੈ। ਇੱਕ ਵੱਖਰੀ ਫੋਟੋ ਵਿਚ ਇਨਾਂ ਵਿੱਚੋਂ ਹੀ ਇੱਕ ਨੌਜਵਾਨ ਭਾਜਪਾ ਆਗੂ ਅਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲਦਾ ਵੀ ਵਿਖਾਇਆ ਗਿਆ ਹੈ। ਉਂਜ, ਅਜੇ ਤੱਕ ਕਿਸੇ ਭਾਜਪਾ ਕਾਰਕੁਨ



ਦੀ ਗ੍ਰਿਫ਼ਤਾਰੀ ਤਾਂ ਨਹੀਂ ਹੋਈ, ਪਰ ਸੂਤਰ ਦੱਸਦੇ ਹਨ ਕਿ ਘਟਨਾ ਵਾਲੇ ਸਥਾਨ ਨਾਲ ਸਬੰਧਤ ਪੁਲਿਸ ਦੇ ਹੱਥ ਲੱਗੀਆਂ ਕੁਝ ਵੀਡੀਓਜ਼ ਅਤੇ ਫੋਟੋਆਂ ਦੇ ਹਵਾਲੇ ਨਾਲ ਪੁਲਿਸ ਪਹਿਲਾਂ ਤੋਂ ਹੀ ਦਰਜ ਕੇਸ ਵਿਚ ਮੁਲਜ਼ਮਾਂ ਦੀ ਗਿਣਤੀ ਵਧਾ ਰਹੀ ਹੈ। ਅਜਿਹੀ ਕੜੀ ਵਜੋਂ ਹੀ ਇਨਾਂ ਦੋ ਭਾਜਪਾ ਕਾਰਕੁਨਾਂ ਨੂੰ ਨਾਮਜ਼ਦ ਕੀਤੇ ਜਾਣ ਦਾ ਸਮਾਚਾਰ ਹੈ।

ਪੁਲਿਸ ਬਰਜਿੰਦਰ ਸਿੰਘ ਪਰਵਾਨਾ ਦਮਦਮੀ ਟਕਸਾਲ ਰਾਜਪੁਰਾ ਨੂੰ ਇਸ ਘਟਨਾ ਦਾ ਜ਼ਿੰਮੇਵਾਰ ਦਸ ਕੇ ਅਨਿਆਂ ਕਰ ਰਹੀ ਹੈ। ਹਾਲਾਂਕਿ ਪਰਵਾਨਾ ਨੇ ਸ਼ਿਵ ਸੈਨਾ ਦੇ ਖਾਲਿਸਤਾਨੀ ਵਿਰੋਧੀ ਜਲੂਸ ਉਪਰ ਪਾਬੰਦੀ ਲਗਾਉਣ ਦੀ ਪ੍ਰਸ਼ਾਸਨ ਨੂੰ ਅਪੀਲ ਕੀਤੀ ਸੀ। ਪਰ ਆਪ ਸਰਕਾਰ ਨੇ ਸ਼ਿਵ ਸੈਨਾ ਦੇ ਜਲੂਸ ਉਪਰ ਪਾਬੰਦੀ ਨਾ ਲਗਾ ਕੇ ਮੰਦਰ ਵਿਚ ਇਕੱਠੇ ਹੋਣ ਦਿੱਤਾ ਤੇ ਹਾਲਾਤ ਵਿਗਾੜੇ। ਸ਼ਿਵ ਸੈਨਾ ਦਾ ਨੇਤਾ ਤੇ ਸਰਕਾਰੀ ਬਾਡੀਗਾਰਡਾਂ ਨਾਲ ਲੈਸ ਹਰੀਸ਼ ਸਿੰਗਲਾ ਦਾ ਸਬੰਧ ਸ਼ਿਵ ਸੈਨਾ ਨਾਲ ਸੀ। ਹਰੀਸ਼ ਸਿੰਗਲਾ ਨੂੰ ਪੰਜਾਬ ਪੁਲਿਸ ਵੱਲੋਂ ਸ਼ੁੱਕਰਵਾਰ ਨੂੰ ਗ੍ਰਿਫ਼ਤਾਰ ਕੀਤਾ ਸੀ ।ਤਕਰੀਬਨ 55 ਸਾਲ ਦੇ ਸਿੰਗਲਾ ਪੇਸ਼ੇ ਵਜੋਂ ਪ੍ਰਾਪਰਟੀ ਡੀਲਰ ਹੈ। ਉਹ ਖ਼ੁਦ ਨੂੰ ਖਾਲਿਸਤਾਨੀ ਸੰਗਠਨਾਂ ਤੋਂ ਖਤਰਾ ਦੱਸਕੇ ਸਰਕਾਰੀ ਸੁਰੱਖਿਆ ਲੈ ਚੁੱਕਾ ਹੈ। ਇਹੀ ਇਨਾਂ ਦਾ ਧੰਦਾ ਹੈ। ਸਿੱਖ ਜਥੇਬੰਦੀਆਂ ਨਾਲ ਟਕਰਾਅ ਵਾਲੇ ਸਿੰਗਲਾ ਦੇ ਬਿਆਨਾਂ ਕਾਰਨ ਉਸ ਖਿਲਾਫ਼ ਪਹਿਲਾਂ ਕਈ ਕੇਸ ਵੀ ਦਰਜ ਹੋ ਚੁਕੇ ਹਨ।ਪਰ ਉਸ ਉਪਰ ਕਦੇ ਠੋਸ ਕਾਰਵਾਈ ਨਹੀਂ ਹੋਈ। 29 ਅਪ੍ਰੈਲ ਦੀ ਖਾਲਿਸਤਾਨ ਵਿਰੋਧੀ ਰੈਲੀ ਤੋਂ ਪਹਿਲਾਂ ਵੀ ਉਸ ਦੀਆਂ ਸੋਸ਼ਲ ਮੀਡੀਆ 'ਤੇ ਕਈ ਸਿੱਖ ਵਿਰੋਧੀ ਭੜਕਾਊ ਪੋਸਟ ਹਨ। 2022 ਵਿਧਾਨ ਸਭਾ ਚੋਣਾਂ ਵਿਚ ਇਸ ਨੇ ਪਟਿਆਲਾ ਤੋਂ ਕਾਂਗਰਸ ਦੇ ਉਮੀਦਵਾਰ ਲਈ ਚੋਣ ਪ੍ਰਚਾਰ ਕੀਤਾ ਸੀ।

ਸ਼ਿਵ ਸੈਨਾ ਬਾਲੇ ਠਾਕਰੇ ਦੇ ਪੰਜਾਬ ਪ੍ਰਧਾਨ ਯੋਗ ਰਾਜ ਸ਼ਰਮਾ ਮੁਤਾਬਕ ਸਿੰਗਲਾ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਪਹਿਲਾਂ ਹੀ ਪਾਰਟੀ ਵਿਚੋਂ ਕੱਢਿਆ ਜਾ ਚੁੱਕਾ ਹੈ। ਮੰਦਰ ਕਮੇਟੀ ਨੇ ਕਿਹਾ ਕਿ ਸਿੱਖਾਂ ਨੇ ਮੰਦਰ ਉਪਰ ਹਮਲਾ ਨਹੀਂ ਕੀਤਾ। ਫਿਰ ਮੰਦਰ ਦੇ ਹਮਲੇ ਦਾ ਬਹਾਨਾ ਬਣਾ ਕੇ ਆਪ ਸਰਕਾਰ ਨੇ ਕਾਰਵਾਈ ਸਿੱਖਾਂ ਉਪਰ ਕਿਉਂ ਕੀਤੀ ? ਆਪ ਸਰਕਾਰ ਰਵਾਇਤੀ ਪਾਰਟੀਆਂ ਵਰਗੀ ਹੈ ਜੋ ਲੋਕਾਂ ਦੇ ਮਸਲੇ ਨਾ ਸੁਲਝਾਉਣ ਕਾਰਨ ਸ਼ਿਵ ਸੈਨਾਨੀ ਵਰਗੀਆਂ ਜਥੇਬੰਦੀਆਂ ਨੂੰ ਉਤਸ਼ਾਹਿਤ ਕਰਕੇ ਲੋਕਾਂ ਦਾ ਧਿਆਨ ਪੰਜਾਬ ਹਿਤੂ ਮਸਲਿਆਂ ਤੋਂ ਭਟਕਾਉਂਦੇ ਹਨ। ਪੰਜਾਬ ਦੇ ਹਿੰਦੂ ਸਿੱਖਾਂ ਨੂੰ ਏਕਤਾ ਬਣਾ ਕੇ ਰੱਖਣ ਦੀ ਲੋੜ ਹੈ ਤਾਂ ਜੋ ਫਿਰਕੂਵਾਦ ਦੀ ਸਿਆਸਤ ਨੂੰ ਨਪਿਆ ਜਾ ਸਕੇ।

# ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨਾਲ ਮੁਲਾਕਾਤ

1 ਲੱਖ ਏਕੜ ਦੇ ਕਰੀਬ ਪੰਚਾਇਤੀ ਜ਼ਮੀਨ 'ਤੇ ਲੋਕਾਂ ਦਾ ਕਬਜ਼ਾ

ਸਵਾਲ : ਪੰਜਾਬ ਵਿਚ ਕਿੰਨੀਆਂ ਜ਼ਮੀਨਾਂ ਅਜਿਹੀਆਂ ਹਨ ਜਿਨਾਂ 'ਤੇ ਗੈਰ ਕਾਨੂੰਨੀ ਕਬਜ਼ੇ ਹਨ ?

ਜਵਾਬ : ਇਹ ਜ਼ਮੀਨਾਂ ਦਾ ਮਸਲਾ ਹੈ ਅਤੇ ਸਾਡੇ ਕੋਲ 2010 ਦੇ ਅੰਕੜੇ ਮੌਜੂਦ ਹਨ। ਉਸ ਤੋਂ ਬਾਅਦ ਵਿਭਾਗ ਨੇ ਇਸ ਸਬੰਧੀ ਅੰਕੜੇ ਹੀ ਇਕੱਠੇ ਨਹੀਂ ਕੀਤੇ। 2010 ਦੇ ਅੰਕੜਿਆਂ ਅਨੁਸਾਰ ਲਗਭਗ 50 ਹਜ਼ਾਰ ਏਕੜ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਹੋਏ ਹਨ। ਹੁਣ ਅਸੀਂ ਤਾਜ਼ਾ ਅੰਕੜੇ ਇਕੱਠੇ ਕਰਾਂਗੇ।ਪਰ ਸਾਨੂੰ ਜੋ ਫੋਨ ਕਾਲਾਂ ਆ ਰਹੀਆਂ ਹਨ, ਉਨਾਂ ਅਨੁਸਾਰ ਅੰਦਾਜ਼ਾ ਲੱਗ ਸਕਦਾ ਹੈ ਕਿ ਤਕਰੀਬਨ 1 ਲੱਖ ਏਕੜ ਦੇ ਕਰੀਬ ਪੰਚਾਇਤੀ ਰਾਜ ਦੀ ਜ਼ਮੀਨ 'ਤੇ ਲੋਕਾਂ ਨੇ ਆਪਣੀ ਮੱਲ ਮਾਰੀ ਹੋਈ ਹੈ। ਇਸ ਤੋਂ ਇਲਾਵਾ ਹਜ਼ਾਰਾਂ ਏਕੜ ਜੰਗਲਾਤ ਵਿਭਾਗ ਦੀ ਜ਼ਮੀਨ ਗੈਰ ਕਾਨੂੰਨੀ ਤੌਰ 'ਤੇ ਲੋਕਾਂ ਨੇ ਦੱਬੀ ਹੋਈ ਹੈ। ਇਸ ਸਭ ਤੋਂ ਇਲਾਵਾ ਸ਼ਹਿਰਾਂ ਵਿਚ ਸਥਾਨਕ ਸਰਕਾਰ ਦੀ ਜ਼ਮੀਨ 'ਤੇ ਵੀ ਨਾਜਾਇਜ਼ ਕਬਜ਼ੇ ਮੌਜੂਦ ਹਨ। ਸ਼ਹਿਰਾਂ ਦੇ ਨਜ਼ਦੀਕ ਜੋ ਪਿੰਡ ਪੈਂਦੇ ਸਨ, ਉਨਾਂ ਦੀ ਪੰਚਾਇਤੀ ਜ਼ਮੀਨ ਵੀ ਦੱਬੀ ਹੋਈ ਹੈ, ਜਿਸ ਦੀ ਲਾਗਤ ਅਰਬਾਂ ਵਿਚ ਹੈ। ਇਸ ਕਰਕੇ ਇਹ ਬਹੁਤ ਹੀ ਵੱਡਾ ਖਾਤਾ ਹੈ। ਸੱਚ ਕਰਾਂ ਤਾਂ ਪੰਜਾਬ ਦੇ ਆਗੂਆਂ ਨੇ ਪੰਜਾਬ ਨਾਲ ਵਫ਼ਾ ਨਹੀਂ ਕੀਤੀ ਹੈ। ਇਨਾਂ ਨੇ ਆਪਣੇ ਹੱਥੀਂ ਪੰਜਾਬ ਡੁਬੋ ਦਿੱਤਾ ਹੈ।

ਸਵਾਲ : ਪੰਜਾਬ ਦੇ ਕਿਹੜੇ ਜ਼ਿਲੇ ਵਿਚ ਪੰਚਾਇਤੀ ਜ਼ਮੀਨਾਂ 'ਤੇ ਸਭ ਤੋਂ ਵੱਧ ਕਬਜ਼ੇ ਹਨ ?

ਜਵਾਬ : ਜ਼ਿਲੇ ਤਾਂ ਬਹੁਤ ਹਨ, ਜਿਵੇਂ ਪਟਿਆਲਾ, ਅੰਮ੍ਰਿਤਸਰ, ਕਪੂਰਥਲਾ..ਕਹਿ ਸਕਦੇ ਹੋ ਕਿ ਹਰ ਜ਼ਿਲੇ ਵਿਚ ਹੀ ਅਜਿਹਾ ਹੋਇਆ ਹੈ।

ਸਵਾਲ: ਤੁਸੀਂ ਕਿਸ ਰਿਪੋਰਟ ਦੇ ਆਧਾਰ 'ਤੇ ਇਸ ਮੁਹਿੰਮ ਨੂੰ ਵਿੱਢਿਆ ਹੈ ?

ਜਵਾਬ: ਅਸੀਂ ਕਿਸੇ ਰਿਪੋਰਟ ਨਹੀਂ ਬਲਕਿ ਆਪਣੇ ਰਿਕਾਰਡ ਦੇ ਆਧਾਰ 'ਤੇ ਕੰਮ ਕਰ ਰਹੇ ਹਾਂ। ਸਾਡੇ ਕੋਲ ਪੰਚਾਇਤੀ ਰਾਜ ਦਾ ਪੂਰਾ ਰਿਕਾਰਡ ਹੈ। ਅਸੀਂ ਅਜੇ ਰਿਪੋਰਟਾਂ ਨੂੰ ਵੇਖਣਾ ਹੈ, ਜਿਵੇਂ ਕੁਲਦੀਪ ਸਿੰਘ ਦੀ ਰਿਪੋਰਟ ਨੂੰ ਵਿਚਾਰਾਂਗੇ।

ਸਵਾਲ : ਲੋਕਾਂ ਵੱਲੋਂ ਕਿਸ ਤਰਾਂ ਦਾ ਹੁੰਗਾਰਾ ਮਿਲਿਆ ਹੈ ?

ਜਵਾਬ : ਸਾਨੂੰ ਬਹੁਤ ਸਾਰੇ ਲੋਕਾਂ ਦੇ ਫੋਨ ਆ ਰਹੇ ਹਨ ਕਿ ਉਨਾਂ ਦੇ ਇਲਾਕੇ ਵਿਚ ਆ ਕੇ ਵੀ ਨਾਜਾਇਜ਼ ਕਬਜ਼ੇ ਵਾਲੀਆਂ ਜ਼ਮੀਨਾਂ ਛੁਡਾਈਆਂ ਜਾਣ।

ਸਵਾਲ : ਇਸ ਤਰਾਂ ਦਾ ਕੋਈ ਫੋਨ ਆਉਂਦਾ ਹੈ ਕਿ ਸਾਡੇ ਇਲਾਕੇ ਵਿਚ ਨਾ ਆਇਓ ?

ਜਵਾਬ : ਸਾਡੇ ਵੀ ਕਈ ਬੰਦੇ ਪਿੰਡਾਂ ਵਿਚ ਹਨ, ਜਿਨਾਂ ਨੇ ਪੰਚਾਇਤੀ ਜ਼ਮੀਨ ਦੇ ਦੋ ਕਿਲੇ ਜਾਂ ਤਿੰਨ ਕਿਲੇ ਦੱਬੇ ਹੋਏ ਹਨ। ਬੰਦਾ ਸਾਡੀ ਪਾਰਟੀ ਦਾ ਜਾਂ ਅਕਾਲੀ ਦਲ ਜਾਂ ਫਿਰ ਕਾਂਗਰਸੀ ਹੈ, ਬਾਦਲ ਹੈ, ਅਮਰਿੰਦਰ ਹੈ, ਅਸੀਂ ਹਾਂ ਜਾਂ ਮਾਨ ਸਾਹਿਬ ਹਨ, ਪਰ ਯਾਦ ਰੱਖਣ ਵਾਲੀ ਗੱਲ ਹੈ ਕਿ ਪੰਜਾਬ ਸਭ ਤੋਂ ਵੱਡਾ ਹੈ।

ਸਵਾਲ : ਤੁਹਾਡੇ ਵੱਲੋਂ 31 ਮਈ ਦੀ ਜੋ ਸੀਮਾ ਤੈਅ ਕੀਤੀ ਗਈ ਹੈ, ਉਦੋਂ ਤੱਕ ਕਿੰਨੇ ਏਕੜ ਜ਼ਮੀਨ ਮੁਕਤ ਕਰਵਾਉਣ ਦਾ ਟੀਚਾ ਮਿੱਥਿਆ ਹੈ ?

ਜਵਾਬ : ਇਸ ਤਰਾਂ ਦੀ ਕੋਈ ਸੀਮਾ ਨਹੀਂ ਤੈਅ ਕੀਤੀ ਹੈ ਕਿਉਂਕਿ ਇਸ ਮੁਹਿੰਮ ਨੂੰ ਪੂਰੀ ਤਰਾਂ ਨੇਪਰੇ ਚਾੜਨ ਵਚ ਬਹੁਤ ਸਮਾਂ ਲੱਗੇਗਾ। ਇਸ ਲਈ ਸਮਾਂ ਪਾਬੰਦੀ ਨਹੀਂ ਹੈ ਪਰ ਜਦੋਂ ਅਸੀਂ 25 ਅਪ੍ਰੈਲ ਨੂੰ ਬੈਠਕ ਕੀਤੀ ਸੀ ਤਾਂ ਉਦੋਂ ਅਸੀਂ ਅੰਦਾਜ਼ਾ ਲਗਾਇਆ ਸੀ ਕਿ ਇਸ ਅਰਸੇ ਦੌਰਾਨ ਅਸੀਂ 5 ਹਜ਼ਾਰ ਏਕੜ ਜ਼ਮੀਨ ਕਵਰ ਕਰ ਲਵਾਂਗੇ। ਇਹ ਅੰਦਾਜ਼ਾ ਅਸੀਂ ਸਾਡੇ ਕੋਲ ਮੌਜੂਦ ਦਾਖਲਾ ਵਾਰੰਟਾਂ ਤੋਂ ਲਗਾਇਆ ਸੀ।

ਸਵਾਲ : ਇਨਾਂ ਜ਼ਮੀਨਾਂ 'ਤੇ ਆਮ ਲੋਕਾਂ ਜਾਂ ਸਿਆਸੀ ਆਗੂਆਂ ਜਾਂ ਫਿਰ ਅਫ਼ਸਰਸ਼ਾਹੀ ਦਾ ਕਬਜ਼ਾ ਹੈ ?

ਜਵਾਬ : ਸਰਕਾਰੀ ਜ਼ਮੀਨਾਂ 'ਤੇ ਆਮ ਲੋਕਾਂ ਦੇ ਨਾਲ ਨਾਲ ਸਿਆਸੀ ਆਗੂਆਂ ਨੇ ਵੀ ਗੈਰ ਕਾਨੂੰਨੀ ਕਬਜ਼ੇ ਕੀਤੇ ਹੋਏ ਹਨ। ਜਿਹੜੀਆਂ ਮਹਿੰਗੀਆਂ ਜ਼ਮੀਨਾਂ ਨੇ ਜਿਵੇਂ ਕਿ



ਮੁਹਾਲੀ ਦੇ ਨੇੜੇ-ਤੇੜੇ, ਉਨਾਂ 'ਤੇ ਰਾਜਨੀਤਿਕ ਆਗੂਆਂ ਅਤੇ ਵੱਡੇ ਅਫ਼ਸਰਾਂ ਦੇ ਕਬਜ਼ੇ ਹਨ। ਆਮ ਵਿਅਕਤੀ ਤਾਂ ਇੱਥੇ ਆਪਣਾ ਦਬਦਬਾ ਵਿਖਾ ਹੀ ਨਹੀਂ ਸਕਦਾ।

ਸਵਾਲ : ਜਿਨਾਂ ਸਿਆਸੀ ਆਗੂਆਂ ਜਾਂ ਅਫ਼ਸਰਾਂ ਨੇ ਗੈਰ-ਕਾਨੂੰਨੀ ਕਬਜ਼ੇ ਕੀਤੇ ਹੋਏ ਹਨ, ਕੀ ਉਹ ਆਸਾਨੀ ਨਾਲ ਕਬਜ਼ੇ ਛੱਡ ਦੇਣਗੇ ?

ਜਵਾਬ : ਕਾਨੂੰਨ ਤੋਂ ਉਪਰ ਕੁਝ ਵੀ ਨਹੀਂ ਹੈ। ਕਾਨੂੰਨ ਨੇ ਆਪਣੀ ਕਾਰਵਾਈ ਕਰਨ ਲੱਗਿਆ ਇਹ ਬਿਲਕੁੱਲ ਨਹੀਂ ਵੇਖਣਾ ਕਿ ਵਿਅਕਤੀ ਵੱਡੇ ਰੁਤਬੇ ਵਾਲਾ ਹੈ ਜਾਂ ਛੋਟਾ ਹੈ। ਕਾਨੂੰਨ ਨੇ ਨਹੀਂ ਵੇਖਣਾ ਕਿ ਇਹ ਵਿਅਕਤੀ ਐਸਐਸਪੀ ਜਾਂ ਡੀਆਈਜੀ ਸੇਵਾਮੁਕਤ ਹੋਇਆ ਸੀ ਜਾਂ ਕਾਨੂੰਨ ਇਹ ਨਹੀਂ ਵੇਖਦਾ ਕਿ ਇਹ ਵਿਅਕਤੀ ਐਮਐਲਏ ਜਾਂ ਮੰਤਰੀ ਰਿਹਾ ਹੈ। ਕਾਨੂੰਨ ਆਪ ਹੀ ਸਭ ਤੋਂ ਉਪਰ ਹੈ।

ਸਵਾਲ : ਕੀ ਇਹ ਕਾਰਵਾਈ ਇਸੇ ਤਰਾਂ ਜਾਰੀ ਰਹੇਗੀ ?

ਜਵਾਬ : ਇਹ ਮੁਹਿੰਮ ਇੰਝ ਹੀ ਜਾਰੀ ਰਹੇਗੀ ਅਤੇ ਸਾਨੂੰ ਵਿਸ਼ਵਾਸ ਹੈ ਕਿ ਇਸ ਸਾਲ ਦੇ ਅੰਤ ਤੱਕ ਅਸੀਂ ਵੱਡੀ ਜੰਗ ਜਿੱਤ ਜਾਵਾਂਗੇ। ਬਾਕੀ ਲੋਕਾਂ ਵੱਲੋਂ ਮਿਲਣ ਵਾਲੇ ਹੁੰਗਾਰੇ 'ਤੇ ਵੀ ਨਿਰਭਰ ਕਰਦਾ ਹੈ।

ਸਵਾਲ : ਇਨਾਂ ਜ਼ਮੀਨਾਂ ਦੀ ਵਰਤੋਂ ਕਿਵੇਂ ਹੋਵੇਗੀ ?

ਜਵਾਬ : ਜਿਹੜੀਆਂ ਜ਼ਮੀਨਾਂ ਹੁਣ ਤੱਕ ਮੁਕਤ ਕਰਵਾਈਆਂ ਹਨ ਉਨਾਂ ਦੀ ਬੋਲੀ ਕਰਵਾ ਰਹੇ ਹਾਂ ਅਤੇ ਖੇਤੀ ਵਾਲੀਆਂ ਜ਼ਮੀਨਾਂ ਵਿਚ ਖੇਤੀ ਕਰਵਾਵਾਂਗੇ। ਸ਼ਹਿਰਾਂ ਵਿਚ ਜਿਹੜੇ ਕਮਰਸ਼ੀਅਲ ਪਲਾਟ ਹਨ ਉਨਾਂ ਨੂੰ ਵੇਚ ਕੇ ਸਰਕਾਰੀ ਖਜ਼ਾਨੇ ਨੂੰ ਭਰਾਂਗੇ।

ਸਵਾਲ : ਦਲਿਤ ਭਾਈਚਾਰੇ ਦੇ ਹਿੱਸੇ ਦੀ ਜ਼ਮੀਨ ਉਨਾਂ ਨੂੰ ਮਿਲੇ, ਇਸ ਲਈ ਤੁਹਾਡੀ ਸਰਕਾਰ ਕੀ ਕਰਨ ਜਾ ਰਹੀ ਹੈ ?

ਜਵਾਬ : ਮੇਰੀ ਨਿੱਜੀ ਰਾਏ ਹੈ ਅਤੇ ਸਰਕਾਰ ਦਾ ਵੀ ਮੰਨਣਾ ਹੈ ਕਿ ਦਲਿਤ ਭਾਈਚਾਰੇ ਦਾ ਤੀਜਾ ਹਿੱਸਾ ਉਨਾਂ ਦੇ ਕੰਮਾਂ ਵਿਚ ਹੀ ਲਗਾ ਦਿੱਤਾ ਜਾਵੇ। ਮੈਂ ਸਮਝਦਾ ਹਾਂ ਕਿ ਉਨਾਂ ਦਾ ਹੱਕ ਉਨਾਂ ਨੂੰ ਮਿਲਣਾ ਚਾਹੀਦਾ ਹੈ। ਅਸੀਂ ਇਸ ਤਰਾਂ ਦਾ ਸਿਸਟਮ ਸ਼ੁਰੂ ਕਰਾਂਗੇ, ਜਿਸ ਨਾਲ ਕੋਈ ਵੀ ਦਲਿਤ ਭਾਈਚਾਰੇ ਦਾ ਵਿਅਕਤੀ ਇਹ ਨਾ ਕਹੇ ਕਿ ਪੰਚਾਇਤੀ ਰਾਜ ਦੀ ਜ਼ਮੀਨ ਬੋਲੀ ਵਿਚ ਲਗਾ ਦਿੱਤੀ ਅਤੇ ਸਾਡੇ ਨਾਲ ਵਿਤਕਰਾ ਹੋਇਆ ਹੈ।

ਸਵਾਲ : ਪੰਚਾਇਤੀ ਰਾਜ ਜ਼ਮੀਨ ਦੀ ਬੋਲੀ ਲਈ ਕੋਈ ਨੀਤੀ ਹੈ, ਜਿਸ ਨਾਲ ਕਿ ਉਹ ਸਹੀ ਹੱਥਾਂ ਵਿਚ ਜਾ ਸਕੇ ?

ਜਵਾਬ : ਬੈਠਕ ਦੌਰਾਨ ਸਾਰੇ ਹੀ ਅਧਿਕਾਰੀਆਂ ਨੂੰ ਹਦਾਇਤ ਕਰ ਦਿੱਤੀ ਗਈ ਸੀ ਅਤੇ ਹੁਣ ਲਿਖਤੀ ਵੀ ਹਦਾਇਤ ਦੇਵਾਂਗੇ ਕਿ ਕੋਈ ਵੀ ਵਿਅਕਤੀ ਨੇਮਾਂ ਦੀ ਉਲੰਘਣਾ ਨਾ ਕਰੇ। ਪਰ ਬਾਅਦ ਵਿਚ ਮਾਨ ਸਾਹਿਬ ਨਾਲ ਵਿਚਾਰ ਕਰਕੇ ਦਲਿਤ ਭਾਈਚਾਰੇ ਦੇ ਲਈ ਕੀ ਕਰਨਾ ਹੈ, ਇਸ ਸਬੰਧ ਵਿਚ ਨੀਤੀ ਤਿਆਰ ਕੀਤੀ ਜਾਵੇਗੀ।




# ਖੁਸ਼ਹਾਲ ਜ਼ਿੰਦਗੀ ਜਿਊਣ ਲਈ ਜੰਗਲ ਬਚਾਉਣੇ ਜ਼ਰੂਰੀ

**ਵਿਜੈ ਬੰਬੇਲੀ**

**ਸੰਪਰਕ : 94634 39075**

ਮੱਤੇਵਾੜਾ ਬਹਾਨੇ ਹੀ ਸਹੀ, ਪੰਜਾਬ ਵਿਚ ਜੰਗਲਾਂ ਬਾਰੇ ਗੱਲ ਤਾਂ ਤੁਰੀ। ਜੰਗਲ ਸਾਡੀ ਸਾਹਰਗ ਹੀ ਨਹੀਂ, ਇਹ ਮਿੱਟੀ, ਮੀਂਹ ਅਤੇ ਸਾਵੇਂ ਵਾਤਾਵਰਨ ਦੇ ਪੂਰਕ ਹਨ। ਪੌਦ ਅਤੇ ਜੀਵ ਵੰਨ-ਸਵੰਨਤਾ ਜਿਹੜੀ ਸਾਵੀਂ ਜ਼ਿੰਦਗੀ ਲਈ ਬੇਹੱਦ ਜ਼ਰੂਰੀ ਹੈ ਤਾਂ ਜੰਗਲਾਂ ਬਿਨਾਂ ਚਿਤਵੀ ਹੀ ਨਹੀਂ ਜਾ ਸਕਦੀ। ਭਾਰਤ ਦੇ ਆਹਲਾ ਜੰਗਲਾਤ ਅਫਸਰ ਨਰਾਇਣ ਬਚਖੇਤੀ ਨੇ ਅੱਧੀ ਸਦੀ ਪਹਿਲਾਂ ਹੀ ਚਿਤਾਵਨੀ ਦੇ ਦਿਤੀ ਸੀ, 'ਮਨੁੱਖੀ ਵਿਕਾਸ ਵਿਚ ਸਿਆਣਿਆਂ ਨੇ ਤਿੰਨ ਪੜਾਅ ਮੰਨੇ ਹਨ। ਜੰਗਲ ਪ੍ਰਧਾਨ ਸੱਭਿਅਤਾਵਾਂ ਦਾ ਦੌਰ, ਜੰਗਲ ਉੱਪਰ ਕਾਬੂ ਪਾ ਰਹੀਆਂ ਸੱਭਿਆਤਾਵਾਂ ਦਾ ਦੌਰ ਅਤੇ ਉਹ ਸੱਭਿਆਤਾਵਾਂ ਜਿਹੜੀਆਂ ਜੰਗਲਾਂ ਉੱਤੇ ਪੂਰੇ ਤਰਾਂ ਹਾਵੀ ਹੋ ਚੁੱਕੀਆਂ ਹਨ। ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਡਾ ਦੇਸ਼ ਤੀਜੇ ਪੜਾਅ ਵਿਚੋਂ ਲੰਘ ਰਿਹਾ ਹੈ। ਮਾਰੇ ਜਾਵਾਂਗੇ ਅਸੀਂ।'

ਵਾਤਾਵਰਨ ਅਤੇ ਕੁਦਰਤੀ ਸੋਮੇ ਮਾਹਿਰਾਂ ਅਨੁਸਾਰ ਸਾਵੀਂ ਪੱਧਰੀ ਜ਼ਿੰਦਗੀ ਲਈ ਕਰੀਬ 33% ਭੂਮੀ ਜੰਗਲਾਂ ਹੇਠ ਹੋਣੀ ਚਾਹੀਦੀ ਹੈ। ਕੇਂਦਰੀ ਵਣ ਲਗਾਓ ਕਮਿਸ਼ਨ, ਨੈਸ਼ਨਲ ਰੀਮੋਟ ਸੈਂਸਿੰਗ ਏਜੰਸੀ ਅਤੇ ਭਾਰਤ ਸਰਕਾਰ ਦੇ ਵਣ ਸਰਵੇਖਣ ਮੁਤਾਬਿਕ ਇਹ ਅੱਧਾ (16.7%) ਹੈ ਪਰ ਕੁਝ ਗੈਰ-ਸਰਕਾਰੀ ਸੰਸਥਾਵਾਂ ਇਸ ਅੰਕੜੇ ਨੂੰ ਵੀ ਚੁਣੌਤੀ ਦਿੰਦੀਆਂ ਹਨ।

ਇਸ ਪ੍ਰਸੰਗ ਵਿਚ ਪੰਜਾਬ ਦੀ ਹਾਲਤ ਤਰਸਯੋਗ ਹੈ। ਜਿੱਥੇ 'ਜੰਗਲ' ਦੀ ਪ੍ਰੀਭਾਸ਼ਾ ਅਨੁਸਾਰ ਤਾਂ ਕਰੀਬ ਕਰੀਬ ਜੰਗਲ ਰਹੇ ਹੀ ਨਹੀਂ। ਪੰਜਾਬ ਦੇ ਕੁੱਲ 50,362 ਵਰਗ ਕਿਲੋਮੀਟਰ ਖੇਤਰਫਲ ਵਿਚੋਂ ਸਿਰਫ਼ 2868 ਵਰਗ ਕਿਲੋਮੀਟਰ ਰਕਬਾ ਹੀ ਮਹਿਜ਼ ਨਾਂ ਦੇ ਜੰਗਲਾਂ ਹੇਠ ਹੈ। ਇਹ ਜੰਗਲੀ ਖੇਤਰ ਵੀ ਝਾੜੀ-ਨੁਮਾ (ਉਹ ਵੀ ਗੈਰ-ਲਾਭਦਾਇਕ) ਹੈ। ਅਜਿਹਾ ਕਿਉਂ ? ਇਸ ਦਾ ਉੱਤਰ ਭਾਵੇਂ ਜੰਗਲਾਤ ਵਿਭਾਗ/ਸਰਕਾਰ ਕੋਲ ਹੈ ਪਰ ਉੱਤਰ ਦੇਣ ਤੋਂ ਪਹਿਲਾਂ ਤਿੱਖੇ ਮੁਲੰਕਣ ਦੀ ਲੋੜ ਹੈ। ਪੰਜਾਬ ਦੇ ਕੁੱਲ ਖੇਤਰ ਦਾ ਸਿਰਫ 5.7% ਹਿੱਸਾ ਹੀ ਜੰਗਲਾਂ ਹੇਠ ਹੈ ਜਿਹੜਾ ਜ਼ਰੂਰੀ 33% ਦਾ ਛੇਵਾਂ ਹਿੱਸਾ ਬਣਦਾ ਹੈ।

ਜੰਗਲਾਂ ਦੇ ਪ੍ਰਸੰਗ ਵਿਚ ਭਾਵੇਂ ਸਮੁੱਚੇ ਭਾਰਤ ਦੀ ਹਾਲਤ ਵੀ ਤਸੱਲੀਬਖ਼ਸ਼ ਨਹੀਂ ਕਹੀ ਜਾ ਸਕਦੀ ਪਰ ਪੰਜਾਬ ਦੀ ਹਾਲਤ ਤਾਂ ਬੇਹੱਦ ਤਰਸਯੋਗ ਹੈ। ਬਹੁਤੇ ਸੰਘਣੇ ਜੰਗਲਾਂ ਵਿਚ ਅਜਿਹੇ ਵਣ ਆਉਂਦੇ ਹਨ ਜਿੱਥੇ ਬਿਰਖਾਂ ਦਾ ਸੰਘਣਾਪਨ 70% ਤੋਂ ਵਧ ਹੈ। ਇਸ ਤੋਂ ਬਾਅਦ ਦਰਮਿਆਨੇ ਸੰਘਣੇ ਜੰਗਲ ਆਉਂਦੇ ਹਨ ਜਿਨਾਂ ਵਿਚ ਬਿਰਖਾਂ ਦਾ ਸੰਘਣਾਪਨ 40 ਤੋਂ 70% ਹੁੰਦਾ ਹੈ। ਖੁੱਲੇ ਜੰਗਲਾਂ ਦਾ ਸੰਘਣਾਪਨ 10-40% ਹੁੰਦਾ ਹੈ। ਝਾੜੀਆਂ ਵਿਚ ਅਜਿਹੇ ਵਣ ਖੇਤਰ ਆਉਂਦੇ ਹਨ ਜਿੱਥੇ ਰੁੱਖਾਂ ਦੀ ਪੈਦਾਵਾਰ ਬਹੁਤ ਕਮਜ਼ੋਰ ਹੁੰਦੀ ਹੈ ਅਤੇ ਸੰਘਣਾਪਨ ਸਿਰਫ 10 ਫ਼ੀਸਦੀ ਤੱਕ ਹੀ ਹੁੰਦਾ ਹੈ। ਜੰਗਲ ਦਾ ਅਰਥ ਘਾਹ ਤੋਂ ਲੈ ਕੇ ਵਿਸ਼ਾਲ ਬਿਰਖ ਸਮੇਤ ਬਹੁ-ਪਰਤੀ ਜੀਵ-ਜੰਤੂ ਹੁੰਦਾ ਹੈ।

ਪੰਜਾਬ ਅਜਿਹੇ ਝਾੜੀ-ਬਿਰਖਾਂ ਵਾਲੇ ਸੋਮਿਆਂ (10 ਫ਼ੀਸਦੀ ਸੰਘਣਾਪਨ) ਨੂੰ ਹੀ ਜੰਗਲ ਮੰਨੀ ਬੈਠਾ ਹੈ। ਉਂਜ ਪੰਜਾਬ ਵਣ ਵਰਗ ਅਨੁਸਾਰ 4336 ਹੈਕਟੇਅਰ ਰਿਜ਼ਰਵ ਫੌਰੈਸਟ ਅਧੀਨ, 41680 ਹੈਕਟੇਅਰ ਪਰੋਟੈਕਟਿਡ, 73612 ਹੈਕਟੇਅਰ ਸਟਰਿਪ ਅਤੇ 18222 ਹੈਕਟੇਅਰ ਅਨਕਲਾਸ ਫੌਰੈਸਟ ਰਕਬਾ 'ਦਰਸਾਇਆ' ਗਿਆ ਹੈ ਅਤੇ ਪੰਜਾਬ ਲੈਂਡ ਪ੍ਰੀਜਰਵੇਸ਼ਨ ਐਕਟ 1900 ਅਤੇ ਸੈਕਸ਼ਨ 38 ਇੰਡੀਅਨ ਫੌਰੈਸਟ ਐਕਟ 1927 ਆਦਿ 1,67,320 ਹੈਕਟੇਅਰ ਰਕਬਾ ਸਰਕਾਰੀ ਕਾਗਜ਼ਾਂ ਵਿਚ 'ਘਿਰਿਆ' ਹੋਇਆ ਹੈ।

ਭਾਰਤ ਦੀ ਵਣ ਸਥਿਤੀ ਰਿਪੋਰਟ (2005) ਅਨੁਸਾਰ ਦੇਸ਼ ਵਿਚ 67.71% ਕਰੋੜ ਹੈਕਟੇਅਰ ਵਣ-ਖੇਤਰ ਹੈ ਜਿਹੜਾ ਦੇਸ਼ ਦੇ ਕੁੱਲ ਭੂਗੋਲਿਕ ਖੇਤਰ ਦਾ 20.60% ਹੈ। ਰਿਪੋਰਟ ਮੁਤਾਬਕ ਇਸ ਵਿਚ 5.46 ਕਰੋੜ ਹੈਕਟੇਅਰ (1.66%) ਖੇਤਰ ਵਿਚ ਸੰਘਣੇ ਜੰਗਲ, 33.26 ਕਰੋੜ ਹੈਕਟਰ ਖੇਤਰ (10.12%) ਵਿਚ ਦਰਮਿਆਨੇ ਸੰਘਣੇ ਜੰਗਲ ਅਤੇ ਬਾਕੀ 28.99 ਕਰੋੜ ਹੈਕਟੇਅਰ (8.82%) ਵਿਚ ਹੋਰ ਵਣ ਸ਼ਾਮਿਲ ਹਨ ਜਿਨਾਂ ਵਿਚ 0.44 ਕਰੋੜ ਹੈਕਟੇਅਰ ਮਨੁੱਖ ਦੁਆਰਾ ਉਗਾਏ ਜੰਗਲ ਵੀ ਸ਼ਾਮਿਲ ਹਨ ਪਰ ਪੰਜਾਬ ਕਿਧਰੇ ਨਹੀਂ ਰੜਕਦਾ।ਦੇਸ਼ ਵਿਚਲੇ ਨਿਰੋਲ ਵਣ ਵਾਲੇ ਖੇਤਰਾਂ ਵਿਚ ਮੱਧ ਪ੍ਰਦੇਸ਼ ਦਾ ਪਹਿਲਾ ਸਥਾਨ ਹੈ ਜਿੱਥੇ ਦੇਸ਼ ਦੇ ਕੁੱਲ ਵਣ ਵਾਲੇ ਇਲਾਕੇ ਦੇ 11.22% ਖੇਤਰ ਵਿਚ ਵਣ ਹੈ। ਅਰੁਣਾਚਲ ਪ੍ਰਦੇਸ਼ ਵਿਚ 10.01%, ਛੱਤੀਸਗੜ੍ਹ ਵਿਚ 8.25%, ਉੜੀਸਾ ਵਿਚ 7.15% ਅਤੇ ਮਹਾਰਾਸ਼ਟਰ ਵਿਚ 7.1% ਖੇਤਰ ਨਿਰੋਲ ਜੰਗਲ ਵਾਲਾ ਹੈ। ਦੇਸ਼ ਦੇ



ਕੁਝ ਵਣ ਵਾਲੇ ਖੇਤਰ ਦਾ 25.11% ਵਣ-ਖੇਤਰ ਪੂਰਬ-ਉੱਤਰ ਦੇ 7 ਰਾਜਾਂ ਵਿਚ ਹੈ ਜਿੱਥੇ ਸਾਰੇ 188 ਜਨਜਾਤੀ/ਆਦਿਵਾਸੀ ਜ਼ਿਲਿਆਂ ਵਿਚ ਦੇਸ਼ ਦੇ ਕੁਝ ਜੰਗਲੀ ਖੇਤਰ ਦਾ 60.11% ਵਣ ਹੈ। ਸਾਹਿਲੀ (ਤੱਟੀ) ਖੇਤਰ ਦੇ ਵਣਾਂ ਤਹਿਤ ਦੇਸ਼ ਦਾ ਕੁਲ 0.44 ਕਰੋੜ ਹੈਕਟੇਅਰ ਰਕਬਾ ਆਉਂਦਾ ਹੈ। ਇਸ ਵਿਚ ਪੱਛਮੀ ਬੰਗਾਲ ਦੇ ਸੁੰਦਰ ਵਣ ਵਿਚ 47%, ਗੁਜਰਾਤ ਵਿਚ 21% ਅਤੇ ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ ਵਿਚ 14% ਹੈ। ਪੰਜਾਬ ਕਿੱਥੇ ਕੁ ਖੜਾ ਹੈ, ਨਾ ਹੀ ਪੁੱਛੋ।

1966 'ਚ ਰਾਜਾਂ ਦੇ ਪੁਨਰਗਠਨ ਸਦਕਾ ਪੰਜਾਬ ਕੋਲੋਂ ਬਹੁਤ ਸਾਰੇ ਜੰਗਲ ਖੁੱਸ ਗਏ। ਦੇਸ਼ ਦੀ ਵਣਨੀਤੀ (1984) ਅਨੁਸਾਰ ਦੇਸ਼ ਦੇ ਕੁਲ ਰਕਬੇ ਦਾ ਤੀਜਾ ਹਿੱਸਾ ਜੰਗਲਾਂ ਹੇਠਾਂ ਹੋਣਾ ਚਾਹੀਦਾ ਹੈ ਜਦਕਿ ਪੰਜਾਬ ਵਿਚ ਇਹ ਸਿਰਫ 20ਵਾਂ ਹੈ। ਜੀਅ ਪ੍ਰਤੀ ਆਧਾਰ ਤੇ ਭਾਰਤ ਵਿਚ 0.15 ਹੈਕਟਰ ਜੰਗਲ ਹਨ ਜਦੋਂ ਕਿ ਪੰਜਾਬ ਵਿਚ ਇਹ ਹਿੰਦਸਾ ਸਿਰਫ 0.01 ਹੈਕਟਰ ਹੈ। ਬਿਨਾਂ ਸ਼ੱਕ, ਅਸੀਂ ਖੇਤੀਬਾੜੀ ਵਿਚ ਬੜੀ 'ਤਰੱਕੀ' ਕੀਤੀ ਹੈ। ਪੰਜਾਬ ਸਮੁੱਚੇ ਖੇਤਰਫਲ ਦਾ 1.54 ਫ਼ੀਸਦੀ ਹੈ, ਫਿਰ ਵੀ ਇਸ ਨੇ ਦੇਸ਼ ਨੂੰ ਕਰੀਬ 60 ਫ਼ੀਸਦੀ ਅਨਾਜ ਦੇ ਕੇ ਸ਼ਕਤੀਸ਼ਾਲੀ ਖੇਤੀ ਜੁਗਾੜ ਦਾ ਸਬੂਤ ਦਿੱਤਾ ਹੈ ਪਰ ਇਸ ਵਿਕਾਸ ਨੇ ਸਾਡੇ ਸਮੁੱਚੇ ਵਾਤਾਵਰਨ ਵਿਚ ਉਲਾਰ ਹਾਲਤ ਪੈਦਾ ਕਰ ਦਿੱਤੀ ਹੈ। ਨਿੱਤ ਨਵੀਆਂ ਸਮੱਸਿਆਵਾਂ ਸਾਡੀ ਖੇਤੀ ਨੂੰ ਘੇਰ ਰਹੀਆਂ ਹਨ। ਦੂਸ਼ਿਤ ਵਾਤਾਵਰਨ, ਭੌਂ ਜਰਖੇਜ਼ਤਾ ਵਿਚ ਕਮੀ, ਅਸਾਵੇਂ ਮੀਂਹ, ਜਲ ਸੰਕਟ, ਭੌਂ-ਖੋਰ, ਕੱਲਰ, ਸੇਮ, ਹੜ ਆਦਿ ਆਫ਼ਤਾਂ ਨੇ ਸਾਡੇ ਕੁਦਰਤੀ (ਈਕੋਲੋਜੀਕਲ) ਸਮਤੋਲ ਨੂੰ ਵਿਗਾੜਨਾ ਸ਼ੁਰੂ ਕਰ ਦਿੱਤਾ ਹੈ।

ਇਸ ਸੰਕਟ ਸਾਰੇ ਦਾ ਕਾਰਨ ਪੰਜਾਬ ਵਿਚ ਤੇਜ਼ੀ ਨਾਲ ਘਟਦੇ ਦਰੱਖਤ ਵੀ ਹਨ। ਸੰਨ 1985-86 ਵਿਚ 2,82,296 ਹੈਕਟੇਅਰ ਭੂਮੀ ਜੰਗਲਾਂ ਹੇਠ ਸੀ ਪਰ 1988-89 ਵਿਚ ਇਹੀ ਘਟ ਕੇ 2,64,237 ਹੈਕਟੇਅਰ ਰਹਿ ਗਈ। ਪੰਜਾਬ ਦੇ ਪ੍ਰਸੰਗ ਵਿਚ ਜੰਗਲਾਤ ਨੀਤੀ ਦਰੁਸਤ ਕਰਨ ਦੀ ਲੋੜ ਹੈ। ਸਿਰਫ਼ ਜੰਗਲ ਉਗਾਉਣ ਨਾਲ ਨਹੀਂ ਸਰਨਾ, ਜੰਗਲਾਂ ਦੀ ਮੂਲ ਮਾਂ, ਭੂਮੀ ਤੇ ਜਲ ਸੰਭਾਲ ਵੱਲ ਵੀ ਤਵੱਜੋ ਦੇਣੀ ਪਵੇਗੀ, ਕਿਉਂਕਿ ਪਹਿਲਾਂ ਮਿੱਟੀ ਅਤੇ ਪਾਣੀ ਹੈ, ਫਿਰ ਹੀ ਬਨਸਪਤੀ ਤੇ ਫਿਰ ਜੀਵਕਾ। ਪੰਜਾਬ ਦੀ ਵਿਸ਼ੇਸ਼ ਭੂਗੋਲਿਕ ਹਾਲਤ ਅਤੇ ਖੇਤੀਬਾੜੀ ਪ੍ਰਮੁੱਖਤਾ ਕਾਰਨ ਬੇਸ਼ਕ ਇੱਥੇ ਉਸ ਰੂਪ ਵਿਚ ਜੰਗਲ ਨਹੀਂ ਚਿਤਵੇ ਜਾ ਸਕਦੇ, ਜਿਵੇਂ ਹੋਣੇ ਚਾਹੀਦੇ ਹਨ ਪਰ ਇਸ ਦਾ ਅਰਥ ਇਹ ਵੀ ਨਹੀਂ ਕਿ ਮਹਿਜ਼ ਇਸੇ ਦੀ ਆੜ ਹੇਠ ਕੁਦਰਤੀ ਸਮਤੋਲ ਅਤੇ ਮਨੁੱਖ ਪ੍ਰਤੀ ਜ਼ਿੰਮੇਵਾਰੀ ਤੋਂ ਭੱਜਿਆ ਜਾਵੇ। ਪੰਜਾਬ ਵਿਚ ਸਿਰਫ ਜੰਗਲਾਤ ਵਿਭਾਗ ਉਪਰ ਹੀ ਨਿਰਭਰ ਹੋ ਕੇ ਨਹੀਂ ਸਰਨਾ ਸਗੋਂ ਭਰਾਤਰੀ ਮਹਿਕਮੇ ਬਾਗਬਾਨੀ, ਖੇਤੀਬਾੜੀ, ਵਿਸ਼ੇਸ਼ ਕਰ ਕੇ ਭੂਮੀ ਤੇ ਜਲ ਸੰਭਾਲ ਨੂੰ ਨਾਲ ਲੈ ਕੇ ਲੋਕਾਂ ਦੀ ਸ਼ਮੂਲੀਅਤ ਅਤੇ ਭਰੋਸਾ ਜਿੱਤ ਕੇ ਤੁਰਨਾ ਪਵੇਗਾ, ਤਦ ਹੀ ਢੁਕਵੇਂ ਸਿੱਟੇ ਕੱਢੇ ਜਾ ਸਕਦੇ ਹਨ।

ਪਹਾੜੀ ਖੇਤਰਾਂ ਵਿਚ ਵਣਾਂ ਦਾ ਹੋਣਾ ਵਾਤਾਵਰਨਕ ਸੰਤੁਲਨ (ਈਕੋਲੋਜੀਕਲ ਬੈਲਂਸ) ਅਤੇ ਵਾਤਾਵਰਨਕ ਸਥਿਰਤਾ ਦੀ ਦ੍ਰਿਸ਼ਟੀ ਤੋਂ ਜ਼ਰੂਰੀ ਤਾਂ ਹੈ ਹੀ, ਇਸ ਨਾਲ ਭੂਮੀ ਦਾ ਕਟਾਅ ਅਤੇ ਜ਼ਮੀਨ ਦੀ ਗੁਣਵੱਤਾ ਵਿਚ ਗਿਰਾਵਟ ਨੂੰ ਰੋਕਣ ਵਿਚ ਵੀ ਮਦਦ ਮਿਲਦੀ ਹੈ।

**ਬਾਕੀ ਸਫ਼ਾ 30 'ਤੇ**

# ਰੁੱਖਾਂ ਦੀ ਜੀਰਾਂਦ

**ਦਵਿੰਦਰ ਸਿੰਘ ਜੌਹਲ**

ਉਹ ਆਪਣੀਆਂ ਸੋਚਾਂ ਵਿੱਚ ਉਲਝਿਆ, ਦੁਨੀਆਂ ਦੀ ਭੀੜ ਵਿੱਚ ਖ਼ੁਦ ਨੂੰ ਇਕੱਲਾ ਮਹਿਸੂਸ ਕਰ ਰਿਹਾ ਸੀ। ਸਵੇਰ ਤੋਂ ਕਿਸੇ ਕੰਮ 'ਤੇ ਜਾਣ ਨੂੰ ਵੀ ਦਿਲ ਨਾ ਕੀਤਾ। ਉਦਾਸੀ ਭਰੇ ਗੀਤ ਸੁਣ ਸੁਣ ਰੋਂਦਾ ਰਿਹਾ।

ਕਿਸਕਾ ਰਸਤਾ ਦੇਖੇ

ਐ ਦਿਲ ਸ਼ੌਦਾਈ। .....

ਤੁਝਸੇ ਨਾਰਾਜ ਨਹੀਂ ਐ ਜ਼ਿੰਦਗੀ

ਹੈਰਾਨ ਹੂੰ ਮੈਂ .....

ਸਾਰਾ ਦਿਨ ਸਿਰਹਾਣੇ ਵਿਚ ਸਿਰ ਦੇ ਕੇ ਪਿਆ ਰਿਹਾ, ਸ਼ਾਮ ਢਲ਼ ਆਈ। ਬਾਹਰ ਦਾ ਮੌਸਮ ਬੇਹੱਦ ਸੁਹਾਵਣਾ ਸੀ, ਹੁਣੇ ਪਤਾ ਲੱਗਿਆ ਜਦ ਪਰਦੇ ਹਟਾਕੇ ਤੱਕਿਆ। ਦਿਲ ਕੀਤਾ ਬਾਹਰ ਜਾ ਕੇ ਵੇਖੇ, ਫਿਰ ਇੱਕ ਸੋਚ ਆਈ ਕਿ ਰਹਿਣ ਦਿਓ, ਕੀ ਕਰਨਾ ਘੁੰਮ ਕੇ ਵੀ, ਅਗਰ ਕੁਝ ਸਾਲ ਘੱਟ ਵੀ ਜੀਅ ਲਵਾਂਗਾ ਤਾਂ ਕੀ ਫਰਕ ਪੈਂਦਾ, ਕਿਸੇ ਨੂੰ ਕੋਈ ਘਾਟਾ ਨਹੀ ਪੈਣ ਲੱਗਿਆ। ਅੱਜ ਮਰੇ ਕੱਲ ਨੂੰ ਦੂਜਾ ਦਿਨ, ਸਭ ਆਪੋ ਆਪਣੇ ਸੁੱਖਾਂ ਨੂੰ ਰੋਂਦੇ ਨੇ, ਕੋਈ ਕਿਸੇ ਦੇ ਦੁੱਖ ਨੂੰ ਨਹੀਂ ਰੋਂਦਾ, ਤੇ ਮੇਰਾ ਕਿਸੇ ਨੂੰ ਕੀ ਸੁਖ ਏ ਜੋ ਦੁਖੀ ਹੋਵੇਗਾ ਮੇਰੇ ਤੁਰ ਜਾਣ ਤੋਂ ਬਾਅਦ। ਪਰ ਜੱਕੋ ਤੱਕੀ ਕਰਦਿਆਂ ਪਤਾ ਨਹੀਂ ਕਿਸ ਵਕਤ ਉਹ ਬੂਟ ਪਹਿਨ ਕੇ ਬਾਹਰ ਨਿਕਲ ਗਿਆ ਤੇ ਘਰ ਦੇ ਨਜ਼ਦੀਕ ਈ ਬਣੇ ਪਾਰਕ ਵਿੱਚ ਜਾ ਵੜਿਆ। ਬੱਚਿਆਂ ਨੂੰ ਛੁੱਟੀਆਂ ਹੋਣ ਕਾਰਨ ਪਾਰਕ ਵਿੱਚ ਰੌਣਕ ਸੀ। ਬੱਚੇ, ਬੁੱਢੇ ਜਵਾਨ ਸਭ ਉਮਰ ਵਰਗ ਦੇ ਲੋਕ ਸਨ ਓਥੇ। ਬੱਚੇ, ਜ਼ਿੰਦਗੀ ਨਾਲ ਭਰਪੂਰ, ਬਿਨਾ ਕਿਸੇ ਫਿਕਰ ਫ਼ਾਕੇ ਤੋਂ ਹੱਸ ਖੇਡ ਰਹੇ ਸਨ, ਖ਼ੁਸ਼ੀ ਵਿੱਚ ਖੀਵੇ ਹੋ ਰਹੇ ਸਨ। ਕੁਝ ਪੈਨਸ਼ਨਰ ਬਜ਼ੁਰਗ ਸਨ, ਆਪਣੇ ਹਾਣੀਆਂ ਨਾਲ ਟਹਿਲ ਰਹੇ ਸਨ ਪਾਰਕ ਵਿੱਚ ਬਣੇ ਟ੍ਰੈਕ 'ਤੇ। ਉਹ ਵੀ ਬੋਝਲ ਕਦਮਾਂ ਨਾਲ ਟਹਿਲਣ ਲੱਗਾ, ਤੁਰਦਾ ਰਿਹਾ ਬੜੀ ਦੇਰ ਤੱਕ, ਜਦ ਆਲੇ ਦੁਆਲੇ ਨਿਗਾਹ ਦੌੜਾਈ ਤਾਂ ਸਭ ਲੋਕ ਜਾ ਚੁੱਕੇ ਸਨ, ਕੁਝ ਦੇਰ ਪਹਿਲਾਂ ਲੋਕਾਂ ਨਾਲ ਭਰਿਆ ਪਾਰਕ ਭਾਂਅ- ਭਾਂਅ ਕਰ ਰਿਹਾ ਸੀ। ਉਹ ਵੀ ਹੌਲੀ-ਹੌਲੀ ਤੁਰਦਾ ਇੱਕ ਦਰੱਖ਼ਤ ਕੋਲ ਜਾ ਕੇ ਠਹਿਰ ਗਿਆ, ਵਿਸ਼ਾਲ ਦਿਓ ਕੱਦ ਦਰੱਖਤ ਸੀ ਓਹ। ਸ਼ਾਇਦ ਕੱਦ ਅਤੇ ਉਮਰ ਮੁਤਾਬਿਕ ਪਾਰਕ ਦਾ ਸਭ ਤੋਂ ਉਮਰ ਦਰਾਜ਼ ਤੇ ਵੱਡਾ ਸੀ ਓਹ ਦਰੱਖ਼ਤ।

ਉਹ ਨਿਢਾਲ ਹੋਇਆ ਓਸ ਦਰੱਖ਼ਤ ਦੇ ਤਣੇ ਨਾਲ ਲੱਗ ਕੇ ਖੜ੍ਹ ਗਿਆ। ਪਤਾ ਨਹੀ ਕਿਉਂ, ਉਸਨੂੰ ਲੱਗਾ ਜਿਵੇਂ ਦਰੱਖ਼ਤ ਵੀ ਉਸਨੂੰ ਕਲਾਵੇ ਵਿਚ ਲੈਣਾ ਚਾਹੁੰਦਾ ਹੋਵੇ, ਕੁਝ ਕਹਿਣਾ ਲੋਚਦਾ ਹੋਵੇ ਉਸਦੇ ਕੰਨ ਵਿਚ ਤੇ ਅਚਾਨਕ ਉਹਦੇ ਹੰਝੂ ਵਹਿ ਤੁਰੇ। ਉਹ ਦਰੱਖ਼ਤ ਨੂੰ ਕਲਾਵੇ ਵਿਚ ਲੈਣ ਦੀ ਨਾਕਾਮ ਕੋਸ਼ਿਸ਼ ਕਰਨ ਲੱਗਾ, ਚਿੰਬੜ ਗਿਆ ਉਹਦੇ ਵਿਸ਼ਾਲ ਤਣੇ ਨਾਲ, ਜਿਵੇਂ ਛੋਟਾ ਬੱਚਾ ਆਪਣੇ ਬਾਪ ਦੀਆਂ ਲੱਤਾਂ ਨਾਲ ਜੁੜਦਾ ਏ ਡਿਗਿਆ ਕੇ। ਤੇ ਰੁੱਖ ਨੇ ਵੀ ਜਿਵੇਂ ਉਸਨੂੰ ਘੁੱਟ ਕੇ ਨਾਲ ਲਾ ਲਿਆ ਕਿ ਚੱਲ ਬੱਚੇ, ਕਰ ਈ ਲੈ ਦਿਲ ਹੌਲ਼ਾ ਤੂੰ ਚੰਗੀ ਤਰਾਂ।

ਜਦ ਉਸਨੇ ਮਨ ਹਲਕਾ ਕਰ ਲਿਆ ਤਾਂ ਉਸਨੂੰ ਲੱਗਾ ਜਿਵੇਂ ਅੰਦਰਲਾ ਸ਼ੋਰ ਰੁਕ ਗਿਆ ਹੋਵੇ। ਅਚਾਨਕ ਉਸਨੂੰ ਜਾਪਿਆ, ਜਿਵੇਂ ਦਰਖ਼ਤ ਨੇ ਪੁੱਛਿਆ ਹੋਵੇ ਕਿ ਕੀ ਹੋਇਆ ਈ ਝੱਲਿਆ, ਏਨਾ ਫਿੱਸਿਆ ਕਿਉਂ ਪਿਆਂ ? ਤੇ ਉਹ ਮਨ ਈ ਮਨ ਦਰੱਖ਼ਤ ਨਾਲ ਗੱਲੀਂ ਲੱਗ ਗਿਆ,' ਕੀ ਦੱਸਾਂ ਪਿਆਰੇ ਬਿਰਖ ਮੈਂ ਤੈਨੂੰ ? ਮੈਂ ਜ਼ਿੰਦਗੀ ਦੀਆਂ ਤਲਖ਼ੀਆਂ ਤੋਂ ਤੰਗ ਆ ਗਿਆਂ, ਜਿਨਾਂ ਦੀ ਖ਼ਾਤਰ ਮੈਂ ਦੇਸੋਂ ਪਰਦੇਸ ਆਇਆ, ਮੁਸ਼ੱਕਤਾਂ ਕੀਤੀਆਂ, ਜਿਨਾਂ ਦੇ ਸੁਪਨੇ ਸਿਰਜਦਿਆਂ ਆਪਣੀ ਨੀਂਦ ਗਵਾਈ, ਅੱਜ ਉਹ ਸਿੱਧੇ ਮੂੰਹ ਗੱਲ ਵੀ ਨਹੀਂ ਕਰਦੇ। ਜਿਨਾਂ ਦੇ ਬੋਲ ਮੈਂ ਸੁਣਨ ਨੂੰ ਤਰਸਦਾ ਸੀ, ਅੱਜ ਉਨਾਂ ਨੂੰ ਮੇਰੀ ਬੋਲੀ ਖੱਰਵੀਂ ਲੱਗਦੀ ਏ, ਆਵਾਜ਼ ਅੱਖਰਦੀ ਏ। ਜਿਨਾਂ ਨੂੰ ਉਂਗਲੀ ਫੜ ਤੁਰਨਾ ਸਿਖਾਇਆ, ਜਦ ਉਹ ਵੱਡੇ ਹੋਏ ਤਾਂ ਮੇਰਾ ਕੱਦ ਵੀ ਸੁੰਗੜ ਗਿਆ ਤੇ ਰੁਤਬਾ ਵੀ ਉਨਾਂ ਦੀ ਡੀਲ ਡੌਲ ਸਾਹਮਣੇ, ਫੌਜਾਂ ਜਿੱਤ ਕੇ ਅੰਤ ਨੂੰ ਹਾਰਨ ਵਾਲੀ ਗੱਲ ਬਣ ਗਈ ਏ ਯਾਰਾ, ਬੇਰਸ, ਬੇਕਾਰ ਹੋ ਗਈ ਏ ਜ਼ਿੰਦਗੀ। ਕੀ ਕਰਾਂ, ਕਿੱਥੇ ਜਾਵਾਂ 'ਏਨਾ ਆਖ ਉਹ ਫਿਰ ਮਨ ਭਰ ਆਇਆ।

ਦਰੱਖ਼ਤ ਬਾਦਸਤੂਰ ਹਵਾ ਨਾਲ ਝੂਮ ਰਿਹਾ ਸੀ, ਪਹਿਲਾ ਵਾਂਗ ਈ ਲਹਿਲਹਾਉਂਦਾ ਹੋਇਆ।

ਕੁਝ ਦੇਰ ਬਾਅਦ ਉਹਨੂੰ ਆਵਾਜ਼ ਆਈ, ਆਪਣੇ ਈ ਅੰਤਰਮਨ ਤੋਂ, ਇਹ ਦਰੱਖ਼ਤ ਬੋਲ ਰਿਹਾ ਸੀ।

'ਓਇ ਝੱਲਿਆ, ਬਸ ਐਨੀ ਕੁ ਗੱਲੋਂ ਦੁਖੀ ਹੋ ਗਿਆਂ, ਕਦੀ ਆਪਣੇ ਤੋਂ ਦੁਖੀਏ ਵੱਲ ਵੀ ਤੱਕ ਲਿਆ ਕਰ, ਪਤਾ ਈ, ਤੇਰਾ ਡਾਕਟਰ, ਨਰੇਸ਼, ਲੋਕਾਂ ਦੇ ਇਲਾਜ ਕਰਦਾ ਆਪ ਮਰੀਜ ਹੋ ਗਿਆ ਏ, ਹਫਤੇ 'ਚ ਦੋ ਵਾਰ ਡਾਇਲਿਸਿਜ਼ ਕਰਵਾ ਰਿਹਾ ਈ, ਓਹ ਤੇਰਾ ਰੋਜ਼ ਰੋਵਰਾਂ ਦਾ ਸ਼ੌਕੀਨ ਦੋਸਤ, ਕੈਂਸਰ ਨੇ ਕੱਠਾ ਕਰ ਸੁੱਟਿਆ, ਗੱਡੀ ਚ ਚੜਨੋ ਵੀ ਆਤੁਰ ਹੋ ਗਿਆ ਏ, ਤੈਨੂੰ ਕੋਈ ਅਜਿਹੀ ਸਮੱਸਿਆ ਤਾਂ ਨਹੀਂ ਏ ਨਾ। ਔਹ ਵੇਖ ਗੁਰਨਾਮ ਸਿੰਹੁੰ ਨੂੰ, ਸਾਰੀ ਉਮਰ ਫਾਉਂਡਰੀਆਂ ਵਿਚ ਭੱਠ ਝੋਕਿਆ ਏ, ਨਾਲ ਦੀ ਤੁਰ ਗਈ, ਰੋਟੀ ਗੁਰੂ ਘਰੋਂ ਖਾਂਦਾ ਏ, ਚਾਰ ਬੱਚਿਆਂ ਨੂੰ ਪਾਲਣ ਵਾਲਾ ਪਿਓ ਨਹੀਂ ਸਾਂਭਿਆ ਗਿਆ, ਚੌਹਾਂ ਬੱਚਿਆਂ ਤੋਂ ਰਲਕੇ। ਤੇਰੀ ਇਹ ਹਾਲਤ ਤਾਂ ਨਹੀਂ ਏ ਨਾ ?

ਤਲਖ਼ੀਆਂ ਕਿਸਦੀ ਜ਼ਿੰਦਗੀ 'ਚ ਨਹੀਂ ਨੇ? ਮੇਰੇ ਵੱਲ ਵੇਖ, ਪੱਤਝੜ ਮੈਂ ਝੱਲਦਾਂ, ਬਰਫ਼ਾਨੀ ਹਵਾਵਾਂ ਮੈਂ ਬਰਦਾਸ਼ਤ ਕਰਦਾਂ, ਆਸਮਾਨਾਂ ਤੋਂ ਬਿਜਲੀ ਕੜਕਦੀ ਏ, ਮੈਂ ਚੁੱਪ-ਚਾਪ ਸਹਿਨਾਂ। ਟੁੰਡ ਮੁੰਢ, ਬਦਸੂਰਤ ਹੋ ਕੇ ਬਹਾਰ ਰੁੱਤ ਉਡੀਕਦਾਂ ਮੈਂ ਵੀ ਕਿ ਕਦੋਂ ਰੌਣਕਾਂ ਲੱਗਣ, ਕਦੋਂ ਮੈਂ ਬਲਿਹਾਰੀ ਜਾਵਾਂ ਵੇਖ ਕੇ ਨੰਨੇ ਮੁੰਨੇ ਬੱਚਿਆਂ ਨੂੰ। ਕਈ ਵਾਰ ਮੇਰੇ ਵੀ ਟਾਹਣ ਟੁੱਟਦੇ ਨੇ, ਮੇਰੇ ਵੀ ਪਾਣੀ ਸਿੰਮਦਾ ਏ, ਪਰ ਮੈਂ ਮਾਯੂਸ ਨਹੀਂ ਹੁੰਦਾ, ਉਸ ਪਾਣੀ ਤੋਂ ਮਲਮ ਬਣਾ ਕੇ ਵਰਤ ਲੈਨਾ, ਆਪਣਾ ਇਲਾਜ ਆਪ ਕਰ ਲੈਨਾ। ਮੇਰਾ ਧਰਮ ਏ ਹਰ ਦੁੱਖ ਜਰਨਾ ਤੇ ਆਪਣੇ ਕੰਮ ਵਿਚ ਲੱਗੇ ਰਹਿਣਾ, ਜਹਿਰੀਲੀ ਹਵਾ ਨੂੰ ਜੀਵਨ ਦਾਤੀ ਆਕਸੀਜਨ ਵਿਚ ਬਦਲਣਾ, ਛਾਂ ਤੇ ਹਰਿਆਵਲ ਦੇਣੀ। ਅਖ਼ੀਰ ਜਦ ਮੈਨੂੰ ਕੱਟਣ ਆਉਂਦੇ ਨੇ ਮਨੁੱਖ, ਤਾਂ ਕੁਹਾੜੇ ਵਿੱਚ ਦਸਤਾ ਮੇਰੀ ਲੱਕੜ ਦਾ ਈ ਹੁੰਦਾ ਏ ਅਕਸਰ, ਪਰ ਮੈਨੂੰ ਸੰਤੁਸ਼ਟੀ ਏ ਕਿ ਮੈਂ ਕਿਸੇ ਕੰਮ ਆਉਨਾ, ਇਹੀ ਮੇਰਾ ਧਰਮ ਏ, ਕੋਈ ਆਸ ਰੱਖੇ ਬਿਨਾ, ਹਮੇਸ਼ਾ ਦੇਂਦੇ ਰਹਿਣਾ, ਬਦਲੇ ਵਿਚ ਕੁਝ ਮੰਗਣਾ ਨਹੀਂ ਕਿਸੇ ਤੋਂ ਵੀ। ਇਸ ਲਈ ਮੈਂ ਮਨੁੱਖਾਂ ਵਾਂਗ ਮਾਣ ਨਹੀਂ ਕਰਦਾ, ਕੋਈ ਅਹਿਸਾਨ ਨਹੀਂ ਕਰਦਾ ਕਿਸੇ ਸਿਰ।

ਅਗਰ ਜ਼ਿੰਦਗੀ ਸੁਖਾਲੀ ਕਰਨੀ ਏ ਤਾਂ ਜ਼ਰਾ ਕੁ ਮੇਰੇ ਵਰਗਾ ਬਣ, ਦਰਵੇਸ਼ ਹੋ ਜਾ। ਤੇਰੇ ਤਾਂ ਗੁਰੂ ਨੇ ਵੀ ਦੱਸਿਆ ਹੋਇਆ ਏ ਕਿ

ਦਰਵੇਸ਼ਾਂ ਨੂੰ ਲੋੜੀਏ, ਰੁੱਖਾਂ ਦੀ ਜੀਰਾਂਦ।।

**ਬਾਕੀ ਸਫ਼ਾ 31 'ਤੇ**

# ਸ਼੍ਰੋਮਣੀ ਰਾਗੀ ਐਵਾਰਡ ਨਾਲ ਸਨਮਾਨਿਤ ਪਹਿਲੀ ਇਸਤਰੀ ਰਾਗੀ ਡਾ. ਜਸਬੀਰ ਕੌਰ ਜੀ

## ਪੰਜਾਬ ਸਰਕਾਰ ਵੱਲੋਂ ਦਿੱਤਾ ਗਿਆ ਐਵਾਰਡ



**ਡਾ. ਦਿਲਵਰ ਸਿੰਘ**

ਸਿੱਖ ਧਰਮ ਵਿਚ ਇਸਤਰੀ ਨੂੰ ਬਹੁਤ ਵੱਡਾ ਮਾਣ ਦਿੱਤਾ ਗਿਆ ਹੈ। ਗੁਰਬਾਣੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੇ ਪ੍ਰਥਾਏ ਉਚਾਰਣ ਕੀਤਾ ਹੈ :

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥**

ਭਗਤ ਕਬੀਰ ਜੀ ਆਪਣੀ ਬਾਣੀ ਵਿੱਚ ਫ਼ਰਮਾਉਂਦੇ ਹਨ :

**ਲੋਕ ਵੇਦ ਗੁਣ ਗਿਆਨ ਵਿਚ ਅਰਧ ਸਰੀਰੀ ਮੋਖ ਦੁਆਰੀ॥**

ਗੁਰਮਤਿ ਅਨੁਸਾਰ ਇਸਤਰੀ ਤੇ ਪੁਰਸ਼ ਬਰਾਬਰ ਹਨ।ਇਸਤਰੀ ਅਤੇ ਪੁਰਸ਼ ਵਿੱਚ ਕੋਈ ਵੱਡਾ ਜਾਂ ਛੋਟਾ ਨਹੀਂ ਹੈ। ਦੋਹਾਂ ਦੇ ਨਾਲ ਸਮਾਜ ਦਾ ਕਲਿਆਣ ਹੁੰਦਾ ਹੈ। ਬੇਬੇ ਨਾਨਕੀ ਜੀ ਨੂੰ ਗੁਰੂ ਨਾਨਕ ਦੇਵ ਜੀ ਦੇ ਪਹਿਲੇ ਸਿੱਖ ਹੋਣ ਦਾ ਮਾਣ ਪ੍ਰਾਪਤ ਹੈ। ਇਸੇ ਤਰਾਂ ਮਾਤਾ ਖੀਵੀ ਜੀ ਦਾ ਜਿਕਰ ਗੁਰਬਾਣੀ ਦੇ ਵਿਚ ਕੀਤਾ ਗਿਆ ਹੈ। ਕਹਿਣ ਤੋਂ ਭਾਵ ਹੈ ਕਿ ਇਸਤਰੀ ਤੋਂ ਬਿਨਾਂ ਸਮਾਜ ਦਾ ਵਿਕਾਸ ਨਹੀਂ ਹੋ ਸਕਦਾ।ਸਮਾਜ ਦੇ ਵਿਕਾਸ ਵਿਚ ਇਸਤਰੀ ਦਾ ਬਹੁਤ ਵੱਡਾ ਰੋਲ ਹੈ ਜਿਸ ਤੋਂ ਅਸੀਂ ਮੁਨਕਰ ਨਹੀਂ ਹੋ ਸਕਦੇ। ਗੁਰੂ ਸਾਹਿਬ ਨੇ ਉਨਾਂ ਸਾਰੇ ਨਿਯਮਾਂ ਦਾ ਖੰਡਨ ਕੀਤਾ ਜਿਸ ਵਿੱਚ ਇਸਤਰੀ ਨੂੰ ਪੈਰ ਦੀ ਜੁੱਤੀ ਦੇ ਬਰਾਬਰ ਮੰਨਿਆ ਜਾਂਦਾ ਸੀ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿਚ ਇਸਤਰੀ ਦੇ ਸਸ਼ਕਤੀਕਰਨ ਦੀ ਗੱਲ ਵੱਡੇ ਪੱਧਰ ਤੇ ਕੀਤੀ ਹੈ।ਗੁਰੂ ਸਾਹਿਬ ਫਰਮਾਉਂਦੇ ਹਨ :

**ਨਿਜ ਨਾਰੀ ਕੇ ਸੰਗਿ ਨੇਹੁ ਤੁਮਿ ਨਿਤ ਬਢਈਓ॥**

ਭਾਈ ਗੁਰਦਾਸ ਸਾਹਿਬ ਜੀ ਆਪਣੀਆਂ ਵਾਰਾਂ ਵਿੱਚ ਲਿਖਦੇ ਹਨ: ਏਕਾ ਨਾਰੀ ਜਾਤੀ ਹੋਏ ਪਰ ਨਾਰੀ ਧੀ ਭੈਣ ਵਖਾਣੈ।ਵੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ। ਸਿੱਖ ਧਰਮ ਵਿੱਚ ਜਿੱਥੇ ਸਿੰਘਾਂ ਨੇ ਕੁਰਬਾਨੀਆਂ ਦਿੱਤੀਆਂ ਹਨ ਉੱਥੇ ਸਿੰਘਣੀਆਂ ਨੇ ਵੀ ਆਪਣਾ ਬਹੁਤ ਵੱਡਾ ਯੋਗਦਾਨ ਪਾਇਆ ਹੈ ਅਤੇ ਸ਼ਹਾਦਤ ਦੇ ਜਾਮ ਪੀਤੇ ਹਨ ਅਤੇ ਇੱਥੇ ਹੀ ਬੱਸ ਨਹੀਂ ਪਰਿਵਾਰ ਦੀ ਪਰਵਰਿਸ਼ ਤੋਂ ਲੈ ਕੇ ਜੰਗ ਦੇ ਮੈਦਾਨ ਤੱਕ ਸਿੰਘਣੀਆਂ ਨੇ ਆਪਣੀ ਭੂਮਿਕਾ ਬਾਖੂਬੀ ਨਿਭਾਈ ਹੈ। ਇਸੇ ਹੀ ਮਾਣਮੱਤੇ ਵਿਰਸੇ ਵਿਚ ਪੈਦਾ ਹੋਏ ਡਾ. ਜਸਬੀਰ ਕੌਰ ਜੀ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਹਨ। ਉਨਾਂ ਦਾ ਜੀਵਨ ਬੜਾ ਸੰਘਰਸ਼ਸ਼ੀਲ ਜੀਵਨ ਰਿਹਾ ਹੈ।ਬਚਪਨ ਤੋਂ ਹੀ ਉਹ ਨਿਰੰਤਰ ਸੰਘਰਸ਼ ਕਰਦੇ ਆ ਰਹੇ ਹਨ। ਦੋਆਬੇ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਜਨਮ ਲੈਣ ਤੋਂ ਬਾਅਦ ਆਪਣੇ ਨਾਨਕੇ ਪਿੰਡ ਵਿੱਚ ਪਹਿਲੀ ਤੋਂ ਲੈ ਕੇ ਪੰਜਵੀਂ ਜਮਾਤ ਤਕ ਅਤੇ ਫਿਰ ਦਾਦਕੇ ਪਿੰਡ ਵਿਚ ਛੇਵੀਂ ਤੋਂ ਲੈ ਕੇ ਨੌਵੀਂ ਜਮਾਤ ਤਕ ਪੜਾਈ ਕੀਤੀ। ਆਪਣੀ ਪੜਾਈ ਪੂਰੀ ਕਰਨ ਲਈ ਆਪਣੇ ਮਾਤਾ-ਪਿਤਾ ਜੀ ਦੇ ਨਾਲ ਗੁਰਦਾਸਪੁਰ ਵਿੱਚ ਨਿਵਾਸ ਕੀਤਾ ਅਤੇ ਦਸਵੀਂ ਕਲਾਸ ਪ੍ਰਾਈਵੇਟ ਪੜਾਈ ਕਰਕੇ ਪਾਸ ਕੀਤੀ। ਉਸ ਸਮੇਂ ਪੰਜਾਬ ਦੇ ਹਾਲਾਤ ਬਹੁਤ ਨਾਜ਼ੁਕ ਸਨ। ਇਸਦੇ ਨਾਲ ਹੀ ਉਨਾਂ ਦਾ ਸੰਘਰਸ਼ੀ ਜੀਵਨ ਆਰੰਭ ਹੋਇਆ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਸੰਘਰਸ਼ ਉਨਾਂ ਨੂੰ ਵਿਰਾਸਤ ਵਿੱਚ ਮਿਲਿਆ ਹੈ। ਉਹ ਮਾਝੇ ਦੀ ਧਰਤੀ ਉੱਤੇ ਰਹਿਣ ਵਾਲੀ ਉਹ ਸ਼ਖ਼ਸੀਅਤ ਹੈ ਜਿਸ ਨੇ ਆਪਣੀ ਜਵਾਨੀ ਦੇ ਦਿਨਾਂ ਵਿਚ ਸੰਘਰਸ਼ ਆਰੰਭ ਕੀਤਾ ਔਰ ਨਿਰੰਤਰ ਸੰਘਰਸ਼ਸ਼ੀਲ ਰਹਿ ਕੇ ਆਪਣਾ ਜੀਵਨ ਬਿਤਾ ਰਹੇ ਹਨ। ਬਚਪਨ ਤੋਂ ਹੀ ਉਹ ਧਾਰਮਿਕ ਬਿਰਤੀ ਦੇ ਧਾਰਨੀ ਹਨ। ਉਨਾਂ ਨੇ ਅਕਾਦਮਿਕ ਵਿੱਦਿਆ ਦੇ ਨਾਲ-ਨਾਲ ਧਾਰਮਿਕ ਵਿੱਦਿਆ ਨੂੰ ਵੀ ਆਪਣੇ ਜੀਵਨ ਦੇ ਵਿੱਚ ਧਾਰਨ ਕੀਤਾ ਹੈ। ਕੀਰਤਨ ਉਨਾਂ ਦੀ ਰੁਚੀ ਹੈ ਜੋ ਉਨਾਂ ਨੂੰ ਵਿਰਸੇ ਵਿੱਚ ਪ੍ਰਾਪਤ ਹੋਈ ਹੈ ਅਤੇ ਇਹੀ ਕੀਰਤਨ ਉਨਾਂ ਦੇ ਜੀਵਨ ਦਾ ਆਧਾਰ ਹੈ ਜੋ ਨਿਰੰਤਰ ਉਨਾਂ ਨੂੰ ਸੰਘਰਸ਼ਸ਼ੀਲ ਰਹਿਣ ਦੀ ਪ੍ਰੇਰਨਾ ਦਿੰਦਾ ਹੈ। ਬਚਪਨ ਤੋਂ ਲੈ ਅੱਜ ਤਕ ਉਨਾਂ ਨੇ ਕਦੇ ਵੀ ਕੀਰਤਨ ਦਾ ਲੜ ਨਹੀਂ ਛੱਡਿਆ। ਉਨਾਂ ਦਾ ਜੀਵਨ ਵਿਦਿਆਰਥੀ ਦਾ ਜੀਵਨ ਸੀ ਜਾਂ ਸੰਘਰਸ਼ੀ ਯੋਧੇ ਦਾ ਜੀਵਨ ਸੀ ਜਾਂ ਉਹ ਜੇਲ ਦੀ ਕਾਲ ਕੋਠੜੀ ਸੀ ਤੇ ਜਾਂ ਫਿਰ ਅਕਾਦਮਿਕਤਾ ਦੇ ਕਿਸੇ ਵੀ ਧੁਰੇ ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਜਾਬ ਯੂਨੀਵਰਸਿਟੀ ਚੰਡੀਗੜ ਜਾਂ ਹੋਰ ਵੀ ਕਿਤੇ ਦੇਸ਼- ਵਿਦੇਸ਼ ਦੀ ਅਕਾਦਮਿਕ ਸੰਸਥਾ ਹੋਵੇ ਉੱਥੇ ਉਨਾਂ ਨੇ ਕੀਰਤਨ ਦੇ ਨਾਲ ਅਤੇ ਖ਼ਾਸ ਕਰਕੇ ਗੁਰਬਾਣੀ ਦੀਆਂ ਗਾਇਨ ਸ਼ੈਲੀਆਂ ਦੇ ਨਾਲ ਸੰਗਤਾਂ ਨੂੰ, ਸਰੋਤਿਆਂ ਨੂੰ ਗੁਰਬਾਣੀ ਗਾਇਨ ਦੇ ਬਾਰੇ ਦੱਸ ਕੇ ਕੀਰਤਨ ਦੇ ਪ੍ਰਤੀ ਆਪਣਾ ਮੁੱਢਲਾ ਫਰਜ਼ ਨਿਭਾਇਆ ਹੈ ਅਤੇ ਨਿਭਾ ਰਹੇ ਹਨ।ਉਨਾਂ ਨੂੰ ਗੁਰਸਿੱਖੀ ਉਨਾਂ ਦੇ ਪਰਿਵਾਰ ਵਿਚੋਂ ਮਿਲੀ। ਬਚਪਨ ਤੋਂ ਹੀ ਪਰਿਵਾਰ ਵਿੱਚੋਂ ਗੁਰਸਿੱਖੀ ਦਾ ਪ੍ਰਭਾਵ ਅਤੇ ਗੁਰਬਾਣੀ ਕੀਰਤਨ ਦੀ ਦਾਤ ਜੋ ਵਿਰਸੇ ਵਿੱਚ ਪ੍ਰਾਪਤ ਹੋਈ ਉਸ ਸਦਕਾ ਡਾ.ਜਸਬੀਰ ਕੌਰ ਛੋਟੀ ਉਮਰ ਵਿੱਚ ਹੀ ਬਹੁਤ ਸੋਹਣਾ ਕੀਰਤਨ ਕਰ ਲੈਂਦੇ ਸਨ। ਇੱਕ ਵਾਰੀ ਡਾ. ਰਾਜਿੰਦਰ ਕੌਰ ਜੀ ਨੇ ਜਸਬੀਰ ਕੌਰ ਜੀ ਨੂੰ ਬਚਪਨ ਵਿੱਚ ਹੀ ਕੀਰਤਨ ਕਰਦਿਆਂ ਵੇਖਿਆ ਤਾਂ ਉਨਾਂ ਨੂੰ ਬਹੁਤ ਖੁਸ਼ੀ ਹੋਈ ਤੇ ਉਨਾਂ ਨੇ ਇਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੀ ਜਨਰਲ ਸਕੱਤਰ ਬਣਾ ਦਿੱਤਾ ਕਿਉਂਕਿ ਇਹ ਬਹੁਤ ਅੱਛੇ ਬੁਲਾਰੇ ਵੀ ਸਨ। ਜਦੋਂ ਸਿਖ ਫੈਡਰੇਸ਼ਨ ਦੇ ਸਿੰਘਾਂ ਨੂੰ ਪਤਾ ਲੱਗਿਆ ਤਾਂ ਉਨਾਂ ਨੇ ਵੀ ਇਨਾਂ ਨੂੰ ਸਿਖ ਫੈਡਰੇਸ਼ਨ ਦਾ ਮੈਂਬਰ ਬਣਾ ਲਿਆ। ਇਸ ਤਰਾਂ ਨਿਰੰਤਰ ਉਨਾਂ ਦੇ ਜੀਵਨ ਵਿੱਚ ਸੰਘਰਸ਼ ਚੱਲਦਾ ਰਿਹਾ। ਬੀਬੀ ਜਸਬੀਰ ਕੌਰ ਜੀ ਨੇ ਅਨੇਕਾਂ ਵਾਰ ਡਾ. ਰਾਜਿੰਦਰ ਕੌਰ ਜੀ ਅਤੇ ਟੌਹੜਾ ਸਾਹਿਬ ਨਾਲ ਜੇਲ ਯਾਤਰਾ ਕੀਤੀ ਅਤੇ ਸੰਤ ਲੌਂਗੋਵਾਲ ਜੀ ਦੇ ਜੇਲ ਭਰੋ ਅੰਦੋਲਨ ਵਿੱਚ ਭਾਗ ਲਿਆ ਅਤੇ ਜੇਲ ਗਏ। 1981 ਵਿੱਚ ਜਦੋਂ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਗੁਰਦਾਸਪੁਰ ਆਈ ਤਾਂ ਉਸ ਦਾ ਡਟਵਾਂ ਵਿਰੋਧ ਬੀਬੀ ਜਸਬੀਰ ਕੌਰ ਜੀ ਨੇ ਕੀਤਾ ਅਤੇ ਉਸ ਨੂੰ ਸਟੇਜ ਤੋਂ ਸੰਬੋਧਨ ਨਾ ਕਰਨ ਦਿੱਤਾ। ਸਾਰਾ ਜਲਸਾ ਖੁਰਦ-ਬੁਰਦ ਕਰ ਦਿੱਤਾ ਅਤੇ ਸਟੇਜ ਉੱਤੋਂ ਇੰਦਰਾ ਗਾਂਧੀ ਮੁਰਦਾਬਾਦ ਦੇ ਨਾਅਰੇ ਲਾਏ ਅਤੇ ਦੂਜੇ ਪਾਸਿਓਂ ਸੰਗਤਾਂ ਨੇ ਰਾਜ ਕਰੇਗਾ ਖ਼ਾਲਸਾ, ਦੇਗ ਤੇਗ ਫਤਿਹ, ਪੰਥ ਕੀ ਜੀਤ ਦੇ ਨਾਅਰੇ ਲਾਏ। ਬੀਬੀ ਜੀ ਨੂੰ ਸੱਤ ਹੋਰ ਬੀਬੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਗੁਰਦਾਸਪੁਰ ਜੇਲ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। 6 ਬੀਬੀਆਂ ਨੇ ਜ਼ਮਾਨਤ ਕਰਵਾ ਲਈ ਪਰ ਬੀਬੀ ਜਸਬੀਰ ਕੌਰ ਨੂੰ ਇਹ ਲੱਗਦਾ ਸੀ ਕਿ ਜਮਾਨਤ ਕਰਵਾਉਣਾ ਕਿਤੇ ਮੁਆਫ਼ੀ ਮੰਗਣਾ ਤਾਂ ਨਹੀਂ ਅਤੇ ਉਹ ਮੁਆਫ਼ੀ ਮੰਗਣਾ ਨਹੀਂ ਸਨ ਚਾਹੁੰਦੇ। ਇਸ ਕਰਕੇ ਉਹ ਅੱਠ ਮਹੀਨੇ ਆਪਣੀ ਸਜ਼ਾ ਪੂਰੀ ਕਰ ਕੇ ਜੇਲ ਤੋਂ ਬਾਹਰ ਆਏ। ਇਸੇ ਦੌਰਾਨ ਉਨਾਂ ਨੇ ਜੇਲ ਵਿੱਚ ਵੀ ਆਪਣੀ ਪੜਾਈ ਜਾਰੀ ਰੱਖੀ। 1982 ਦੀਆਂ ਏਸ਼ੀਅਨ ਖੇਡਾਂ ਵਿੱਚ ਸਰਦਾਰ ਰਵਿੰਦਰ ਸਿੰਘ ਖਾਲਸਾ ਦੇ ਨਾਲ ਮਿਲ ਕੇ ਭਾਰਤ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਇਸੇ ਦੋਸ਼ ਵਿੱਚ ਇਨਾਂ ਨੂੰ ਫਿਰ ਤਿਹਾੜ ਜੇਲ ਵਿੱਚ ਬੰਦ ਕਰ ਦਿੱਤਾ ਗਿਆ।ਉੱਥੇ ਬੀਬੀ ਨਿਰਲੇਪ ਕੌਰ ਜੀ ਨਾਲ ਇਨਾਂ ਦਾ ਮਿਲਾਪ ਹੋਇਆ ਅਤੇ ਭਾਈ ਰਣਜੀਤ ਸਿੰਘ ਮਿਲੇ। ਡਾ. ਰਾਜਿੰਦਰ ਕੌਰ ਜੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ।ਉਸ ਵੇਲੇ ਟੌਹੜਾ ਸਾਹਿਬ ਵੀ ਜੇਲ ਵਿਚ ਸਨ। ਇਨਾਂ ਉੱਤੇ ਕਈ ਕੇਸ ਪਾਏ ਗਏ ਜੋ ਲੰਮਾ ਸਮਾਂ ਚੱਲਦੇ ਰਹੇ ਪਰ ਫੇਰ ਵੀ ਬੀਬੀ ਜਸਬੀਰ ਕੌਰ ਜੀ ਨੇ ਆਪਣੀ ਪੜਾਈ ਨਿਰੰਤਰ ਜਾਰੀ ਰੱਖੀ।ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਤੇ ਜਦੋਂ ਉੱਨੀ ਸੌ ਚੁਰਾਸੀ ਵਿੱਚ ਅਟੈਕ ਕੀਤਾ ਗਿਆ ਤਾਂ ਇਨਾਂ ਨੂੰ ਬਹੁਤ ਠੇਸ ਪਹੁੰਚੀ।ਉਸ ਵੇਲੇ ਵੀ ਇਹ ਮੰਜੀ ਸਾਹਿਬ ਦੀਵਾਨ ਹਾਲ ਦੀ ਸਟੇਜ ਤੋਂ ਇਕ ਬੁਲਾਰੇ ਵਜੋਂ ਪੰਥਕ ਹਿੱਤਾਂ ਦੇ ਸਬੰਧ ਵਿਚ ਆਪਣੀ ਭੂਮਿਕਾ ਨਿਭਾਉਂਦੇ ਰਹੇ। ਡਾ. ਰਜਿੰਦਰ ਕੌਰ ਜੀ ਨਾਲ ਪਹਿਲੀ ਵਾਰ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਵੀ ਕੀਤੀ ਅਤੇ ਉਥੇ ਨਨਕਾਣਾ ਸਾਹਿਬ, ਪੰਜਾ ਸਾਹਿਬ ਆਦਿਕ ਗੁਰਧਾਮਾਂ ਦੇ ਨਾਲ-ਨਾਲ ਸਾਈਂ ਮੀਆਂ ਮੀਰ ਜੀ ਦੀ ਮਜ਼ਾਰ ਆਦਿਕ ਅਸਥਾਨਾਂ ਦੇ ਦਰਸ਼ਨ ਵੀ ਕੀਤੇ ਅਤੇ ਗੁਰਧਾਮਾਂ ਵਿੱਚ ਕੀਰਤਨ ਵੀ ਕੀਤਾ। 1984 ਤੋਂ ਬਾਅਦ ਵੀ ਇਨਾਂ ਨੇ ਨਿਰੰਤਰ ਸੰਘਰਸ਼ ਕੀਤਾ ਅਤੇ ਅੰਮ੍ਰਿਤਸਰ, ਗੁਰਦਾਸਪੁਰ, ਨਾਭਾ ਵਿਖੇ ਜੇਲ ਯਾਤਰਾਵਾਂ ਕੀਤੀਆਂ ਅਤੇ ਜੇਲ ਵਿੱਚ ਹੀ ਆਪਣੀ ਪੜਾਈ ਜਾਰੀ ਰੱਖੀ। ਐਮ. ਏ.ਫ਼ਾਈਨਲ ਦੇ ਪੇਪਰ ਇਨਾਂ ਨੇ ਜੇਲ ਵਿੱਚੋਂ ਬਾਹਰ ਆ ਕੇ ਦਿੱਤੇ। ਇਹ ਪੀਐੱਚ.ਡੀ. ਕਰਨਾ ਚਾਹੁੰਦੇ ਸਨ ਜੋ ਕਿ ਡਾ. ਰਾਜਿੰਦਰ ਕੌਰ ਜੀ ਦਾ ਸੁਪਨਾ ਵੀ ਸੀ।ਇਸ ਕਰਕੇ ਇਨਾਂ ਨੇ ਆਪਣੀ ਪੜਾਈ ਜਾਰੀ ਰੱਖੀ। 1978 ਤੋਂ 1981 ਦੇ ਦੌਰ ਵਿੱਚ ਇਨਾਂ ਦੇ ਸਾਰੇ ਪਰਿਵਾਰ ਨੂੰ ਕਈ ਵਾਰ ਗ੍ਰਿਫ਼ਤਾਰ ਗਿਆ। ਇਸੇ ਸਮੇਂ ਦੌਰਾਨ ਭਗਤ ਪੂਰਨ ਸਿੰਘ ਜੀ ਨਾਲ ਇਨਾਂ ਦਾ ਸੰਪਰਕ ਹੋਇਆ ਭਗਤ ਪੂਰਨ ਸਿੰਘ ਜੀ ਨੇ ਇਨਾਂ ਨੂੰ ਨਿਰੰਤਰ ਸੇਵਾ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ। ਇਨਾਂ ਨੇ 1981 ਤੋਂ 1983 ਤੱਕ ਦਰਬਾਰ ਸਾਹਿਬ ਦੇ ਨੇੜੇ ਰਹਿ ਕੇ ਪਿੰਗਲਵਾੜੇ ਦੀਆਂ ਸੇਵਾਵਾਂ ਵੀ ਨਿਭਾਈਆਂ। ਭਗਤ ਪੂਰਨ ਸਿੰਘ ਜੀ ਨਾਲ ਸੰਗਰੂਰ, ਨਾਭਾ ਆਦਿਕ ਥਾਵਾਂ ਤੇ ਜਾ ਕੇ ਕਾਲਜਾਂ ਵਿਚੋਂ ਫੰਡ ਮੰਗ ਕੇ ਪਿੰਗਲਵਾੜੇ ਦੀ ਸਹਾਇਤਾ ਕੀਤੀ। ਫਿਰ ਵੀ ਇਨਾਂ ਉੱਤੇ ਕਈ ਕੇਸ ਦਰਜ ਕੀਤੇ ਗਏ। ਪੁਲਿਸ ਵੱਲੋਂ ਕੀਤੇ ਤਸ਼ੱਦਦ ਵਿਚ ਇਨਾਂ ਦੀ ਬੈਕ ਬੋਨ ਫਰੈਕਚਰ ਹੋ ਗਈ ਜਿਸ ਕਰਕੇ ਇਨਾਂ ਨੂੰ ਉੱਠਣ-ਬੈਠਣ ਵਿੱਚ ਵੀ ਬਹੁਤ ਦਿੱਕਤ ਮਹਿਸੂਸ ਹੋਣ ਲੱਗੀ।ਉਸ ਵੇਲੇ ਭਗਤ ਪੂਰਨ ਸਿੰਘ ਜੀ ਨੇ ਇਨਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਅੰਮ੍ਰਿਤਸਰ ਦੇ ਵਿੱਚ ਦਾਖ਼ਲ ਕਰਵਾ ਕੇ ਡਾ. ਸਹਿਬਾਨ ਤੋਂ ਇਲਾਜ ਕਰਵਾਇਆ ਅਤੇ ਸੱਤ ਤੋਂ ਅੱਠ ਮਹੀਨੇ ਤੱਕ ਦਾਖ਼ਲ ਰਖ ਕੇ ਇਨਾਂ ਨੂੰ ਉਥੋਂ ਛੁੱਟੀ ਦਿੱਤੀ ਗਈ। ਭਗਤ ਜੀ ਹਰ ਰੋਜ ਇਨਾਂ ਨੂੰ ਦਰਬਾਰ ਸਾਹਿਬ ਦਾ ਪ੍ਰਸ਼ਾਦ ਅਤੇ ਖਿਚੜੀ ਲਿਆ ਕੇ ਦਿੰਦੇ ਸਨ ।ਜੇਲ ਤੋਂ ਬਾਹਰ ਆ ਕੇ ਫਿਰ ਸੰਘਰਸ਼ ਕੀਤਾ। ਯੂਨੀਵਰਸਿਟੀ ਵਿੱਚ ਸੰਗੀਤ ਵਿਭਾਗ ਵਿੱਚ ਇਨਾਂ ਨੂੰ ਨੌਕਰੀ ਮਿਲ ਗਈ। ਨੌਕਰੀ ਦੌਰਾਨ ਇਨਾਂ ਨੇ ਡਾ. ਬਲਕਾਰ ਸਿੰਘ, ਪ੍ਰੋਫੈਸਰ ਮਨਜੀਤ ਸਿੰਘ ਜੀ ਆਦਿਕ ਵਿਦਵਾਨ ਸੱਜਣਾਂ ਨਾਲ ਜਾ ਕੇ ਡਾ ਦਰਸ਼ਨ ਸਿੰਘ ਜੀ ਨੂੰ ਬੇਨਤੀ ਕਰਕੇ ਆਪਣਾ ਗਾਈਡ ਬਣਾਇਆ ਅਤੇ ਪੀਐੱਚ.ਡੀ. ਸ਼ੁਰੂ ਕੀਤੀ ਅਤੇ ਪੌਣੇ ਤਿੰਨ ਸਾਲਾਂ ਵਿੱਚ ਹੀ ਪੀਐੱਚ. ਡੀ. ਦਾ ਖੋਜ ਪ੍ਰਬੰਧ ਨੇਪਰੇ ਚਾੜ ਦਿੱਤਾ ਅਤੇ ਯੂਨੀਵਰਸਿਟੀ ਤੋਂ ਸਪੈਸ਼ਲ ਪ੍ਰਵਾਨਗੀ ਲੈ ਕੇ ਥੀਸਿਸ ਸਬਮਿਟ ਕਰਵਾ ਦਿੱਤਾ।ਇਸੇ ਕਰਕੇ ਇਨਾਂ ਨੂੰ ਕਿਸਾਨ ਭਵਨ ਵਿੱਚ ਸਨਮਾਨਿਤ ਕੀਤਾ ਅਤੇ ਐਮ. ਐਸ. ਰੰਧਾਵਾ ਐਵਾਰਡ ਦਿੱਤਾ ਗਿਆ। ਇਨਾਂ ਨੇ ਪੰਜਾਬ ਦੀਆਂ ਤਿੰਨੇ ਵੱਡੀਆਂ ਯੂਨੀਵਰਸਿਟੀਆਂ ਵਿੱਚ ਪੜਾਈ ਕੀਤੀ ਅਤੇ ਸੇਵਾ ਨਿਭਾਈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਪਵਾਰ ਸਾਹਿਬ ਨੇ ਇਨਾਂ ਨੂੰ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵਿੱਚ ਨਿਯੁਕਤ ਕਰ ਦਿੱਤਾ। ਇਹ ਇਕ ਮਲਟੀ ਸਬਜੈਕਟ ਡਿਪਾਰਟਮੈਂਟ ਹੈ। ਡਾ. ਜਸਬੀਰ ਕੌਰ ਜੀ ਨੇ ਪੀਐਚ. ਡੀ. ਕਰਨ ਤੋਂ ਬਾਅਦ ਨਿਰੰਤਰ ਰਿਸਰਚ ਕਾਰਜ ਜਾਰੀ ਰੱਖੇ। ਸੰਗੀਤਕ ਪਿਛੋਕੜ ਹੋਣ ਕਰਕੇ ਇਨਾਂ ਨੇ ਗੁਰਬਾਣੀ ਦੀਆਂ ਗਾਇਣ ਸ਼ੈਲੀਆਂ ਉਤੇ ਵੀ ਬਹੁਤ ਵੱਡਾ ਕੰਮ ਕੀਤਾ। ਇਨਾਂ ਨੇ ਗੁਰਬਾਣੀ ਦੀਆਂ ਗਾਇਨ ਸ਼ੈਲੀਆਂ ਦਾ ਪਿਛੋਕੜ ਲੱਭਾ। ਕੇ ਉਸ ਅਨੁਸਾਰ ਉਨਾਂ ਨੂੰ ਗਾਇਆ 1995-1996 ਵਿਚ ਇਕ ਮਹੀਨੇ ਵਾਸਤੇ ਇਨਾਂ ਨੇ ਡਾ. ਗੁਰਨਾਮ ਕੌਰ ਜੀ ਨਾਲ ਜਾ ਕੇ ਰਾਜਸਥਾਨ ਆਦਿਕ ਥਾਵਾਂ ਤੇ ਗੁਰਬਾਣੀ ਕੀਰਤਨ ਸ਼ੈਲੀਆਂ ਸਬੰਧੀ ਖੋਜ ਕੀਤੀ ਅਤੇ ਭਗਤ ਬਾਣੀ ਵਿੱਚੋਂ ਵੀ ਭਗਤ ਸਾਹਿਬਾਨ ਜੀ ਦੀਆਂ ਗਾਇਨ ਸ਼ੈਲੀਆਂ ਦਾ ਵੀ ਗਾਇਨ ਕੀਤਾ। ਇਨਾਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ, ਦਿੱਲੀ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ , ਭਾਈ ਵੀਰ ਸਿੰਘ ਸਾਹਿਤ ਸਦਨ ਦਿੱਲੀ, ਅਤੇ ਪਾਕਿਸਤਾਨ ਯੂਨੀਵਰਸਿਟੀ ਵਿੱਚ ਵੀ ਇਨਾਂ ਸ਼ੈਲੀਆਂ ਦਾ ਗਾਇਨ ਕਰਕੇ ਸਰੋਤਿਆਂ ਨੂੰ ਜਾਣੂ ਕਰਵਾਇਆ। ਇਨਾਂ ਨੇ ਬਾਲ ਵਿਸ਼ਵਕੋਸ਼ ਦੀ ਸੰਪਾਦਨਾ ਕੀਤੀ। ਮਹਾਨ ਕੋਸ਼ ਦੇ ਵਾਲੀਅਮ ਇਹਨਾਂ ਦੀ ਹੈਡਸ਼ਿਪ ਦੇ ਦੌਰਾਨ ਪ੍ਰਕਾਸ਼ਿਤ ਹੋਏ।ਇਨਾਂ ਨੇ ਪਿੰਗਲ ਉੱਤੇ ਵੀ ਕੰਮ ਕਰਵਾਇਆ। ਗੁਰਮਤਿ ਸੰਗੀਤ ਦੇ ਸੈਸ਼ਨ ਵੱਖ-ਵੱਖ ਕਾਨਫ਼ਰੰਸਾਂ ਸੈਮੀਨਾਰਾਂ ਵਿਚ ਆਯੋਜਿਤ ਕਰਵਾਏ।ਵਿਭਾਗੀ ਪੁਸਤਕਾਂ ਦੀ ਸੰਪਾਦਨਾ ਕੀਤੀ ਔਰ ਆਪਣੀ ਹੈੱਡਸ਼ਿਪ ਦੇ ਦੌਰਾਨ ਸੈਨੇਟ ਅਤੇ ਸਿੰਡੀਕੇਟ ਦੇ ਮੈਂਬਰ ਰਹੇ। ਬਤੌਰ ਮੁਖੀ ਹੁੰਦਿਆਂ ਇਨਾਂ ਨੇ ਸਮ੍ਰਿਤੀ ਗ੍ਰੰਥਾਂ ਅਤੇ ਵਿਭਾਗੀ ਖੋਜ ਪਤਰ ਦੇ ਵੱਖ-ਵੱਖ ਚੌਦਾਂ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਵਾਏ। ਵਿਸ਼ਵ ਕੋਸ਼ਾਂ ਵਿਚ ਗੁਰਮਤਿ ਸੰਗੀਤ ਨਾਲ ਸਬੰਧਤ ਐਂਟਰੀਆਂ ਛਪਵਾਈਆਂ। ਡਾ. ਜਸਬੀਰ ਕੌਰ ਦੱਸਦੇ ਹਨ ਕਿ ਉਹ ਸਕੂਲ ਤੇ ਕਾਲਜ ਵਿੱਚ ਘਟ ਗਏ ਸਨ ਪਰ ਉਹ ਨਿਰੰਤਰ ਸਿਖਦੇ ਰਹੇ।ਉਨਾਂ ਨੇ ਆਪਣੇ ਤੋਂ ਛੋਟਿਆਂ ਤੋਂ ਵੀ ਸਿੱਖਿਆ ਅਤੇ ਵੱਡਿਆਂ ਤੋਂ ਤਾਂ ਉਹ ਸਿੱਖਦੇ ਹੀ ਸਨ ।ਉਨਾਂ ਕੋਲ ਨਾ ਪੈਸਾ ਸੀ, ਨਾ ਕਿਤਾਬਾਂ ਸਨ, ਨਾ ਟਿਊਸ਼ਨ ਸੀ। ਕੇਵਲ ਜੇਲ ਸੀ ਪਰ ਫਿਰ ਵੀ ਉਨਾਂ ਨੇ ਆਪਣੀ ਪੜਾਈ ਜਾਰੀ ਰਖੀ ਅਤੇ ਆਪਣੇ ਜੀਵਨ ਦੇ ਵਿਚ ਕਾਮਯਾਬੀ ਹਾਸਲ ਕੀਤੀ ਜਿਸ ਨੂੰ ਉਹ ਗੁਰੂ ਦੀ ਬਖਸ਼ਿਸ਼ ਹੀ ਸਮਝਦੇ ਹਨ। ਜਿੱਥੇ ਉਹ ਸਾਹਿਤ, ਧਰਮ, ਸੰਗੀਤ ਨਾਲ ਜੁੜੇ ਹਨ ਉੱਥੇ ਉਨਾਂ ਨੇ ਆਪਣੇ ਜੀਵਨ ਦੇ ਵਿਚ ਪੰਥਕ ਕਾਰਜਾਂ ਲਈ ਵੀ ਬਹੁਤ ਵੱਡਾ ਸੰਘਰਸ਼ ਲੜਿਆ ਹੈ। ਉਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ,ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਬਾਣੀ ਵਿਚ ਆਏ ਹੋਏ ਸਿਰਲੇਖ ਕਰਹਲੇ, ਕੁਚਜੀ,ਸੁਚਜੀ, ਗੁਣਵੰਤੀ, ਬਿਸ਼ਨਪਦੇ, ਤਰਾਨੇ ਆਦਿ ਨੂੰ ਗਾਇਨ ਕੀਤਾ ਹੈ। ਇਸ ਦੇ ਨਾਲ ਹੀ ਉਨਾਂ ਨੇ ਡਾ. ਹਰਭਜਨ ਸਿੰਘ, ਭਾਈ ਵੀਰ ਸਿੰਘ, ਸ਼ਿਵ ਬਟਾਲਵੀ, ਸ਼ਾਹ ਹੁਸੈਨ, ਗੁਲਾਮ ਫ਼ਰੀਦ, ਪ੍ਰੋ. ਮੋਹਨ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀ ਕਵਿਤਾ ਨੂੰ ਗਾਇਆ ਹੈ।ਇਹ ਉਨਾਂ ਦੀ ਜ਼ਿੰਦਗੀ ਦਾ ਇੱਕ ਵੱਖਰਾ ਪੱਖ ਹੈ।ਗੁਰਮਤਿ ਕਾਲਜ ਵਿਚ ਬਤੌਰ ਪ੍ਰਿੰਸੀਪਲ ਸੇਵਾ ਨਿਭਾਉਂਦਿਆਂ ਉਹ ਹੁਣ ਤਕ 69 ਵੈਬੀਨਾਰ ਅਤੇ ਵਰਕਸ਼ਾਪ ਕਰਵਾ ਚੁੱਕੇ ਹਨ।ਹਾਲ ਹੀ ਵਿਚ ਉਨਾਂ ਨੇ ਗੁਰਬਾਣੀ ਕੀਰਤਨ ਦੇ ਰਾਹੀਂ ਦਿੱਲੀ ਵਿਧਾਨ ਸਭਾ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਾਰ ਸੌ ਸਾਲਾ ਸ਼ਤਾਬਦੀ ਉੱਤੇ ਸ਼ਬਦ ਗਾਇਨ ਵਿੱਚ ਹਿੱਸਾ ਲਿਆ ਹੈ। ਪਹਿਲੀ ਵਾਰ ਸ਼੍ਰੋਮਣੀ ਰਾਗੀ ਦਾ ਐਵਾਰਡ ਜਿਸ ਇਸਤਰੀ ਨੂੰ ਮਿਲਿਆ ਹੈ ਉਹ ਡਾ. ਜਸਬੀਰ ਕੌਰ ਜੀ ਹਨ।ਉਹ ਕਹਿੰਦੇ ਹਨ ਕਿ ਮੈਂ ਲਿਖਦੀ ਆਈ ਹਾਂ ਤੇ ਲਿਖਦੀ ਹੀ ਚਲੇ ਜਾਣਾ ਹੈ।ਜੇਲ ਵਿੱਚ ਵੀ ਪੜਦੀ ਰਹੀ ਹਾਂ ਤੇ ਹੁਣ ਵੀ ਪੜਦਿਆਂ ਰਹਿਣਾ ਹੈ। ਕੀਰਤਨ ਦਾ ਖੇਤਰ ਉਨਾਂ ਦੇ ਜੀਵਨ ਦਾ ਇਕ ਅਟੁੱਟ ਹਿੱਸਾ ਹੈ। ਉਹ ਹੁਣ ਵੀ ਨਿਰੰਤਰ ਖੋਜ ਦੇ ਕਾਰਜਾਂ ਵਿੱਚ ਰੁੱਝੇ ਹੋਏ ਹਨ। ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਉਹ ਇਕ ਬਹੁਤ ਹੀ ਨਿਰਾਲੀ ਸ਼ਖ਼ਸੀਅਤ ਹਨ ਜਿਨਾਂ ਨੇ ਬਚਪਨ ਤੋਂ ਲੈ ਕੇ ਹੁਣ ਤੱਕ ਸਾਰਾ ਜੀਵਨ ਸਿੱਖ ਕੌਮ, ਕੀਰਤਨ ਅਤੇ ਸਾਹਿਤ ਦੇ ਲੇਖੇ ਲਾਇਆ ਹੈ ਅਤੇ ਸੇਵਾ ਨਿਭਾਈ ਹੈ। ਉਹ ਨਿਰੰਤਰ ਖੋਜ ਕਾਰਜ ਕਰ ਰਹੇ ਹਨ।ਮੈਂ ਉਨਾਂ ਦੀ ਸਿਹਤਯਾਬੀ ਅਤੇ ਲੰਮੀ ਉਮਰ ਦੀ ਕਾਮਨਾ ਕਰਦਾ ਹਾਂ।



# ਕੈਨੇਡਾ ਵਿੱਚ ਪੰਜਾਬੀ ਦੀਆਂ ਸਾਹਿਤਕ ਸੰਸਥਾਵਾਂ ਤੇ ਸਭਿਆਚਾਰਕ ਉਦਰੇਵਾਂ

**ਮੇਜਰ ਮਾਂਗਟ**

ਉਨੀਵੀਂ ਸਦੀ ਦੇ ਅੰਤ ਤੱਕ ਕੈਨੇਡਾ ਵਿੱਚ ਪੰਜਾਬੀ ਮੂਲ ਦੇ ਲੋਕਾਂ ਦੀ ਆਮਦ ਕਾਫੀ ਹੋ ਚੁੱਕੀ ਸੀ। ਵੀਹਵੀ ਸਦੀ ਦੇ ਪਹਿਲੇ ਦਹਾਕੇ ਵਿੱਚ ਇਹ ਗਿਣਤੀ ਜਦੋਂ ਸੈਂਕੜਿਆਂ ਵਿੱਚ ਤਬਦੀਲ ਹੋ ਗਈ, ਤਾਂ ਉਨਾਂ ਵਿੱਚ ਸੱਭਿਆਚਾਰਕ ਭੁੱਖ ਵੀ ਉੱਸਲਵੱਟੇ ਲੈਣ ਲੱਗੀ। ਮਈ 1914 ਤੱਕ ਕਾਮਾਗਾਟਾਮਾਰੂ ਦੇ ਜਹਾਜ਼ ਦੇ ਲੱਗਣ ਤਕ ਉਨਾਂ ਦੀ ਪਛਾਣ, ਵੱਖਰਾ ਰੰਗ ਰੂਪ, ਪਹਿਰਾਵਾ ਤੇ ਜੀਵਨ ਢੰਗ ਨਸਲਵਾਦੀਆਂ ਨੂੰ ਚੁਭਣ ਲੱਗ ਪਿਆ ਸੀ। ਅਜਿਹੇ ਹਾਲਾਤ ਵਿੱਚ ਉਨਾਂ ਦਾ ਸੱਭਿਆਚਾਰਕ ਉਦਰੇਵਾਂ ਵੀ ਸਿਖਰਾਂ 'ਤੇ ਸੀ। ਉਹ ਆਪਣੇ ਪਰਿਵਾਰਾਂ ਨੂੰ ਯਾਦ ਕਰਦੇ, ਰੋਂਦੇ ਅਤੇ ਹੱਡ ਭੰਨਵਾਂ ਕੰਮ ਕਰਦੇ। ਆਪਣੇ ਢਿੱਡ ਫਰੋਲਣ ਲਈ ਉਹ ਦੋ ਚਾਰ ਬੰਦੇ, ਕਦੀ ਕਦਾਈਂ ਕੰਮਾਂ, ਜਾਂ ਕਿਰਾਏ ਵਾਲੀਆਂ ਥਾਂਵਾਂ 'ਤੇ ਇਕੱਠੇ ਹੋ ਜਾਂਦੇ। ਉਨਾਂ ਵਿੱਚੋਂ ਜੇ ਕਿਸੇ ਨੂੰ ਕੋਈ ਗੀਤ ਯਾਦ ਹੁੰਦਾ, ਤਾਂ ਬੱਸ ਉਹ ਹੀ ਮਨੋਰੰਜਨ ਅਤੇ ਭਾਵਨਾਵਾਂ ਦੇ ਨਿਕਾਸ ਦਾ ਸਾਧਨ ਬਣ ਜਾਂਦਾ। ਉਦੋਂ ਉਹ ਧਰਮ ਤੋਂ ਉੱਪਰ ਸਨ, ਭਾਰਤੀ ਹੋਣਾ ਵਧੇਰੇ ਮਹੱਤਵਪੂਰਨ ਸੀ। ਫੇਰ ਉਨਾਂ ਗੰਭੀਰਤਾ ਨਾਲ ਕਿਸੇ ਸਾਂਝੀ ਜਗਾ ਦੀ ਤਲਾਸ਼ ਦਾ ਕਾਰਜ ਆਰੰਭਿਆ।

ਗ਼ਦਰ ਲਹਿਰ ਦਾ ਪ੍ਰਭਾਵ ਕੈਨੇਡਾ ਤਕ ਵੀ ਪੁੱਜ ਗਿਆ ਸੀ। ਉਹ ਦਰਦ ਵਿਛੋੜੇ ਤੇ ਯਾਦਾਂ ਵਾਲੇ ਗੀਤਾਂ ਦੇ ਨਾਲ ਨਾਲ ਇਨਕਲਾਬੀ ਗੀਤ ਕਵਿਤਾਵਾਂ ਵੀ ਸੁਣਦੇ ਸੁਣਾਉਂਦੇ ਰਹਿੰਦੇ। ਪਹਿਲਾਂ ਉਹ ਇੱਕ ਦੂਜੇ ਦੀ ਰਿਹਾਇਸ਼ ਤੇ ਦੋ ਚਾਰ ਇਕੱਠੇ ਹੋ ਲਿਆ ਕਰਦੇ ਸਨ, ਫੇਰ ਉਨਾਂ ਨੇ ਕੋਈ ਸਾਂਝੀ ਜਗਾ ਬਣਾਉਣ ਦੀ ਸੋਚੀ, ਜਿੱਥੇ ਧਾਰਮਿਕ ਆਸਥਾ ਤੋਂ ਇਲਾਵਾ, ਸਮਾਜਿਕ, ਸੱਭਿਆਚਾਰਕ ਮਸਲਿਆਂ 'ਤੇ ਵੀ ਗੱਲ ਹੋ ਸਕੇ। ਐਬਸਫੋਰਡ ਦੇ ਲੱਕੜ ਮਿੱਲ ਕਾਮਿਆਂ, ਪਹਾੜ ਦੇ ਪੈਰਾਂ ਵਿੱਚ ਇੱਕ ਟੀਨ ਦੀ ਛੱਤ ਅਤੇ ਫੱਟਿਆਂ ਦੀਆਂ ਕੰਧਾਂ ਵਾਲਾ ਧਾਰਮਿਕ ਸਥਾਨ ਬਣਾ ਲਿਆ। ਇਹ ਜਗਾ ਕਾਮਿਆਂ ਲਈ ਇੱਕ ਬਹੁ-ਪੱਖੀ ਸਹੂਲਤ ਬਣ ਗਈ। ਹਿੰਦੂ ਮੁਸਲਮ ਤੇ ਸਿੱਖ ਸਭ ਮਿਲ ਕੇ ਬੈਠਦੇ। ਇਹ ਧਾਰਮਿਕ ਲੋੜਾਂ ਦੀ ਪੂਰਤੀ ਤੋਂ ਇਲਾਵਾ ਮੁਢਲਾ ਕਮਿਊਨਟੀ ਸੈਂਟਰ ਵੀ ਬਣਿਆ

ਜਦੋਂ ਕੋਈ ਥਾਂ ਨਹੀਂ ਸੀ ਬਣਿਆ, ਤਾਂ ਕਾਮੇ ਹੱਡ ਭੰਨਵੀਂ ਮਿਹਨਤ ਤੋਂ ਬਾਅਦ, ਵੈਨਕੂਵਰ ਦੀ ਫਰੇਜ਼ਰ ਸਟਰੀਟ 'ਤੇ, 41 ਐਵੀਨਿਊ ਦੇ ਜੰਗਲ ਨਾਲ ਲੱਗਦੇ ਖੁੱਲੇ ਘਾਹ ਦੇ ਮੈਦਾਨ 'ਤੇ ਬੈਠ ਕੇ ਦੁੱਖ ਸੁਖ ਕਰਦੇ। ਕਦੀ ਉਹ ਧੂਣੀ ਲਾ ਕੇ ਬੈਠ ਜਾਂਦੇ ਤੇ ਕਦੀ ਤਾਰਿਆਂ ਦੀ ਛਾਂ ਵਿੱਚ ਹੀ ਕੋਈ ਗੀਤ ਕਵਿਤਾ ਸੁਣ-ਸੁਣਾ ਲੈਂਦੇ। ਲੰਬਰ ਮਿੱਲਾਂ ਵਿੱਚ ਆ ਰਹੇ ਮਸਲਿਆਂ ਦਾ ਹੱਲ ਢੂੰਡਦੇ, ਨਸਲਵਾਦ ਦਾ ਮੁਕਾਬਲਾ ਕਰਨ ਦੀਆਂ ਸਕੀਮਾਂ ਲਾਉਂਦੇ। ਮਿੱਤਰਾਂ ਪਿਆਰਿਆਂ ਤੇ ਪਰਿਵਾਰ ਦੀ ਜੁਦਾਈ ਵਿੱਚ ਝਰੀਟੇ ਹੋਏ ਅੱਖਰਾਂ ਦੀ ਸਾਂਝ ਪਾਉਂਦੇ। ਇਨਾਂ ਵਿੱਚ ਵਧੇਰੇ ਲੋਕ ਅਨਪੜ ਜਾਂ ਅੱਧਪੜ ਹੁੰਦੇ। ਟੱਪੇ ਬੋਲੀਆਂ ਦੇ ਨਾਲ ਨਾਲ ਉਹ ਅੰਗਰੇਜ਼ੀ ਬੋਲਣੀ ਵੀ ਸਿੱਖਦੇ। ਮੁਢਲੇ ਪੜਾਅ 'ਤੇ ਇਹ ਹੀ ਸਾਹਿਤ ਸਭਾਵਾਂ ਦੇ ਉਸਰਨ ਦਾ ਮੁੱਢ ਬੱਝਣ ਵਰਗੀ ਗੱਲ ਸੀ।

ਜਿਉਂ ਜਿਉਂ ਪੰਜਾਬੀਆਂ ਦੀ ਗਿਣਤੀ ਵਧਦੀ ਗਈ ਤਾਂ ਐਬਸਫੋਰਡ ਤੋਂ ਬਾਅਦ ਵੈਨਕੂਵਰ, ਵਿਕਟੋਰੀਆ ਤੇ ਹੋਰ ਸ਼ਹਿਰਾਂ ਵਿੱਚ ਵੀ ਗੁਰਦਵਾਰੇ ਉਸਰਨ ਲੱਗੇ। ਦਿਨ ਤਿਉਹਾਰ ਮਨਾਉਣ ਸਮੇਂ, ਇੱਥੇ ਧਾਰਮਿਕ ਰੰਗਣ ਵਾਲੇ ਗੀਤਾਂ ਕਵਿਤਾਵਾਂ ਤੋਂ ਇਲਾਵਾ, ਦੇਸ਼ ਭਗਤੀ ਅਤੇ ਆਜ਼ਾਦੀ ਦੇ ਗੀਤ ਵੀ ਗਾਏ ਜਾਂਦੇ। ਕੀਰਤਨ, ਕਵੀਸ਼ਰੀ ਦੇ ਨਾਲ ਕਮਿਊਨਿਟੀ ਮਸਲੇ, ਪਰਿਵਾਰਕ ਮੁਸ਼ਕਲਾਂ, ਮਸਲਿਆਂ ਦੇ ਹੱਲ ਤੋਂ ਇਲਾਵਾ ਨਿੱਕੇ ਮੋਟੇ ਕਵੀ ਦਰਬਾਰ ਵੀ ਹੋਣ ਲੱਗੇ। ਇਸੇ ਬਹਾਨੇ ਮੇਲਾ-ਗੇਲਾ ਵੀ ਹੋ ਜਾਂਦਾ।

ਫੇਰ ਇੱਕ ਸਮਾਂ ਆਇਆ ਜਦੋਂ ਇਨਾਂ ਕਾਮਿਆਂ ਨੇ ਧਾਰਮਿਕ ਵਲਗਣ ਵਿੱਚੋਂ ਬਾਹਰ ਨਿੱਕਲ ਕੇ ਸਰਗਰਮੀਆਂ ਆਰੰਭਣ ਦੇ ਯਤਨ ਕੀਤੇ। ਕੋਈ ਭਾਰਤ ਤੋਂ ਆਈ ਫਿਲਮ ਨੂੰ ਕੋਈ ਵੀਡੀਓ ਪਲੇਅਰ ਜਾਂ ਸਿਨਮਾ ਕਿਰਾਏ 'ਤੇ ਲੈ ਕੇ ਜਾਂ ਕਿਸੇ ਹੋਰ ਖੁੱਲੀ ਜਗਾ ਪੈਸੇ ਲੈ ਕੇ ਦਿਖਾਇਆ ਜਾਣ ਲੱਗਾ। ਹੌਲੀ ਹੌਲੀ ਭਾਰਤ ਤੋਂ ਕਲਾਕਾਰ, ਥੀਏਟਰ ਆਰਟਿਸਟ ਮੰਗਵਾ ਕੇ ਉਨਾਂ ਦੇ ਸ਼ੋਅ ਕਰਵਾਏ ਜਾਣ ਲੱਗੇ। ਇਸਦੇ ਦਾ ਨਾਲ ਹੀ ਵੈਨਕੂਵਰ ਸੱਥ, ਕਲਾ ਮੰਦਰ, ਸਮਾਨਤਾ, ਇੰਡੀਆ ਮਹਿਲਾ ਐਸੋਸੀਏਸ਼ਨ, ਇੰਡੀਆ ਮਿਊਜ਼ਿਕ ਸੁਸਾਇਟੀ, ਭਾਰਤੀ ਨਾਟ ਕੇਂਦਰ ਅਤੇ ਲੋਕ ਕਲਾ ਕੇਂਦਰ ਵੈਨਕੂਵਰ, ਵਰਗੀਆਂ ਸੰਸਥਾਵਾਂ ਬਣ ਗਈਆਂ, ਜਿਨਾਂ ਨੇ ਸਰਗਰਮੀਆਂ ਹੋਰ ਵੀ ਬਹੁਤ ਵਧਾ ਦਿੱਤੀਆਂ।

ਇੰਡੀਆ ਕਲੱਬ ਹਰ ਸਾਲ ਉਰਦੂ ਗ਼ਜ਼ਲਾਂ ਤੇ ਸੰਗੀਤ ਦੇ ਪ੍ਰੋਗਰਾਮ ਕਰਵਾਉਣ ਲੱਗਿਆ। ਕਲਾ ਮੰਦਰ ਵੱਲੋਂ ਵੀ ਪਾਕਿਸਤਾਨੀ ਤੇ ਭਾਰਤੀ ਪ੍ਰੋਗਰਾਮ ਕਰਵਾਏ ਜਾਣ ਲੱਗੇ। ਭਾਰਤੀ ਕਮਿਊਨਿਟੀ ਇਨਾਂ ਸੰਸਥਾਵਾਂ ਦੀ ਮੈਂਬਰ ਬਣਨ ਲੱਗੀ। ਵੈਨਕੂਵਰ ਸੱਥ ਵੱਲੋਂ ਕਈ ਨਾਟਕਾਂ ਦਾ ਮੰਚਨ ਕਰਵਾਇਆ ਗਿਆ। ਸਮਾਨਤਾ ਅਤੇ ਇੰਡੀਆ ਮਹਿਲਾ ਐਸੋਸੀਏਸ਼ਨ ਵੱਲੋਂ ਔਰਤਾਂ ਦੇ ਮਸਲੇ ਉਠਾਏ ਜਾਣ ਲੱਗੇ। ਇਸਦੇ ਨਾਲ ਹੀ ਇਨਾਂ ਬਹਿਸਾਂ ਅਤੇ ਵਿਚਾਰਾਂ ਦੇ ਅਦਾਨ ਪ੍ਰਦਾਨ ਲਈ ਇੱਕੜ ਦੁੱਕੜ ਅਖਬਾਰਾਂ ਰਸਾਲੇ ਤੇ ਰੇਡੀਓ ਪ੍ਰੋਗਰਾਮ ਵੀ ਹੋਂਦ ਵਿੱਚ ਆਉਣ ਲੱਗ ਪਏ।

ਸਨ 1972 ਵਿੱਚ ਕਈ ਸਾਰੀਆਂ ਭੰਗੜਾ ਸੰਸਥਾਵਾਂ ਤੇ ਸੱਭਿਆਚਾਰਕ ਗਰੁੱਪ ਹੋਂਦ ਵਿੱਚ ਆਉਣ ਨਾਲ, ਸਾਹਿਤਕ ਮਾਹੌਲ ਲਈ ਵੀ ਜ਼ਮੀਨ ਤਿਆਰ ਹੋ ਚੁੱਕੀ ਸੀ। ਭਾਰਤ ਤੋਂ ਜਾਂ ਪੰਜਾਬ ਤੋਂ ਬਹੁਤ ਸਾਰੇ ਨਾਮਵਰ ਲੇਖਕ, ਜੋ ਉੱਥੇ ਸਾਹਿਤ ਸਭਾਵਾਂ ਵਿੱਚ ਕੰਮ ਕਰਦੇ ਰਹੇ ਸਨ, ਉਹ ਵੀ ਕੈਨੇਡਾ ਪਹੁੰਚ ਚੁੱਕੇ ਸਨ। ਇਹ ਲੇਖਕ ਜੋ ਜ਼ਿਆਦਾਤਰ ਬ੍ਰਿਟਿਸ਼ ਕੁਲੰਬੀਆ ਸੂਬੇ ਵਿੱਚ ਆਣ ਵਸੇ,(ਖਾਸ ਕਰਕੇ ਵੈਨਕੂਵਰ ਏਰੀਏ ਵਿੱਚ) ਉਹ ਵੀ ਇਕੱਠੇ ਹੋਣ ਲੱਗੇ। ਕੋਈ ਸਾਹਿਤਕ ਸੰਸਥਾ ਬਣਾਉਣ ਦੀ ਲੋੜ ਮਹਿਸੂਸ ਕਰਦਿਆਂ ਹੋਇਆਂ, ਇਸ ਸਬੰਧੀ ਵਿਚਾਰ ਵਟਾਂਦਰੇ ਹੋਣ ਲੱਗੇ। ਇਹ ਇਨਾਂ ਮੀਟਿੰਗਾਂ ਦਾ ਸਿੱਟਾ ਹੀ ਸੀ ਕਿ 6 ਜਨਵਰੀ 1973 ਨੂੰ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦਾ ਜਨਮ ਹੋਇਆ। ਇਸ ਸੰਸਥਾ ਦੀ ਜੋ ਪਹਿਲੀ ਕੰਮ ਚਲਾਊ ਕਮੇਟੀ ਚੁਣੀ ਗਈ, ਉਸਦੇ ਪ੍ਰਧਾਨ ਗੁਰਚਰਨ ਰਾਮਪੁਰੀ ਤੇ ਸਕੱਤਰ ਸੁਰਿੰਦਰ ਧੰਜਲ ਸਨ। 27 ਜੁਲਾਈ 1973 ਤੱਕ, ਇਸਦੇ ਜੋ ਵੀ ਮੈਂਬਰ ਬਣੇ ਉਨਾਂ ਵਿੱਚੋਂ ਬਾਕਾਇਦਾ ਕਾਰਜਕਾਰਨੀ ਦੀ ਚੋਣ ਹੋਈ। ਇਸੇ ਸੰਸਥਾ ਨੇ ਸਭ ਤੋਂ ਪਹਿਲੀ ਵਾਰ ਕੈਨੇਡਾ ਵਸੇ ਕਵੀਆਂ ਦਾ ਕਾਵਿ-ਸੰਗ੍ਰਹਿ ਛਾਪਣ ਦਾ ਫੈਸਲਾ ਸਨ 1976 ਵਿੱਚ ਕੀਤਾ ਤੇ ਸਨ 1980 ਵਿੱਚ 'ਕੈਨੇਡਾ ਦੀ ਪੰਜਾਬੀ ਕਵਿਤਾ' ਨਾਂ ਦੀ 132 ਸਫਿਆਂ ਦੀ ਕਿਤਾਬ ਪ੍ਰਕਾਸ਼ਤ ਕੀਤੀ। ਇਸ ਪੁਸਤਕ ਵਿੱਚ 27 ਕਵੀਆਂ ਦੀਆਂ ਕਵਿਤਾਵਾਂ ਸਨ। ਇਸ ਤੋਂ ਬਾਅਦ ਭੰਗੜਾ ਸੰਸਥਾਵਾਂ ਦੇ ਸਹਿਯੋਗ ਨਾਲ ਬੋਲੀਆਂ ਦੇ ਰੂਪ ਵਿੱਚ ਮਹਿੰਦਰ ਸੂਮਲ ਦੀ ਕਿਤਾਬ 'ਖੱਟ ਕੇ ਲਿਆਂਦਾ ਟੱਲ' 1985 ਵਿੱਚ ਛਪਣ ਨਾਲ ਸਾਹਿਤਕ ਮਾਹੌਲ ਹੋਰ ਗੂੜਾ ਹੋ ਗਿਆ। ਪੰਜਾਬ ਦੇ ਸੰਤਾਪ ਨੇ ਨੇ, ਲੇਖਕਾਂ ਦੀ ਵਿਚਾਰਧਾਰਾ ਨੂੰ ਦੋ ਧੜਿਆਂ ਵਿੱਚ ਵੰਡ ਦਿੱਤਾ, ਜਿਸ ਨਾਲ ਸਾਹਿਤਕ ਮਾਹੌਲ ਨੂੰ ਢਾਹ ਲੱਗੀ। ਸੰਸਥਾਵਾਂ ਵਿੱਚ ਵਿਰੋਧ ਵਧਣ ਲੱਗੇ ਤੇ ਬਾਗੀ ਹੋਏ ਲੇਖਕ ਨਵੀਆਂ ਸੰਸਥਾਵਾਂ ਬਣਾਉਣ ਲੱਗੇ।

ਇਹ ਸੰਸਥਾਵਾਂ ਕਵੀ ਦਰਬਾਰ ਤੇ ਸਮਾਗਮ ਕਰਵਾਉਣ ਲੱਗੀਆਂ। ਇਹ ਸਮਾਗਮ ਦੂਰ ਦੁਰਾਡੇ ਸ਼ਹਿਰਾਂ ਵਿੱਚ ਵੀ ਹੋਣ ਲੱਗੇ। ਇਹ ਉਹ ਸਮਾਂ ਸੀ ਜਦੋਂ ਵੈਨਕੂਵਰ ਤੋਂ ਇਲਾਵਾ, ਗਰੇਟਰ ਟੋਰਾਂਟੋ ਏਰੀਆ ਵੀ ਪੰਜਾਬੀ ਲੋਕਾਂ ਅਤੇ ਸਾਹਿਤਕਾਰਾਂ ਦਾ ਗੜ ਬਣਨ ਲੱਗਿਆ। ਕੈਲਗਰੀ, ਐਡਮਿੰਟਨ, ਵਿਨੀਪੈੱਗ, ਔਟਵਾ ਵਰਗੇ ਸ਼ਹਿਰਾਂ ਵਿੱਚ ਵੀ ਲੇਖਕਾਂ ਦੇ ਜੁੜਨ ਵਾਲੇ ਇਕੱਠ, ਸੰਸਥਾਵਾਂ ਵਿੱਚ ਤਬਦੀਲ ਹੋਣ ਲੱਗੇ।

ਇਹ ਸੰਸਥਾਵਾਂ ਪੰਜਾਬ ਤੋਂ ਨਾਮਵਰ ਲੇਖਕਾਂ ਤੇ ਕਲਾਕਾਰਾਂ ਨੂੰ ਕੈਨੇਡਾ ਮੰਗਵਾਉਂਦੀਆਂ। ਸਮਾਗਮਾਂ ਜਾਂ ਨਾਟਕਾਂ ਦੇ ਮੰਚਨ ਸਮੇਂ ਲੋਕ ਜੁੜਦੇਪੰਜਾਬੀਅਤ ਦੀ ਨਵੇਕਲੀ ਪਛਾਣ ਬਣਨ ਲੱਗੀ। ਸਾਲ 1974 ਵਿੱਚ ਤਿੰਨ ਕਵੀਆਂ ਗੁਰਚਰਨ ਰਾਮਪੁਰੀ, ਅਜਮੇਰ ਰੋਡੇ ਤੇ ਸਾਧੂ ਬਿੰਨਿੰਗ ਦੀਆਂ ਕਵਿਤਾਵਾਂ ਤੇ ਆਲੋਚਨਾ ਭਰਪੂਰ ਤੇ ਪੜਚੋਲੀਆ ਨਜ਼ਰੀਏ ਵਾਲਾ, ਸਪਲੀਮੈਂਟ ਛਾਪਿਆ ਗਿਆ। ਇਸੇ ਪ੍ਰਕਾਰ ਵਤਨੋਂ ਦੂਰ ਆਰਟ ਐਂਡ ਫਾਊਂਡੇਸ਼ਨ ਵੱਲੋਂ ਸਾਲ 1974 ਵਿੱਚ ਖੇਡੇ ਨਾਟਕ 'ਰੱਤਾ ਸਾਲੂ' ਨਾਲ ਸਥਾਨਿਕ ਪੰਜਾਬੀ ਰੰਗਮੰਚ ਦੀ ਵੀ ਨੀਂਹ ਰੱਖ ਦਿੱਤੀ ਗਈ। ਹੌਲੀ ਹੌਲੀ ਇਹ ਅਸਰ ਦੂਸਰੇ ਸ਼ਹਿਰਾਂ 'ਤੇ ਵੀ ਪੈਣ ਲੱਗਿਆ। ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਸੰਸਥਾਵਾਂ ਵਿੱਚ ਤਣਾਉ ਪੈਦਾ ਹੋਣ ਕਾਰਨ, ਫੁੱਟ ਵੀ ਪੈਂਦੀ ਰਹੀ। ਇਸ ਪ੍ਰਕਾਰ 1982 ਤੋਂ ਬਾਅਦ ਜੋ ਖੜੋਤ ਪੈਦਾ ਹੋ ਗਈ ਸੀ, ਉਸ ਨੂੰ ਤੋੜਨ ਲਈ 3 ਜੂਨ 1984 ਨੂੰ ਮੋਬਰਲੀ ਕਮਿਊਨਟੀ ਹਾਲ ਵਿੱਚ ਕੋਈ 20 ਦੇ ਕਰੀਬ ਲੇਖਕ ਜੁੜੇ ਅਤੇ ਫੈਸਲਾ ਕੀਤਾ ਕਿ ਕੋਈ ਸਾਹਿਤਕ ਜਥੇਬੰਦੀ ਮੁੜ ਸੁਰਜੀਤ ਕੀਤੀ ਜਾਵੇ। ਇਸ ਨਵੀਂ ਸੰਸਥਾ ਦਾ ਨਾਂ 'ਪੰਜਾਬੀ ਲੇਖਕ ਮੰਚ ਵੈਨਕੂਵਰ' ਰੱਖਿਆ ਗਿਆ। ਇਸ ਸੰਸਥਾ ਦੀਆਂ ਮਹੀਨੇ ਦੇ ਹਰ ਤੀਜੇ ਸਨਿੱਚਰਵਾਰ ਬਾਕਾਇਦਗੀ ਨਾਲ ਮੀਟਿੰਗਾਂ ਹੋਣ ਲੱਗੀਆਂ। ਇਹ ਸੰਸਥਾ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦਾ ਹੀ ਨਵਾਂ ਰੂਪ ਸੀ। ਇਸ ਸੰਸਥਾ ਨੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੁਲੰਬੀਆ ਨਾਲ ਸੰਪਰਕ ਬਣਾ ਕੇ ਦੂਜੀਆਂ ਭਾਸ਼ਾਵਾਂ ਦੇ ਲੇਖਕਾਂ ਨਾਲ ਅਦਾਨ ਪ੍ਰਦਾਨ ਸ਼ੁਰੂ ਕੀਤਾ।

ਸਾਲ 1983 ਵਿੱਚ ਸਾਊਥ ਏਸ਼ੀਆ ਲਿਟਰੇਰੀ ਕਾਨਫਰੰਸ ਟੋਰਾਂਟੋ ਕਰਵਾਏ ਜਾਣ ਨਾਲ, ਵੈਨਕੂਵਰ ਤੋਂ ਬਾਅਦ ਟੋਰਾਂਟੋ ਵਿੱਚ ਵੀ ਸਾਹਿਤਕ ਮਾਹੌਲ ਬਣਨ ਲੱਗਾ। ਬੇਸਮੈਂਟਾਂ ਵਿੱਚ ਹੋਣ ਵਾਲੀਆਂ ਮੀਟਿੰਗਾਂ, ਨਿੱਕੇ ਨਿੱਕੇ ਗਰੁੱਪ ਆਪੋ ਆਪਣੇ ਤਰੀਕੇ ਨਾਲ ਕੰਮ ਵੀ ਕਰਦੇ ਰਹੇ। ਟੋਰਾਂਟੋ ਤੋਂ ਵੀ ਹਫਤਾਵਾਰੀ ਅਖਬਾਰ ਨਿੱਕਲਣੇ ਸ਼ੁਰੂ ਹੋਏ। 'ਤਿਕੋਨ' ਨਾਂ ਦੀ ਪੁਸਤਕ ਛਪੀ ਜਿਸ ਵਿੱਚ ਇਕਬਾਲ ਰਾਮੂਵਾਲੀਆ, ਸੁਖਿੰਦਰ ਤੇ ਸੁਰਿੰਦਰ ਧੰਜਲ ਦੀਆਂ ਕਵਿਤਾਵਾਂ ਛਪੀਆਂ। ਨਵਤੇਜ ਭਾਰਤੀ ਆਪਣੀ 'ਥਰਡ ਆਈ ਪਬਲੀਕੇਸ਼ਨ' ਚਲਾਉਣ ਲੱਗੇ ਤੇ ਹੌਲੀ ਹੌਲੀ ਕਿਸੇ ਪੁਖਤਾ ਸੰਸਥਾ ਲਈ ਜ਼ਮੀਨ ਤਿਆਰ ਹੋਣ ਲੱਗੀ।

3 ਜੁਲਾਈ 1978 ਨੂੰ ਵੈਨਕੂਵਰ ਹਵਾਈ ਅੱਡੇ 'ਤੇ ਇੱਕ ਹੋਰ ਸੰਸਥਾ ਨੇ ਜਨਮ ਲੈ ਲਿਆ, ਜਿਸਦਾ ਨਾਂ ਸੀ 'ਇੰਟਰਨੈਸ਼ਨਲ ਐਸੋਸੀਏਸ਼ਨ ਆਫ ਪੰਜਾਬੀ ਆਥਰਜ਼ ਐਂਡ ਆਰਟਿਸਟ' (ਇਆਪਾ) ਜਿਸਦੇ ਪ੍ਰਧਾਨ ਰਵਿੰਦਰ ਰਵੀ ਬਣੇ ਤੇ ਸਕੱਤਰ ਡਾ. ਗੁਰੂਮੇਲ ਨੂੰ ਬਣਾਇਆ ਗਿਆ। ਇਸ ਸੰਸਥਾ ਨੇ ਵਿਸ਼ਵ ਪੰਜਾਬੀ ਸਾਹਿਤ ਦੇ ਨਾਂ ਹੇਠ ਇੱਕ ਵੱਡ-ਆਕਾਰੀ ਪੁਸਤਕ, ਸਨ 1981 ਵਿੱਚ ਪ੍ਰਕਾਸ਼ਤ ਕੀਤੀ ਅਤੇ ਅੰਤਰਰਾਸ਼ਟਰੀ ਸਾਹਿਤ ਸ਼ਿਰੋਮਣੀ ਪੁਰਸਕਾਰ ਦੀ ਸ਼ੁਰੂਆਤ ਕੀਤੀ, ਜਿਸਦੀ ਰਾਸ਼ੀ ਪੰਜ ਸੌ ਡਾਲਰ ਸੀ। ਇਹ ਪੁਰਸਕਾਰ ਬਹੁਤ ਸਾਰੇ ਨਾਮਵਰ ਲੇਖਕਾਂ ਦੇ ਹਿੱਸੇ ਆਇਆ। ਸਾਲ 1980 ਵਿੱਚ ਇੱਕੋ ਹੋਰ ਸੰਸਥਾ ਹੋਂਦ ਵਿੱਚ ਆ ਗਈ ਜਿਸਦਾ ਨਾਂ ਸੀ ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟ੍ਰਸਟ (ਕੈਨੇਡਾ) ਇਸਦੇ ਪ੍ਰਧਾਨ ਵੀ ਗੁਰਚਰਨ ਰਾਪੁਰੀ ਬਣੇ ਤੇ ਦੁਨੀਆਂ ਭਰ ਤੋਂ ਇਸਦੇ ਅਹੁਦੇਦਾਰ ਲਏ ਗਏ। ਇਸ ਸੰਸਥਾ ਵੱਲੋਂ ਸਾਹਿਤ ਸ਼ਰੋਮਣੀ 'ਮਨਜੀਤ ਯਾਦਗਾਰੀ ਪੁਰਸਕਾਰ' ਦੀ ਸ਼ੁਰੂਆਤ ਕੀਤੀ ਗਈ। ਮਨਜੀਤ, ਦਰਸ਼ਨ ਗਿੱਲ ਦੀ ਸਵਰਗਵਾਸੀ ਜੀਵਨ ਸਾਥਣ ਸੀ, ਜਿਸਦੀ ਯਾਦ ਵਿੱਚ 500 ਡਾਲਰ ਦਾ ਪੁਸਰਸਕਾਰ ਦਿੱਤਾ ਜਾਂਦਾ ਰਿਹਾ ਤੇ ਸਨਮਾਨਿਤ ਲੇਖਕ ਬਾਰੇ ਇੱਕ ਕਿਤਾਬ ਵੀ ਛਾਪੀ ਜਾਂਦੀ ਰਹੀ।

ਵੈਨਕੂਵਰ ਵਾਂਗ ਟੋਰਾਂਟੋ ਵੀ ਸਾਹਿਤ ਸਭਾਵਾਂ ਬਣਨ ਲਈ ਜ਼ਮੀਨ ਤਿਆਰ ਹੋ ਗਈ। ਟੋਰਾਂਟੋ ਤੋਂ ਇਲਾਵਾ ਐਡਮਿੰਟਨ, ਕੈਲਗਰੀ, ਵਿਨੀਪੈੱਗ, ਪ੍ਰਿੰਸ ਰੂਪਰਟ, ਕੁਨੈਲ ਅਤੇ ਮਿਸ਼ਨ ਵਿੱਚ ਵੀ ਸਾਹਿਤ ਸਰਗਰਮੀਆਂ ਹੋਣ ਲੱਗੀਆਂ। ਕੁਝ ਜਥੇਬੰਦੀਆਂ ਦੇ ਨਾਂ ਇਸ ਪ੍ਰਕਾਰ ਹਨ, ਸਾਹਿਤ ਵਿਚਾਰ ਮੰਚ ਵੈਨਕੂਵਰ, ਰੰਗ-ਤਰੰਗ ਪੰਜਾਬੀ ਸਾਹਿਤ ਸਭਾ ਸੁਕਆਮਿਸ਼ ਬੀ ਸੀ, ਗਰੈਂਡ ਪ੍ਰੇਰੀ ਕਲਾ ਮੰਚ, ਅਲਬਰਟਾ ਪੰਜਾਬੀ ਲਿਟਰੇਰੀ ਐਸੋਸ਼ੀਏਸ਼ਨ ਐਡਮਿੰਟਨ, ਲੋਕ ਸੱਭਿਆਚਾਰਕ ਮੰਚ ਕੈਲਗਰੀ, ਪੰਜਾਬੀ ਲਿਟਰੇਰੇਰੀ ਐਂਡ ਕਲਚਰਲ ਐਸੋਸੀਏਸ਼ਨ ਵਿਨੀਪੈੱਗ ਅਤੇ ਕਲਮਾਂ ਦਾ ਕਾਫਲਾ ਟੋਰਾਂਟੋ। ਇਨਾਂ ਸੰਸਥਾਵਾਂ ਨੇ ਕੈਨੇਡੀਅਨ ਪੰਜਾਬੀ ਸਾਹਿਤ ਦੀ ਇੱਕ ਵੱਖਰੀ ਪਛਾਣ ਸਿਰਜੀ, ਇੰਗਲੈਂਡ ਤੋਂ ਬਾਅਦ ਪਰਵਾਸੀ ਪੰਜਾਬੀ ਸਾਹਿਤ ਦਾ ਮੂੰਹ ਮੁਹਾਂਦਰਾ ਬਣਾਇਆ।

ਮੈਂ ਮਈ 1990 ਵਿੱਚ ਕੈਨੇਡਾ ਦੇ ਸ਼ਹਿਰ ਬਰੈਂਪਟਨ ਆ ਵਸਿਆ। ਉਦੋਂ ਇੱਥੇ ਸਾਹਿਤਕ ਸੋਕਾ ਸੀ। ਮੈਂ ਪੰਜਾਬ ਦੀਆਂ ਸਾਹਿਤ ਸਭਾਵਾਂ ਵਿੱਚ ਬਹੁਤ ਸਰਗਰਮੀ ਨਾਲ ਕੰਮ ਕਰਦਾ ਆਇਆ ਸੀ। ਮੇਰੀ ਕਹਾਣੀਆਂ ਦੀ ਪਹਿਲੀ ਕਿਤਾਬ ਛਪ ਚੁੱਕੀ ਸੀ। ਮੈਨੂੰ ਸਾਰੇ ਅਖਬਾਰ ਰਸਾਲੇ ਤਾਂ ਛਾਪਦੇ ਹੀ ਸਨ, ਇੱਕ ਆਲੋਚਕ ਤੇ ਪਰਚਾ ਲੇਖਕ ਵਜੋਂ ਵੀ ਮੇਰੀ ਪਛਾਣ ਬਣ ਚੁੱਕੀ ਸੀ। ਮੇਰੇ ਲਈ ਇਹ ਸਾਹਿਤਕ ਸੋਕਾ ਬਹੁਤ ਮਾਰੂ ਸਾਬਤ ਹੋ ਰਿਹਾ ਸੀ। ਤੇ ਮੈਂ ਜਿਵੇਂ ਮੁਰਝਾ ਰਿਹਾ ਸੀ।

ਮੈਂ ਲੇਖਕਾਂ ਨੂੰ ਲੱਭਣ ਦੇ ਬਹੁਤ ਯਤਨ ਕੀਤੇ। ਇੱਥੇ ਵੀ ਧੜੇਬੰਦੀਆਂ ਦਾ ਪਤਾ ਲੱਗਿਆ। ਜਦੋਂ ਮੈਂ ਆਇਆ ਤਾਂ ਕੋਈ ਇੱਕ ਧੜਾ ਵਿਸ਼ਵ ਪੰਜਾਬੀ ਕਾਨਫਰੰਸ ਕਰਵਾ ਰਿਹਾ ਸੀ। ਮੈਂ ਜਾਣਕਾਰੀ ਲੈਣ ਲਈ ਇੱਕ ਨਾਮਵਰ ਰੇਡੀਓ ਹੋਸਟ ਨੂੰ ਫੋਨ ਕੀਤਾ। ਪਰ ਉਸ ਦਾ ਧੜਾ ਹੋਰ ਹੋਣ ਕਾਰਨ ਉਸ ਨੇ ਮੈਨੂੰ ਕਾਨਫਰੰਸ ਦੀ ਕੋਈ ਜਾਣਕਾਰੀ ਨਾ ਦਿੱਤੀ ਤੇ ਕਿਹਾ ਇੱਥੇ ਵੀਹ ਕਾਨਫਰੰਸਾਂ ਹੁੰਦੀਆਂ ਨੇ, ਮੈਨੂੰ ਨੀ ਪਤਾ। ਫੇਰ ਇੱਕ ਵੀਡੀਓ ਸਟੋਰ ਤੋਂ ਮੈਨੂੰ ਸੰਵਾਦ ਨਾਂ ਦਾ ਪਰਚਾ ਮਿਲਿਆ ਤੇ ਮੇਰਾ ਪਹਿਲਾ ਸੰਪਰਕ ਸੁਖਿੰਦਰ ਨਾਲ ਹੋਇਆ। ਸੁਖਿੰਦਰ ਨੇ ਮੈਨੂੰ ਸ਼ਹੀਦ ਭਗਤ ਸਿੰਘ ਤੇ ਪਾਸ਼ ਦੀ ਯਾਦ ਵਿੱਚ ਕਰਵਾਏ ਜਾਣ ਵਾਲੇ ਸਮਾਗਮ ਦਾ ਸੱਦਾ ਭੇਜਿਆ। ਮੈਂ ਆਪਣੀ ਕਵਿਤਾ ਪੜੀ ਤੇ ਉੱਥੇ ਹੀ ਬਲਤੇਜ ਪੰਨੂ, ਮੈਨੂੰ ਪਹਿਲੀ ਵਾਰ ਮਿਲਿਆ।

ਇੱਕ ਦਿਨ ਇਕਬਾਲ ਮਾਹਲ ਦੇ ਪੰਜਾਬ ਦਰਸ਼ਨ ਪ੍ਰੋਗਰਾਮ ਦੇ ਸ਼ਾਇਰ ਉਂਕਾਰਪ੍ਰੀਤ ਨੂੰ ਗ਼ਜ਼ਲ ਪੜਦਿਆਂ ਸੁਣਿਆ। ਗ਼ਜ਼ਲ ਮੈਨੂੰ ਚੰਗੀ ਲੱਗੀ। ਉਂਕਾਰਪ੍ਰੀਤ ਦਾ ਸੰਪਰਕ ਨੰਬਰ ਵੀ ਟੈਲੀਵੀਯਨ 'ਤੇ ਆ ਰਿਹਾ ਸੀ। ਮੈਂ ਉਸ ਨੂੰ ਫੋਨ ਕੀਤਾ ਤੇ ਆਪਣੇ ਮਨ ਦੀ ਇੱਛਾ ਦੱਸੀ। ਉਂਕਾਰਪ੍ਰੀਤ ਵੀ ਇਹੋ ਸੁਪਨਾ ਉਣਦਾ ਸੀ ਕਿ ਕੋਈ ਸੰਸਥਾ ਬਣੇ। ਸੁਖਿੰਦਰ ਨੇ ਇੱਕ ਹੋਰ ਪ੍ਰਗਰਾਮ ਕਰਵਾਇਆ ਜਿਸਦੀ ਪ੍ਰਧਾਨਗੀ ਕਰਨ ਸੁਰਿੰਦਰ ਧੰਜਲ ਬੀ ਸੀ ਤੋਂ ਆਇਆ। ਇਸ ਸਮਾਗਮ ਤੇ ਮੈਨੂੰ ਉਂਕਾਰਪ੍ਰੀਤ ਤੇ ਜਰਨੈਲ ਸਿੰਘ ਪਹਿਲੀ ਵਾਰ ਮਿਲੇ। ਇੱਥੇ ਹੀ ਅਸੀਂ ਸਾਹਿਤ ਸਭਾ ਬਣਾਉਣ ਦੀ ਗੱਲ ਤੋਰੀ। ਇਸ ਸਬੰਧੀ ਪਹਿਲੀ ਮੀਟਿੰਗ ਉਂਕਾਰਪ੍ਰੀਤ ਦੇ ਘਰ ਹੋਈ, ਜਿਸ ਵਿੱਚ ਸੁਰਜੀਤ ਫਲੋਰਾ ਵੀ ਸ਼ਾਮਲ ਹੋਇਆ। ਫੇਰ ਸਾਹਿਤ ਸਭਾ ਬਣਾਉਣ ਦੀ ਪ੍ਰਕਿਰਿਆ ਆਰੰਭ ਹੋ ਗਈ ਤੇ ਬਾਕੀ ਸਾਰੀਆਂ ਮੀਟਿੰਗਾਂ ਮੇਰੇ ਮਾਲਟਨ ਵਾਲੇ ਘਰ ਹੋਈਆਂ। ਸੰਸਥਾ ਦੀ ਸਾਰੀ ਰੂਪ ਰੇਖਾ ਤਿਆਰ ਹੋ ਗਈ। ਜਰਨੈਲ ਸਿੰਘ ਕਹਾਣੀਕਾਰ ਦਾ ਸੁਝਾਇਆ ਨਾਂ 'ਪੰਜਾਬੀ ਕਲਮਾਂ ਦਾ ਕਾਫਲਾ' ਮਨਜ਼ੂਰ ਕਰ ਲਿਆ ਗਿਆ।

ਇਸ ਸੰਸਥਾ ਦੀ ਮੁਢਲੀਆਂ ਮੀਟਿੰਗਾਂ ਮੇਰੀ ਪਤਨੀ ਰਸ਼ਪਿੰਦਰ ਵੱਲੋਂ ਮਾਲਟਨ ਕਮਿਊਨਟੀ ਸੈਂਟਰ ਵਿੱਚ ਆਪਣੇ ਨਾਂ 'ਤੇ ਬੁੱਕ ਕਰਵਾਈਆਂ ਗਈਆਂ। ਫਰਵਰੀ 1993 ਵਿੱਚ ਇੱਕ ਪਬਲਿਕ ਮੀਟਿੰਗ ਵਿੱਚ ਸਭਾ ਦਾ ਨਾਂ ਪ੍ਰਵਾਨ ਕਰਕੇ, ਜੋ ਚੋਣ ਕੀਤੀ ਗਈ, ਉਸ ਅਨੁਸਾਰ ਜਰਨੈਲ ਸਿੰਘ ਪ੍ਰਧਾਨ, ਮੇਜਰ ਮਾਂਗਟ ਮੀਤ ਪ੍ਰਧਾਨ, ਉਂਕਾਰਪ੍ਰੀਤ ਜਨਰਲ ਸਕੱਤਰ, ਬਲਤੇਜ ਪੰਨੂ ਸਕੱਤਰ ਤੇ ਸੁਰਜੀਤ ਫਲੋਰਾ ਵਿੱਤ ਸਕੱਤਰ ਚੁਣੇ ਗਏ। ਇਸ ਸੰਸਥਾ ਨੇ ਲਗਾਤਾਰ ਮਾਸਿਕ ਮੀਟਿੰਗਾਂ ਕਰਨੀਆਂ ਜਾਰੀ ਰੱਖੀਆਂ ਤੇ ਸੰਵਿਧਾਨ ਵੀ ਲਿਖਿਆ ਗਿਆ। 1993 ਵਿੱਚ ਸੰਸਥਾ ਦਾ ਪਹਿਲਾ ਸਮਾਗਮ ਗੋਸ਼ਟੀ ਦੇ ਰੂਪ ਵਿੱਚ, ਮੇਜਰ ਮਾਂਗਟ ਦੀ ਕਿਤਾਬ 'ਕੂੰਜਾਂ ਦੀ ਮੌਤ' ਤੇ ਹੋਇਆ। ਦੂਸਰੀ ਮੀਟਿੰਗ ਵਿੱਚ ਕੁਲਵਿੰਦਰ ਖਹਿਰਾ, ਬਲਬੀਰ ਸੰਘੇੜਾ, ਅਮਰਜੀਤ ਸਾਥੀ, ਬਲਰਾਜ ਚੀਮਾ, ਇਕਬਾਲ ਰਾਮੂਵਾਲੀਆ, ਕਿਰਪਾਲ ਸਿੰਘ ਪੰਨੂ, ਸੁਰਜਣ ਜੀਰਵੀ ਤੇ ਇਕਬਾਲ ਮਾਹਲ ਵੀ ਜੁੜ ਗਏ। ਇਸਦੇ ਕੁਆਰਡੀਨੇਟਰ ਬਦਲਦੇ ਰਹੇ, ਜਿਨਾਂ ਦੀ ਲਿਸਟ ਲੰਬੀ ਹੈ। ਤੇ ਇਹ ਇੱਕ ਅਜਿਹੀ ਸੰਸਥਾ ਹੈ ਜੋ ਪਿਛਲੇ 27 ਸਾਲਾਂ ਤੋਂ ਲਗਾਤਾਰ ਸਰਗਰਮ ਹੈ।

ਪੰਜਾਬੀ ਕਲਮਾਂ ਦਾ ਕਾਫਲਾ ਦੀ ਮੀਟਿੰਗ ਵਿੱਚ ਕਹਾਣੀਆਂ 'ਤੇ ਬਹਿਸ ਨੂੰ ਖੁੱਲਾ ਸਮਾਂ ਨਹੀਂ ਸੀ ਮਿਲਦਾ। ਕਹਾਣੀਕਾਰਾਂ ਨੇ ਇਹ ਫੈਸਲਾ ਕੀਤਾ ਕਿ ਇੱਕ ਹੋਰ ਸੰਸਥਾ ਬਣਾ ਲਈ ਜਾਵੇ, ਜੋ ਤ੍ਰੈਮਾਸਿਕ ਮੀਟਿੰਗਾਂ ਕਰਕੇ ਸਿਰਫ ਕਹਾਣੀਆਂ 'ਤੇ ਹੀ ਵਿਚਾਰ ਚਰਚਾ ਕਰੇ। ਇਹ ਸੰਸਥਾ ਕਾਫਲੇ ਦਾ ਹਿੱਸਾ ਵੀ ਸੀ ਤੇ ਵੱਖਰੀ ਵੀ, ਜਿਸ ਵਿੱਚ ਸਿਰਫ ਕਹਾਣੀਕਾਰ ਹੀ ਸ਼ਾਮਿਲ ਹੋ ਸਕਦੇ ਸਨ। ਤ੍ਰੈਮਾਸਿਕ ਮੀਟਿੰਗਾਂ ਲੇਖਕਾਂ ਦੇ ਘਰਾਂ ਵਿੱਚ ਹੁੰਦੀਆਂ, ਜੋ ਪੰਜ ਛੇ ਘੰਟੇ ਚੱਲਦੀਆਂ। ਚਾਰ ਤੋਂ ਲੈ ਕੇ ਛੇ ਕਹਾਣੀਆਂ 'ਤੇ ਨਿੱਠ ਕੇ ਵਿਚਾਰ ਹੁੰਦੀ। ਫੇਰ ਇਸ ਸੰਸਥਾ ਦਾ ਨਾਮ 'ਕਹਾਣੀ ਵਿਚਾਰ ਮੰਚ ਟੋਰਾਂਟੋ' ਰੱਖਿਆ ਗਿਆ। ਇਹ ਸੰਸਥਾ ਵੀ ਪਿਛਲੇ ਢਾਈ ਦਹਾਕਿਆਂ ਤੋਂ ਲਗਾਤਾਰ ਕੰਮ ਕਰਦੀ ਆ ਰਹੀ ਹੈ। ਕਾਫਲੇ ਵੱਲੋਂ ਸਥਾਨਕ ਲੇਖਿਕਾਂ ਦੀਆਂ ਰਚਨਾਵਾਂ ਦਾ ਸੰਗ੍ਰਹਿ 'ਪਿੱਪਲ ਤੋਂ ਮੇਪਲ ਤੱਕ' ਛਪਵਾਇਆ ਗਿਆ। ਇੱਕ ਵਿਸ਼ਵ ਪੱਧਰ ਦੀ ਕਾਨਫਰੰਸ 1998 ਵਿੱਚ ਕਰਵਾਈ ਗਈ, ਜਿਸ ਵਿੱਚ ਭਾਰਤ, ਇੰਗਲੈਂਡ, ਪਾਕਿਸਤਾਨ ਅਤੇ ਅਮਰੀਕਾ ਤੋਂ ਕਾਫੀ ਲੇਖਕ ਸ਼ਾਮਲ ਹੋਏ। ਇਨਾਂ ਸੰਸਥਾਵਾਂ ਨਾਲ ਸਬੰਧਤ ਲੇਖਕਾਂ ਦੀਆਂ ਕਿਤਾਬਾਂ ਲਗਾਤਾਰ ਪ੍ਰਕਾਸ਼ਤ ਹੋ ਰਹੀਆਂ ਹਨ।

ਸਨ 1999 ਤੋਂ ਬਾਅਦ ਕੈਨੇਡਾ ਵਿੱਚ ਪੰਜਾਬੀਆਂ ਦੀ ਆਮਦ ਵੱਡੇ ਪੱਧਰ 'ਤੇ ਹੋਈ। ਮਾਲਟਨ ਤੋਂ ਬਾਅਦ ਬਰੈਂਪਟਨ ਵੀ ਪੰਜਾਬੀਆਂ ਦਾ ਗੜ ਬਣ ਗਿਆ। ਇਨਾਂ ਪੰਜਾਬੀਆਂ ਵਿੱਚ, ਲੇਖਕ ਵੀ ਵੱਡੀ ਪੱਧਰ 'ਤੇ ਕੈਨੇਡਾ ਆਏ। ਪੜਨ ਆਏ ਵਿਦਿਆਰਥੀਆਂ ਦੇ ਮਾਪੇ ਜੋ ਲੇਖਕ ਵੀ ਸਨ, ਸੁਪਰ ਵੀਜ਼ਾ ਲੈ ਕੇ ਲੰਬੇ ਸਮੇਂ ਲਈ ਆਉਣ ਲੱਗੇ। ਅਜਿਹੇ ਕਾਰਨਾਂ ਕਰਕੇ ਲੇਖਕਾਂ ਦਾ ਇੱਕ ਸਭਾ ਵਿੱਚ ਸਮਾਉਣਾ ਮੁਸ਼ਕਲ ਹੋ ਗਿਆ। ਕਈ ਨਵੀਆਂ ਸਭਾਵਾਂ ਦਾ ਜਨਮ ਹੋਣ ਲੱਗਿਆ। ਕੁਝ ਲੇਖਕਾਂ ਦਾ ਘੁਮੰਡ, ਕਬਜ਼ਾ ਰੱਖਣ ਦੀ ਪ੍ਰਵਿਰਤੀ, ਤੇ ਮੈਂ ਨਾ ਮਾਨੂੰ ਵਾਲੀ ਪ੍ਰਵਿਰਤੀ ਕਾਰਨ, ਵੀ ਦੂਰ ਪਰੇ, ਦੂਰ ਪਰੇ ਵਾਲੇ ਹਾਲਾਤ ਵੀ ਬਣਨ ਲੱਗੇ, ਜਿਸ ਕਾਰਨ ਬਹੁਤ ਸਾਰੇ ਲੇਖਕ ਚੁੱਪ ਕਰਕੇ ਘਰਾਂ ਵਿੱਚ ਬੈਠ ਗਏ। ਤੇ ਕਈ ਹੋਰ ਸਭਾਵਾਂ ਦਾ ਜਨਮ ਹੋ ਗਿਆ।

ਸਾਲ 2001 ਵਿੱਚ 'ਕਲਾ ਕੇਂਦਰ ਟੋਰਾਂਟੋ' ਨਾਂ ਦੀ ਸੰਸਥਾ ਹੋਂਦ ਵਿੱਚ ਆਈ। ਇਸ ਨੇ ਪੰਜਾਬ ਘਰਾਣੇ ਨਾਲ ਸਬੰਧਤ, ਉਸਤਾਦ ਲਛਮਣ ਸਿੰਘ ਸੀਨ ਦਾ, ਕਲਾਸੀਕਲ ਸੰਗੀਤ ਸਬੰਧੀ ਜ਼ਬਰਦਸਤ ਪ੍ਰੋਗਰਾਮ ਕਰਵਾਕੇ ਸ਼ੁਰੂਆਤ ਕੀਤੀ। ਇਸ ਸੰਸਥਾ ਵੱਲੋਂ ਬਹੁਤ ਸਾਰੀਆਂ ਸਾਹਿਤਕ ਗੋਸ਼ਟੀਆਂ, ਕਿਤਾਬਾਂ ਦਾ ਲੋਕ ਅਰਪਣ ਅਤੇ ਕਵੀ ਦਰਬਾਰ ਕਰਵਾਏ ਗਏ। 'ਕੈਨੇਡੀਅਨ ਪੰਜਾਬੀ ਸਾਹਿਤ ਸਭਾ' ਨਾਂ ਦੀ ਸੰਸਥਾ ਪਿਛਲੇ ਦਸਾਂ ਬਾਰਾਂ ਸਾਲਾਂ ਤੋਂ ਲਗਾਤਾਰ ਮਾਸਿਕ ਇਕੱਤਰਤਾਵਾਂ ਤੇ ਗੋਸ਼ਟੀਆਂ ਕਰਵਾ ਰਹੀ ਹੈ। ਇਸੇ ਪ੍ਰਕਾਰ ਅਜੀਤ ਹਫਤਾਵਾਰੀ ਅਖਬਾਰ ਵੱਲੋਂ 'ਕਲਮ' ਨਾਂ ਦੀ ਸੰਸਥਾ ਵੀ ਪਿਛਲੇ ਪੰਦਰਾਂ ਸਾਲਾਂ ਤੋਂ ਸਰਗਰਮ ਹੈ। ਇਹ ਸੰਸਥਾ ਵੀ ਮਾਸਿਕ ਮਿਲਣੀਆਂ ਦੇ ਨਾਲ ਨਾਲ ਗੋਸ਼ਟੀਆਂ, ਕਵੀ ਦਰਬਾਰਾਂ ਤੇ ਕਾਨਫਰੰਸਾਂ ਦੇ ਆਯੋਜਨ ਕਰਦੀ ਰਹਿੰਦੀ ਹੈ। ਗੁਰਦਿਆਲ ਕੰਵਲ ਦੀ ਸਿਪਸਾ ਵੀ ਸਰਗਰਮ ਰਹੀ।

1990 ਤੋਂ 2010 ਤੱਕ ਈਸਟ ਇੰਡੀਅਨ ਵਰਕਰਜ਼ ਵਰਗੀ ਕੋਈ ਵੱਡੀ ਸੰਸਥਾ ਨਾ ਬਣ ਸਕੀ, ਜੋ ਸਾਰੀ ਕਮਿਊਨਟੀ ਅਤੇ ਵੱਖੋ ਵੱਖਰੀਆਂ ਕਲਾਵਾਂ ਨੂੰ ਆਪਣੇ ਵਿੱਚ ਸਮੋ ਸਕਦੀ। ਇਹ ਸੰਸਥਾ ਨਾਟਕ, ਕਵਿਤਾ, ਭਾਸ਼ਨ ਗੀਤ ਸੰਗੀਤ ਤੇ ਕਮਿਊਨਿ ਗਗਟੀ ਨੂੰ ਦਰਪੇਸ਼ ਮਸਲਿਆਂ ਲਈ ਇੱਕ ਵਧੀਆ ਮੰਚ ਪ੍ਰਦਾਨ ਕਰਦੀ ਰਹੀ ਹੈ। ਇਹ ਦੋ ਦਹਾਕੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ 'ਤੇ ਸ਼ਾਨਦਾਰ ਸਮਾਗਮ ਕਰਵਾਉਂਦੀ ਰਹੀ।

ਸਰਗਰਮ ਸੰਸਥਾਵਾਂ ਵਿੱਚ 'ਪੰਜਾਬੀ ਆਰਟਸ ਐਸੋਸੀਏਸ਼ਨ ਉਨਟਾਰੀਓ' ਨਾਟਕਾਂ ਦੇ ਖੇਤਰ ਵਿੱਚ ਪਿਛਲੇ ਵੀਹ ਸਾਲ ਤੋਂ ਸਰਗਰਮ ਹੈ, ਜੋ ਹਰ ਵਰੇ ਸਥਾਨਿਕ ਮਸਲਿਆਂ 'ਤੇ ਵਧੀਆਂ ਨਾਟਕ ਕਰਵਾਉਂਦੀ ਹੈ।

**ਬਾਕੀ ਸਫ਼ਾ 30 'ਤੇ**

# ਤੁਰ ਜਾਵਣ ਇੱਕ ਵਾਰ ਤਾਂ ਮਾਵਾਂ ਲੱਭਦੀਆ ਨਹੀਂ

**ਮਾਂ ਦਿਵਸ ਤੇ ਵਿਸ਼ੇਸ਼**



**ਹਰਕੀਰਤ ਕੌਰ**
9779118066

ਕਿਸੇ ਕਵੀ ਨੇ ਮਾਂ ਦੀ ਉਪਮਾ ਵਿੱਚ ਬਹੁਤ ਸੋਹਣੀਆਂ ਸਤਰਾਂ ਉਚਾਰੀਆਂ। ਉਹ ਕਹਿੰਦਾ ਹੈ ਕਿ :

ਰੁਤਬਾ ਮਾਂ ਦਾ ਰੱਬ ਬੁਲੰਦ ਕੀਤਾ, ਸਾਨੀ ਮਾਂ ਦਾ ਵਿੱਚ ਸੰਸਾਰ ਕੋਈ ਨਹੀਂ
ਦਰਦੀ ਕੋਈ ਨਹੀ ਮਾਂ ਦੇ ਦਿਲ ਵਰਗਾ, ਮਾਂ ਵਾਗੂੰ ਕਰਦਾ ਪਿਆਰ ਕੋਈ ਨਹੀਂ
ਜਿਹਦੇ ਸਿਰ ਤੇ ਮਾਂ ਦਾ ਹੱਥ ਹੋਵੇ, ਉਹਨੂੰ ਦੋਹਾਂ ਜਹਾਨਾਂ ਚ ਹਾਰ ਕੋਈ ਨਹੀਂ।

ਜ਼ਿੰਦਗੀ ਆਪਣਿਆਂ ਦੇ ਮੋਹ, ਪਿਆਰ ਦੀਆਂ ਤੰਦਾਂ ਦੇ ਕਰਕੇ ਹੀ ਹਸੀਨ ਹੁੰਦੀ ਹੈ। ਸਾਡੇ ਰਿਸ਼ਤੇ ਨਾਤੇ ਹੀ ਸਾਡੀ ਦੁਨੀਆਂ ਹੁੰਦੀ ਹੈ। ਦੁੱਖ ਸੁੱਖ ਦੇ ਸਹਾਇਕ ਸਾਡੇ ਸਾਰੇ ਰਿਸ਼ਤੇ ਸਾਡੇ ਜੀਵਨ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਂਦੇ ਹਨ। ਹਰ ਰਿਸ਼ਤੇ ਦੀ ਇੱਕ ਆਪਣੀ ਅਹਿਮੀਅਤ ਹੈ। ਹਰ ਰਿਸ਼ਤੇ ਦਾ ਆਪਣਾ ਕਿਰਦਾਰ ਤੇ ਜ਼ਿੰਮੇਵਾਰੀਆਂ ਹਨ। ਪਰ ਪੂਰੀ ਦੁਨੀਆਂ ਵਿੱਚ ਜਿਸ ਰਿਸ਼ਤੇ ਨੂੰ ਸਭ ਤੋਂ ਵੱਧ ਸਤਿਕਾਰਿਆ ਗਿਆ ਉਹ ਹੈ ਮਾਂ ਦਾ ਰਿਸ਼ਤਾ। ਜੱਗ ਜਨਣੀ, ਸਿਰਜਣਹਾਰੀ, ਦੇਵੀ, ਰੱਬ ਦਾ ਰੂਪ, ਇਹ ਸਾਰੇ ਨਾਮ ਮਾਂ ਦੇ ਹਿੱਸੇ ਆਏ ਹਨ। ਮਾਵਾਂ ਹੁੰਦੀਆਂ ਹੀ ਏਨੀਆਂ ਪਿਆਰੀਆਂ ਹਨ, ਆਪਣੇ ਮੂੰਹ ਚੋਂ ਬੁਰਕੀ ਖੋਹ ਬੱਚਿਆਂ ਦੇ ਮੂੰਹ ਚ ਪਾਉਣ ਦਾ ਜ਼ੇਰਾ ਰੱਬ ਨੇ ਬਸ ਮਾਂ ਨੂੰ ਹੀ ਦਿੱਤਾ ਹੈ। ਬੱਚਿਆਂ ਦੇ ਢਿੱਡ ਭਰਨ ਲਈ ਆਪ ਭੁੱਖੇ ਢਿੱਡ ਡੰਗ ਸਾਰਣ ਦਾ ਸਬਰ ਕਾਦਰ ਨੇ ਮਾਂ ਦੀ ਝੋਲੀ ਹੀ ਪਾਇਆ ਹੈ। ਮਾਂ ਅਸਲ ਵਿੱਚ ਹੈ ਹੀ ਸਬਰ ਦਾ ਦੂਜਾ ਨਾਮ, ਇਸਦੀ ਉਦਹਾਰਣ ਵੇਖਣੀ ਹੋਵੇ ਤਾਂ ਪੇਕਿਆਂ ਦੇ ਘਰਾਂ ਵਿੱਚ ਚੁਲਬੁਲੀਆਂ ਧੀਆਂ, ਸੌ-ਸੌ ਨਖਰੇ ਕਰਨ ਵਾਲੀਆਂ ਧੀਆਂ ਜਦ ਵਿਆਹ ਤੋਂ ਬਾਅਦ ਮਾਵਾਂ ਬਣਦੀਆਂ ਹਨ ਤਾਂ ਉਹਨਾਂ ਦਾ ਉਹੀ ਚੁਲਬੁਲਾ ਬਣ ਸਿਆਣਪ, ਸਮਝ ਤੇ ਸਬਰ ਵਿੱਚ ਤਬਦੀਲ ਹੋ ਜਾਂਦਾ ਹੈ। ਜਿਹੜੀ ਧੀ ਕੱਚੀ ਨੀਂਦੇ ਉੱਠ ਜਾਣ ਤੇ ਪੇਕਾ ਘਰ ਸਿਰ ਤੇ ਚੁੱਕ ਲੈਂਦੀ, ਮਾਂ ਬਨਣ ਤੋਂ ਬਾਅਦ ਸਾਰੀ ਸਾਰੀ ਰਾਤ ਆਪਣੇ ਬੱਚੇ ਦੀ ਖਾਤਰ ਜਾਗਦੀ ਰਹਿੰਦੀ ਹੈ।

ਮਾਵਾਂ ਦੇ ਹੱਥ ਬਰਕਤਾਂ ਵਾਲੇ ਹੱਥ ਹੁੰਦੇ ਹਨ, ਇਹਨਾਂ ਦੇ ਪੈਰਾਂ ਵਿੱਚ ਵਿਹੜਿਆਂ ਦੀ ਰੌਣਕਾਂ ਲੁੱਡੀਆਂ ਪਾਉਂਦੀਆਂ ਹਨ , ਇਨਾਂ ਦੇ ਸਾਏ ਹੇਠਾਂ ਇਨਾਂ ਦੇ ਬੱਚੜੇ ਸਰਦਾਰੀਆਂ ਕਰਦੇ ਨੇ। ਪੋਟਾ ਪੋਟਾ ਜੋੜ ਘਰ ਬਣਾਉਂਦੀ ਮਾਂ ਸਾਰੀ ਉਮਰ ਨਹੀਂ ਥੱਕਦੀ, ਬੱਚਿਆਂ ਦੀ ਖਾਤਰ ਆਪਣੇ ਸਾਰੇ ਰੀਝਾਂ ਚਾਵਾਂ, ਮਲਾਰਾਂ ਨੂੰ ਮਾਂ ਕਿਤੇ ਡੂੰਘੀ ਖੱਡ ਵਿੱਚ ਦੱਬ ਦਿੰਦੀ ਹੈ ਤੇ ਆਪਣੇ ਬੱਚਿਆਂ ਤੇ ਘਰ ਪਰਿਵਾਰ ਦੇ ਸੁਪਨਿਆਂ ਨੂੰ ਆਪਣੇ ਸੁਪਨੇ ਬਣਾ ਲੈਂਦੀ ਹੈ।

ਮਾਂ ਇਸ ਕੁਦਰਤ ਦੇ ਸਾਰੇ ਰਿਸ਼ਤਿਆਂ ਤੋਂ ਅਹਿਮ ਤੇ ਪਾਕ ਪਵਿੱਤਰ ਰਿਸ਼ਤਾ ਹੈ, ਪਰ ਅੱਜ ਸਾਡੀਆਂ ਮਾਵਾਂ ਦੀ ਦਸ਼ਾ ਉਨੀਂ ਚੰਗੀ ਨਹੀਂ ਜਿੰਨੀ ਹੋਣੀ ਚਾਹੀਦੀ, ਬਿਰਧ ਘਰਾਂ ਵਿੱਚ ਪਈਆਂ ਮਾਵਾਂ ਨੂੰ ਇੱਕ ਵਾਰ ਮਿਲਣ ਦਾ ਮੌਕਾ ਬਣਿਆ ਤਾਂ ਮਾਂ ਕਹਿਣ ਲੱਗੀ ਪੁੱਤ ਆ ਮੇਰਾ ਲੱਕ ਵੇਖ.... ਇਸ ਲੱਕ ਤੇ ਚੁੱਕ ਚੁੱਕ ਕੇ ਪੁੱਤ ਨੂੰ ਪਾਲਿਆ ਸੀ, ਜਿਸ ਦਿਨ ਘਰੋਂ ਕੱਢਿਆ ਏਸੇ ਲੱਕ ਉੱਤੇ ਲੱਤ ਮਾਰ ਕੇ ਬਾਹਰ ਸੁੱਟਿਆ ਸੀ, ਕਿਸੇ ਕਬਾੜੀ ਦੇ ਸਮਾਨ ਵਾਂਗ, ਮੈ ਸੁਣਦੇ ਸਾਰ ਸੁੰਨ ਹੋ ਗਈ ਤੇ ਸੋਚਣ ਲੱਗੀ ਕਿ ਕਿਸ ਤਰਾਂ ਦਾ ਅਕਿਰਤਘਣ ਸਮਾਜ ਅਸੀਂ ਸਿਰਜ ਰਹੇਂ ਹਾਂ, ਜਿੱਥੇ ਤੀਲਾ ਤੀਲਾ ਜੋੜ ਬਣਾਏ ਘਰ ਵਿੱਚ ਮਾਪਿਆਂ ਲਈ ਇੱਕ ਕਮਰਾ ਤੱਕ ਨਹੀਂ ਰਹਿ ਜਾਂਦਾ।

ਇੱਕ ਗੱਲ ਯਾਦ ਰੱਖਣਯੋਗ ਹੈ ਕਿ ਹੋਰ ਕਿਸੇ ਦੀ ਦੁਆਵਾਂ ਲੱਗਣ ਜਾਂ ਨਾ ਲੱਗਣ ਪਰ ਮਾਂ ਦੇ ਮੂੰਹੋਂ ਨਿਕਲੀ ਦੁਆਂ ਆਪਣੇ ਬੱਚਿਆਂ ਲਈ ਕੀਤੀਆਂ ਅਰਦਾਸਾਂ ਕਦੇ ਵਿਅਰਥ ਨਹੀਂ ਜਾਂਦੀਆਂ, ਮਾਂ ਆਪਣੀ ਆਈ ਤੇ ਆ ਜਾਵੇ ਤਾਂ ਮੌਤ ਦੇ ਮੂੰਹ ਵਿੱਚੋਂ ਵੀ ਆਪਣੇ ਆਦਰਾਂ ਦੇ ਟੋਟੇ ਨੂੰ ਛੁਡਾ ਲਿਆਉਂਦੀ ਹੈ। ਇਹ ਕਰਮਾਂ ਵਾਲੀਆਂ ਰੂਹਾਂ ਸਤਿਕਾਰ ਦੀਆਂ ਹੱਕਦਾਰ ਹਨ, ਇਹ ਪਾਕ ਪਵਿੱਤਰ ਰੂਹਾਂ ਦੇ ਚਰਨ ਕਿਸੇ ਤੀਰਥ ਸਥਾਨ ਤੋਂ ਘੱਟ ਨਹੀਂ। ਆਉ ਅੱਜ ਮਾਂ ਦਿਵਸ ਦੇ ਇਸ ਖਾਸ ਮੌਕੇ ਤੇ ਪ੍ਰਣ ਕਰੀਏ ਕਿ ਸਾਡੀਆਂ ਮਾਵਾਂ ਦਾ ਬੁਢਾਪਾ ਅਸੀਂ ਉਨਾਂ ਮਜ਼ਬੂਤ ਹੱਥਾਂ ਵਾਂਗ ਹੀ ਸਾਂਭ ਸਕੀਏ ਜਿਵੇ ਦੇ ਮਜ਼ਬੂਤ ਹੱਥਾਂ ਨਾਲ ਮਾਂ ਨੇ ਕਦੇ ਬਚਪਨ ਵਿੱਚ ਸਾਨੂੰ ਸੋ ਵਾਰ ਡਿੱਗਣ ਤੋਂ ਬਚਾਇਆ ਸੀ। ਰੱਬ ਕਰੇ ਹਰ ਘਰ ਦੇ ਵਿਹੜੇ ਵਿੱਚ ਮਾਵਾਂ ਦੇ ਹਾਸੇ, ਉਨਾਂ ਦੀ ਝਿੜਕ ਦੀ ਬਿੜਕ ਸੁਣਦੀ ਰਹੇ। ਹਰ ਮਾਂ ਸਰਦਾਰੀ ਭੋਗ ਕੇ ਜਾਵੇ ਤੇ ਕੋਈ ਮਾਂ ਔਲਾਦ ਹੱਥੋਂ ਦੁਖੀ ਨਾ ਹੋਵੇ।

---

# ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ।।

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

**ਭਾਗ-37**

**ਸੰਪਾਦਕ: ਸਰਬਜੀਤ ਕੌਰ ਸਰਬ**

ਹੇ ਪ੍ਰਮਾਤਮਾ, ਉਹ ਵਿਵੇਕਸ਼ੀਲ ਬੁੱਧ ਦਿਉ ਜੋ ਇਹ ਸਮਝ ਸਕੇ ਕਿ ਜੋ ਕੁਝ ਹੋ ਰਿਹਾ ਹੈ ਉਹ ਹੋ ਰਿਹਾ ਹੈ, ਕੀਤਾ ਨਹੀਂ ਜਾ ਰਿਹਾ ਹੈ ਅਤੇ ਜਦੋਂ ਕੀਤਾ ਹੀ ਨਹੀਂ ਜਾ ਰਿਹਾ ਤੇ ਧਰਮ ਦੀ ਦੁਨੀਆ ਵਿਚ ਇਕ ਬਹੁਤ ਵੱਡਾ ਅਗਿਆਨ ਪ੍ਰਚੱਲਤ ਹੈ। ਕੀ ਜੋ ਕੀਤਾ ਹੀ ਨਹੀਂ ਜਾ ਰਿਹਾ ਉਹ ਈਸ਼ਵਰ ਨੂੰ ਵੀ ਕਿਰਤ ਦਾ ਰੂਪ ਦੇ ਰਹੇ ਨੇ, ਆਪਣੇ ਬਣਾਏ ਹੋਏ ਨੂੰ ਵੀ ਈਸ਼ਵਰ ਮੰਨਦੇ ਨੇ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਹਿਣਾ ਪਿਆ :

**'ਥਾਪਿਆ ਨ ਜਾਇ ਕੀਤਾ ਨ ਹੋਇ ॥**
**ਆਪੇ ਆਪਿ ਨਿਰੰਜਨੁ ਸੋਇ ॥'**

ਉਸ ਸੱਚ ਦੀ ਅਸਥਾਪਨਾ ਕੀਤੀ ਨਹੀਂ ਜਾ ਸਕਦੀ, ਉਸ ਨੂੰ ਕੀਤਾ ਨਹੀਂ ਜਾ ਸਕਦਾ, ਉਸ ਨੂੰ ਟਿਕਾਇਆ ਵੀ ਨਹੀਂ ਜਾ ਸਕਦਾ, ਕਿਉਂਕਿ ਜਿਸ ਨੂੰ ਮੈਂ ਬਣਾ ਸਕਦਾ ਹਾਂ, ਆਖਰ ਮੈਂ ਟਿਕਾਅ ਵੀ ਸਕਦਾ ਹਾਂ। ਉਹ ਆਖਰ ਮੇਰੇ ਨਾਲੋਂ ਵੱਡਾ ਕਿਸ ਤਰਾਂ ਹੋ ਗਿਆ, ਕਿਰਤ ਕਰਤੇ ਨਾਲੋਂ ਵੱਡੀ ਨਹੀਂ ਹੋ ਸਕਦੀ। ਗਿਆਨ ਵਿਗਿਆਨ ਤੇ ਧਰਮ ਆਪੋ ਆਪਣੇ ਭਰਮ ਭੁਲੇਖਿਆਂ ਵਿੱਚ ਜੀਅ ਰਹੇ ਹਨ। ਭਟਕਣਾ ਵਿਗਿਆਨ ਦੀ ਤੇ ਧਰਮ ਦੀ ਦੁਨੀਆਂ ਵਿੱਚ ਮੌਜੂਦ ਹੈ। ਹਾਂ ਕਦੀ ਕਦਾਈਂ ਸੰਸਾਰ ਦੇ ਕੁਝ ਸੂਰਜ ਚਮਕਦੇ ਨੇ ਜੋ ਅੰਧਕਾਰ ਨੂੰ ਮਿਟਾਉਣ ਦਾ ਯਤਨ ਕਰਦੇ ਨੇ ਅਤੇ ਜਿਨਾਂ ਵਿਚੋਂ ਮਹਾਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਹਨ। ਆਪ ਜੀ ਦਾ ਮਹਾਨ ਵਾਕ ਹੈ :

**'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥**
**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।।'**

ਜੇ ਕਿਧਰੇ ਮਨੁੱਖ ਉਸ ਪ੍ਰਮਾਤਮਾ ਦੀ ਮਰਿਆਦਾ ਤਰਤੀਬ ਨੂੰ ਸਮਝ ਜਾਏ ਕਿ ਜੋ ਕੁਝ ਹੋ ਰਿਹਾ ਹੈ ਉਹ ਉਸ ਦੀ ਮਰਿਯਾਦਾ ਵਿੱਚ ਹੋ ਰਿਹਾ ਹੈ ਤਾਂ ਉਸ ਦਾ ਹੰਕਾਰ ਅੱਜ ਹੀ ਮਲੀਨ ਹੋ ਜਾਵੇ 'ਹਉਮੈ ਕਹੈ ਨਾ ਕੋਇ' ਮੈਂ ਹਾਂ, ਮੈਂ ਹਾਂ ਐਸਾ ਕਹਿਣਾ ਹੀ ਮਿਟ ਜਾਏ ਤੇ ਜਦ ਮੈਂ ਹਾਂ ਹੀ ਨਹੀਂ ਤਾਂ ਕਰਨਹਾਰ ਕਿੱਥੇ ਹੈ। ਮੈਂ ਕਰਤਾ ਕਿਵੇਂ ਹੋ ਗਿਆ, ਜਿਸ ਨੇ ਵੀ ਉਸ ਹੁਕਮ ਨੂੰ ਜਾਣ ਲਿਆ ਸਮਝ ਲਿਆ



ਉਹ ਫਿਰ ਐਲਾਨਿਆ ਕਹਿੰਦਾ ਹੈ, ਮੈਂ ਨਹੀਂ ਹਾਂ ਤੇ ਜਦ ਮੈਂ ਹੀ ਮਿਟ ਗਈ ਤੋਂ ਕਰਨਹਾਰ ਕਿੱਥੇ ਉਸ ਹੋਣਹਾਰ ਤੋਂ ਜੋ ਕੁਝ ਹੋ ਰਿਹਾ ਹੈ ਤਰਾਂ-ਤਰਾਂ ਦੇ ਰੰਗ ਰੂਪ, ਤਰਾਂ-ਤਰਾਂ ਦੇ ਜੀਵ ਜੰਤੂ, ਵੱਖ-ਵੱਖ ਸੁਭਾਓ ਦੇ ਵੱਖ-ਵੱਖ ਨਸਲਾਂ ਦੇ ਜੀਵ, ਤਰਾਂ-ਤਰਾਂ ਦੇ ਸੂਰਜ, ਤਰਾਂ-ਤਰਾਂ ਦੀਆਂ ਧਰਤੀਆਂ ਬਹੁਤ ਵੱਡਾ ਇਹ ਪਸਾਰਾ ਜਿਤਨਾ ਸੋਚਦੇ ਜਾਈਏ ਉਹ ਸਾਡੀ ਸੋਚ ਤੋਂ ਵੱਡਾ ਹੁੰਦਾ ਜਾ ਰਿਹਾ ਹੈ :-

**ਏਹੁ ਅੰਤੁ ਨ ਜਾਣੈ ਕੋਇ ॥**
**ਬਹੁਤਾ ਕਹੀਐ ਬਹੁਤਾ ਹੋਇ ॥**

ਜਿੰਨੀ ਵੀ ਸੀਮਾ ਮਿਥ ਲੈਂਦੇ ਹਾਂ ਕਿ ਇਹ ਤਾਂ ਬਹੁਤ ਹੈ ਪਰ ਉਸ ਤੋਂ ਵੀ ਬਹੁਤ ਹੋ ਜਾਂਦਾ ਹੈ ਕਿਉਂਕਿ ਕਿਤਨਾ ਵੀ ਸੋਚੀਓ ਉਹ ਸਾਰੇ ਦਾ ਸਾਰਾ ਸਾਡੀ ਸੋਚ ਵਿੱਚ ਆਉਂਦਾ ਹੀ ਨਹੀਂ। ਕਾਰਨ ? ਉਹ ਅਸੀਮ ਹੈ ਉਹ ਸੀਮਾ ਦੇ ਦਾਇਰੇ ਵਿਚ ਆ ਹੀ ਨਹੀਂ ਆ ਸਕਦਾ, ਉਸ ਅਸੀਮ ਨੂੰ ਸੀਮਤ ਕਰਨਾ ਬੜਾ ਕਠਿਨ ਹੈ। ਅਸੀਂ ਦੇਖਦੇ ਹਾਂ ਕਿ ਐਸੀ ਅਨੁਭਵ ਜੀਵਨ ਵਿਚ ਸਾਹਮਣੇ ਆਉਂਦੇ ਹਨ ਪਾਤਸ਼ਾਹ ਫ਼ਰਮਾਉਂਦੇ ਨੇ :

**ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ ॥**
**ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ ਮਤਾਤ ॥1॥**
**ਸਿਆਨਪ ਕਾਹੂ ਕਾਮਿ ਨ ਆਤ ॥**
**ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ।।**

ਸੋਚਿਆ ਸੀ ਪੱਛਮ ਵੱਲ ਜਾਣਾ ਹੈ ਤਿਆਰੀ ਵੀ ਕਰ ਲਈ ਪੱਛਮ ਵੱਲ, ਜਾਣ ਦਾ ਉਪਰਾਲਾ ਵੀ ਕਰ ਲਿਆ ਅਜੇ ਕਦਮ ਪੁੱਟਣਾ ਹੀ ਸੀ ਕਿ ਪੂਰਬ ਵੱਲ ਜਾਣਾ ਪੈ ਗਿਆ। ਰੁਏ ਜ਼ਮੀਨ ਉੱਤੇ ਅਜਿਹਾ ਤਜਰਬਾ ਹਰ ਮਨੁੱਖ ਨੂੰ ਜ਼ਰੂਰ ਹੋਇਆ ਹੋਵੇਗਾ, ਕਰਨਾ ਮੈਂ ਕੀ ਸੀ ਤੇ ਕੀ ਹੋ ਗਿਆ, ਪ੍ਰਾਪਤ ਮੈਂ ਕੀ ਕਰਨਾ ਚਾਹੁੰਦਾ ਸੀ ਮਿਲਿਆ ਕੀ, ਜਾਣਾ ਮੈਂ ਕਿਸ ਪਾਸੇ ਸੀ, ਚੱਲ ਮੈਂ ਕਿਸ ਪਾਸੇ ਪਿਆ ਕੋਈ ਮਨੁੱਖ ਐਸਾ ਨਹੀਂ ਜਿਸ ਨੂੰ ਇਹ ਅਨੁਭਵ ਨਾ ਹੋਇਆ ਹੋਵੇ ਇਸ ਨੂੰ ਬਾਬਾ ਫਰੀਦ ਜੀ ਨੇ ਆਪਣੇ ਢੰਗ ਨਾਲ ਇੰਜ ਬਿਆਨ ਕੀਤਾ ਹੈ :

**ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ ॥ ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥ ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥ ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥99॥**
**ਪੰਨਾ 1383**

ਜੋ ਕਦੀ ਸੋਚਿਆ ਵੀ ਨਹੀਂ ਸੀ, ਚੇਤੇ ਵਿੱਚ ਹੀ ਨਹੀਂ ਸੀ, ਖ਼ਿਆਲਾਂ ਵਿੱਚ ਹੀ ਨਹੀਂ ਸੀ, ਪਰ ਹੋ ਗਿਆ ਉਹ ਵਾਪਰ ਗਿਆ। ਅਜਿਹਾ ਹਰ ਇੱਕ ਦਾ ਅਨੁਭਵ ਹੈ ਪਰਮ ਸਿਰਮੌਰ ਭਗਤ ਕਬੀਰ ਜੀ ਦਾ ਉੱਚ ਖ਼ਿਆਲ :

**ਕਬੀਰ ਜੋ ਮੈ ਚਿਤਵਉ ਨਾ ਕਰੈ ਕਿਆ ਮੇਰੇ ਚਿਤਵੇ ਹੋਇ ॥**
**ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨ ਹੋਇ ॥219॥ਪੰਨਾ 1376**

ਮੈਂ ਸੋਚਦਾ ਹਾਂ, ਕਿ ਇਹ ਕਰਾਂ ਹੁੰਦਾ ਕੁਝ ਹੋਰ ਹੈ। ਜੀਵਨ ਦੀਆਂ ਇਨਾਂ ਰੋਜ਼ਮੱਰਾ ਦੀਆਂ ਘਟਨਾਵਾਂ ਤੋਂ ਭਗਤ ਕਬੀਰ ਜੀ ਕਹਿੰਦੇ ਨੇ, ਮੈਂ ਇਸ ਨਤੀਜੇ ਉੱਤੇ ਪਹੁੰਚਿਆ ਹਾਂ ਕਿ ਉਹੀ ਹੁੰਦਾ ਹੈ ਜੋ ਈਸ਼ਵਰ ਨੂੰ ਭਾਉਂਦਾ ਹੈ, ਉਹ ਨਹੀਂ ਹੁੰਦਾ ਜੋ ਮੈਨੂੰ ਭਾਉਂਦਾ। ਉਸ ਸੱਚ ਦੀ ਰਜ਼ਾ ਵਿੱਚ ਰਹਿਣਾ ਉਸ ਦੇ ਅਟੱਲ ਹੁਕਮ ਨੂੰ ਮੰਨਣਾ ਅਸਲ ਜ਼ਿੰਦਗੀ ਹੈ। ਵੈਸੇ ਇਬਾਦਤ ਕਿਸੇ ਉੱਤੇ ਖੜੀ ਹੈ ? ਭਗਤੀ ਸਿਰ ਤੇ ਖੜੀ ਹੈ ਜੋ ਹੋ ਰਿਹਾ ਇਸ ਨੂੰ ਸਮਝਣਾ ਹੈ ਲੇਕਿਨ ਏਥੇ ਇੱਕ ਤਰਕ ਖੜਾ ਹੋ ਜਾਂਦਾ ਹੈ ਕਿ ਜੋ ਹੋ ਰਿਹਾ ਹੈ ਉਹ ਉਸ ਦੇ ਹੁਕਮ ਵਿੱਚ ਹੋ ਰਿਹਾ ਹੈ, ਫਿਰ ਜਦੋਂ ਉਹ ਜਪਾਏਗਾ ਨਾਮ ਓਦੋਂ ਹੀ ਜਪ ਲਵਾਂਗੇ। ਜਦੋਂ ਸ਼ੁਭ ਮਾਰਗ ਤੇ ਚਲਾਏਗਾ ਚੱਲ ਪਵਾਂਗੇ। ਨਹੀਂ, ਇਤਨੀ ਸਮਝ ਆ ਜਾਏ ਕੀ ਹੋ ਰਿਹਾ ਹੈ ਫਿਰ ਮਨੁੱਖ ਜੋ ਕੁਝ ਵੀ ਕਰ ਰਿਹਾ ਹੈ, ਸ਼ੁਭ ਹੈ। ਇਤਨੀ ਸਮਝਾਇਆ ਜਾਏ ਤਾਂ ਹਿਰਦਾ ਮੰਨ ਜਾਏ ਕੀ ਹੋ ਰਿਹਾ ਹੈ ਜੋ ਕੁਝ ਵੀ ਕਰ ਰਿਹਾ ਹੈ ਸ਼ੁਭ ਹੈ।ਏਨੀ ਕੁ ਸਮਝ ਆ ਜਾਏ ਤੇ ਹਰ ਦਾ ਮਨ ਜਾਣ ਜਾਏ ਕਿ ਹੋ ਰਿਹਾ ਹੈ ਕੀਤਾ ਨਹੀਂ ਜਾ ਰਿਹਾ ਫਿਰ ਇਹ ਜੋ ਕੁਝ ਵੀ ਕਰ ਰਿਹਾ ਹੈ ਸ਼ੁਭ ਹੈ। ਫਿਰ ਐਸੇ ਮਨੁੱਖ ਦਾ ਉੱਠਣਾ ਸ਼ੁਭ ਹੈ, ਚੱਲਣਾ ਸ਼ੁਭ ਹੈ, ਬੋਲਣਾ ਸ਼ੁਭ ਹੈ, ਕਰਨਾ ਸ਼ੁੱਭ ਹੈ, ਸਭ ਸਹੀ ਹੈ। ਇਨਸਾਨ ਜਦੋਂ ਸੱਚ ਦੇ ਹੁਕਮ ਵਿੱਚ ਜਿਊਣਾ ਸਿੱਖ ਜਾਂਦਾ ਹੈ ਤਾਂ ਉਹ ਦੁਨੀਆਂ ਦੇ ਭਰਮ ਭੁਲੇਖਾ ਤੋਂ ਉੱਪਰ ਉੱਠ ਕੇ ਇੱਕ ਅਜਿਹੀ ਮਾਨਸਿਕਤਾ ਨੂੰ ਧਾਰਨ ਕਰ ਲੈਂਦਾ ਹੈ ਜਿਸ ਵਿੱਚ ਕੇਵਲ ਹੁਕਮ ਅਨੁਸਾਰ ਚੱਲਣ ਦੀ ਬਿਰਤੀ ਬਣ ਜਾਂਦੀ। ਦੁਨਿਆਵੀ ਸੋਚ ਖ਼ਤਮ ਹੋ ਕੇ ਅਕਾਲ ਦੇ ਹੁਕਮ ਵਿਚ ਚੱਲਣਾ ਸ਼ੁਰੂ ਕਰ ਦਿੰਦੀ।

**Website Design & Development**

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

# ਰਾਸ ਲੀਲਾ



**ਪ੍ਰਿੰਸੀਪਲ ਸੁਜਾਨ ਸਿੰਘ**

ਮੈਂ ਓਦੋਂ ਕੋਈ ਨਵਾਂ ਦਸਾਂ ਸਾਲਾਂ ਦਾ ਹੋਵਾਂਗਾ। ਜਿਸ ਕੋਠੀ 'ਚ ਅਸੀਂ ਰਹਿੰਦੇ ਸਾਂ ਉਸ ਦੇ ਵਿੱਚ ਰਹਿਣ ਲਈਂ ਤਿਨਾਂ ਟੱਬਰਾਂ ਲਈ ਖੁਲੀ ਥਾਂ ਸੀ। ਇੱਕ ਹਿੱਸੇ ਵਿਚ ਅਸੀਂ ਰਹਿੰਦੇ ਸਾਂ ਤੇ ਦੂਸਰੇ ਵਿੱਚ ਅੰਮ੍ਰਿਤਸਰ ਦੇ ਮਸ਼ਹੂਰ ਠੇਕੇਦਾਰ ਸਰਦਾਰ। ਤੀਸਰਾ ਵੀ ਇਕ ਹਿੰਦੂ ਵਪਾਰੀ ਸੀ ਤੇ ਉਸ ਦੀ ਉਂਰ ਮੇਰੀ ਹੁਣ ਦੀ ਪਰਖ ਅਨੁਸਾਰ ਕੋਈ ਸੱਠ ਪੈਂਹਠ ਸਾਲ ਦੀ ਸੀ। ਉਹ ਮੇਰੇ ਜਨਮ ਤੋਂ ਹੀ ਇਸ ਬਾੜੀ ਵਿਚ ਰਹਿੰਦਾ ਸੀ ਤੇ ਮੇਰੇ ਨਾਲ ਬੜਾ ਪਿਆਰ ਕਰਦਾ ਸੀ। ਮੈਂ ਸੁਣਿਆ ਸੀ ਕਿ ਉਸ ਦਾ ਉਸ ਤੋਂ ਸਿਵਾ ਹੋਰ ਕੋਈ ਨਹੀਂ ਸੀ। ਖ਼ਵਰੇ ਇਸੇ ਕਰਕੇ ਉਸ ਨੇ ਆਪਣਾ ਵਿਆਹ ਉਥੋਂ ਦੇ ਗ਼ਰੀਬ ਘਰ ਨੂੰ ਪੈਸਾ ਦੇ ਕੇ ਕੀਤਾ ਸੀ। ਤਿੰਨ ਚਾਰ ਮਹੀਨੇ ਤੋਂ ਮੈਂ ਬਾਬੇ ਦਾ ਬੂਹਾ ਹਮੇਸ਼ਾ 'ਦ ਦੇਖਦਾ ਸਾਂ, ਭਾਵੇਂ ਬਾਹਰ ਜੰਦਾ ਕੁੰਡਾ ਕਦੇ ਨਹੀਂ ਸੀ ਲਗਾ ਹੁੰਦਾ।

ਇੱਕ ਦਿਨ ਜਦ ਮੈਂ ਸਕੂਲੋਂ ਮੁੜਿਆ, ਤਾਂ ਉਹ ਬੂਹਾ ਖੁਲਾ ਸੀ ਤੇ ਮੈਂ ਬਾਬੇ ਨੂੰ ਅੰਦਰ ਦੇਖ ਕੇ ਲਾਡ ਨਾਲ 'ਬਾਬਾ, ਬਾਬਾ,' ਕਰਦਾ ਜਿਉਂ ਹੀ ਅੰਦਰ ਵੜਿਆ, ਤਿਉਂ ਹੀ ਉਸ ਘੂਰੀ ਵਟਕੇ ਚਪੇੜ ਦਿਖਾਈ ਤੇ ਮੂੰਹ ਦੇ ਅਗੇ ਉਂਗਲ ਰਖ ਕੇ ਚੁਪ ਰਹਿਣ ਦਾ ਇਸ਼ਾਰਾ ਕਰਦਿਆਂ ਬਾਹਰ ਨਿਕਲ ਜਾਣ ਨੂੰ ਆਖਿਆ। ਮੈਂ ਹੈਰਾਨ ਸਾਂ ਤੇ ਹੈਰਾਨੀ ਦੇ ਨਿਸ਼ਾਨ ਜ਼ਰੂਰ ਬਾਬੇ ਨੇ ਵੀ ਮੇਰੇ ਚਿਹਰੇ ਤੋਂ ਪੜੇ ਹੋਣਗੇ। ਮੈਂ ਪਿਛਲੇ ਪੈਰੀਂ ਵਾਪਸ ਮੁੜਿਆ ਹੀ ਸਾਂ ਕਿ ਬਾਬੇ ਨੇ ਮੈਨੂੰ ਬਸਤੇ ਸਮੇਤ ਕੁੱਛੜ ਚੁਕ ਲਿਆ ਤੇ ਬਾਹਰ ਲਿਆ ਕੇ ਇਕ ਆਨਾ ਮੇਰੀ ਤਲੀ 'ਤੇ ਰਖ ਕੇ ਕਿਹਾ, 'ਕ੍ਰਿਸ਼ਨ, ਹੁਣ ਮੈਨੂੰ ਚਾਚਾ ਆਖਿਆ ਕਰ। ਕਹੇਂਗਾ ਨਾ?' ਆਪਣੇ ਸਵਾਲ ਦਾ ਜਵਾਬ ਮੇਰੇ 'ਹਾਂ' ਵਿੱਚ ਸਿਰ ਹਿਲਾਉਣ ਤੋਂ ਲੈ ਕੇ, ਉਸ ਮੈਨੂੰ ਪਿਆਰ ਨਾਲ ਥੱਲੇ ਉਤਾਰ ਦਿੱਤਾ। ਘਰ ਪਹੁੰਚਦਿਆਂ ਹੀ ਝਾਈ ਜੀ ਨੇ ਦੁੱਧ ਦਾ ਗਿਲਾਸ ਦਿੱਤਾ ਤੇ ਆਖਿਆ ਕਿ ਨਿੱਕੀ ਜਹੀ ਪਰੌਂਠੀ ਹੁਣੇ ਲਾਹ ਦਿੰਦੀ ਹਾਂ। ਇੰਨੇ ਨੂੰ ਬਾਬੇ ਦੀ ਨੌਕਰਾਣੀ ਮੈਨੂੰ ਬੁਲਾਣ ਆ ਗਈ। ਝਾਈ ਨੇ ਆਖਿਆ, 'ਜਾਹ ਕਾਕਾ, ਤੇਰੇ ਤਾਏ ਨੇ ਸੱਦਿਆ ਹੋਣਾ ਏ।'

ਮੈਂ ਹੈਰਾਨ ਹੋ ਪੁੱਛਿਆ, 'ਕਿਹੜਾ ਤਾਇਆ? ਠੇਕੇਦਾਰ ਤਾਇਆ?'

ਝਾਈ ਨੇ ਉੱਤਰ ਦਿੱਤਾ, 'ਕਪੜੇ ਵਾਲਾ ਤਾਇਆ।'

ਮੈਂ ਕਿਹਾ, 'ਬਾਬਾ ਤੇ ਆਖਦਾ ਸੀ, ਮੈਂ ਤੇਰਾ ਚਾਚਾ ਹਾਂ।'

ਝਾਈ ਹਸ ਪਈ ਤੇ ਆਖਿਆ, 'ਆਹੋ, ਉਸੇ ਸੱਦਿਆ ਹੈ। ਇਹ ਉਸ ਦੀ ਨਵੀਂ ਨੌਕਰਾਣੀ ਹੈ, ਕਾਕਾ, ਤੇਰੀ ਤਾਈਂ ਨੇ ਸੱਦਿਆ ਹੋਣਾ ਏ।'

ਮੈਂ ਇਹੋ ਜਹੀਆਂ ਗੱਲਾ ਸੁਣ ਕੇ ਚਕਰਾ ਜਿਹਾ ਗਿਆ ਤੋਂ ਪਰੌਂਠੀ ਮੁੜ ਖਾਣ ਦੇ ਖ਼ਿਆਲ ਨਾਲ ਮੈਂ ਨੌਕਰਾਣੀ ਨਾਲ ਤੁਰ ਪਿਆ।

ਮੈਂ ਜਦ ਚਾਚੇ ਦੇ ਅੰਦਰ ਵੜਿਆ ਤਾਂ ਉਸ ਨੇ ਮੈਨੂੰ ਪਹਿਲੇ ਵਾਂਗ ਕੁੱਛੜ ਚੁਕ ਲਿਆ ਤੇ ਉਸੇ ਤਰਾਂ ਮੈਨੂੰ ਵੱਖੀ ਵਾਲੇ ਕਮਰੇ ਵਿਚ ਲੈ ਗਿਆ। ਲੋਹੇ ਦੇ ਪਲੰਗ ਲਾਗੇ ਇਕ ਲੰਮੀ ਅਲਮਾਰੀ ਦੇ ਆਦਮ-ਕਦ ਸ਼ੀਸ਼ੇ ਵਿੱਚ ਇੱਕ ਕਣਕ-ਬੰਨੀ ਪਤਲੀ-ਮਲੂਕ ਤੀਵੀਂ ਆਪਣੇ ਗੋਡਿਆਂ ਤਕ ਲੰਮੇ, ਕਾਲੇ ਭਾਰੇ ਵਾਲਾਂ ਨੂੰ ਸਵਾਰ ਰਹੀ ਸੀ। ਸ਼ੀਸ਼ੇ ਵਿੱਚੋਂ ਸਾਨੂੰ ਆਉਂਦਿਆਂ ਦੇਖ ਕੇ ਉਸ ਮੂੰਹ ਸਾਡੇ ਵੱਲ ਕਰਨ ਤੋਂ ਪਹਿਲਾਂ ਪੰਜਾਬੀ ਰਿਵਾਜ ਅਨੁਸਾਰ, ਸਾੜੀ ਦਾ ਪੱਲਾ ਸਿਰ ਤੇ ਲੈ ਲਿਆ ਚਾਚਾ ਜੀ ਨੇ ਕਿਹਾ, 'ਕ੍ਰਿਸ਼ਨ, ਤੇਰੀ ਚਾਚੀ।'

ਮੈਂ ਘਰ ਦੀ ਸਿਖਿਆ ਮੁਜਬ ਚਾਚੀ ਜੀ ਦੇ ਪੈਰਾਂ ਤੇ ਮੱਥਾ ਟੇਕਣ ਲਈ ਉਤਰਿਆ ਤਾਂ ਚਾਚੀ ਨੇ ਪੈਰ ਪਿਛਾਂਹ ਖਿੱਚ ਲਏ ਤੇ ਮੈਨੂੰ ਫੜ ਕੇ ਆਪਣੇ ਨਾਲ ਘੁਟ ਲਿਆ। ਮੇਰੀਆਂ ਬਾਹਵਾਂ, ਜੋ ਮਸੀਂ ਉਸ ਦੀ ਕਮਰ ਤਕ ਪਹੁੰਚੀਆਂ ਸਨ, ਪਿਆਰ ਨਾਲ ਦੁਆਲੇ ਕੱਸੀਆਂ ਗਈਆਂ। ਉਸ ਨੇ ਮੇਰੇ ਸਿਰ ਦੇ ਵਾਲਾਂ ਵਿਚ ਲੰਮੇ ਲੰਮੇ ਕੋਮਲ ਪੋਟੇ ਫੇਰਦਿਆਂ ਕਿਹਾ, 'ਕਿਡਾ ਪਿਆਰਾ ਹੈ ਇਹ ਬਾਲਕ।'

'ਰਾਮ ਪਿਆਰੀ,' ਚਾਚੇ ਨੇ ਕਿਹਾ, 'ਇਹ ਮੈਨੂੰ ਵੀ ਬੜਾ ਪਿਆਰਾ ਹੈ। ਮੈਂ ਇਸ ਨੂੰ ਪੋਟਿਆਂ ਨਾਲ ਮਿਣ ਮਿਣ ਕੇ ਪਾਲਿਆ ਹੈ।'

ਮੈਨੂੰ ਚੇਤਾ ਹੈ, ਜਦ ਮੈਂ ਚਾਚੀ ਦੇ ਦਵਾਲਿਉਂ ਆਪਣੀਆਂ ਬਾਹਾਂ ਖੋਲੀਆਂ ਸਨ ਤਾਂ ਉਸ ਇਕ ਡੂੰਘਾ ਸਾਹ ਖਿੱਚਿਆ ਸੀ।

ਚਾਚੇ ਨੇ ਪੁਛਿਆ, 0ਕਿਉਂ ਕੀ ਗੱਲ ਹੈ, ਪਿਆਰੀ?'

'ਕੁਝ ਨਹੀਂ,' ਉਸ ਫਿਰ ਉਸੇ ਤਰਾਂ ਕਰਦਿਆਂ ਕਿਹਾ ਤੇ ਕੁਝ ਚਿਰ ਠਹਿਰ ਕੇ ਮੈਨੂੰ ਬੜੇ ਪਿਆਰ ਨਾਲ ਪੁੱਛਿਆ, 'ਤੇਰਾ ਨਾਂ ਕੀ ਹੈ, ਬੱਚੇ?'

ਮੇਰੇ ਦੱਸਣ ਤੇ ਉਸ ਗ਼ੈਰ ਪੰਜਾਬੀਆਂ ਵਾਂਗ ਦੁਹਰਾਇਆ 'ਕ੍ਰਿਸਨ ਚੰਦ੍ਰ।'

ਵਾਲ ਬਿਨਾਂ ਸਾਂਭਿਆਂ, ਸਾਬਣ ਨਾਲ ਹੱਥ ਧੋ ਕੇ ਇੱਕ ਪਿਰਚ ਵਿੱਚ ਮਲਾਈ ਚੌਲ ਪਾ ਕੇ ਉਸ ਮੈਨੂੰ ਖਾਣ ਲਈ ਦਿੱਤੇ। ਬੜੇ ਸੁਆਦਾਂ ਨਾਲ ਖਾ ਕੇ ਤੇ ਪਰੌਂਠੀ ਦਾ ਚੇਤਾ ਭੁਲਾ ਮੈਂ ਬਾਹਰ ਖੇਡਣ ਤੁਰ ਪਿਆ।

ਕੋਈ ਤੀਸਰੇ ਦਿਨ ਮਗਰੋਂ ਦੀ ਗੱਲ ਹੈ ਕਿ ਜਦ ਮੈਂ ਸਕੂਲੋਂ ਮੁੜ ਰਿਹਾ ਸਾਂ ਤਾਂ ਚਾਚੇ ਦੇ ਥੋੜੇ ਜਹੇ ਖੁਲੇ ਬੂਹੇ 'ਚੋਂ ਮੈਨੂੰ ਕੋਈ ਪਛਾਣੀ ਹੋਈ ਆਵਾਜ਼ ਬੁਲਾਉਂਦੀ ਜਾਪੀ। ਮੈਂ ਬਸਤੇ ਸਮੇਤ ਬੂਹਾ ਖੋਲ ਕੇ ਅੰਦਰ ਜਾ ਵੜਿਆ। ਅੰਦਰ ਕੋਈ ਨਹੀਂ ਸੀ। ਪਤਾ ਨਹੀਂ ਕਿਉਂ, ਮੈਂ ਬਾਹਰ ਦਾ ਬੂਹਾ ਢੋ ਦਿੱਤਾ ਤੇ ਉਸ ਦਿਨ ਵਾਲੇ ਕਮਰੇ ਵਲ ਵਧਿਆ। ਚਾਚੀ ਓਸੇ ਤਰਾਂ ਫੇਰ ਵਾਲ ਸਵਾਰ ਰਹੀ ਸੀ। ਮੈਨੂੰ ਸ਼ੀਸ਼ੇ ਵਿਚੋਂ ਅੰਦਰ ਆਉਂਦਾ ਵੇਖ ਕੇ ਉਸ ਆਪਣਾ ਮੂੰਹ ਮੇਰੇ ਵਲ ਮੋੜ ਲਿਆ। ਪਰ ਕੱਲ ਵਾਂਗ ਉਸ ਸਿਰ ਤੇ ਸਾੜੀ ਕੋਈ ਨਾ ਲਈ। ਕੁਝ ਚਿਰ ਝਿਜਕ ਕੇ ਉਸ, ਉਸ ਦਿਨ ਵਾਂਗ, ਬਾਹਾਂ ਖਿਲਾਰ ਦਿੱਤੀਆਂ। ਮੈਂ ਓਥੇ ਖੜੋਤਾ ਹੀ ਉਸ ਦੇ ਗੋਲ, ਸੋਹਣੇ ਚਿਹਰੇ ਵੱਲ ਤੱਕਦਾ ਰਿਹਾ। ਹੌਲੀ ਹੌਲੀ ਉਸ ਦੀਆਂ ਅੱਖਾਂ ਵਿਚ ਦੋ ਮੋਟੇ ਮੋਟੇ ਅੱਥਰੂ ਕੱਠੇ ਹੋ ਗਏ। ਮੇਰੇ ਕੋਲੋਂ ਨਾ ਰਿਹਾ ਗਿਆ। ਮੈਂ ਇਹ ਵੀ ਨਾ ਪੁੱਛਿਆ ਕਿ ਉਹ ਰੋਂਦੀ ਕਿਉਂ ਹੈ ਤੇ ਬਾਹਾਂ ਪਸਾਰ ਕੇ ਜਿਉਂ ਹੀ ਅਗਾਂਹ ਵਧਿਆ ਉਹ ਗੋਡਿਆਂ ਭਾਰ ਹੋ ਗਈ। ਮੇਰੀਆਂ ਦੋਵੇਂ ਬਾਹਾਂ ਉਸ ਦੀ ਪਿੱਠ ਦੁਆਲੇ ਕੱਸੀਆਂ ਗਈਆਂ ਤੇ ਉਸ ਨੇ ਮੈਨੂੰ ਆਪਣੀ ਛਾਤੀ ਨਾਲ ਕੱਸ ਲਿਆ। ਉਸ ਦਿਨ ਮੈਂ ਪਹਿਲੀ ਵਾਰ ਕੋਮਲਤਾ ਦਾ ਅਹਿਸਾਸ ਕੀਤਾ। ਮੇਰੇ ਪਿੰਡੇ ਵਿੱਚ, ਸੱਚ ਦੱਸਦਾ ਹਾਂ, ਕੰਬਣੀ ਛਿੜ ਪਈ। ਚਾਚੀ ਨੇ ਸੱਜਾ ਹੱਥ ਢਿੱਲਾ ਕਰ ਕੇ ਮੇਰੀ ਗੱਲ ਆਪਣੀ ਖੱਬੀ ਗੱਲ ਨਾਲ ਲਾ ਲਈ ਤੇ ਕਿੰਨਾ ਚਿਰ ਹੀ ਅਸੀਂ ਏਸੇ ਤਰਾਂ ਰਹੇ। ਆਖ਼ਰ ਉਸਦੇ ਹੰਝੂ ਮੇਰੀ ਗਲਾਂ ਤੋਂ ਵਹਿ ਤੁਰੇ। ਇਹ ਗਿੱਲੇ ਵੀ ਸਨ ਤੇ ਕੋਸੇ ਵੀ। ਮੈਂ ਹੋਸ਼ ਵਿੱਚ ਆ ਗਿਆ ਸਾਂ। ਮੈਂ ਜਦ ਉਸਦੇ ਚਿਹਰੇ ਵਲ ਨੇੜਿਉਂ ਤੱਕਿਆ ਤਾਂ ਉਸ ਦੇ ਬੁੱਲ ਕੰਬ ਰਹੇ ਸਨ ਤੇ ਅੱਖਾਂ ਮੀਟੀਆਂ ਹੋਈਆਂ ਸਨ। ਆਖ਼ਰ ਉਸ ਦੀ ਦੂਸਰੀ ਬਾਂਹ ਵੀ ਢਿੱਲੀ ਹੋਈ ਤੇ ਉਸ ਹੌਲੀ ਹੌਲੀ ਅੱਖਾਂ ਖੋਲੀਆਂ। ਅੱਜ-ਕਲ ਦੀ ਸੂਝ ਮੁਜਬ ਮੈਂ ਕਹਿ ਸਕਦਾ ਹਾਂ ਕਿ ਉਹ ਸੁੱਤੀਆਂ ਉਠੀਆਂ ਅੱਖਾਂ ਵਾਂਗ ਭਰੀਆਂ ਤੇ ਅਲਸਾਈਆਂ ਹੋਈਆਂ ਸਨ। ਮੈਂ ਪੁੱਛਣਾ ਚਾਹਿਆ, 'ਚਾਚੀ.....'

ਉਸ ਨੇ ਅੱਧ 'ਚੋਂ ਹੀ ਰਲੀ-ਮਿਲੀ ਬੰਗਲਾ ਤੇ ਹਿੰਦੀ ਵਿਚ ਕਿਹਾ, 'ਕ੍ਰਿਸ਼ਨ ਚੰਦ੍ਰ, ਮੇਰਾ ਨਾਂ ਰਾਧਾ ਹੈ। ਰਾਧਾ ਕਹਿ ਕੇ ਆਵਾਜ਼ ਮਾਰਿਆ ਕਰੋ।'

ਮੈਂ ਸਿਰ ਨਾਲ ਸੱਤ-ਬਚਨ ਕਰ ਕੇ ਤੇ ਆਪਣੇ ਪਹਿਲੇ ਸੁਆਲ ਨੂੰ ਭੁਲਦਿਆਂ ਪੁੱਛਿਆ, 'ਚਾਚਾ ਕਿੱਥੇ ਹੈ?'

ਰਾਧਾ ਨੇ ਆਖਿਆ, 'ਉਹ ਮੰਗਲਾ-ਹਾਟ ਦੁਕਾਨ ਲੈ ਕੇ ਗਿਆ ਹੈ। ਮੱਸਿਆ ਤੋਂ ਸਿਵਾ ਉਹ ਕਦੇ ਐਸ ਵੇਲੇ ਵਿਹਲਾ ਨਹੀਂ ਹੁੰਦਾ।'

'ਨੌਕਰਾਣੀ?' ਮੈਂ ਪੁੱਛਿਆ।

'ਉਹ ਕੱਢ ਦਿੱਤੀ,' ਉਸ ਉੱਤਰ ਦਿੱਤਾ, 'ਉਹ ਚੰਗੀ ਨਹੀਂ ਸੀ ਤੇ ਹੁਣ ਮੈਂ ਸਭ ਕੰਮ ਆਪ ਕਰ ਸਕਾਂਗੀ।'

ਅਚਾਨਕ ਉਸ ਨੂੰ ਪਤਾ ਨਹੀਂ ਕੀ ਹੋਇਆ। ਉਸ ਮੇਰੇ ਬਸਤੇ ਨੂੰ, ਜੋ ਹਾਲੀ ਤੱਕ ਮੇਰੇ ਮੋਢੇ ਤੋਂ ਖੱਬੀ ਵੱਖੀ ਵੱਲ ਲਮਕ ਰਿਹਾ ਸੀ, ਉਤਾਰ ਦਿੱਤਾ। ਮੇਰਾ ਕੋਟ ਲਾਹ ਕੇ ਪਲੰਘ ਤੇ ਸੁੱਟ ਪਾਇਆ। ਮੇਰਾ ਬੂਟ ਤਸਮੇ ਖੋਲ ਕੇ ਲਾਹ ਦਿੱਤਾ। ਉਸ ਮੇਰੀ ਸੱਜੀ ਲੱਤ ਨੂੰ ਅਗਾਂਹ ਕਰਕੇ ਗੋਡੇ ਤੋਂ ਝੁਕਾ ਦਿੱਤਾ ਤੇ ਲੱਤ ਨੂੰ ਪੱਬ ਪਰਨੇ ਖੜੀ ਰਹਿਣ ਦਿੱਤਾ। ਖੱਬੀ ਲੱਤ, ਜਿਉਂ ਦੀ ਤਿਉਂ ਸਿੱਧੀ ਰਹਿਣ ਦਿੱਤੀ। ਫੇਰ ਉਹ ਅੱਖਾਂ ਨਾਲ ਚਾਰ-ਚੁਫੇਰੇ ਭਾਲ ਕਰਦੀ ਜਾਪੀ, ਫੁਰਤੀ ਨਾਲ ਉਹ ਇਕ ਕਿੱਲੀ ਤੋਂ ਲੱਕੜ ਦੀ ਸੋਟੀ ਲਾਹ ਲਿਆਈ ਤੇ ਮੇਰੇ ਦੋਹਾਂ ਹੱਥਾਂ ਵਿਚ ਲੰਮੇ ਦਾਅ ਫੜਾ ਕੇ ਇੱਕ ਸਿਰ ਵਲੋਂ ਮੇਰੇ ਬੁਲਾਂ ਤੇ ਰੱਖ ਦਿੱਤੀ। ਫਿਰ ਉਹ ਪਿਛਾਹਾਂ ਹਟ ਕੇ ਦੇਖਣ ਲੱਗ ਪਈ। ਉਸ ਦੇ ਬੁਲਾਂ ਤੇ ਇੱਕ ਕੋਮਲ ਮੁਸਕਰਾਹਟ ਆਈ ਤੇ ਉਸ ਲੰਮੀ ਸਾਰੀ ਹੂੰ ਕੀਤੀ। ਕੁਝ ਚਿਰ ਪਿੱਛੋਂ ਉਹ ਆਪਣੇ ਸ਼ਿੰਗਾਰ-ਟੇਬਲ ਦੇ ਦਰਾਜ਼ ਵਿੱਚੋਂ ਇੱਕ ਗੁਲਾਬੀ ਰੇਸ਼ਮੀ ਫੀਤਾ ਕੱਢ ਲਿਆਈ ਤੇ ਉਸ ਨੂੰ ਮੇਰੇ ਸੁਨਹਿਰੀ ਵਾਲ ਪਰੇ ਹਟਾਉਂਦਿਆਂ ਹੋਇਆਂ ਸਿਰ ਦੁਆਲੇ ਬੰਨ ਕੇ ਖੱਬੇ ਕੰਨ ਲਾਗੇ ਫੁੱਲ ਬਣਾ ਦਿੱਤਾ। ਸ਼ੀਸ਼ੇ ਵਾਲੀ ਲੰਮੀ ਅਲਮਾਰੀ ਖੋਲ ਕੇ ਉਸ ਇੱਕ ਪੀਲੀ ਬਨਾਰਸੀ ਸਾੜੀ ਕੱਢੀ। ਉਸ ਨੂੰ ਫੋਲਦੀ ਫੋਲਦੀ ਉਹ ਦੂਸਰੀ ਕੰਧ ਤੇ ਇਕ ਵੱਡੀ ਤਸਵੀਰ ਵੱਲ ਵਧੀ, ਜਿਸ ਨੂੰ ਇੱਕ ਸਿਹਰਾ ਚੜਾਇਆ ਹੋਇਆ ਸੀ। ਬੜੇ ਗਹੁ ਨਾਲ ਉਸਨੂੰ ਦੇਖ ਉਹ ਮੇਰੇ ਵੱਲ ਮੁੜੀ ਤੇ ਮੇਰੇ ਲੱਕ ਦੁਆਲੇ ਉਸ, ਤਸਵੀਰ ਨੂੰ ਦੇਖ ਦੇਖ ਕੇ ਧੋਤੀ ਬੰਨਣ ਲੱਗੀ। ਧੋਤੀ ਸਜਾ ਕੇ ਉਹ ਬੜੀ ਪਰਸੰਨ ਜਹੀ ਬਿਹਬਲਤਾ ਵਿੱਚ ਨਿਚੱਲੀ ਦਿੱਸਣ ਲੱਗੀ। ਠੇਕੇਦਾਰ ਸਰਦਾਰਾਂ ਦੀ ਨਿੱਕੀ ਕੁੜੀ ਨਵੇਂ ਖਿਡੌਣੇ ਨੂੰ ਆਪਣੇ ਵੱਡੇ ਵੀਰ ਕੋਲੋਂ ਲੈ ਕੇ ਇਸੇ ਤਰਾਂ ਕਰਦੀ ਹੁੰਦੀ ਸੀ। ਮੈਨੂੰ ਤੇ ਰਾਧਾ ਓਹੋ ਜਿਹੀ ਹੀ ਜਾਪੀ।

ਥੋੜੇ ਚਿਰ ਮਗਰੋਂ ਉਸ ਫੁਰਤੀ ਨਾਲ ਸੋਟੀ ਖੋਹ ਕੇ ਬਸਤੇ ਲਾਗੇ ਵਗਾਹ ਮਾਰੀ। ਮੈਨੂੰ ਆਪਣੀਆਂ ਬਾਹਾਂ 'ਚ ਲੱਕ ਨਾਲ ਕੱਸ ਕੇ ਉਸ ਬੜੀ ਤੇਜ਼ੀ ਨਾਲ ਪੰਜ-ਸੱਤ ਦਸ ਭਾਂ ਭਾਂ ਬਿੱਲੀਆਂ ਕਰ ਕੇ ਮੈਨੂੰ ਖਲਿਆਰ ਦਿੱਤਾ। ਮੈਂ ਜਾ ਡਿਗਦਾ ਡਿਗਦਾ ਬਚਿਆ। ਉਸ ਮੇਰੀਆਂ ਤੱਤੀਆਂ ਤੱਤੀਆਂ ਜਾਪਦੀਆਂ ਗੱਲਾਂ ਨੂੰ ਦੋਹਾਂ ਤਲੀਆਂ ਵਿਚ ਘੁਟ ਕੇ ਮੇਰਾ ਮੱਥਾ ਤੇ ਵਾਲ ਚੁੰਮ ਲਏ।

ਹੌਲੀ ਹੌਲੀ ਉਸ ਉਹ ਕੱਪੜੇ ਲਾਹ ਕੇ ਮੇਰੇ ਕੱਪੜੇ ਪਾ ਕੇ ਮੈਨੂੰ ਅੱਗੇ ਵਰਗਾ ਬਣਾ ਦਿੱਤਾ। ਬਵਰਚੀ-ਖਾਨੇ 'ਚੋਂ ਦੁਧ ਦਾ ਨਿੱਕਾ ਚਾਂਦੀ ਦਾ ਗਲਾਸ ਤੇ ਇੱਕ ਛੋਟੀ ਚਾਂਦੀ ਦੀ ਰਕੇਬੀ ਵਿੱਚ ਅੰਗੂਰ ਲੈ ਕੇ ਉਸ ਮੇਰੇ ਅੱਗੇ ਲਿਆ ਰੱਖੇ। ਮੈਂ ਪਹਿਲੇ ਦਿਨ ਵਾਂਗ, ਮਾਪਿਆਂ ਦੀ ਆਗਿਆ ਦੇ ਵਿਰੁਧ, ਸਭ ਕੁਝ ਖਾ ਗਿਆ। ਇਸ਼ਨਾਨ-ਕਮਰੇ ਵਿੱਚ ਮੇਰੇ ਹੱਥ ਤੇ ਨਾਲ ਮੂੰਹ ਵੀ, ਧੁਆਇਆ ਗਿਆ। ਬਰਫ-ਚਿੱਟੇ ਤੌਲੀਏ ਨਾਲ ਮੂੰਹ ਸਾਫ਼ ਕਰ ਕੇ ਮੈਂ ਬਾਹਰ ਨਿਕਲਿਆ। ਰਾਧਾ ਮੇਰੇ ਮਗਰ ਸੀ। ਉਹ ਮੈਨੂੰ ਸਰਦਾਰਾਂ ਦੀ ਕੁੜੀ ਵਾਂਗ ਕਹਿੰਦੀ ਜਾਪੀ ਸੀ ਕਿ ਕੱਲ ਫੇਰ ਵੀ ਖੇਡਣ ਆਉਣਾ ਤੇ ਮੈਂ ਤੁਹਾਨੂੰ ਬੜਾ ਸੋਹਣਾ ਨਾਚ ਨੱਚ ਕੇ ਦਿਖਾਵਾਂਗੀ।

ਬੂਹਿਉਂ ਬਾਹਰ ਮੀਂਹ ਵਸ ਰਿਹਾ ਸੀ। ਤੇਜ਼ ਹਵਾ ਨਾਰੀਅਲ ਦੇ ਦਰੱਖ਼ਤਾਂ ਨੂੰ ਦੂਹਰਿਆਂ ਕਰਦੀ ਜਾਂਦੀ ਸੀ। ਮੈਂ ਭਿੱਜਦਾ ਭਿੱਜਦਾ ਆਪਣੀ ਨੁੱਕਰ ਮੁੜ ਕੇ ਅੰਦਰ ਵੜਿਆ। ਝਾਈ ਪਥਰਾਈ ਹੋਈ ਉਡੀਕ ਰਹੀ ਸੀ। ਮੈਨੂੰ ਪਿਆਰ ਨਾਲ ਆਪਣੇ ਨਾਲ ਘੁੱਟ ਕੇ ਓਪਰੇ ਗੁੱਸੇ ਨਾਲ ਪੁੱਛਿਆ, 'ਕਿਥੇ ਰਿਹਾ ਵੇ ਏਨਾ ਚਿਰ?'

ਮੈਂ ਮਾਪਿਆਂ ਤੇ ਕਿਤਾਬਾਂ ਦੀ ਸਿੱਖਿਆ ਦੇ ਉਲਟ ਪਹਿਲੀ ਵਾਰ ਝੂਠ, ਬੋਲਦਿਆਂ ਉੱਤਰ ਦਿੱਤਾ, 'ਅਵਿਨੇਂਦਰ ਦੇ ਘਰ। ਉਸ ਨਵਾਂ ਮਸ਼ੀਨੀ ਲਾਟੂ ਆਂਦੈ ਝਾਈ ਜੀ।'

ਝਾਈ ਸ਼ਾਂਤ ਹੋ ਗਈ।

ਦੂਸਰੇ ਦਿਨ ਮੇਰਾ ਸਕੂਲ ਵਿੱਚ ਬਿਲਕੁਲ ਦਿਲ ਨਾ ਲੱਗਾ, ਮਸੀਂ ਮਸੀਂ ਛੁੱਟੀ ਦੀ ਘੰਟੀ ਵੱਜੀ। ਬਿਪਨ ਨੇ ਆਪੇ-ਤੁਰਨ ਵਾਲੀ ਮੋਟਰ ਬਸਤੇ ਵਿੱਚ ਪਾ ਕੇ ਆਂਦੀ ਹੋਈ ਸੀ। ਉਹ ਚਾਹੁੰਦਾ ਸੀ ਕਿ ਸੜਕ ਦੇ ਫੁਟ-ਪਾਥਾਂ ਤੇ ਅਸੀਂ ਉਸਨੂੰ ਚਲਾ ਚਲਾ ਕੇ ਖੇਡੀਏ, ਪਰ ਮੈਂ ਅੱਜ ਉਸਨੂੰ ਸੁੱਕਾ ਜਵਾਬ ਦੇ ਦਿੱਤਾ। ਮੈਂ ਰਾਧਾ ਨਾਲ ਖੇਡਣਾ ਚਾਹੁੰਦਾ ਸਾਂ ਤੇ ਵੇਖਣਾ ਚਾਹੁੰਦਾ ਸਾਂ ਉਹ ਹੋਣ ਵਾਲਾ ਨਾਚ।

ਮੈਂ ਘਰ ਜਾ ਕੇ ਦੁੱਧ ਨਾ ਪੀਣ ਦਾ ਬਹਾਨਾ ਘੜ ਸੁਣਾਇਆ। ਅਵਿਨੇਂਦਰ ਦੇ ਘਰ ਖੇਡਣ ਦਾ ਝੂਠ ਬੋਲ ਕੇ ਮੈਂ ਰਾਧਾ ਦੇ ਘਰ ਆਣ ਵੜਿਆ। ਰਾਧਾ ਅੱਗੇ ਹੀ ਖੜੀ ਉਡੀਕਦੀ ਸੀ। ਉਸ ਦੀ ਪੁਸ਼ਾਕ ਅੱਜ ਹੱਦ ਈ ਸੀ। ਮੈਂ ਕਦੇ ਕਿਸੇ ਤੀਵੀਂ ਨੂੰ ਇਹੋ ਜਹੀ ਸੋਹਣੀ ਸਾੜੀ ਤੇ ਸ਼ਿੰਗਾਰ ਵਿਚ ਨਹੀਂ ਸੀ ਦੇਖਿਆ। ਉਹ ਮੈਨੂੰ ਆਪਣੀ ਉਂਗਲ ਫੜਾ ਕੇ ਬਾਵਰਚੀ-ਖਾਨੇ ਵਲ ਲੈ ਗਈ। ਇੱਕ ਆਸਣ ਤੇ ਮੈਨੂੰ ਬਿਠਾ ਕੇ ਉਹ ਆਪ ਭੁੰਜੇ ਹੀ ਬਹਿ ਗਈ। ਸਾਹਮਣੇ ਪਏ ਚਾਂਦੀ ਦੇ ਭਾਂਡਿਆਂ ਵਿੱਚ ਦੁੱਧ ਮਲਾਈ, ਚੌਲ, ਇਥੋਂ ਤਕ ਕਿ ਫੁਲਕੇ, ਸਬਜ਼ੀ ਤੇ ਮੱਖਣ ਵੀ ਪਏ ਸਨ। ਮੇਰੀ ਨਾਂਹ-ਨੁਕਰ ਦਾ ਕੋਈ ਖ਼ਿਆਲ ਨਾ ਕਰਦਿਆਂ ਉਸ ਚਮਚਿਆਂ ਤੇ ਬੁਰਕੀਆਂ ਨਾਲ ਮੈਨੂੰ ਖਵਾਉਣਾ ਸ਼ੁਰੂ ਕਰ ਦਿੱਤਾ। ਮੈਂ ਝੱਟ ਹੀ ਰੱਜ ਗਿਆ। ਰਾਧਾ ਨੇ ਇਸਨਾਨ-ਕਮਰੇ ਵਿਚ ਮੇਰਾ ਮੂੰਹ-ਹੱਥ ਸਾਫ਼ ਕਰਾਇਆ।

ਅਸੀਂ ਵੱਖੀ ਵਾਲੇ ਕਮਰੇ ਵਿੱਚ ਵੜੇ। ਅਗਰ-ਬੱਤੀ ਨਾਲ ਮਹਿਕਿਆ ਹੋਇਆ ਸੀ। ਸ਼ਿੰਗਾਰ-ਟੇਬਲ ਤੇ ਇੱਕ ਚਾਂਦੀ ਦੀ ਥਾਲੀ ਵਿੱਚ ਸਿਹਰੇ ਫੁੱਲ ਤੇ ਘਿਓ ਦੇ ਅਣਜਗੇ ਦੀਵੇ ਸਨ। ਮੇਰੇ ਦੇਖਦਿਆਂ ਦੇਖਦਿਆਂ ਸਾੜੀ ਦੇ ਲੜ ਵਾਲੇ ਚਾਬੀਆਂ ਦੇ ਗੁੱਛੇ ਵਿੱਚੋਂ ਇੱਕ ਚਾਬੀ ਚੁਣ ਕੇ ਵਾਰਡ-ਰੋਬ ਖੋਲੀ ਗਈ। ਉਸ ਵਿੱਚੋਂ ਇੱਕ ਨਵੀਂ ਪੀਲੀ ਰੇਸ਼ਮੀ ਧੋਤੀ ਕੱਢ ਕੇ ਰਾਧਾ ਨੇ ਪਲੰਘ ਤੇ ਰੱਖੀ। ਇੱਕ ਕਿੱਲੀ ਤੋਂ ਮੋਰ ਦੇ ਖੰਭਾਂ ਦਾ ਇੱਕ ਮੁਕਟ ਲਾਹੁੰਦਿਆਂ ਰਾਧਾ ਨੇ ਕਿਹਾ, 'ਕ੍ਰਿਸ਼ਨ ਚੰਦ੍ਰ, ਇਹ ਮੈਂ ਆਪਣੀ ਹੱਥੀਂ ਤੁਹਾਡੇ ਲਈ ਬਣਾਇਆ ਹੈ।'

ਮੈਂ ਹਾਲੀ ਵੀ ਹੈਰਾਨ ਖੜਾ ਸਾਂ, ਜਦ ਰਾਧਾ ਨੇ ਸ਼ਿੰਗਾਰ-ਟੇਬਲ ਦੇ ਦਰਾਜ਼ ਵਿਚੋਂ ਇੱਕ ਮੁਰਲੀ ਕੱਢ ਲਿਆਂਦੀ। ਦਸਾਂ ਮਿੰਟਾਂ ਦੇ ਅੰਦਰ ਧੋਤੀ, ਮੁਕਟ, ਸਿਹਰੇ ਤੇ ਬੰਸਰੀ ਨਾਲ ਸਜਾ ਕੇ ਮੈਨੂੰ ਕੱਲ ਵਾਂਗ ਖੜਾ ਕੀਤਾ ਗਿਆ। ਇੱਕ ਸਿਹਰਾ ਸਾਹਮਣੀ ਤਸਵੀਰ ਦੇ ਗਲ ਵੀ ਪਾਇਆ ਗਿਆ। ਮੈਂ ਆਪਣਾ ਮੂੰਹ ਜਦ ਸਾਹਮਣੇ ਸ਼ੀਸ਼ੇ ਵਿੱਚ ਦੇਖਿਆ ਤਾਂ ਉਹ ਹੂ-ਬ-ਹੂ ਸਾਹਮਣੀ ਤਸਵੀਰ ਵਰਗਾ ਸੀ।

ਮੈਂ ਪੁੱਛਿਆ, ਰਾਧਾ, ਉਹ ਕਿਸ ਦੀ ਮੂਰਤ ਹੈ?'

ਉਸ ਮੁਸਕ੍ਰਾਉਂਦਿਆਂ ਕਿਹਾ, 'ਤੁਹਾਨੂੰ ਪਤਾ ਹੀ ਨਹੀਂ? ਕ੍ਰਿਸ਼ਨ ਚੰਦ੍ਰ ਦੀ।' 'ਮੇਰੀ?' ਮੈਂ ਪੁਛਿਆ।

'ਹਾਂ, ਹਾਂ, ਕ੍ਰਿਸ਼ਨ ਚੰਦ੍ਰ ਦੀ।'

ਮਾਚਸ ਬਾਲ ਕੇ ਥਾਲੀ ਵਿਚਲੇ ਪੰਜੇ ਦੀਵੇ ਜਗਾਏ ਗਏ ਤੇ ਰਾਧਾ ਦੋਹਾਂ ਹੱਥਾਂ ਵਿੱਚ ਉਨਾਂ ਨੂੰ ਲੈ ਕੇ ਹਾਜ਼ਰ ਹੋਈ। ਮੇਰੇ ਸਾਹਮਣੇ ਖੜੋ ਕੇ ਉਸ ਦੋਵੇਂ ਅੱਖਾਂ ਮੀਟ ਲਈਆਂ। ਅੱਖਾਂ ਖੋਲ ਕੇ ਥਾਲੀ ਦੇ ਕੰਢੇ ਤੇ ਘੋਲੇ ਹੋਏ ਕੇਸਰ ਤੇ ਚੌਲਾਂ ਦਾ, ਉਸ ਆਪਣੀ ਚੀਚੀ ਨਾਲ ਦੀ ਉਂਗਲੀ ਨਾਲ ਮੈਨੂੰ ਟਿੱਕਾ ਲਾ ਦਿੱਤਾ। ਮੈਨੂੰ ਖਬਰੇ ਕੀ ਸੁੱਝੀ, ਮੈਂ ਵੀ ਆਪਣੀ ਉਸੇ ਉਂਗਲੀ ਨੂੰ ਕੇਸਰ ਲਾ ਕੇ ਹੱਥ ਉਸ ਦੇ ਮੱਥੇ ਵਲ ਵਧਾਇਆ। ਉਸ ਮੱਥਾ ਝੁਕਾ ਦਿੱਤਾ। ਮੇਰੀ ਉਂਗਲੀ ਲੱਗਦਿਆਂ ਹੀ ਉਹ ਕੰਬ ਉੱਠੀ, ਉਸ ਦੀ ਦੀਵਿਆਂ ਵਾਲੀ ਥਾਲੀ ਉਸ ਦੇ ਹੱਥਾਂ ਵਿਚ ਕੰਬੀ, ਦੀਵਿਆਂ ਦੀਆਂ ਲਾਟਾਂ ਕੰਬੀਆਂ, ਧੂਫ ਦਾ ਧੂੰਆਂ ਕੰਬਿਆ ਤੇ ਘੁੰਗਰੂਆਂ ਵਰਗੀ ਛਣਕਦੀ ਅਵਾਜ਼ ਖ਼ਬਰੇ ਕਿਵੇਂ ਉਸ ਦੇ ਪੈਰਾਂ ਵਿੱਚੋਂ ਕੰਬੀ। ਇਕ-ਦਮ ਉਹ ਆਪਣੀ ਥਾਂ ਤੋਂ ਹਿਲੀ ਤੇ ਇਉਂ ਅਗਾਂਹ ਵਧੀ ਜਿਵੇਂ ਤਿਲਕ ਕੇ ਡਿੱਗਣ ਲੱਗੀ ਹੋਵੇ, ਪਰ ਝੱਟ ਹੀ ਉਹ ਸੰਭਲ ਗਈ। ਹੌਲੀ ਹੌਲੀ ਉਸ ਦੇ ਤਿਲਕਣ ਤੇ ਸੰਭਲਣ ਦੀ ਚਾਲ ਵਧ ਗਈ। ਮੈਂ ਸਮਝ ਗਿਆ ਕਿ ਨਾਚ ਸ਼ੁਰੂ ਹੈ। ਉਸ ਦੇ ਲੱਕ ਝੁਕਾਉਣ ਨਾਲ ਉਸਦੇ ਖੁਲੇ ਵਾਲ ਧਰਤੀ ਨੂੰ ਛੂਹ ਜਾਂਦੇ ਸਨ। ਉਹ ਹਵਾ ਦੀ ਪੁਤਲੀ ਲਹਿਰਾਂ ਵਾਂਗ ਦੂਹਰੀ ਹੋ ਹੋ ਜਾਂਦੀ ਸੀ। ਚਾਲ ਤੇਜ਼ ਹੋਣੀ ਸ਼ੁਰੂ ਹੋਈ। ਘੁੰਗਰੂਆਂ ਦੀ ਘੂਕਰ ਨਾਲ ਕਮਰੇ ਵਿੱਚ ਇਕਸੁਰਤਾ ਜਿਹੀ ਛਾ ਗਈ। ਚਾਲ ਹੋਰ ਤੇਜ਼ ਹੋ ਗਈ। ਜਗਦੀਆਂ ਜੋਤਾਂ ਦਾ ਇੱਕ ਚੱਕਰ ਮੇਰੇ ਦੁਆਲੇ ਬੱਝ ਗਿਆ। ਮੇਰੀਆਂ ਅੱਖਾਂ ਅੱਗੇ ਭੰਬਰ-ਤਾਰੇ ਉੱਡਣ ਲਗ ਪਏ। ਮੇਰੇ ਦੁਆਲੇ ਕਈ ਰਾਧਾ ਦਿੱਸਣ ਲਗ ਪਈਆਂ। ਮੇਰੀ ਆਪਣੀ ਸ਼ਕਲ ਦੇ ਕਈ ਮੁੰਡੇ ਮੇਰੀ ਹੁਣ ਦੀ ਪੁਸ਼ਾਕ ਵਿਚ ਉਨਾਂ ਨਾਲ ਸਨ। ਮੇਰੇ ਉਤੇ ਮੇਰਾ ਆਪਣਾ ਕਾਬੂ ਘੱਟ ਮਲੂਮ ਹੁੰਦਾ ਸੀ।

ਇਉਂ ਮਲੂਮ ਹੋਣ ਲੱਗਾ ਜਿਵੇਂ ਕਿਸੇ ਨੇ ਮੇਰੀਆਂ ਉਂਗਲਾਂ ਮੁਰਲੀ ਦਿਆਂ ਛੇਕਾਂ ਤੇ ਬਦੋ-ਬਦੀ ਰੱਖ ਦਿੱਤੀਆਂ ਹਨ। ਮੈਂ ਛੇਕ ਤੇ ਹੇਠਲਾ ਬੁਲ ਰੱਖਕੇ ਫੂਕ ਮਾਰੀ। ਮੇਰੀਆਂ ਨਿੱਕੀਆਂ ਨਿੱਕੀਆਂ ਉਂਗਲਾਂ ਖ਼ਬਰੇ ਕਿਦਾਂ ਉਨਾਂ ਛੇਕਾਂ ਤੇ ਨਾਚ ਕਰਨ ਲੱਗ ਪਈਆਂ। ਮੈਂ ਕਦੇ ਬੰਸਰੀ ਨਹੀਂ ਵਜਾਈ ਸੀ ਤੇ ਨਾ ਹੀ ਹੁਣ ਕੋਈ ਸਾਜ਼ ਵਜਾ ਸਕਦਾ ਹਾਂ, ਪਰ ਉਸ ਵੇਲੇ ਵਰਗੀ ਬੰਸਰੀ ਮੈਂ ਕਦੇ ਕਿਸੇ ਉਸਤਾਦ ਕੋਲੋਂ ਵੀ ਨਹੀਂ ਸੁਣ ਸਕਿਆ।

ਹੌਲੀ ਹੌਲੀ ਮੇਰੀਆਂ ਉਂਗਲਾਂ ਢਿੱਲੀਆਂ ਪੈਣੀਆਂ ਸ਼ੁਰੂ ਹੋ ਗਈਆਂ। ਨਾਚ ਦੀ ਚਾਲ ਘਟਦੀ ਘਟਦੀ ਘਟ ਗਈ। ਰਾਧਾ ਇੱਕ ਰਹਿ ਗਈ, ਮੈਂ ਇੱਕ ਰਹਿ ਗਿਆ। ਕਮਰੇ ਵਿੱਚ ਕਬਰ ਵਾਰਗੀ ਚੁੱਪ ਛਾ ਗਈ। ਰਾਧਾ ਸ਼ਰਾਬੀਆਂ ਵਾਂਗ ਹੁਲਾਰੇ ਖਾ ਰਹੀ ਸੀ, ਪਰ ਦੀਵਿਆਂ ਵਾਲੀ ਥਾਲੀ ਨੂੰ ਨਹੀਂ ਸੀ ਡਿੱਗਣ ਦੇਂਦੀ। ਮੈਂ ਆਪਣੀ ਥਾਂ ਛੱਡ ਕੇ ਅਗਾਂਹ ਵਧਿਆ।ਥਾਲੀ ਉਸ ਦੇ ਹੱਥੋਂ ਫੜ ਕੇ ਸ਼ਿੰਗਾਰ ਟੇਬਲ ਤੇ ਰੱਖਣ ਦੀ ਦੇਰ ਸੀ ਕਿ ਉਹ ਘੜਮ ਕਰਕੇ ਭੁੰਜੇ ਡਿੱਗ ਗਈ। ਮੁਰਲੀ ਮੰਜੇ ਤੇ ਸੁੱਟ ਕੇ ਮੈਂ ਉਸ ਨੂੰ ਸਾਂਭਿਆ। ਪਤਾ ਨਹੀਂ ਉਦੋਂ ਮੇਰੇ ਵਿੱਚ ਇੰਨਾ ਬਲ ਕਿਵੇਂ ਆ ਗਿਆ ਸੀ। ਮੈਂ ਹਰ ਹਾਲਤ ਵਿੱਚ ਆਪਣੇ ਆਪ ਨੂੰ ਪੂਰਾ ਆਦਮੀ ਸਮਝਦਾ ਸਾਂ। ਆਪਣੀ ਧੋਤੀ ਦੇ ਪੱਲੇ ਨਾਲ ਮੈਂ ਉਸਨੂੰ ਪੱਖਾ ਕਰਕੇ ਪੂਰੀ ਹੋਸ਼ ਵਿੱਚ ਆਂਦਾ। ਉਸ ਉੱਠ ਕੇ ਮੇਰੀ ਗੱਲ ਚੁੰਮ ਲਈ। ਕੰਬਣੀਆਂ ਦਾ ਹੜ ਮੇਰੀ ਨਸ ਨਸ ਵਿੱਚ ਫਿਰ ਗਿਆ। ਮੈਂ ਨੀਮ-ਬੇਹੋਸ਼ੀ ਦੀ ਹਾਲਤ ਵਿੱਚ ਉਸ ਨੂੰ ਆਪਣੀ ਗਲਵਕੜੀ ਵਿੱਚ ਲੈ ਲਿਆ। ਉਹ ਵੀ ਫੇਰ ਕੰਬੀ ਤੇ ਇੱਕ ਵਾਰੀ ਆਪਣੀਆਂ ਬਾਹਾਂ ਨਾਲ ਮੈਨੂੰ ਘੁੱਟਕੇ ਮੇਰੀਆਂ ਬਾਹਾਂ ਵਿਚ ਆਪਣੇ ਆਪ ਨੂੰ ਨਿੱਸਲ ਸੁੱਟ ਦਿੱਤਾ। ਮੈਂ ਉਸ ਦੀਆਂ ਗੱਲਾਂ ਚੁੰਮੀਆਂ, ਬੁਲ ਚੁੰਮੇ, ਅੱਖਾਂ ਚੁੰਮੀਆਂ, ਵਾਲ ਚੁੰਮੇ, ਪਰ ਉਹ ਨਿੱਸਲ ਪਈ ਸੀ। ਮੈਂ ਉਸ ਦੇ ਚਿਹਰੇ ਵੱਲ ਦੇਖਣ ਲੱਗ ਪਿਆ। ਕੁਝ ਚਿਰ ਮਗਰੋਂ ਉਸ ਆਪਣੀਆਂ ਨੀਮ-ਬੇਹੋਸ਼ ਅੱਖਾਂ ਖੋਲੀਆਂ ਤੇ ਝੱਟ ਹੀ ਬੰਦ ਕਰ ਲਈਆਂ।

ਅਚਾਨਕ ਬੂਹਾ ਖੜਕਿਆ, ਅਸੀਂ ਉਠ ਖੜੋਤੇ। ਕੋਈ ਅਵਾਜ਼ ਨਾ ਆਈ। ਮੈਂ ਫੇਰ ਪਹਿਲਾ ਕ੍ਰਿਸ਼ਨ ਬਣਾਇਆ ਗਿਆ। ਕਾਫੀ ਦੇਰ ਹੋ ਗਈ ਸੀ ਜਦ ਮੈਂ ਆਪਣੇ ਘਰ ਪਹੁੰਚਾ।

ਡਾਕਟਰ ਨੂੰ ਦਿਖਾਇਆ ਗਿਆ। ਉਸ ਦੱਸਿਆ ਕਿ ਮੇਰੀ ਸਿਹਤ ਬਿਲਕੁਲਠੀਕ ਹੈ। 'ਭੁੱਖ ਕਿਉਂ ਨਹੀਂ ਲਗਦੀ ਇਸ ਨੂੰ?' ਮੇਰੇ ਪਿਤਾ ਜੀ ਨੇ ਡਾਕਟਰ ਤੋਂ ਪੁੱਛਿਆ।

'ਹਾਜਮਾ ਤਾਂ ਦਰੁਸਤ ਹੈ,' ਡਾਕਟਰ ਨੇ ਜਵਾਬ ਦਿੱਤਾ।

ਸਕੂਲ ਦੇ ਇਮਤਿਹਾਨ ਦੀ ਰੀਪੋਰਟ ਚੰਗੀ ਸੀ, ਪਰ ਫਿਰ ਭੀ ਮੇਰੀ ਨਿਗਰਾਨੀ ਰੱਖੀ ਜਾਣ ਲਗ ਪਈ। ਮੈਂ ਰੋਜ਼ ਰਾਧਾ ਦੇ ਜਾਂਦਾ ਸਾਂ, ਇਸ ਦਾ ਕਦੇ ਕਿਸੇ ਨੂੰ ਸ਼ੱਕ ਹੀ ਨਹੀਂ ਸੀ।

ਪਰ ਮੇਰੀ ਝਾਈ ਜੀ, ਜਿਨਾਂ ਨੂੰ ਮੇਰੀ ਰਾਤ ਦੀ ਰੋਟੀ ਰੋਜ਼ ਨਾ ਖਾਣ ਕਰ ਕੇ ਫ਼ਿਕਰ ਲੱਗਾ ਰਹਿੰਦਾ ਸੀ, ਖ਼ੁਫ਼ੀਆ ਪੁਲਸ ਵਾਂਗ ਮੇਰੇ ਮਗਰ ਲੱਗ ਗਏ। ਇਕ ਦਿਨ ਜਦ ਮੈਂ ਰਾਧਾ ਵਲ ਗਿਆ ਤਾਂ ਉਹ ਦੱਬੇ ਪੈਰੀਂ ਲੁਕ ਲੁਕ ਕੇ ਮੇਰੇ ਪਿੱਛੇ ਗਏ। ਬੂਹਾ ਅੰਦਰੋਂ ਬੰਦ ਹੋ ਜਾਣ ਦੀ ਹਾਲਤ ਵਿੱਚ ਉਹ ਅੰਦਰ ਨਾ ਆ ਸਕੇ। ਬਾਹਰ ਬੂਹੇ ਨਾਲ ਕੰਨ ਲਾ ਕੇ ਖ਼ਬਰੇ ਕਿੰਨਾ ਚਿਰ ਖੜੋ ਰਹੇ ਹੋਣਗੇ। ਨਾਚ ਮੁਕਣ ਤੋਂ ਮਗਰੋ ਸਾਨੂੰ ਉਨਾਂ ਦੀਆਂ ਤੇਜ਼ ਅਵਾਜ਼ਾਂ ਸੁਣਾਈ ਦਿੱਤੀਆਂ। ਉਹ ਉੱਚੀ ਕਹਿ ਰਹੇ ਸਨ, 'ਰਾਮ ਪਿਆਰੀ! ਰਾਮ ਪਿਆਰੀ!'

ਮੈਂ ਡਰ ਗਿਆ, ਪਰ ਰਾਧਾ ਨੇ ਉਹ ਕੱਪੜੇ ਛੇਤੀ ਹੀ ਲਾਹ ਦਿੱਤੇ ਤੇ ਮੇਰੇ ਪਾ ਦਿੱਤੇ। ਮੂੰਹ-ਹੱਥ ਵਾਜਾਂ ਦੀ ਵਾਛੜ ਵਿੱਚ ਹੀ ਧੁਆ ਦਿੱਤੇ ਗਏ। ਮੈਨੂੰ ਫੇਰ ਉਸੇ ਅੰਦਰ ਲੁਕਾ ਕੇ ਉਹ ਬਾਹਰ ਨਿਕਲ਼ੀ ਤੇ ਬੂਹਾ ਖੋਲ ਕੇ ਮੇਰੀ ਝਾਈ ਜੀ ਨੂੰ ਪੁੱਛਿਆ ਕਿ ਕੀ ਗੱਲ ਹੈ।

ਝਾਈ ਨੇ ਗੁਸੇ ਭਰੀਆਂ ਅੱਖਾਂ ਨਾਲ ਪੁਛਿਆ, 'ਕ੍ਰਿਸ਼ਨ ਕਿਥੇ ਹੈ?'

ਰਾਧਾ ਨੇ ਆਖਿਆ, 'ਐਥੇ ਕਿਤੇ ਹੋਇਗਾ।'

'ਮੈਂ ਆਪ ਅੰਦਰ ਵੜਦਾ ਦੇਖਿਆ ਹੈ,' ਝਾਈ ਨੇ ਕੜਕ ਕੇ ਕਿਹਾ।

**ਰਾਸ ਲੀਲਾ...** ਬਾਕੀ ਸਫ਼ਾ 30 'ਤੇ

# ਸ਼ੇਰੇ ਪੰਜਾਬ ਦੇ ਰਾਜ ਦੀ ਸ਼ਾਨ ਦੀਨਾ ਨਗਰ ਦੇ ਸ਼ਾਹੀ ਮਹੱਲ ਉਪਰ ਕਬਜਾ

### ਇੰਦਰਜੀਤ ਸਿੰਘ

ਅਦੀਨਾ ਨਗਰ ਜਿਸ ਨੂੰ ਹੁਣ ਦੀਨਾ ਨਗਰ ਕਹਿੰਦੇ ਹਨ, ਨੂੰ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਗਰਮੀਆਂ ਦੀ ਰਾਜਧਾਨੀ ਬਣਾਇਆ ਸੀ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਹਰ ਗਰਮੀ ਦੀ ਰੁੱਤ ਏਥੇ ਬਤੀਤ ਕਰਦੇ ਸਨ ਅਤੇ ਉਹ ਆਪਣੇ ਅਕਾਲ ਚਲਾਣੇ ਤੋਂ ਇਕ ਸਾਲ ਪਹਿਲਾਂ ਸੰਨ 1838 ਵਿਚ ਵੀ ਗਰਮੀ ਦਾ ਮਹੀਨਾ ਇਥੇ ਬਿਤਾਉਣ ਆਏ ਸਨ। ਸ਼ੇਰ-ਏ-ਪੰਜਾਬ ਨੇ ਦੀਨਾ ਨਗਰ ਦਾ ਮਹਿਲ ਉਸ ਸਮੇਂ ਬਣਾਇਆ ਸੀ ਜਦੋਂ ਸਰਕਾਰ ਖ਼ਾਲਸਾ ਦਾ ਜਲੌਅ ਪੂਰੇ ਸਿਖਰ 'ਤੇ ਸੀ। ਖ਼ੂਬਸੂਰਤ ਬਾਗ਼ਾਂ ਦੇ ਵਿਚ ਬਣਿਆ ਇਹ ਮਹੱਲ ਓਸ ਸਮੇਂ ਖ਼ਾਲਸਾ ਰਾਜ ਦੀ ਸ਼ਾਨ ਦਾ ਪ੍ਰਤੀਕ ਹੁੰਦਾ ਸੀ।

ਦੀਨਾ ਨਗਰ ਦੇ ਸ਼ਾਹੀ ਮਹੱਲ ਵਿਚ ਮਹਾਰਾਜਾ ਰਣਜੀਤ ਸਿੰਘ ਇਕੱਲੇ ਗਰਮੀਆਂ ਹੀ ਨਹੀਂ ਬਿਤਾਉਂਦੇ ਸਨ ਬਲਕਿ ਇਥੇ ਸ਼ਾਹੀ ਦਰਬਾਰ ਵੀ ਲਗਦੇ ਸਨ ਅਤੇ ਦੇਸ਼ ਪੰਜਾਬ ਦੇ ਕਈ ਬੜੇ ਅਹਿਮ ਫੈਸਲੇ ਉਨਾਂ ਨੇ ਇਥੇ ਬੈਠ ਕੇ ਹੀ ਲਏ ਸਨ। ਇਸ ਤੋਂ ਇਲਾਵਾ ਈਸਟ ਇੰਡੀਆ ਕੰਪਨੀ ਦੇ ਵੱਡੇ ਅਧਿਕਾਰੀਆਂ ਨਾਲ ਵੀ ਉਨਾਂ ਦੀ ਏਥੇ ਹੀ ਮੁਲਾਕਾਤ ਹੋਈ ਸੀ, ਜਿਸਦਾ ਇਤਿਹਾਸ ਵਿਚ ਜ਼ਿਕਰ ਮਿਲਦਾ ਹੈ।

ਅੰਗੇਰਜ਼ ਅਫ਼ਸਰਾਂ ਵਲੋਂ ਸੰਨ 1838 ਵਿਚ ਜਦੋਂ ਦੀਨਾ ਨਗਰ ਵਿਖੇ ਮਹਾਰਾਜਾ ਰਣਜੀਤ ਸਿੰਘ ਨਾਲ ਮੁਲਾਕਾਤ ਕੀਤੀ ਗਈ ਤਾਂ ਉਹ ਸਰਕਾਰ ਖ਼ਾਲਸਾ ਦੇ ਦਰਬਾਰ ਦੀ ਸ਼ਾਨ ਦੇਖ ਕੇ ਹੱਕੇ-ਬੱਕੇ ਰਹਿ ਗਏ। ਉਨਾਂ ਅਧਿਕਾਰੀਆਂ ਵਿਚ ਸ਼ਾਮਿਲ ਡਬਲਿਊ.ਜੀ. ਓਸਬੌਰਨ ਨੇ ਸਰਕਾਰ ਖ਼ਾਲਸਾ ਦੇ ਦਰਬਾਰ ਦੀ ਸ਼ਾਨ ਦਾ ਜੋ ਅੱਖੀਂ-ਡਿੱਠਾ ਹਾਲ ਬਿਆਨਿਆ ਸੀ, ਉਸ ਨੂੰ ਡਾ. ਸੁਖਦਿਆਲ ਸਿੰਘ ਨੇ ਆਪਣੀ ਕਿਤਾਬ 'ਪੰਜ ਦਰਿਆਵਾਂ ਦਾ ਸ਼ੇਰ ਮਹਾਰਾਜਾ ਰਣਜੀਤ ਸਿੰਘ' ਵਿਚ ਇੰਝ ਲਿਖਿਆ ਹੈ:- ਜਿਸ ਵਿਸ਼ਾਲ ਦਰਬਾਰ ਹਾਲ ਵਿਚ ਉਹ ਦੀਨਾ ਨਗਰ ਵਿਖੇ ਪਹੁੰਚੇ ਸਨ, ਉਸ ਦਾ ਸਾਰਾ ਫ਼ਰਸ਼ ਬਹੁਤ ਕੀਮਤੀ ਸ਼ਾਲ ਤੇ ਦਰੀਆਂ ਨਾਲ ਵਿਛਿਆ ਹੋਇਆ ਸੀ। ਇਸ ਹਾਲ ਦੇ ਲਗਪਗ ਤੀਜੇ ਹਿੱਸੇ ਵਿਚ ਇਕ ਹੋਰ ਚੰਦੋਆ ਤਾਣਿਆ ਹੋਇਆ ਸੀ ਜਿਸ ਵਿਚ ਬਹੁਤ ਹੀ ਚਮਕੀਲਾ ਅਤੇ ਰੰਗਦਾਰ ਪਸ਼ਮੀਨਾ ਲੱਗਿਆ ਹੋਇਆ ਸੀ। ਇਸ ਦੀਆਂ ਝਾਲਰਾਂ ਨਾਲ ਕੀਮਤੀ ਨਗ ਜੜੇ ਹੋਏ ਸਨ, ਸੋਨੇ ਦੀਆਂ ਤਾਰਾਂ ਨਾਲ ਕਢਾਈ ਕੀਤੀ ਹੋਈ ਸੀ ਅਤੇ ਇਸ ਨੂੰ ਸੋਨੇ ਦੀਆਂ ਸੋਟੀਆਂ (ਞੋਬਾਂ) ਉੱਪਰ ਖੜਾ ਕੀਤਾ ਹੋਇਆ ਸੀ। ਮਹਾਰਾਜੇ ਦੇ ਬੈਠਣ ਵਾਲੀ ਸੋਨੇ ਦੀ ਕੁਰਸੀ (ਤਖ਼ਤ) ਦੇ ਪਿੱਛੇ ਜਿਹੜੀ ਖਾਲੀ ਥਾਂ ਸੀ, ਓਥੇ ਮਹਾਰਾਜੇ ਦੇ ਸਰਦਾਰ ਖੜੇ ਹੁੰਦੇ ਸਨ ਜਾਂ ਜਿਹੜੇ ਕੰਧਾਰ, ਕਾਬੁਲ ਅਤੇ ਅਫ਼ਗਾਨਿਸਤਾਨ ਤੋਂ ਪਹੁੰਚੇ ਹੋਏ ਰਾਜਦੂਤ ਜਾਂ ਅਧਿਕਾਰੀ ਸਨ। ਪਰ ਮਹਾਰਾਜਾ ਸਾਹਿਬ ਖੁਦ, ਦੁੱਧ-ਚਿੱਟੇ ਬਾਰੀਕ ਮਲਮਲ ਦੇ ਪਜ਼ਾਮਾ-ਕਮੀਜ਼ ਵਿਚ ਸੋਨੇ ਦੀ ਗੋਲ ਕੁਰਸੀ ਉੱਪਰ ਲੱਤ ਉੱਪਰ ਲੱਤ ਰੱਖੀ ਬੈਠੇ ਸਨ। ਉਨਾਂ ਦੇ ਕੋਈ ਵੀ ਗਹਿਣਾ ਨਹੀਂ ਪਾਇਆ ਹੋਇਆ ਸੀ ਸਗੋਂ ਇਕ ਪੱਟੀ ਬਹੁਤ ਹੀ ਕੀਮਤੀ ਨਗਾਂ ਵਾਲੀ ਉਨਾਂ ਦੇ ਕਮਰਕੱਸੇ ਦੇ ਤੌਰ 'ਤੇ ਲੱਕ ਨਾਲ ਬੰਨੀ ਹੋਈ ਸੀ। ਖੱਬੀ ਬਾਂਹ ਦੇ ਡੌਲੇ ਉੱਪਰ ਹਰੇ ਜ਼ਮੁਰਦੀ ਰੰਗ ਦੀ ਮਖਮਲੀ ਪੱਟੀ ਨਾਲ ਜੜਿਆ ਹੋਇਆ ਕੋਹਿਨੂਰ ਹੀਰਾ ਬੰਨਿਆ ਹੋਇਆ ਸੀ, ਜਿਹੜਾ ਕਿ ਬਹੁਤ ਤੇਜ਼ ਰੌਸ਼ਨੀ ਵਾਂਗ ਚਮਕਦਾ ਸੀ। ਇਹ ਲਾਹੌਰ ਦਾ ਸ਼ੇਰ ਸੀ। ਮਹਾਰਾਜੇ ਦੇ ਸਾਰੇ ਦਰਬਾਰੀ ਉਸ ਦੀ ਕੁਰਸੀ ਦੇ ਸਾਹਮਣੇ ਦੋਵੇਂ ਪਾਸੇ ਹੇਠਾਂ ਮਖਮਲੀ ਫ਼ਰਸ਼ ਉੱਪਰ ਬੈਠੇ ਸਨ। ਸਿਰਫ਼ ਇਕੱਲਾ ਵਜ਼ੀਰ ਰਾਜਾ ਧਿਆਨ ਸਿੰਘ ਹੀ ਮਹਾਰਾਜਾ ਸਾਹਿਬ ਦੇ ਸੱਜੇ ਪਾਸੇ ਖੜਾ ਸੀ। ਓਸਬੌਰਨ ਇਹ ਵੀ ਦੱਸਦਾ ਹੈ ਕਿ ਬੇਸ਼ੱਕ ਮਹਾਰਾਜਾ ਖੁਦ ਸੋਹਣਾ ਨਹੀਂ ਸੀ ਪਰ ਉਸ ਨੂੰ ਇਸ ਗੱਲ ਦਾ ਮਾਣ ਸੀ ਕਿ ਉਸ ਦੇ ਦਰਬਾਰ ਵਿਚ ਉਸ ਦੇ ਦਰਬਾਰੀ ਅਤੇ ਸਰਦਾਰ ਦੁਨੀਆ ਦੇ ਖ਼ੂਬਸੂਰਤ ਲੋਕਾਂ ਵਿਚੋਂ ਹਨ। ਓਸਬੌਰਨ ਆਪਣੀ ਰਾਏ ਦਿੰਦਿਆਂ ਇਹ ਵੀ ਕਹਿੰਦਾ ਹੈ ਕਿ ਉਸ ਦਾ ਵਿਸ਼ਵਾਸ ਹੈ ਕਿ ਨਾ ਹੀ ਯੂਰਪ ਅਤੇ ਨਾ ਹੀ ਪੂਰਬੀ ਦੇਸ਼ ਦਾ ਕੋਈ ਐਸਾ ਦਰਬਾਰ ਹੈ ਜਿਥੇ ਕਿ ਮਹਾਰਾਜੇ ਦੇ ਸਿੱਖ ਸਰਦਾਰਾਂ ਜੈਸੇ ਖ਼ੂਬਸੂਰਤ ਵਿਅਕਤੀ ਹੋਣਗੇ।'

ਹੁਣ ਗੱਲ ਕਰਦੇ ਹਾਂ ਦੀਨਾ ਨਗਰ ਦੇ ਉਸ ਸ਼ਾਹੀ ਮਹੱਲ ਦੀ ਜਿਸਦੀ ਸ਼ਾਨ ਦੀ ਗੱਲ ਅੰਗਰੇਜ਼ ਅਧਿਕਾਰੀ ਡਬਲਿਊ.ਜੀ. ਓਸਬੌਰਨ ਨੇ ਕੀਤੀ ਹੈ। ਅੱਜ ਹਾਲਾਤ ਇਸ ਤੋਂ ਬਿਲਕੁਲ ਹੀ ਉੱਲਟ ਹਨ। ਖੰਡਰ ਬਣਿਆ ਇਹ ਮਹੱਲ ਆਪਣੇ ਵਾਰਸਾਂ ਨੂੰ ਤਰਸ ਰਿਹਾ ਹੈ ਪਰ ਅਫ਼ਸੋਸ ਉਸਦੀ ਸਾਰ ਲੈਣ ਵਾਲਾ ਕੋਈ ਨਹੀਂ ਹੈ। ਸੰਭਾਲ ਨਾ ਕੀਤੇ ਜਾਣ ਸਦਕਾ ਕੁਝ ਸ਼ਰਾਰਤੀ ਲੋਕ ਸਰਕਾਰ ਖ਼ਾਲਸਾ ਦੇ ਸ਼ਾਹੀ ਮਹੱਲ ਦੀਆਂ ਛੱਤਾਂ ਹੀ ਲਾਹ ਕੇ ਲੈ ਗਏ ਹਨ। ਬਿਨਾਂ ਛੱਤਾਂ ਤੋਂ ਖੰਡਰ ਹੋ ਚੁੱਕੇ ਸ਼ਾਹੀ ਮਹਿਲ ਵਿਚ ਥਾਂ-ਥਾਂ ਪਈਆਂ ਨਸ਼ੇ ਦੀਆਂ ਸਰਿੰਜਾਂ ਇਸ ਗੱਲ ਦਾ ਸਬੂਤ ਹਨ ਕਿ ਇਥੇ ਹੁਣ ਨਸ਼ੇੜੀਆਂ ਦਾ ਹੀ



ਬੋਲਬਾਲਾ ਹੈ। ਜਿਸ ਥੜੇ ਉੱਪਰ ਮਹਾਰਾਜਾ ਸਾਹਿਬ ਆਪਣਾ ਸ਼ਾਹੀ ਤਖ਼ਤ ਸਜਾ ਕੇ ਬੈਠਦੇ ਹੁੰਦੇ ਸਨ, ਉਹ ਥੜਾ ਭਾਵੇਂ ਅੱਜ ਵੀ ਹੈ ਪਰ ਇਕ 'ਸਰਕਾਰ' ਬਾਝੋਂ ਉਸਦਾ ਵੀ ਕੀ ਹਾਲ ਹੋਵੇਗਾ ਇਸਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਸ਼ਾਹੀ ਮਹੱਲ ਤੋਂ ਥੋੜੀ ਹੀ ਦੂਰ ਲਹਿੰਦੇ ਵੱਲ ਮਹਾਰਾਜੇ ਦੀਆਂ ਰਾਣੀਆਂ ਦੀ ਰਿਹਾਇਸ਼ ਹੁੰਦੀ ਸੀ। ਇਥੇ ਅੱਜ ਕੱਲ ਨਗਰ ਕੌਂਸਲ ਦੀਨਾ ਨਗਰ ਦਾ ਦਫ਼ਤਰ ਚੱਲ ਰਿਹਾ ਹੈ। ਇਕ ਖੂਹ ਅਤੇ ਰਾਣੀਆਂ ਦੇ ਇਸ਼ਨਾਨ ਕਰਨ ਲਈ ਬਣਿਆ ਝਰਨਾ ਤੇ ਛੋਟੇ ਤਲਾਬ ਦੀਆਂ ਨਿਸ਼ਾਨੀਆਂ ਅਜੇ ਵੀ ਦੇਖੀਆਂ ਜਾ ਸਕਦੀਆਂ ਹਨ।

ਜਦੋਂ ਸੰਨ 1849 ਵਿਚ ਈਸਟ ਇੰਡੀਆ ਕੰਪਨੀ ਨੇ ਪੰਜਾਬ ਨੂੰ ਪੂਰੀ ਤਰਾਂ ਆਪਣੇ ਕਬਜ਼ੇ ਵਿਚ ਕਰ ਲਿਆ ਤਾਂ ਅੰਗਰੇਜ਼ ਹਕੂਮਤ ਵਲੋਂ ਅਦੀਨਾ ਨਗਰ ਨੂੰ ਜ਼ਿਲਾ ਸਦਰ ਮੁਕਾਮ ਬਣਾ ਕੇ ਡਿਪਟੀ ਕਮਿਸ਼ਨਰ ਦਾ ਦਫ਼ਤਰ ਦੀਨਾ ਨਗਰ ਦੇ ਇਸ ਸ਼ਾਹੀ ਮਹੱਲ ਵਿਚ ਬਣਾਇਆ ਗਿਆ ਸੀ। ਹਾਲਾਂਕਿ ਡਿਪਟੀ ਕਮਿਸ਼ਨਰ ਦਾ ਇਹ ਦਫ਼ਤਰ ਥੋੜਾ ਚਿਰ ਹੀ ਇਥੇ ਰਿਹਾ ਅਤੇ ਕੁਝ ਮਹੀਨਿਆਂ ਬਾਅਦ ਹੀ ਡਿਪਟੀ ਕਮਿਸ਼ਨਰ ਦਫ਼ਤਰ ਬਟਾਲਾ ਦੇ ਮਹਾਰਾਜਾ ਸ਼ੇਰ ਸਿੰਘ ਮਹਿਲ ਵਿਚ ਤਬਦੀਲ ਕਰ ਕੇ ਬਟਾਲਾ ਨੂੰ ਜ਼ਿਲਾ ਸਦਰ ਮੁਕਾਮ ਬਣਾ ਦਿੱਤਾ। ਅਖੀਰ ਅੰਗਰੇਜ਼ਾਂ ਨੇ 1 ਮਈ 1852 ਨੂੰ ਗੁਰਦਾਸਪੁਰ ਨੂੰ ਜ਼ਿਲਾ ਐਲਾਨ ਕਰ ਕੇ ਇਥੇ ਡਿਪਟੀ ਕਮਿਸ਼ਨਰ ਦਫ਼ਤਰ ਬਣਾ ਲਿਆ।

ਭਾਵੇਂ ਦੀਨਾ ਨਗਰ ਦੇ ਸ਼ਾਹੀ ਮਹਿਲ ਤੋਂ ਡਿਪਟੀ ਕਮਿਸ਼ਨਰ ਦਾ ਦਫ਼ਤਰ ਕੁਝ ਮਹੀਨਿਆਂ ਵਿਚ ਹੀ ਬਟਾਲਾ ਤਬਦੀਲ ਹੋ ਗਿਆ ਸੀ ਪਰ ਇਸ ਮਹਿਲ ਨੂੰ ਈਸਟ ਇੰਡੀਆ ਕੰਪਨੀ ਵਲੋਂ ਖਾਲੀ ਨਹੀਂ ਕੀਤਾ ਗਿਆ ਸੀ। ਇਸ ਸ਼ਾਹੀ ਮਹੱਲ ਦਾ ਸਾਰਾ ਬੇਸ਼ਕੀਮਤੀ ਸਾਮਾਨ ਅੰਗਰੇਜ਼ ਇੰਗਲੈਂਡ ਲੈ ਗਏ ਸਨ। ਸੰਨ 1947 ਤੋਂ ਬਾਅਦ ਵੀ ਕਿਸੇ ਨੇ ਇਸ ਸ਼ਾਹੀ ਮਹੱਲ ਵੱਲ ਕੋਈ ਧਿਆਨ ਨਹੀਂ ਦਿੱਤਾ ਅਤੇ ਆਪਣਿਆਂ ਦੀ ਹੀ ਬੇਰੁਖੀ ਕਾਰਨ ਇਹ ਸ਼ਾਨਦਾਰ ਸ਼ਾਹੀ ਮਹੱਲ ਖੰਡਰ ਵਿਚ ਤਬਦੀਲ ਹੋ ਗਿਆ। ਹਰ ਸਾਲ ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਈ ਜਾਂਦੀ ਹੈ।

ਇਤਫ਼ਾਕ ਵੱਸ ਅੱਜ ਵੀ ਇਸ ਸ਼ਾਹੀ ਮਹੱਲ ਦੇ ਦੁਆਲੇ ਅੰਬਾਂ ਦਾ ਬਾਗ਼ ਹੈ ਪਰ ਹੁਣ ਇਹ ਮਹਿਲ ਅਤੇ ਬਾਗ਼ ਕਿਸੇ ਦੀ ਨਿੱਜੀ ਜਾਇਦਾਦ ਬਣ ਗਏ ਹਨ। ਇਸ ਬਾਗ਼ ਵਿਚ ਹੁਣ ਕਾਲੋਨੀ ਕੱਟੀ ਜਾ ਰਹੀ ਹੈ ਅਤੇ ਹੋ ਸਕਦਾ ਹੈ ਕਿ ਸ਼ਾਹੀ ਮਹੱਲ ਦੇ ਖੰਡਰਾਂ ਨੂੰ ਬਿਲਕੁਲ ਸਾਫ਼ ਦਿੱਤਾ ਜਾਵੇ। ਇਸ ਤੋਂ ਪਹਿਲਾਂ ਕਿ ਸਰਕਾਰ ਖ਼ਾਲਸਾ ਦਾ ਇਹ ਸ਼ਾਹੀ ਮਹੱਲ ਬਿਲਕੁਲ ਖ਼ਤਮ ਹੋ ਜਾਵੇ, ਸਿੱਖ ਪੰਥ ਨੂੰ ਇਸਦੀ ਸੰਭਾਲ ਲਈ ਅੱਗੇ ਆਉਣਾ ਚਾਹੀਦਾ ਹੈ। ਦੀਨਾ ਨਗਰ ਦਾ ਇਹ ਸ਼ਾਹੀ ਮਹੱਲ ਸਰਕਾਰ ਖ਼ਾਲਸਾ ਦੀ ਸ਼ਾਨ ਦਾ ਗਵਾਹ ਹੈ ਅਤੇ ਇਹ ਗਵਾਹੀ ਹਮੇਸ਼ਾ ਕਾਇਮ ਰਹਿਣੀ ਚਾਹੀਦੀ ਹੈ।

# ਵਿਸ਼ਵ ਵਿਚ ਭੂਤਾਂ ਦੇ ਮਨਾਏ ਜਾਂਦੇ ਨੇ ਤਿਉਹਾਰ

### ਟੌਂਕ ਥੌਂਪਸਨ

ਪੱਛਮੀ ਦੇਸ਼ਾਂ ਵਿਚ ਹੈਲੋਵੀਨ ਤਿਉਹਾਰ ਮੌਕੇ ਭੂਤਾਂ-ਪ੍ਰੇਤਾਂ ਤੇ ਹੋਰ ਅਜੀਬੋ-ਗਰੀਬ ਚੀਜ਼ਾਂ ਦੀ ਖੂਬ ਨੁਮਾਇਸ਼ ਹੁੰਦੀ ਹੈ। ਇਸ ਦਿਨ ਮਰ ਚੁੱਕੇ ਲੋਕਾਂ ਦੇ ਧਰਤੀ ਉੱਪਰ ਪਰਤਣ ਵਰਗਾ ਮਾਹੌਲ ਸਿਰਜਿਆ ਜਾਂਦਾ ਹੈ।ਦੁਨੀਆਂ ਵਿੱਚ ਸੱਭਿਆਚਾਰਕ ਸੰਚਾਰ ਵਧਣ ਕਰਕੇ, ਮੁੱਖ ਤੌਰ 'ਤੇ ਈਸਾਈ ਪੰਥ ਦਾ ਮੰਨਿਆ ਜਾਣ ਵਾਲਾ ਇਹ ਤਿਉਹਾਰ ਹੁਣ ਭਾਰਤ ਵਰਗੇ ਦੇਸ਼ਾਂ ਵਿਚ ਵੀ ਪਹਿਲਾਂ ਨਾਲੋਂ ਜ਼ਿਆਦਾ ਮਨਾਇਆ ਜਾਣ ਲੱਗਾ ਹੈ।ਹੈਲੋਵੀਨ ਤਿਉਹਾਰ ਕੈਲਟਿਕ ਪ੍ਰੰਪਰਾ ਦੇ 'ਸਮਹਾਇਨ' ਤਿਉਹਾਰ ਵਿਚੋਂ ਨਿਕਲਿਆ ਹੈ।

ਈਸਾ ਮਸੀਹ ਦੇ ਜਨਮ ਤੋਂ ਪਹਿਲਾਂ ਭੂਮੱਧ ਸਾਗਰ ਤੇ ਯੂਰਪ ਦੇ ਇਲਾਕਿਆਂ ਵਿਚ ਰਹਿਣ ਵਾਲੇ ਲੋਕ ਕੇਲਟਿਕ ਭਾਸ਼ਾਵਾਂ ਬੋਲਦੇ ਸਨ। ਉਨਾਂ ਦੀ ਆਸਥਾ ਬੁੱਤਾਂ ਤੇ ਦੇਵਤਿਆਂ ਵਿਚ ਸੀ।ਸਮਹਾਇਨ ਤਿਉਹਾਰ ਮਨਾਉਣ ਪਿੱਛੇ ਵਿਸ਼ਵਾਸ ਸੀ ਕਿ ਸਾਲ ਦੇ ਇੱਕ ਖਾਸ ਸਮੇਂ ਸਾਡੀ ਦੁਨੀਆਂ ਤੇ ਪਰਲੋਕ ਵਿਚਲਾ ਫ਼ਰਕ ਖ਼ਤਮ ਹੋ ਜਾਂਦਾ ਹੈ। ਵਿਸ਼ਵਾਸ ਸੀ ਕਿ ਇਨਸਾਨ ਅਤੇ ਪ੍ਰੇਤ ਇਕੱਠੇ ਧਰਤੀ 'ਤੇ ਵਿਚਰਦੇ ਹਨ। ਈਸਵੀ 7 ਵਿਚ ਜਦੋਂ ਇਸਾਈ ਧਰਮ ਗੁਰੂ ਪੋਪ ਗ੍ਰੈਗਰੀ ਨੇ ਲੋਕਾਂ ਨੂੰ ਆਪਣੇ ਪੰਥ ਨਾਲ ਜੋੜਣ ਦੀ ਮੁਹਿੰਮ ਛੇੜੀ ਤਾਂ ਉਨਾਂ ਪ੍ਰਚਾਰਕਾਂ ਨੂੰ ਆਖਿਆ ਕਿ ਉਹ 'ਪੇਗਨ' ਜਾਂ ਬੁੱਤਪ੍ਰਸਤੀ ਵਿਚ ਆਸਥਾ ਰੱਖਣ ਵਾਲੇ ਲੋਕਾਂ ਦਾ ਵਿਰੋਧ ਨਾ ਕਰਨ, ਸਗੋਂ ਉਨਾਂ ਦੇ ਤਿਉਹਾਰਾਂ ਦਾ 'ਇਸਾਈਕਰਨ' ਕਰ ਦੇਣ।

ਇਸ ਤੋਂ ਬਾਅਦ ਹੀ ਸਮਹਾਇਨ ਬਦਲ ਕੇ 'ਆਲ ਸੇਂਟਜ਼ ਡੇਅ' ਬਣ ਗਿਆ। ਇਸ ਨੂੰ 'ਆਲ ਹੈਲੋਜ਼ ਡੇਅ' ਵੀ ਆਖਿਆ ਜਾਣ ਲੱਗਾ ਅਤੇ ਇਸ ਦੀ ਪਿਛਲੀ ਰਾਤ ਨੂੰ 'ਹੈਲੋਜ਼ ਈਵਨਿੰਗ' ਜਾਂ 'ਹੈਲੋਵੀਨ' ਦਾ ਨਾਂ ਦਿੱਤਾ ਗਿਆ। ਭੂਤਾਂ 'ਤੇ ਯਕੀਨ ਦਾ ਫ਼ਾਇਦਾ

ਭੂਤਾਂ-ਪ੍ਰੇਤਾਂ ਉੱਪਰ ਵਿਸ਼ਵਾਸ ਕ੍ਰਿਸ਼ਚੀਅਨ ਚਰਚ ਲਈ ਫ਼ਾਇਦੇ ਦਾ ਸੌਦਾ ਨਿਕਲਿਆ।ਪੋਪ ਗ੍ਰੈਗਰੀ ਨੇ ਲੋਕਾਂ ਨੂੰ



ਕਿਹਾ ਕਿ ਜੇ ਭੂਤ ਦਿਖੇ ਤਾਂ ਉਸ ਲਈ ਅਰਦਾਸ ਕਰੋ ਤਾਂ ਜੋ ਉਸ ਭੂਤ ਨੂੰ ਜੰਨਤ ਨਸੀਬ ਹੋਵੇ।

ਇਹ ਆਸਥਾ ਵੱਡਾ ਕਾਰੋਬਾਰ ਬਣ ਗਈ। ਚਰਚ ਦੇ ਪਾਦਰੀ ਨੂੰ ਲੋਕ ਆਪਣੇ ਪਾਪਾਂ ਦੀ ਮਾਫ਼ੀ ਲਈ ਵੱਡੀ ਰਕਮ ਦੇਣ ਲੱਗੇ। ਆਮ ਜਨਤਾ ਅਖੀਰ ਇਸ 'ਭੂਤ ਟੈਕਸ' ਕਰਕੇ ਤੰਗ ਹੋਣ ਲੱਗੀ। ਜਰਮਨੀ ਦੇ ਧਰਮ ਪ੍ਰਚਾਰਕ ਮਾਰਟਿਨ ਲੂਥਰ ਦੀ ਅਗਵਾਈ ਵਿਚ ਇਸ ਖ਼ਿਲਾਫ਼ ਆਵਾਜ਼ ਉੱਠਣ ਲੱਗੀ।

ਇਸੇ ਸੁਧਾਰਵਾਦ ਤੋਂ ਬਾਅਦ ਈਸਾਈ ਪੰਥ ਦੋਫਾੜ ਹੋ ਗਿਆ ਅਤੇ ਪ੍ਰੋਟੈਸਟੈਂਟ ਤੇ ਕੈਥੋਲਿਕ ਫਿਰਕੇ ਸਥਾਪਤ ਹੋ ਗਏ।ਸੁਧਾਰਵਾਦੀ ਮੰਨੀ ਜਾਂਦੀ ਪ੍ਰੋਟੈਸਟੈਂਟ ਸ਼ਾਖਾ ਨੇ ਭੂਤਾਂ-ਪ੍ਰੇਤਾਂ ਵਿਚ ਯਕੀਨ ਕਰਨ ਵਾਲੇ ਕੈਥੋਲਿਕ ਫਿਰਕੇ ਨੂੰ ਅੰਧਵਿਸ਼ਵਾਸੀ ਆਖਣਾ ਸ਼ੁਰੂ ਕਰ ਦਿੱਤਾ। ਸਵਾਲ ਬਾਕੀ ਫਿਰ ਵੀ ਭੂਤਾਂ ਦੀ ਹੋਂਦ ਉੱਪਰ ਸਵਾਲ ਮੁੱਕੇ ਨਹੀਂ। ਲੋਕਾਂ ਨੇ ਵਿਗਿਆਨ ਵਿੱਚ ਜਵਾਬ ਲੱਭਣੇ ਸ਼ੁਰੂ ਕਰ ਦਿੱਤੇ।

19ਵੀਂ ਸਦੀ ਆਉਂਦਿਆਂ ਤੱਕ ਅਧਿਆਤਮਵਾਦ ਨੇ ਜ਼ੋਰ ਫੜਿਆ ਜਿਸ ਨੂੰ ਮੰਨਣ ਵਾਲੇ ਲੋਕਾਂ ਦਾ ਵਿਸ਼ਵਾਸ ਸੀ ਕਿ ਮਰੇ ਹੋਏ ਲੋਕ ਜ਼ਿੰਦਾ ਲੋਕਾਂ ਨਾਲ ਸੰਵਾਦ ਕਰ ਸਕਦੇ ਹਨ। ਇਸ ਲਈ ਮੰਡਲੀਆਂ ਬੈਠਣ ਲੱਗੀਆਂ।ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਅਧਿਆਤਮਵਾਦ ਦਾ ਖ਼ਾਤਮਾ ਹੋਣ ਲੱਗਾ ਹਾਲਾਂਕਿ ਇਸ ਦਾ ਅਸਰ ਅਜੇ ਵੀ ਵਿਖ ਜਾਂਦਾ ਹੈ। ਅੱਜ ਵੀ 'ਭੂਤਾਂ ਦੇ ਸ਼ਿਕਾਰੀ' ਮਸ਼ਹੂਰ ਹੋ ਜਾਂਦੇ ਹਨ ਤੇ ਇਨਾਂ ਉੱਪਰ ਫ਼ਿਲਮਾਂ ਵੀ ਬਣਦੀਆਂ ਹਨ।ਹੋਰ ਧਰਮਾਂ ਵਿਚ ਵੀਇਹ ਨਹੀਂ ਕਿ ਭੂਤ-ਪ੍ਰੇਤ ਸਿਰਫ਼ ਈਸਾਈ ਧਰਮ ਵਿਚ ਹੁੰਦੇ ਹਨ। ਦੂਜੇ ਮਜ਼ਹਬਾਂ ਵਿਚ ਵੀ ਇਸ ਨੂੰ ਲੈ ਕੇ ਵਿਚਾਰ-ਤਕਰਾਰ ਚਲਦਾ ਰਹਿੰਦਾ ਹੈ।

ਹਿੰਦੂ ਧਰਮ ਵਿਚ ਤਾਂ ਬਾਕਾਇਦਾ ਆਤਮਾਵਾਂ ਨੂੰ ਬੁਲਾਉਣ ਦੀ ਰਵਾਇਤ ਹੈ। ਅਘੋਰੀ ਸਾਧੂ ਇਸ ਲਈ ਮਸ਼ਹੂਰ ਹਨ।ਤਾਈਵਾਨ ਵਿਚ 90 ਫ਼ੀਸਦੀ ਲੋਕ ਭੂਤ ਦੇਖਣ ਦਾ ਦਾਅਵਾ ਕਰਦੇ ਹਨ। ਜਾਪਾਨ, ਕੋਰੀਆ ਤੇ ਚੀਨ ਵਿਚ ਵੀ ਭੂਤਾਂ ਦਾ ਮਹੀਨਾ ਮਨਾਇਆ ਜਾਂਦਾ ਹੈ। ਇਸ ਵਿੱਚ ਇੱਕ ਖਾਸ 'ਭੂਤ ਦਿਹਾੜਾ' ਵੀ ਆਉਂਦਾ ਹੈ। ਤਾਈਵਾਨ ਵਿਚ ਵੀ ਭੂਤਾਂ ਨੂੰ ਚੰਗੇ ਤੇ ਮਾੜੇ ਭੂਤਾਂ ਵਿਚ ਵੰਡਿਆ ਜਾਂਦਾ ਹੈ। ਪੁਸ਼ਤੈਨੀ ਤੌਰ 'ਤੇ ਪਰਿਵਾਰ ਨਾਲ ਜੁੜੇ ਹੋਏ ਭੂਤ ਚੰਗੇ ਅਤੇ ਦੋਸਤ ਮੰਨੇ ਜਾਂਦੇ ਹਨ। ਭੂਤਾਂ ਦੇ ਦਿਹਾੜੇ 'ਤੇ ਉਨਾਂ ਦਾ ਘਰ ਸੁਆਗਤ ਕੀਤਾ ਜਾਂਦਾ ਹੈ। ਜਿਹੜੇ ਪ੍ਰੇਤ ਦੋਸਤ ਨਹੀਂ ਹੁੰਦੇ ਉਹ ਗੁੱਸੇ ਵਿਚ ਹੁੰਦੇ ਹਨ।

## ਇਤਿਹਾਸ ਬਾਰੇ ਜਾਣਕਾਰੀ

**ਲੜੀ ਨੰਬਰ-2**



**ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ**

**ਇਤਿਹਾਸ ਲੜੀ ਨੰਬਰ -4**

-'ਭੂਗੋਲਿਕ ਤੌਰ 'ਤੇ ਪੰਜਾਬ ਸੁਰੱਖਿਅਤ ਦੀ ਇੱਕੋ ਹੀ ਰੋਕ ਸੀ ਅਤੇ ਇਸ ਨੂੰ ਲੰਘਣ ਤੋਂ ਬਾਅਦ ਭਾਰਤ ਜੇਤੂ ਦੇ ਪੈਰ ਥੱਲੇ ਹੁੰਦਾ ਸੀ।'-ਐਮ.ਅਕਬਰ

'ਪੰਜਾਬ ਅਸਲ ਵਿੱਚ ਬਹੁਤ ਸਾਰੇ ਵੰਸ਼ਾਂ ਦਾ ਇੱਕ ਪੰਘੂੜਾ ਸੀ।' -ਡਾਕਟਰ ਬੀ.ਐਸ.ਨਿੱਝਰ

-'ਪੰਜਾਬ ਦੀ ਸਭ ਤੋਂ ਮਹੱਤਵਪੂਰਨ ਭੂਗੋਲਿਕ ਵਿਸ਼ੇਸ਼ਤਾ ਇਸ ਦੇ ਦਰਿਆ ਸਨ।' -ਡਾਕਟਰ ਪੀ.ਭਾਟੀਆ

'ਕੁਲੀਨ ਵਰਗ ਆਪਣੇ ਵਿਹਾਰ ਅਤੇ ਆਚਰਣ ਤੋਂ ਬਹੁਤ ਥੱਲੇ ਡਿੱਗ ਚੁੱਕਿਆ ਸੀ।'-ਐਸ.ਐਸ.ਗਾਂਧੀ

'ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਇੱਕ ਨਵੀਂ ਜਾਗ੍ਰਿਤੀ ਦਾ ਸੂਚਕ ਸੀ।'-ਐਮ.ਏ.ਮੈਕਾਲਿਫ

'ਸੱਜਣ ਦੀ ਸਰਾਂ ਜੋ ਕਿ ਇੱਕ ਕਤਲਗਾਹ ਸੀ ਇੱਕ ਧਰਮਸ਼ਾਲਾ ਵਿੱਚ ਤਬਦੀਲ ਹੋ ਗਈ।' -ਕੇ.ਐਸ.ਦੁੱਗਲ

'ਬਾਬਰ ਦੀ ਤੁਜ਼ਕ ਨੂੰ ਠੀਕ ਹੀ ਇੱਕ ਮਹਾਨ ਇਤਿਹਾਸਿਕ ਸੋਮਾ ਮੰਨਿਆਂ ਜਾਂਦਾ ਹੈ।' -ਡਾਕਟਰ ਈ.ਸ੍ਰੀਧਰਨ

'ਖਾਲਸਾ ਦਰਬਾਰ ਰਿਕਾਰਡ ਰਣਜੀਤ ਸਿੰਘ ਦੇ ਜੀਵਨ ਅਤੇ ਸਮੇਂ ਦੀ ਜਾਣਕਾਰੀ ਲਈ ਅਸਲੀ ਖਾਣ ਹਨ।'-ਡਾ.ਬੀ.ਜੇ.ਹਸਰਤ

-'ਸਿੱਖਾਂ ਨਾਲ ਲੜਨਾ ਉਸੇ ਤਰਾਂ ਫ਼ਜ਼ੂਲ ਸੀ ਜਿਵੇਂ ਜਾਲ ਵਿੱਚ ਹਵਾ ਨੂੰ ਫੜਨ ਦਾ ਯਤਨ ਕਰਨਾ'-ਖੁਸ਼ਵੰਤ ਸਿੰਘ

'ਦਾਸੀ ਆਪਣੇ ਸੁਆਮੀ ਦੇ ਹੱਥਾਂ ਵਿੱਚ ਇੱਕ ਖਿਡੌਣੇ ਦੀ ਤਰਾਂ ਸੀ।' -ਬੀ.ਐਨ. ਲੂਨਿਆ

# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

## ਕਿਸ਼ਤ : 26

ਹੁਣ ਜਦੋਂ ਅਹਿਮਦ ਸ਼ਾਹ ਅਬਦਾਲੀ ਅਫ਼ਗਾਨਿਸਤਾਨ ਵਾਪਸ ਚਲਾ ਗਿਆ ਸੀ, ਸਿੱਖਾਂ ਨੇ ਦੋ ਕੰਮ ਕਰਨੇ ਸਨ-ਇਕ ਸੀ ਅਬਦਾਲੀ ਨੇ ਪੇਸ਼ਾਵਰ ਤੋਂ ਦਿੱਲੀ ਤਕ ਆਪਣੀ ਬਿਸਾਤ ਉੱਤੇ ਜਿਹੜੇ ਮੋਹਰੇ ਬਿਠਾਏ ਸਨ ਉਨਾਂ ਨੂੰ ਕੁੱਟਣਾ, ਮਾਰਨਾ ਤੇ ਖਿਲਾਰਣਾ। ਦੂਜਾ ਕੰਮ ਸੀ ਹਰਿਮੰਦਰ ਸਾਹਬ ਦਾ ਨਿਰਮਾਣ ਤੇ ਸਰੋਵਰ ਦੀ ਖ਼ੁਦਾਈ। ਸਰਦਾਰ ਆਹਲੂਵਾਲੀਆ ਨੇ ਦਲ ਖਾਲਸਾ ਦੇ ਸਰਦਾਰਾਂ ਨੂੰ ਸੱਦਾ ਭੇਜਿਆ ਤੇ ਸਰਬਤ ਖਾਲਸਾ ਨੇ ਫੈਸਲਾ ਲਿਆ ਕਿ ਦੁਆਬੇ ਤੇ ਮਾਲਵੇ ਦੀਆਂ ਮਿਸਲਾਂ-ਆਹਲੂਵਾਲੀਆ, ਸਿੰਘ ਪੁਰੀਆ, ਡੱਲੇ ਵਾਲੀਆ, ਕਰੋੜ ਸਿੰਘੀਆ, ਨਿਸ਼ਾਨ ਵਾਲੇ ਤੇ ਸ਼ਹੀਦ, ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਅਬਦਾਲੀ ਦੇ ਮੋਹਰਿਆਂ ਨੂੰ ਉਜਾੜਨ-ਉਖਾੜਨਗੇ ਤੇ ਜਿਸ ਕਿਸੇ ਨੇ ਵੀ ਖਾਲਸੇ ਉਪਰ ਵਾਧਾ ਕੀਤਾ ਸੀ, ਉਸਦੀ ਭਾਜੀ ਮੋੜਨਗੇ ਤਾਂਕਿ ਪੰਜਾਬ ਦੀ ਧਰਤੀ ਤੋਂ ਬਾਹਰੀ ਤੇ ਅੰਦਰੂਨੀ ਦੁਸ਼ਮਣਾਂ ਦਾ ਸਫਾਇਆ ਕੀਤਾ ਜਾ ਸਕੇ। ਦੂਜੇ ਪਾਸੇ ਮਾਝੇ ਤੇ ਰਿਆੜ ਦੀਆਂ ਮਿਸਲਾਂ-ਰਾਮਗੜੀਆ, ਕਨਈਆ, ਸ਼ੁਕਰ ਚੱਕੀਆ, ਭੰਗੀ ਅਤੇ ਨਕਈ ਹਰੀ ਸਿੰਘ ਭੰਗੀ ਦੀ ਅਗਵਾਈ ਵਿਚ ਹਰਿਮੰਦਰ ਤੇ ਸਰੋਵਰ ਦੇ ਨਿਰਮਾਣ ਦਾ ਕੰਮ ਕਰਨਗੀਆਂ।

10 ਅਪ੍ਰੈਲ 1763 ਦੀ ਵਿਸਾਖੀ ਸੀ। ਇਸ ਸਮੇਂ ਖਾਲਸੇ ਦਾ ਬੋਲਬਾਲਾ ਸੀ। ਰਾਜਨੀਤਕ, ਸਮਾਜਿਕ ਤੇ ਧਾਰਮਿਕ ਮਾਮਲਿਆਂ ਵਿਚ ਉਹ ਸਭ ਦੀ ਫ਼ਰਿਆਦ ਸੁਣਦਾ ਸੀ ਤੇ ਦੀਨ ਦੁਖੀਆਂ ਦੇ ਕੰਮ ਆਉਂਦਾ ਸੀ। ਇਸ ਦਿਨ ਦੀਵਾਨ ਸਜਿਆ ਹੋਇਆ ਸੀ ਤੇ ਹਰੀ ਸਿੰਘ ਭੰਗੀ ਉੱਥੇ ਬੈਠਾ ਸੀ। ਇਕ ਬ੍ਰਾਹਮਣ ਨੇ ਆ ਕੇ ਫ਼ਰਿਆਦ ਕੀਤੀ ਕਿ ਉਸਮਾਨ ਖ਼ਾਂ ਕਸੂਰੀਆ ਉਸਦੀ ਪਤਨੀ ਨੂੰ ਚੁੱਕ ਕੇ ਲੈ ਗਿਆ ਹੈ। ਹਰੀ ਸਿੰਘ ਬ੍ਰਾਹਮਣ ਦੀ ਮਦਦ ਲਈ ਤਿਆਰ ਹੋ ਗਿਆ, ਪਰ ਕੁਝ ਸਿੱਖਾਂ ਨੇ ਵਿਰੋਧ ਕੀਤਾ...ਤਰਕ ਇਹ ਸੀ ਕਿ ਕਸੂਰ ਦੇ ਪਠਾਨ ਬੜੇ ਤਾਕਤਵਰ ਨੇ; ਉੱਥੇ ਅਨੇਕਾਂ ਗੜੀਆਂ ਬਣੀਆਂ ਹੋਈਆਂ ਨੇ, ਜਿਹਨਾਂ ਵਿਚ ਗੋਲਾ ਬਾਰੂਦ ਤੇ ਹਥਿਆਰ ਭਰੇ ਪਏ ਨੇ, ਦੂਜੇ ਪਠਾਨ ਉਸਦੀ ਮਦਦ ਲਈ ਆ ਜਾਣਗੇ ਜਦਕਿ ਖਾਲਸੇ ਦੀ ਨਫਰੀ ਬੜੀ ਘੱਟ ਹੈ।

ਹਰੀ ਸਿੰਘ ਨੇ ਉਤਰ ਦਿੱਤਾ, 'ਇਸ ਬ੍ਰਾਹਮਣ ਨੇ ਗੁਰੂ ਦੇ ਦਰਬਾਰ ਵਿਚ ਪੁਕਾਰ ਕੀਤੀ ਏ। ਇਸ ਲਈ ਇਸਦੀ ਸਹਾਇਤਾ ਕਰਨਾ ਸਾਡਾ ਫ਼ਰਜ਼ ਬਣਦਾ ਹੈ।'

ਚੜਤ ਸਿੰਘ ਨੇ ਤਲਵਾਰ ਮਿਆਨ ਵਿਚੋਂ ਕੱਢ ਕੇ ਕਿਹਾ, 'ਸ੍ਰੀ ਦਰਬਾਰ ਸਾਹਬ ਵਿਚ ਗ੍ਰੰਥ ਸਾਹਬ ਦੀ ਹਜ਼ੂਰੀ ਵਿਚ ਅਰਦਾਸ ਕਰ ਕੇ ਵਾਕ ਲਿਆ ਜਾਵੇ ਤੇ ਜੋ ਹੁਕਮ ਹੋਵੇ, ਉਸਦੀ ਪਾਲਨਾ ਕੀਤੀ ਜਾਵੇ।'

ਇਹ ਗੱਲ ਸਾਰਿਆਂ ਨੇ ਮੰਨ ਲਈ। ਗ੍ਰੰਥ ਸਾਹਬ ਦੇ ਪੰਨੇ ਉਲਦੇ ਗਏ, ਜਿਹੜਾ ਪੰਨਾ ਖੁੱਲਿਆ ਉਸ ਉੱਤੇ ਪਹਿਲਾ ਵਾਕ ਇਹ ਸੀ-

ਪੰਜੇ ਬੱਧੇ ਮਹਾਬਲੀ ਕਰਿ ਸਚਾ ਢੋਆ<br>
ਆਪਣੇ ਚਰਨ ਜਮਾਈ ਨੂ ਵਿਚ ਦਾਯੁ ਖਲੋਆ।<br>
ਰੋਗ ਸੋਗ ਸਭ ਮਿਟ ਗਏ ਨਿਤ ਨਵਾਂ ਨਰੋਆ।<br>
ਦਿਨ ਰੈਣੀ ਨਾਮੁ ਧਿਆਈਆ ਫਿਰਿ ਪਾਈ ਨ ਮੋਆ।<br>
ਜਿਸਤੋਂ ਤੇ ਉਪਜਿਆ ਨਾਨਕ ਸੋਈ ਫਿਰਿ ਹੋਆ।

(ਜਿਸਨੇ ਲੋਭ, ਮੋਹ, ਕਰੋਧ, ਹੰਕਾਰ ਤੇ ਕਾਮ ਵਰਗੇ ਮਹਾਬਲੀਆਂ ਨੂੰ ਜਿੱਤ ਲਿਆ ਉਸ ਦੇ ਸਭ ਰੋਗ ਮਿਟ ਜਾਂਦੇ ਨੇ ਤੇ ਉਹ ਹਮੇਸ਼ਾ ਸਵਸਥ ਤੇ ਸੁਕੁਸ਼ਲ ਰਹਿੰਦਾ ਹੈ। ਨਾਨਕ ਜਿਹੜਾ ਦਿਨ-ਰਾਤ ਰਾਮ ਨਾਮ ਜਪਦਾ ਹੈ, ਉਹ ਕਦੀ ਮਰਦਾ ਨਹੀਂ, ਜਿਸ ਤੋਂ ਉਪਜਿਆ ਹੈ ਉਸੇ ਵਿਚ ਵਿਲੀਨ ਹੋ ਜਾਂਦਾ ਹੈ।)

ਇਸ ਮਹਾਵਾਕ ਨਾਲ ਖਾਲਸੇ ਦੇ ਸਾਰੇ ਸ਼ੰਕੇ ਮਿਟ ਗਏ। ਉਨਾਂ ਤੁਰੰਤ ਕਸੂਰ ਉੱਤੇ ਚੜਾਈ ਕਰ ਦਿੱਤੀ। ਰਸਤੇ ਵਿਚ ਨਾ ਝੰਡੇ ਲਹਿਰਾਏ ਨਾ ਨਗਾਰੇ ਵਜਾਏ ਤੇ ਨਾ ਹੀ ਕਿਸੇ ਨੂੰ ਛੇੜਿਆ। ਦੁਕਾਨਦਾਰਾਂ ਤੇ ਸੁਦਾਗਰਾਂ ਦੇ ਭੇਸ ਵਿਚ ਆਪਣੇ ਕੁਝ ਜਾਸੂਸ ਅੱਗੇ ਭੇਜ ਦਿੱਤੇ ਸਨ। ਰਮਜਾਨ ਦਾ ਮਹੀਨਾ ਸੀ ਤੇ ਅੰਤਾਂ ਦੀ ਗਰਮੀ ਪੈ ਰਹੀ ਸੀ। ਉਹ ਖ਼ਬਰ ਲਿਆਏ ਕਿ ਪਠਾਨ ਭੋਰਿਆਂ ਵਿਚ ਦਿਨ ਗੁਜ਼ਾਰ ਰਹੇ ਨੇ। ਸਿੱਖ ਚੁੱਪਚਾਪ ਤੇ ਅਚਾਨਕ ਸਿਖਰ ਦੁਪਹਿਰੇ ਸ਼ਹਿਰ ਵਿਚ ਜਾ ਦਾਖਲ ਹੋਏ।

ਸ਼ਹਿਰ ਦੇ ਦਰਵਾਜ਼ੇ ਬੰਦ ਕਰਕੇ ਉਨਾਂ ਉੱਤੇ ਆਪਣਾ ਪਹਿਰਾ ਬਿਠਾ ਦਿੱਤਾ। ਆਵਾਜਾਈ ਦਾ ਸਿਲਸਿਲਾ ਬੰਦ ਹੋ ਗਿਆ। ਮਾਮੂਲੀ ਜਿਹੀ ਲੜਾਈ ਹੋਈ। ਉਸਮਾਨ ਖ਼ਾਂ ਆਪਣੇ ਪੰਜ ਸੌ ਆਦਮੀਆਂ ਨਾਲ ਮਾਰਿਆ ਗਿਆ। ਬ੍ਰਾਹਮਣ ਦੀ ਪਤਨੀ ਉਸਦੇ ਹਵਾਲੇ ਕਰ ਦਿੱਤੀ ਗਈ। ਉਸਮਾਨ ਖ਼ਾਂ ਦੇ ਭਤੀਜੇ ਹਮੀਦ ਖ਼ਾਂ ਨੇ ਸਰਦਾਰ ਝੰਡਾ ਸਿੰਘ ਦੇ ਪੈਰਾਂ ਉੱਤੇ ਡਿੱਗ ਕੇ ਜਾਨ ਬਖ਼ਸ਼ ਦੇਣ ਦੀ ਅਰਜੋਈ ਕੀਤੀ ਤੇ ਇਸ ਲਈ ਚਾਰ ਲੱਖ ਰੁਪਏ ਨਜ਼ਰਾਨਾ ਦਿੱਤਾ। ਉਸ ਤੋਂ ਬਾਅਦ ਲੁੱਟ ਮੱਚੀ। ਸ਼ਹਿਰ ਦੇ ਦਰਵਾਜ਼ੇ ਖੋਲ ਦਿੱਤੇ ਗਏ ਸਨ। ਲੁੱਟ ਵਿਚ ਆਸੇ ਪਾਸੇ ਦੇ ਪਿੰਡਾਂ ਦੇ ਲੋਕ ਵੀ ਸ਼ਾਮਲ ਹੋ ਗਏ। ਇਸ ਲੁੱਟ ਵਿਚ ਏਨਾ ਧਨ ਹੱਥ ਲੱਗਿਆ ਕਿ ਬਹੁਤਿਆਂ ਦੇ ਦਲਿੱਦਰ ਦੂਰ ਹੋ ਗਏ ਤੇ ਕਸੂਰ ਸ਼ਹਿਰ ਬਰਬਾਦ ਹੋ ਗਿਆ।

ਜੱਸਾ ਸਿੰਘ ਆਹਲੂਵਾਲੀਆ ਆਪਣੀ ਡੱਲੇਵਾਲੀਆ ਤੇ ਸਿੰਘ ਪੁਰੀਆ ਮਿਸਲ ਨਾਲ ਜਲੰਧਰ ਦੁਆਬੇ ਵਿਚ ਪਹੁੰਚਿਆ, ਇੱਥੇ ਅਹਿਮਦ ਸ਼ਾਹ ਅਬਦਾਲੀ, ਸਆਦਤ ਖ਼ਾਂ ਨੂੰ ਫੌਜਦਾਰ ਥਾਪ ਕੇ ਗਿਆ ਸੀ। ਸਆਦਤ ਖ਼ਾਂ ਦੀ ਹਿੰਮਤ ਹੀ ਨਹੀਂ ਪਈ ਕਿਸ ਸਿੰਘਾਂ ਨਾਲ ਟੱਕਰ ਲੈ ਸਕੇ। ਉਹ ਚੁੱਪਚਾਪ ਜਲੰਧਰ ਵਿਚ ਬੈਠਾ ਰਿਹਾ। ਜਿਹੜੇ ਇਲਾਕੇ ਪਹਿਲਾਂ ਸਿੱਖਾਂ ਦੀ ਰਾਖੀ ਪ੍ਰਣਾਲੀ ਦੇ ਅਧੀਨ ਸਨ, ਉਨਾਂ ਉਪਰ ਮੁੜ ਕਬਜਾ ਕਰ ਲਿਆ ਗਿਆ।

1763 ਦੀ ਵਿਸਾਖੀ ਨੂੰ ਜੱਸਾ ਸਿੰਘ ਆਨੰਦਪੁਰ ਵਿਚ ਸੀ। ਉੱਥੇ ਗੁਰੂਦਵਾਰਿਆਂ ਦੇ ਦਰਸ਼ਨਾਂ ਲਈ ਆਏ ਸਿੰਘਾਂ ਨੇ ਦੱਸਿਆ ਕਿ ਕਾਠਗੜ ਦਾ ਗੋਲੇ ਖ਼ਾਂ ਤੇ ਗੜ ਸ਼ੰਕਰ ਦੇ ਰੰਘੜ ਰਸਤੇ ਵਿਚ ਸੰਗਤਾਂ ਨੂੰ ਲੁੱਟ ਲੈਂਦੇ ਹਨ। 'ਰੰਘੜਾਂ ਦੀ ਇਹ ਹਿੰਮਤ ਕਿ ਉਸ ਸਾਡੇ ਹੁੰਦਿਆਂ ਸੰਗਤਾਂ ਨੂੰ ਲੁੱਟ ਲੈਣ...' ਜੱਸਾ ਸਿੰਘ ਨੂੰ ਗੁੱਸਾ ਆ ਗਿਆ ਤੇ ਉਸਨੇ ਤੁਰੰਤ ਦੋਹੇਂ ਇਲਾਕੇ ਆਪਣੇ ਕਬਜੇ ਵਿਚ ਲੈ ਲਏ।

ਆਨੰਦਪੁਰ ਤੋਂ ਖਾਲਸਾ ਦਲ ਮਾਲਵੇ ਵਿਚ ਆ ਗਿਆ। ਮਲੇਰਕੋਟਲੀਏ ਭੀਖਨ ਖ਼ਾਂ ਨੇ ਘੱਲੂਘਾਰੇ ਵਿਚ ਅਹਿਮਦ ਸ਼ਾਹ ਅਬਦਾਲੀ ਦਾ ਸਾਥ ਦੇ ਕੇ ਸਿੱਖਾਂ ਨੂੰ ਖਾਸਾ ਨੁਕਸਾਨ ਪੁਚਾਇਆ ਸੀ। ਹੁਣ ਦਲ ਖਾਲਸ ਨੇ ਮਲੇਰਕੋਟਲੇ ਦਾ ਪੂਰਾ ਇਲਾਕਾ ਮਿੱਧ ਸੁੱਟਿਆ ਤੇ ਨਵਾਬ ਭੀਖਨ ਖ਼ਾਂ ਇਕ ਲੜਾਈ ਵਿਚ ਮਾਰਿਆ ਗਿਆ। ਇਸ ਪਿੱਛੋਂ ਦਲ ਖਾਲਸਾ ਨੇ ਸਰਹਿੰਦ ਵਲ ਕੂਚ ਕੀਤਾ ਤੇ ਆਸਪਾਸ ਦਾ ਇਲਾਕਾ ਉਗਰਾ ਲਿਆ।

ਬਰਸਾਤ ਸ਼ੁਰੂ ਹੋਈ ਤਾਂ ਖਾਲਸਾ ਦੁਆਬੇ ਵਿਚ ਪਰਤ ਆਇਆ ਤੇ ਦੋ ਢਾਈ ਮਹੀਨੇ ਆਰਾਮ ਕੀਤਾ।

5 ਮਾਰਚ, 1763 ਦੀ ਦੀਵਾਲੀ ਸੀ। ਸਰਬਤ ਖਾਲਸਾ ਛੇਤੀ ਤੋਂ ਛੇਤੀ ਸਰਹਿੰਦ ਉੱਤੇ ਚੜਾਈ ਕਰਨ ਦੀ ਵਿਉਂਤ ਬੰਦੀ ਕਰ ਰਿਹਾ ਸੀ। ਉਦੋਂ ਹੀ ਗੁਜਰਾਂਵਾਲਾ ਤੋਂ ਚੜਤ ਸਿੰਘ ਦਾ ਸੁਨੇਹਾ ਆਇਆ ਕਿ ਅਹਿਮਦ ਸ਼ਾਹ ਦੁਰਾਨੀ ਦੇ ਜਰਨੈਲ ਜਹਾਨ ਖ਼ਾਂ ਨੇ ਅਟਕ ਪਾਰ ਕਰ ਲਿਆ ਹੈ ਤੇ ਉਹ ਜੰਮੂ ਦੇ ਰਾਜੇ ਰਣਜੀਤ ਦੇਵ ਦੀ ਸਹਾਇਤਾ ਨਾਲ ਸਿੱਖਾਂ ਉੱਤੇ ਹਮਲਾ ਕਰੇਗਾ। ਇਹ ਪਤਾ ਲੱਗਦਿਆਂ ਹੀ ਜੱਸਾ ਸਿੰਘ ਆਹਲੂਵਾਲੀਆ, ਝੰਡਾ ਸਿੰਘ ਤੇ ਗੁਜਰ ਸਿੰਘ ਚੜਤ ਸਿੰਘ ਨਾਲ ਆ ਮਿਲੇ ਤੇ ਜਹਾਨ ਖ਼ਾਂ ਨੂੰ ਜਾ ਲਲਕਾਰਿਆ। ਲੜਾਈ ਵਿਚ ਜਹਾਨ ਖ਼ਾਂ ਦਾ ਘੋੜਾ ਮਰ ਗਿਆ। ਜਹਾਨ ਖ਼ਾਂ ਭੋਇੰ ਤੇ ਆ ਡਿੱਗਿਆ। ਇਹ ਦੇਖਦਿਆਂ ਹੀ ਸਿੰਘ 'ਮਾਰ ਲਿਆ, ਮਾਰ ਲਿਆ...ਜਹਾਨ ਖ਼ਾਂ ਮਾਰ ਲਿਆ। ਬੋਲੇ ਸੋ ਨਿਹਾਲ, ਸਤ ਸ੍ਰੀ ਆਕਾਲ; ਵਾਹਿਗੁਰ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ...' ਦੇ ਜੈਕਾਰੇ ਛੱਡਦੇ ਹੋਏ ਅਫ਼ਗਾਨਾ 'ਤੇ ਟੁੱਟ ਪਏ ਤੇ ਉਹਨਾਂ ਵਿਚ ਭਗਦੜ ਮੱਚ ਗਈ। ਜਹਾਨ ਖ਼ਾਂ ਜਾਨ ਬਚਾਅ ਕੇ ਰੋਹਤਾਸ ਗੜ ਵੱਲ ਭੱਜ ਲਿਆ। ਉਸਦਾ ਇਕ ਹਾਥੀ, ਜੰਗੀ ਸਾਮਾਨ ਤੇ ਪੂਰੇ ਦਾ ਪੂਰਾ ਪਰਵਾਰ ਸਿੱਖਾਂ ਦੇ ਹੱਥ ਲੱਗਿਆ।

ਜਹਾਨ ਖ਼ਾਂ ਦੀ ਬੇਗ਼ਮ ਨੇ ਸਰਦਾਰ ਜੱਸਾ ਸਿੰਘ ਨੂੰ ਅਰਜ ਕੀਤੀ ਕਿ 'ਇਸ ਵੇਲੇ ਸਾਡਾ ਪਰਦਾ ਤੇ ਸਾਡੀ ਇੱਜ਼ਤ ਤੁਹਾਡੇ ਹੱਥ ਵਿਚ ਹੈ।' ਇਹ ਵੀ ਪਤਾ ਲੱਗਿਆ ਕਿ ਜੇਵਰ ਤੇ ਹੋਰ ਬਹੁਤ ਸਾਰਾ ਕੀਮਤੀ ਸਾਮਾਨ ਵੀ ਔਰਤਾਂ ਕੋਲ ਹੈ। ਸਰਦਾਰ ਜੱਸਾ ਸਿੰਘ ਨੇ ਬੇਗ਼ਮ ਨੂੰ ਕਹਿ ਭੇਜਿਆ ਕਿ 'ਤੁਸੀਂ ਜ਼ਰਾ ਵੀ ਫਿਕਰ ਨਾ ਕਰੋ। ਤੁਹਾਡੇ ਨਾਲ ਸਾਡੀ ਕੋਈ ਦੁਸ਼ਮਣੀ ਨਹੀਂ। ਲੜਾਈ, ਲੜਨ ਵਾਲੇ ਨਾਲ ਸੀ। ਤੁਹਾਡੀ ਤੇ ਤੁਹਾਡੇ ਮਾਲ ਦੀ ਹਰ ਤਰਾਂ ਹਿਫਾਜ਼ਤ ਕੀਤੀ ਜਾਏਗੀ। ਜਿੱਥੇ ਤੁਸੀਂ ਜਾਣਾ ਚਾਹੋ, ਅਸੀਂ ਤੁਹਾਨੂੰ ਉੱਥੇ ਪਹੁੰਚਾ ਦਿਆਂਗੇ।'

ਬੇਗ਼ਮ ਨੇ ਜੰਮੂ ਜਾਣ ਦੀ ਇੱਛਾ ਪਰਗਟ ਕੀਤੀ ਤੇ ਜੱਸਾ ਸਿੰਘ ਨੇ ਆਪਣੇ ਡੋਲੀ ਬਰਦਾਰਾਂ ਦੇ ਨਾਲ ਉਸਨੂੰ ਉੱਥੇ ਪਹੁੰਚਾ ਦਿੱਤਾ।

ਹੁਣ ਸਰਹਿੰਦ ਦੀ ਵਾਰੀ ਸੀ। ਸਰਹਿੰਦ ਦੀ ਜਿੱਤ ਦਾ ਅਰਥ ਸੀ, ਮਾਲਵੇ ਵਿਚ ਅਹਿਮਦ ਸ਼ਾਹ ਅਬਦਾਲੀ ਦੀ ਹਕੂਮਤ ਦਾ ਸਫਾਇਆ। ਜੱਸਾ ਸਿੰਘ ਆਹਲੂਵਾਲੀਆ ਨੂੰ ਇਹ ਸੂਚਨਾ ਮਿਲ ਚੁੱਕੀ ਸੀ ਕਿ ਸਰਹਿੰਦ ਦਾ ਫੌਜਦਾਰ ਜੈਨ ਖ਼ਾਂ ਧਨ ਇਕੱਠਾ ਕਰਨ ਵਿਚ ਰੁੱਝਿਆ ਹੋਇਆ ਹੈ ਤੇ ਉਸਨੇ ਪਹਾੜੀ ਰਾਜਿਆਂ ਨਾਲ ਮਿਲ ਕੇ ਅੰਨੀ ਲੁੱਟ ਮਚਾਈ ਹੋਈ ਹੈ। ਇਸ ਅੰਨੀ ਲੁੱਟ ਹੱਥੋਂ ਲੋਕ ਦੁਖੀ ਹਨ। ਕਾਰਨ ਇਹ ਕਿ ਉਸਨੇ ਤਨਖਾਹਾਂ ਦੇਣੀਆਂ ਬੰਦ ਕਰ ਦਿੱਤੀਆਂ ਸਨ। ਉਗਰਾਈ ਵਿਚ ਜਿਹੜਾ ਅਨਾਜ ਆਉਂਦਾ, ਉਸਦਾ ਕੁਝ ਹਿੱਸਾ ਅਫ਼ਸਰਾਂ ਤੇ ਸਿਪਾਹੀਆਂ ਨੂੰ ਦੇ ਦਿੱਤਾ ਜਾਂਦਾ ਸੀ ਜਿਹੜਾ ਉਨਾਂ ਦੀ ਇਕ ਚੌਥਾਈ ਤਨਖ਼ਾਹ ਦੇ ਬਰਾਬਰ ਵੀ ਨਹੀਂ ਸੀ ਹੁੰਦਾ। ਸਿੱਟਾ ਇਹ ਕਿ ਉਸਦੇ ਕਈ ਅਫ਼ਸਰ ਉਸਦੀ ਨੌਕਰੀ ਛੱਡ ਕੇ ਗੰਗ ਦੁਆਬੇ ਵਿਚ ਨਜੀਬੂਦੌਲਾ ਕੋਲ ਚਲੇ ਗਏ ਸਨ। ਜੈਨ ਖ਼ਾਂ ਨੂੰ ਛੱਡ ਕੇ ਚਲੇ ਜਾਣ ਵਾਲੇ ਅਫ਼ਸਰਾਂ ਵਿਚ ਕਾਸਿਮ ਖ਼ਾਂ, ਮੁਰਤਜਾ ਖ਼ਾਂ ਤੇ ਤਹਿਮਸ ਖ਼ਾਂ ਮਿਸਕੀਨ ਵੀ ਸੀ।

ਅਹਿਮਦ ਸ਼ਾਹ ਅਬਦਾਲੀ ਨੇ ਜਦੋਂ ਜੈਨ ਖ਼ਾਂ ਨੂੰ ਸਰਹਿੰਦ ਦਾ ਫੌਜਦਾਰ ਥਾਪਿਆ ਸੀ ਤਾਂ ਤਹਿਮਸ ਖ਼ਾਂ ਉਸਦੀ ਮੁਲਾਜਮਤ ਵਿਚ ਚਲਾ ਗਿਆ ਸੀ। ਜਦੋਂ ਤਕ ਤਹਿਮਸ ਖ਼ਾਂ ਸਰਹਿੰਦ ਵਿਚ ਰਿਹਾ ਸ਼ਾਦ ਅਲੀ ਯਾਨੀ ਮੇਹਰ ਚੰਦ ਉਰਫ਼ ਮੇਹਰ ਅਲੀ ਵੀ ਉਸਦੇ ਨਾਲ ਸਰਹਿੰਦ ਵਿਚ ਰਿਹਾ। ਪਰ ਜਦੋਂ ਤਹਿਮਸ ਖ਼ਾਂ ਨਵੀਂ ਨੌਕਰੀ ਦੀ ਭਾਲ ਵਿਚ ਗੰਗ ਦੁਆਬੇ ਚਲਾ ਗਿਆ ਤਾਂ ਮੇਹਰ ਚੰਦ ਉਰਫ ਮੇਹਰ ਅਲੀ ਪੰਜਾਬ ਪਰਤ ਆਇਆ ਤੇ ਸਰਦਾਰ ਆਹਲੂਵਾਲੀਆ ਨੂੰ ਇਹ ਜਾਣਕਾਰੀ ਉਸੇ ਤੋਂ ਮਿਲੀ।

ਸਰਬਤ ਖਾਲਸਾ ਨੇ ਅੰਮ੍ਰਿਤਸਰ ਅਕਾਲ ਤਖ਼ਤ ਦੇ ਹਜ਼ੂਰ ਵਿਚ ਅਰਦਾਸ ਕੀਤੀ ਤੇ 13 ਜਨਵਰੀ 1764 ਨੂੰ ਸ਼ੁਕਰਵਾਰ ਵਾਲੇ ਦਿਨ ਸਰਹਿੰਦ ਉੱਤੇ ਚੜਾਈ ਕਰ ਦਿੱਤੀ। ਜੈਨ ਖ਼ਾਂ ਆਪਣੀ ਫੌਜ ਨਾਲ ਪਿੰਡਾਂ ਵਿਚ ਉਗਰਾਈ ਕਰਦਾ ਘੁੰਮ ਰਿਹਾ ਸੀ। ਦਲ ਖਾਲਸੇ ਦੀ ਗਿਣਤੀ ਪੰਜਾ ਹਜ਼ਾਰ ਸੀ। ਜੱਸਾ ਸਿੰਘ ਨੇ ਉਨਾਂ ਨੂੰ ਕਿਹਾ, 'ਸਾਡੇ ਲਈ ਚੰਗਾ ਮੌਕਾ ਏ ਕਿ ਅਸੀਂ ਜੈਨ ਖ਼ਾਂ ਨੂੰ ਪਿੰਡਾਂ ਵੱਲ ਹੀ ਘੇਰ ਲਈਏ, ਜੇ ਉਹ ਸ਼ਹਿਰ ਪਹੁੰਚ ਕੇ ਕਿਲੇ ਵਿਚ ਵੜ ਗਿਆ ਤਾਂ ਲੜਾਈ ਲੰਮੀ ਹੋ ਜਾਏਗੀ।' ਇਹ ਸਲਾਹ ਸਾਰਿਆਂ ਨੂੰ ਪਸੰਦ ਆਈ। ਬੁੱਢਾ ਦਲ ਨੇ ਜੱਸਾ ਸਿੰਘ ਦੀ ਕਮਾਂਡ ਵਿਚ ਜੈਨ ਖ਼ਾਂ ਨੂੰ ਅੱਗਿਓਂ ਰੋਕਣ ਲਈ ਬਸੀ ਦੇ ਪੂਰਬ ਵਿਚ ਭਾਗਲਪੁਰ ਜਾ ਮੋਰਚਾ ਲਇਆ ਤੇ ਤਰੁਣਾ ਦਾਲ ਚੜਤ ਸਿੰਘ ਦੀ ਕਮਾਨ ਵਿਚ ਦੱਖਣ ਪੂਰਬ ਵਿਚ ਮਨਹੇੜੀ ਜਾ ਪਹੁੰਚਿਆ। ਜਿਸ ਤਰਾਂ ਸਿੱਖ ਕੁਪ ਵਿਚ ਘਿਰ ਗਏ ਸਨ, ਐਨ ਉਸੇ ਤਰਾਂ ਜੈਨ ਖ਼ਾਂ ਦੋਹੇਂ ਪਾਸਿਓਂ ਘਿਰ ਗਿਆ। ਸਿੰਘਾਂ ਨੇ ਸਾਰੀ ਰਾਤ ਤਿਆਰ ਬਰ ਤਿਆਰ ਘੋੜਿਆਂ ਉੱਤੇ ਬਿਤਾਈ। ਉਧਰ ਜੈਨ ਖ਼ਾਂ ਨੂੰ ਪਤਾ ਲੱਗਿਆ ਤਾਂ ਉਸਨੇ ਵੀ ਰਾਤ ਖੜੇ ਖੜੇ ਹੀ ਲੰਘਾਈ।

24 ਜਨਵਰੀ ਦੀ ਸਵੇਰ ਦੇ ਘੁਸਮੁਸੇ ਵਿਚ ਜੈਨ ਖ਼ਾਂ ਕੁਝ ਸਵਾਰਾਂ ਨੂੰ ਨਾਲ ਲੈ ਕੇ ਮਨਹੇੜੇ ਵੱਲ ਤੁਰ ਪਿਆ ਤਾਂ ਕਿ ਅੱਖ ਬਚਾ ਕੇ ਚੁੱਪਚਾਪ ਨਿਕਲ ਜਾਏ ਤੇ ਸ਼ਹਿਰ ਵਿਚ ਪਹੁੰਚ ਜਾਏ। ਤੋਪਾਂ, ਜੰਬੂਰੇ ਤੇ ਘੋੜੇ ਆਦੀ ਉਸਨੇ ਬਹੀਰ ਕੋਲ ਛੱਡ ਦਿੱਤੇ ਤੇ ਉਨਾਂ ਨੂੰ ਧੌਂਸੇ ਤੇ ਨਗਾੜੇ ਵਜਾਉਂਦੇ ਰਹਿਣ ਦਾ ਹੁਕਮ ਦਿੱਤਾ। ਉਸਨੇ ਸੋਚਿਆ ਸੀ ਕਿ ਨਗਾੜਿਆਂ ਦੀ ਆਵਾਜ਼ ਸੁਣ ਕੇ ਖਾਲਸੇ ਦਾ ਧਿਆਨ ਉਧਰ ਹੋ ਜਾਏਗਾ ਤੇ ਉਹ ਸਾਮਾਨ ਲੁੱਟਣ ਲਈ ਟੁੱਟ ਪੈਣਗੇ ਤੇ ਉਸਨੂੰ ਸਰਹਿੰਦ ਪਹੁੰਚ ਕੇ ਕਿਲੇ ਵਿਚ ਮੋਰਚਾ ਲੈਣ ਦਾ ਮੌਕਾ ਮਿਲ ਜਾਏਗਾ।

ਪਰ ਇੰਜ ਨਾ ਹੋ ਸਕਿਆ। ਸਰਦਾਰ ਆਹਲੂਵਾਲੀਆ ਹਰ ਪੱਖ ਤੋਂ ਚੁਕੰਨਾ ਸੀ। ਉਸਨੇ ਸੂਹੀਏ ਛੱਡੇ ਹੋਏ ਸਨ। ਧੌਂਸ ਦੀ ਆਵਾਜ਼ ਸੁਣ ਕੇ ਤਰੁਣਾ ਦਲ ਦੇ ਮਝੈਲ ਬਹੀਰ ਵੱਲ ਦੌੜੇ। ਸੂਹੀਆਂ ਨੇ ਜੱਸਾ ਸਿੰਘ ਨੂੰ ਖ਼ਬਰ ਦਿੱਤੀ ਤਾਂ ਬੁੱਢਾ ਦਾਲ ਨੇ ਜੈਨ ਖ਼ਾਂ ਨੂੰ ਜਾ ਘੇਰਿਆ। ਜੈਨ ਖ਼ਾਂ ਨੇ ਕੁਝ ਫੌਜ ਸਿੱਖ ਦਸਤਿਆਂ ਦੇ ਮੁਕਾਬਲੇ ਲਈ ਭੇਜ ਦਿੱਤੀ ਤੇ ਆਪ ਸ਼ਹਿਰ ਵੱਲ ਵਧਣਾ ਜ਼ਾਰੀ ਰੱਖਿਆ। ਪਰ ਅੱਗੇ ਵੀ ਸਿੱਖ ਮੌਜ਼ੂਦ ਸਨ। ਉਨਾਂ ਦੀਆਂ ਗੋਲੀਆਂ ਦੀ ਵਾਛੜ ਨਾਲ ਜ਼ਖ਼ਮੀ ਹੋ ਕੇ ਜੈਨ ਖ਼ਾਂ ਭੁੰਜੇ ਡਿੱਗ ਪਿਆ। ਉਸਦੇ ਸਾਥੀਆਂ ਵਿਚ ਸ਼ੋਰ ਮੱਚ ਗਿਆ, 'ਬਰਕੁਨ, ਬਰਕੁਨ' ਦੀਆਂ ਆਵਾਜ਼ਾਂ ਸੁਣ ਕੇ ਸਿੱਖ ਸਮਝ ਗਏ ਕਿ ਜੈਨ ਖ਼ਾਂ ਡਿੱਗ ਪਿਆ ਹੈ ਤੇ ਬਹੁਤ ਸਾਰੇ ਸਿੱਖ ਉੱਥੇ ਜਾ ਪਹੁੰਚੇ। ਮਾੜੀ ਦੇ ਤਾਰਾ ਸਿੰਘ ਨੇ ਅੱਗੇ ਵਧ ਕੇ ਜੈਨ ਖ਼ਾਂ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਜੈਨ ਖ਼ਾਂ ਦੇ ਮਾਰੇ ਜਾਣ ਦੀ ਦੇਰ ਸੀ ਕਿ ਅਫ਼ਗਾਨ ਫੌਜ ਭੱਜ ਖੜੀ ਹੋਈ ਤੇ ਮੈਦਾਨ ਖਾਲਸੇ ਦੇ ਹੱਥ ਰਿਹਾ।

ਜੱਥੇ ਬਾਣ ਲਾਗੀ।<br>
ਤੱਥੇ ਰੋਸ ਜਾਗੀ।।

ਘੱਲੂਕਾਰਾ ਕਾਂਢ ਨੇ ਸਿੱਖਾਂ ਵਿਚ ਭਾਰੀ ਰੋਸ ਪੈਦਾ ਕਰ ਦਿੱਤਾ ਸੀ। ਉਸ ਤੋਂ ਠੀਕ ਦੋ ਸਾਲ ਪਿੱਛੋਂ ਸਰਹਿੰਦ ਫਤਿਹ ਕਰਕੇ ਉਹਨਾਂ ਉਸਦਾ ਬਦਲਾ ਲੈ ਲਿਆ। 14 ਜਨਵਰੀ, 1761 ਨੂੰ ਅਹਿਮਦ ਸ਼ਾਹ ਦੁਰਾਨੀ ਨੇ ਪਾਨੀਪਤ ਵਿਚ ਮਰਾਠਿਆਂ ਨੂੰ ਹਰਾਇਆ ਸੀ। ਉਸ ਤੋਂ ਤਿੰਨ ਸਾਲ ਬਾਅਦ 14 ਜਨਵਰੀ, 1764 ਨੂੰ ਦੁਰਾਨੀਆਂ ਨੂੰ ਸਰਹਿੰਦ ਵਿਚ ਹਰਾ ਕੇ ਖਾਲਸੇ ਨੇ ਸਤਲੁਜ ਪਾਰ ਦੇ ਦੱਖਣੀ ਇਲਾਕੇ ਵਿਚੋਂ ਉਨਾਂ ਦੀ ਹਕੂਮਤ ਹਮੇਸ਼ਾ ਲਈ ਖ਼ਤਮ ਕਰ ਦਿੱਤੀ।

ਸਿੱਖਾਂ ਨੇ ਸ਼ਹਿਰ ਵਿਚ ਪ੍ਰਵੇਸ਼ ਕਰਕੇ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ ਤਾਂਕਿ ਕੋਈ ਵੀ ਆਦਮੀ ਬਾਹਰ ਨਾ ਜਾ ਸਕੇ। ਕਈ ਕਈ ਸਿੱਖ ਸਿਪਾਹੀ ਹਰ ਘਰ ਵਿਚ ਜਾ ਘੁਸੇ। ਸੋਨਾ, ਚਾਂਦੀ, ਜੇਵਰ ਤੇ ਨਕਦੀ ਸਭ ਖੋਹ ਲਿਆ ਗਿਆ। ਨੱਪਿਆ-ਲੁਕਾਇਆ ਹੋਇਆ ਧਨ ਲੱਭਣ ਲਈ ਮਕਾਨਾ ਦੇ ਫ਼ਰਸ਼ ਤੇ ਛੱਤਾਂ ਉਖਾੜ ਦਿੱਤੀਆਂ ਗਈਆਂ। ਕੁਝ ਮਕਾਨਾ ਨੂੰ ਅੱਗ ਲਾ ਕੇ ਤੇ ਕੁਝ ਦੀ ਇੱਟ ਨਾਲ ਇੱਟ ਵਜਾ ਕੇ ਪੂਰਾ ਸ਼ਹਿਰ ਬਰਬਾਦ ਕਰ ਦਿੱਤਾ ਗਿਆ।

ਇਸ ਪਿੱਛੋਂ ਸਿੰਘਾਂ ਨੇ ਕਿਲੇ ਵਿਚ ਪਰਵੇਸ਼ ਕੀਤਾ। ਉਸਦੀਆਂ ਕੰਧਾਂ ਢਾਅ ਦਿੱਤੀਆਂ ਗਈਆਂ, ਜਿਹਨਾਂ ਵਿਚ ਫੌਜਦਾਰ ਵਜ਼ੀਰ ਖ਼ਾਂ ਨੇ ਦਸੰਬਰ 1705 ਨੂੰ ਗੁਰੂ ਗੋਬਿੰਦ ਸਿੰਘ ਦੇ ਦੋ ਛੋਟੇ ਸਾਹਿਬਜਾਦੇ-ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਨੂੰ ਚਿਣਵਾਇਆ ਸੀ। ਉੱਥੇ ਇਕ ਗੁਰੂਦੁਆਰਾ ਬਣਾਇਆ ਗਿਆ, ਜਿਸਦਾ ਨਾਂ ਫਤਿਹ ਗੜ ਰੱਖਿਆ ਗਿਆ।

ਸਿੰਘ ਅਜੇ ਸਰਹਿੰਦ ਨੂੰ ਮਿਸਲਾਂ ਵਿਚ ਵੰਡਣ ਤੇ ਉਸਦਾ ਪ੍ਰਬੰਧ ਕਰਨ ਵਿਚ ਰੁੱਝੇ ਸਨ ਕਿ ਭਰਤ ਪੁਰ ਦੇ ਰਾਜੇ ਜਵਾਹਰ ਸਿੰਘ ਦੇ ਵਕੀਲ ਗੁਰੂ ਦੇ ਦਰਬਾਰ ਵਿਚ ਫ਼ਰਿਆਦ ਲੈ ਕੇ ਆਏ ਕਿ ਨਜੀਬੂਦੌਲਾ ਰੋਹੇਲਾ ਨੇ ਭਰਤਪੁਰ ਰਾਜ ਵਿਚ ਤਰਥੱਲੀ ਮਚਾਈ ਹੋਈ ਹੈ। ਜਵਾਹਰ ਸਿੰਘ ਸੰਕਟ ਵਿਚ ਹੈ ਤੇ ਉਸਨੇ ਖਾਲਸੇ ਤੋਂ ਮਦਦ ਮੰਗੀ ਹੈ।

ਨਜੀਬੂਦੌਲਾ ਅਹਿਮਦ ਸ਼ਾਹ ਅਬਦਾਲੀ ਦਾ ਖਾਸ ਹਮਾਇਤੀ ਤੇ ਮੁੱਖ ਪਿੱਠੂ ਸੀ। ਦਲ ਖਾਲਸਾ ਨੇ ਪਹਿਲਾਂ ਹੀ ਦੇਸ਼ ਦੁਸ਼ਮਣਾਂ ਤੇ ਪਿੱਠੂਆਂ ਨੂੰ ਖ਼ਤਮ ਕਰਨ ਦੀ ਮੁਹਿੰਮ ਛੇੜੀ ਹੋਈ ਸੀ। ਹੁਣ ਇਹ ਚੰਗਾ ਮੌਕਾ ਹੱਥ ਲੱਗਾ ਸੀ, ਸੋ ਉਨਾਂ ਜਵਾਹਰ ਸਿੰਘ ਦੀ ਮਦਦ ਕਰਨਾ ਮੰਨ ਲਿਆ।

ਇਸ ਸਮੇਂ ਸਾਰੀਆਂ ਮਿਸਲਾਂ ਦੇ ਸਰਦਾਰ ਸਰਹਿੰਦ ਵਿਚ ਸਨ ਤੇ ਜਵਾਹਰ ਸਿੰਘ ਦੀ ਮਦਦ ਲਈ ਉਨਾਂ ਨੂੰ ਜਮਾਨਾ ਪਾਰ ਕਰਕੇ ਗੰਗ ਦੁਆਬੇ ਜਾਣਾ ਪੈਣਾ ਸੀ, ਪਰ ਪੰਜਾਬ ਪਿੱਛੇ ਰਹਿ ਗਿਆ ਸੀ ਤੇ ਉੱਥੇ ਹਾਲੇ ਅਬਦਾਲੀ ਦੇ ਹਮਾਇਤੀ ਮੌਜੂਦ ਸਨ। ਉਨਾਂ ਦਾ ਖਾਤਮਾ ਕਰਨਾ ਵੀ ਜ਼ਰੂਰੀ ਸੀ। ਇਸ ਲਈ ਆਹਲੂਵਾਲੀਆ ਨੇ ਆਪਣੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ, 'ਖਾਲਸਾ ਜੀ, ਅਸੀਂ ਜਵਾਹਰ ਸਿੰਘ ਦੀ ਮਦਦ ਇਸ ਲਈ ਕਰਨੀ ਹੈ ਕਿ ਉਸਦੀ ਮਦਦ ਅਸਲ ਵਿਚ ਸਾਡੀ ਆਪਣੀ ਮਦਦ ਹੋਏਗੀ।...ਤੇ ਮਦਦ ਦਾ ਸਭ ਤੋਂ ਚੰਗਾ, ਵੱਡਾ ਤੇ ਬਿਹਤਰ ਢੰਗ ਇਹ ਹੈ ਕਿ ਅਸੀਂ ਨਜੀਬੂਦੌਲਾ ਦੇ ਇਲਾਕੇ ਉੱਤੇ ਹਮਲਾ ਬੋਲ ਦੇਈਏ। ਇਸ ਨਾਲ ਰੋਹੇਲੇ ਘਬਰਾ ਜਾਣਗੇ। ਉਹ ਜਵਾਹਰ ਸਿੰਘ ਦੇ ਖ਼ਿਲਾਫ਼ ਮੁਹਿੰਮ ਨੂੰ ਛੱਡ ਕੇ ਆਪਣੇ ਘਰ ਦੀ ਸੁਰੱਖਿਆ ਲਈ ਭੱਜਿਆ ਆਏਗਾ।'

ਮਿਸਲ ਦੇ ਸਾਰੇ ਸਰਦਾਰਾਂ ਨੇ 'ਸਤ ਬਚਨ' ਕਹਿ ਕੇ ਇਕ ਸੁਰ ਵਿਚ ਇਸ ਸੁਝਾਅ ਦਾ ਸਮਰਥਣ ਕੀਤਾ। ਜੱਸਾ ਸਿੰਘ ਇਕ ਪਲ ਲਈ ਚੁੱਪ ਰਿਹਾ, ਫੇਰ ਬੋਲਿਆ, 'ਦੂਜੀ ਗੱਲ ਇਹ ਹੈ ਕਿ ਪੰਜਾਬ ਵਿਚ ਅਬਦਾਲੀ ਦੇ ਜਿਹੜੇ ਹਮਾਇਤੀ ਅਜੇ ਮੌਜੂਦ ਨੇ, ਅਸੀਂ ਸਭ ਤੋਂ ਪਹਿਲਾਂ ਉਨਾਂ ਨੂੰ ਖ਼ਤਮ ਕਰਨਾ ਹੈ...ਤਾਂਕਿ ਅਬਦਾਲੀ ਜਦੋਂ ਹਮਲਾ ਕਰੇ, ਉਸ ਨੂੰ ਅੰਦਰੋਂ ਕੋਈ ਮਦਦ ਨਾ ਮਿਲ ਸਕੇ। ਇਸ ਲਈ ਮੇਰੀ ਰਾਏ ਇਹ ਹੈ ਕਿ ਬੁੱਢਾ ਦਲ, ਜਵਾਹਰ ਸਿੰਘ ਦੀ ਮਦਦ ਲਈ ਗੰਗ ਦੁਆਬੇ ਜਾਏ ਤੇ ਤਰੁਣਾ ਦਾਲ ਪੰਜਾਬ ਪਰਤ ਕੇ ਉੱਥੇ ਕੋਨੇ ਕੋਨੇ ਵਿਚ ਹੂੰਝਾ ਫੇਰ ਕੇ ਦੁਸ਼ਮਣਾਂ ਦਾ ਸਫਾਇਆ ਕਰ ਦਏ।'

ਨਵਾਬ ਕਪੂਰ ਸਿੰਘ ਵਾਂਗ ਹੀ ਜੱਸਾ ਸਿੰਘ ਇਕ ਸੂਝਵਾਲ ਤੇ ਦੂਰਦਰਸ਼ੀ ਨੇਤਾ ਸੀ ਤੇ ਦਲ ਨੂੰ ਦਿਸ਼ਾ ਤੇ ਦ੍ਰਿਸ਼ਟੀ ਦੋਹੇਂ ਪ੍ਰਦਾਨ ਕਰਦਾ ਸੀ। ਉਸਦਾ ਇਕ ਇਕ ਸ਼ਬਦ ਦਿਲ ਲੱਗ ਜਾਂਦਾ ਸੀ।

ਅਗਲੇ ਦਿਨ 19 ਜਨਵਰੀ, 1764 ਨੂੰ ਬੁੱਢਾ ਦਲ ਨੇ ਜਮਨਾ ਪਾਰ ਕਰਕੇ ਗੰਗ ਦੁਆਬੇ ਵਿਚ ਪ੍ਰਵੇਸ਼ ਕੀਤਾ ਤੇ ਤਰੁਣਾ ਦਲ ਚੜਤ ਸਿੰਘ ਸ਼ੁਕਰਚਕੀਆ ਦੀ ਅਗਵਾਈ ਵਿਚ ਪੰਜਾਬ ਵੱਲ ਰਵਾਨਾ ਹੋ ਗਿਆ।...ਆਓ ਅਸੀਂ ਵੀ ਤਰੁਣਾ ਦਲ ਨਾਲ ਪੰਜਾਬ ਚੱਲੀਏ ਤੇ ਇਹ ਦੇਖੀਏ ਕਿ ਉਹਨਾਂ ਹੂੰਝਾ ਫੇਰਨ ਦਾ ਕੰਮ ਕਿਸ ਖ਼ੂਬੀ ਨਾਲ ਨੇਪਰੇ ਚਾੜਿਆ। ਉਸ ਪਿੱਛੋਂ ਅਸੀਂ ਬੁੱਢਾ ਦਲ ਦੇ ਕਾਰਨਾਮੇ ਦੇਖਣ ਲਈ ਗੰਗ ਦੁਆਬੇ ਚੱਲਾਂਗੇ।

ਜਲੰਧਰ ਦੁਆਬੇ ਦਾ ਫੌਜਦਾਰ ਸਆਦਤ ਖ਼ਾਂ ਸਰਹਿੰਦ ਵਿਚ ਜੈਨ ਖ਼ਾਂ ਦੀ ਹਾਰ ਤੇ ਮੌਤ ਦੀ ਖ਼ਬਰ ਸੁਣ ਕੇ ਏਨਾ ਡਰਿਆ ਹੋਇਆ ਸੀ ਕਿ ਜਦੋਂ ਉਸਨੂੰ ਤਰੁਣਾ ਦਲ ਦੇ ਇਧਰ ਆਉਣ ਦਾ ਪਤਾ ਲੱਗਿਆ ਤਾਂ ਉਹ ਚੁੱਪ-ਚਾਪ ਭੱਜ ਖੜਾ ਹੋਇਆ। ਇੰਜ ਜਲੰਧਰ ਦੁਆਬੇ ਉੱਤੇ ਸਹਿਜੇ ਹੀ ਖਾਲਸੇ ਦਾ ਕਬਜਾ ਹੋ ਗਿਆ।

ਇਸ ਪਿੱਛੋਂ ਤਰੁਣਾ ਦਲ ਨੇ ਲਾਹੌਰ ਉੱਤੇ ਚੜਾਈ ਕੀਤੀ ਤੇ ਸ਼ਹਿਰ ਦੀ ਘੇਰਾਬੰਦੀ ਕਰਕੇ ਉੱਥੋਂ ਦੇ ਹਾਕਮ ਕਾਬੁਲੀ ਮੱਲ ਨੂੰ ਕਿਹਾ ਕਿ 'ਉਨਾਂ ਕਸਾਈਆਂ ਨੂੰ ਸਜ਼ਾ ਦੇਵੇ, ਜਿਹਨਾਂ ਪਿੱਛਲੇ ਦਿਨੀਂ ਹਿੰਦੂਆਂ ਦਾ ਦਿਲ ਦੁਖਾਉਣ ਲਈ ਤੀਹ ਗਊਆਂ ਦੀ ਸ਼ਰੇਆਮ ਹੱਤਿਆ ਕੀਤੀ ਸੀ।' ਕਾਬੁਲੀ ਮੱਲ ਨੇ ਜਵਾਬ ਦਿੱਤਾ, 'ਖਾਲਸਾ ਜੀ, ਮੈਂ ਮੁਸਲਮਾਨ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਦਾ ਨੌਕਰ ਹਾਂ।

ਮੈਂ ਗਊ ਹੱਤਿਆ ਬੰਦ ਕਰਾਂਗਾ ਤਾਂ ਉਹ ਮੇਰੇ ਉੱਤੇ ਨਰਾਜ਼ ਹੋ ਜਾਏਗਾ।' ਪਰ ਸ਼ਹਿਰ ਨੂੰ ਘੇਰਾ ਪਿਆ ਹੋਇਆ ਸੀ। ਆਵਾਜਾਵੀ ਬੰਦ ਹੋ ਜਾਣ ਕਾਰਨ ਲੋਕੀਂ ਪ੍ਰੇਸ਼ਾਨ ਸਨ। ਇਸ ਲਈ ਕਾਬੁਲੀ ਮੱਲ ਨੇ ਸ਼ਹਿਰ ਦੇ ਪਤਵੰਤੇ ਸੱਜਨਾ ਤੋਂ ਮੰਜ਼ੂਰੀ ਲੈ ਕੇ ਦੋ-ਤਿੰਨ ਕਸਾਈਆਂ ਦੇ ਨੱਕ-ਕੰਨ ਕੱਟ ਕੇ ਉਨਾਂ ਨੂੰ ਸ਼ਹਿਰ ਵਿਚੋਂ ਬਾਹਰ ਕੱਢ ਦਿੱਤਾ। ਇਸ ਤੋਂ ਬਿਨਾਂ ਕਾਫੀ ਵੱਡਾ ਨਜ਼ਰਾਨਾ ਦੇ ਕੇ ਖਾਲਸੇ ਨਾਲ ਸੁਲਾਹ ਕਰ ਲਈ। ਹਰੀ ਸਿੰਘ ਭੰਗੀ ਦੇ ਵਕੀਲ ਟੇਕ ਚੰਦ ਨੂੰ ਦਸ ਰੁਪਏ ਰੋਜ਼ ਦੀ ਤਨਖ਼ਾਹ ਉੱਤੇ ਆਪਣੇ ਕੋਲ ਰੱਖ ਲਿਆ ਤੇ ਸਾਰੇ ਕੰਮ ਉਸਦੀ ਇੱਛਾ ਅਨੁਸਾਰ ਹੋਣ ਲੱਗੇ। ਇੰਜ ਲਾਹੌਰ ਖਾਲਸੇ ਦੀ ਅਧੀਨਤਾ ਵਿਚ ਆ ਗਿਆ।

ਬਾਕੀ ਸਫ਼ਾ 30 'ਤੇ

# ਅਜੇ ਮੇਰੀ ਅਰਥੀ ਤਾਂ ਉੱਠੀ ਨਹੀਂ



**ਗੁਰਬਚਨ ਸਿੰਘ ਭੁੱਲਰ**

ਬੇਮਕਾਨੇ ਕਾਰੋਬਾਰੀਆਂ ਅਤੇ ਮੁਲਾਜ਼ਮਾਂ ਦੀ ਰਿਹਾਇਸ਼ੀ ਲੋੜ ਸਦਕਾ, ਖਾਸ ਕਰ ਕੇ ਵੱਡੇ ਸ਼ਹਿਰਾਂ ਵਿੱਚ, ਅਨੇਕ ਮਕਾਨ-ਮਾਲਕਾਂ ਵਾਸਤੇ ਮਕਾਨ ਦਾ ਕਿਰਾਇਆ ਕਮਾਈ ਦਾ ਚੰਗਾ ਸਾਧਨ ਬਣਿਆ ਹੋਇਆ ਹੈ। ਮੈਂ ਆਪਣੇ ਆਲੇ-ਦੁਆਲੇ ਕਈ ਲੋਕ ਦੇਖਦਾ ਹਾਂ ਜੋ ਹੋਰ ਕਿਸੇ ਕਮਾਈ ਤੋਂ ਬਿਨਾਂ ਆਪਣੇ ਮਕਾਨ ਦੇ ਕਿਰਾਏ ਨਾਲ ਹੀ ਵਧੀਆ ਜੀਵਨ ਲੰਘਾ ਰਹੇ ਹਨ। ਪਰ ਇਸ ਸੰਬੰਧ ਵਿੱਚ ਇੱਕ ਸਮੱਸਿਆ ਨੇ ਵੀ ਗੰਭੀਰ ਰੂਪ ਧਾਰਿਆ ਹੋਇਆ ਹੈ। ਕਈ ਕਿਰਾਏਦਾਰ ਸਾਲਾਂ ਮਗਰੋਂ ਵੀ ਪਹਿਲਾਂ ਨਾਲੋਂ ਵੱਧ ਕਿਰਾਇਆ ਦੇਣ ਤੋਂ ਅੜ ਜਾਂਦੇ ਹਨ, ਫੇਰ ਮਕਾਨ ਖਾਲੀ ਕਰਨੋਂ ਨਾਂਹ ਕਰ ਦਿੰਦੇ ਹਨ। ਗੱਲ ਕਚਹਿਰੀ ਪਹੁੰਚ ਜਾਂਦੀ ਹੈ ਤਾਂ ਉਹ ਆਖਦੇ ਹਨ, 'ਹੁਣ ਤਾਂ ਅਦਾਲਤ ਹੀ ਫ਼ੈਸਲਾ ਕਰੇਗੀ' ਅਤੇ ਪਹਿਲਾਂ ਵਾਲਾ ਕਿਰਾਇਆ ਦੇਣਾ ਵੀ ਉਹ ਬੰਦ ਕਰ ਦਿੰਦੇ ਹਨ। ਅਦਾਲਤਾਂ ਵਿੱਚ ਮੁਕੱਦਮਾ-ਦਰ-ਮੁਕੱਦਮਾ ਅਤੇ ਅਪੀਲ-ਦਰ-ਅਪੀਲ, ਗੱਲ ਸਾਲਾਂ ਤੇ ਦਹਾਕਿਆਂ ਤਕ ਲਟਕਦੀ ਰਹਿੰਦੀ ਹੈ। ਮਕਾਨ-ਮਾਲਕ ਕੁੜਦਾ ਰਹਿੰਦਾ ਹੈ ਤੇ ਕਿਰਾਏਦਾਰ ਉਹਦੀ ਛਾਤੀ ਉੱਤੇ ਡੰਡ-ਬੈਠਕਾਂ ਕੱਢਦਾ ਰਹਿੰਦਾ ਹੈ। ਇਸ ਕਰਕੇ ਮਕਾਨ-ਮਾਲਕ ਅਤੇ ਕਿਰਾਏਦਾਰ ਦੀ ਬੇਵਸਾਹੀ ਤੇ ਖਿੱਚੋਤਾਣ ਸ਼ਹਿਰੀ ਜੀਵਨ ਦੀ ਇੱਕ ਭਖਵੀਂ ਸਮੱਸਿਆ ਹੈ।

ਪੰਜਾਬੀ ਦੇ ਵੱਡੇ ਸਾਹਿਤਕਾਰ ਦੇਵਿੰਦਰ ਸਤਿਆਰਥੀ ਫ਼ਕੀਰ ਤੇ ਰਮਤੇ ਜੋਗੀ ਸਨ। ਪਿੱਛਾ ਉਨਾਂ ਦਾ ਸਾਡੇ ਨੇੜੇ ਦੇ ਪਿੰਡ ਭਦੌੜ ਦਾ ਸੀ। ਚਾਰੇ ਕੂਟਾਂ ਦਾ ਭਰਮਨ ਕਰ ਕੇ ਟਿਕਣ ਦੇ ਇਰਾਦੇ ਨਾਲ ਦਿੱਲੀ ਆਏ ਤਾਂ ਉਨਾਂ ਨਾਲੋਂ ਵੱਧ ਉਨਾਂ ਦੀ ਚਿੰਤਾ ਦੋਸਤਾਂ-ਮਿੱਤਰਾਂ ਨੂੰ ਹੋਈ। ਦਿੱਲੀ ਵਿੱਚ ਛੱਤ-ਵਿਹੂਣੇ ਹੋਣ ਨੂੰ ਵੱਡੀ ਮੁਸੀਬਤ ਸਮਝਦਿਆਂ ਕੁਝ ਸ਼ੁਭ-ਚਿੰਤਕਾਂ ਨੇ ਧੱਕ-ਧਕਾ ਕੇ ਸਤਿਆਰਥੀ ਨਾਂ ਦੇ ਆਜ਼ਾਦ ਪੰਛੀ ਨੂੰ ਭਾਰਤ ਸਰਕਾਰ ਦੇ ਹਿੰਦੀ ਰਸਾਲੇ 'ਆਜਕਲ' ਦਾ ਸੰਪਾਦਕ ਲੁਆ ਦਿੱਤਾ। ਜੇਬ ਤਾਂ ਖਾਸੀ ਸੌਖੀ ਹੋ ਗਈ ਪਰ ਨੌਕਰੀ ਦਾ ਸੰਗਲ ਭਾਰੀ ਵੀ ਲਗਦਾ ਤੇ ਚੁਭਦਾ ਵੀ।

ਦੋਸਤਾਂ ਨੇ ਸਮਝਾਇਆ, 'ਜੇ ਤੁਸੀਂ ਇਕੱਲੇ ਹੁੰਦੇ, ਹੋਰ ਗੱਲ ਸੀ, ਜਿੱਥੇ ਮਰਜ਼ੀ ਆਵਾਰਾਗਰਦੀ ਕਰਦੇ ਫਿਰਦੇ। ਹੁਣ ਪਤਨੀ ਹੈ, ਬੱਚੀਆਂ ਹਨ, ਘੱਟੋ-ਘੱਟ ਇਨਾਂ ਦੇ ਸਿਰ ਉੱਤੇ ਤਾਂ ਛੱਤ ਹੋਵੇ। ਪਹਿਲਾਂ ਇਨਾਂ ਵਾਸਤੇ ਸਿਰ ਦੀ ਛੱਤ ਦਾ ਪ੍ਰਬੰਧ ਕਰ ਲਵੋ, ਨੌਕਰੀ ਦੇ ਪਿੰਜਰੇ ਵਿੱਚੋਂ ਨਿੱਕਲ ਕੇ ਖੁੱਲੀਆਂ ਉਡਾਰੀਆਂ ਲਾਉਣ ਬਾਰੇ ਫੇਰ ਸੋਚਣਾ।'

ਦਲੀਲ ਸਤਿਆਰਥੀ ਜੀ ਨੂੰ ਵੀ ਜਚ ਗਈ। ਲੋਕਮਾਤਾ ਨੂੰ ਛੋਟਾ-ਮੋਟਾ ਮਕਾਨ ਬਣਾ ਦੇਈਏ, ਇਹ ਨੌਕਰੀ ਦਾ ਕੁਛ ਸਮੇਂ ਦਾ ਸੰਗਲ ਉਮਰ ਭਰ ਦੀ ਆਜ਼ਾਦੀ ਦੇ ਸਕਦਾ ਹੈ। ਉਹਨਾਂ ਨੇ ਪਿੰਜਰੇ ਵਿੱਚ ਖੰਭ ਫੜਫੜਾਉਣੇ ਛੱਡ ਦਿੱਤੇ। ਔਖੇ-ਸੌਖੇ ਸੰਪਾਦਕੀ ਕਾਰਜ ਨਿਭਾਉਣ ਲੱਗੇ। ਕਰੋਲਬਾਗ਼ ਵਿੱਚ ਰੋਹਤਕ ਰੋਡ ਦੇ ਨਾਲ ਦੀ ਗਲੀ ਵਿੱਚ ਪਲਾਟ ਲੈ ਕੇ ਇੱਕ-ਮੰਜ਼ਲਾ ਮਕਾਨ ਛੱਤਿਆ ਤੇ ਟਿਕਣ ਦਾ ਪ੍ਰਬੰਧ ਕਰ ਲਿਆ। ਨੌਕਰੀ ਦਾ ਸੰਗਲ ਸੀ ਤਾਂ ਚਾਂਦੀ ਦਾ ਪਰ ਘਰ ਬਣੇ ਤੋਂ ਫੇਰ ਚੁਭਣ ਲੱਗਿਆ। ਉਹ ਆਪ ਹੈਰਾਨ ਹੁੰਦੇ, ਮੈਂ ਕੁਰਸੀ ਨਾਲ ਬੱਝ ਕੇ ਅੱਠ ਸਾਲ ਕਿਵੇਂ ਬਿਤਾ ਗਿਆ! ਦੋਸਤਾਂ ਦੇ ਵਰਜਦਿਆਂ ਦੁਰਲੱਭ ਸਾਹਿਤਕ ਨੌਕਰੀ ਦਾ ਸੰਗਲ ਲਾਹ ਸੁੱਟਿਆ, ਅੰਬੇ ਹੋਏ ਗਿੱਟਿਆਂ ਦੀ ਮਾਲਸ਼ ਕੀਤੀ ਤੇ ਫੇਰ ਸਾਹਿਤਕ ਰਾਹਾਂ ਦੇ ਆਵਾਰਾ ਪਾਂਧੀ ਹੋ ਗਏ।

ਬੱਚੀਆਂ ਵਿਆਹੀਆਂ ਗਈਆਂ ਤਾਂ ਉਨਾਂ ਸੋਚਿਆ, ਮੈਨੂੰ ਤੇ ਲੋਕਮਾਤਾ ਨੂੰ ਤਾਂ ਇੱਕ ਕਮਰਾ ਬਹੁਤ ਹੈ, ਕਿਉਂ ਨਾ ਦੂਜਾ ਕਮਰਾ ਕਿਰਾਏ ਚਾੜ ਕੇ ਰੇਡੀਓ, ਕਵੀ ਦਰਬਾਰਾਂ ਤੇ ਰਸਾਲਿਆਂ-ਪੁਸਤਕਾਂ ਤੋਂ ਆਉਂਦੇ ਟੁੱਟਵੇਂ ਪੈਸਿਆਂ ਦੀ ਝਾਕ ਦੇ ਬੰਧਨ ਤੋਂ ਵੀ ਮੁਕਤ ਹੋ ਜਾਈਏ। ਇਉਂ ਮਕਾਨ ਵਿੱਚ ਪੂਰਨ ਸਿੰਘ ਨਾਂ ਦੇ ਕਿਰਾਏਦਾਰ ਦਾ ਦਾਖ਼ਲਾ ਹੋਇਆ।

ਸਤਿਆਰਥੀ ਜੀ ਦੇ ਖੁੱਲੇ-ਖੁਲਾਸੇ ਦਾਤੇ ਸੁਭਾਅ ਦਾ ਮੈਨੂੰ ਸਿੱਧਾ ਅਨੁਭਵ ਹੋ ਚੁੱਕਿਆ ਸੀ। ਉਹਨਾਂ ਤੋਂ ਕੋਈ ਜੇ ਜਾਨ ਵੀ ਮੰਗਦਾ, ਉਹਨਾਂ ਨੇ ਯਕੀਨਨ ਆਖਣਾ ਸੀ, 'ਲੈ ਭਾਈ ਸਾਡੀ ਜਾਨ ਤੂੰ ਲੈ-ਲੈ, ਅਸੀਂ ਬਿਨਾਂ ਜਾਨ ਤੋਂ ਹੀ ਡੰਗ ਸਾਰ ਲਵਾਂਗੇ।' ਇੱਕ ਵਾਰ ਮੈਨੂੰ ਇੱਕ ਮਿੱਤਰ ਦੀ ਚਿੱਠੀ ਆਈ ਕਿ ਉਸ ਵੱਲੋਂ ਸੰਪਾਦ ਕੀਤੇ ਜਾ ਰਹੇ ਕਹਾਣੀ-ਸੰਗ੍ਰਹਿ ਲਈ ਸਤਿਆਰਥੀ ਜੀ ਦੀ ਇੱਕ ਕਹਾਣੀ ਦੀ ਆਗਿਆ ਲੈ ਦੇਵਾਂ। ਸਬੱਬ ਨਾਲ ਕਈ ਦਿਨ ਮੁਲਾਕਾਤ ਨਾ ਹੋ ਸਕੀ ਤਾਂ ਭਾਪਾ ਪ੍ਰੀਤਮ ਸਿੰਘ ਜੀ ਨਵਯੁਗ ਵਾਲਿਆਂ ਨੂੰ ਕਿਹਾ ਕਿ ਸਤਿਆਰਥੀ ਜੀ ਜਦੋਂ ਵੀ ਆਉਣ, ਮੈਨੂੰ ਫੋਨ ਜ਼ਰੂਰ ਕਰਨ। ਭਾਪਾ ਜੀ ਨੇ ਫੋਨ ਕਰਵਾਇਆ ਤਾਂ ਮੈਂ ਬੇਨਤੀ ਦੁਹਰਾਈ। ਦੋ ਕੁ ਦਿਨਾਂ ਮਗਰੋਂ ਭਾਪਾ ਜੀ ਦਾ ਦਸਤਖ਼ਤ ਕਰ ਕੇ ਪੁਸ਼ਟ ਕੀਤਾ ਹੋਇਆ ਸਤਿਆਰਥੀ ਜੀ ਦਾ ਆਮ-ਮੁਖ਼ਤਿਆਰਨਾਮਾ ਮੈਨੂੰ ਪੁੱਜਿਆ, 'ਪਿਆਰੇ ਭੁੱਲਰ, ਮੇਰੀ ਕੋਈ ਵੀ ਰਚਨਾ (ਸਣੇ ਕਹਾਣੀ) ਤੁਸੀਂ ਕਿਤੇ ਵੀ ਤੇ ਜਦੋਂ ਵੀ ਚਾਹੋ, ਵਰਤ ਸਕਦੇ ਹੋ। ਸਗੋਂ ਮੈਨੂੰ ਵੀ ਜਿੱਥੇ ਚਾਹੋ, ਗਹਿਣੇ ਰੱਖ ਸਕਦੇ ਹੋ (ਜੇਕਰ ਕੁਝ ਮਿਲ ਸਕਦਾ ਹੋਵੇ।) ਆਪ ਜੀ ਦਾ, ਦੇਵਿੰਦਰ ਸਤਿਆਰਥੀ 24. 2.1989'

ਪਰ ਜੋ ਕੁਝ ਮੈਂ ਕਿਰਾਏਦਾਰ ਪੂਰਨ ਸਿੰਘ



ਨਾਲ ਸਤਿਆਰਥੀ ਜੀ ਦੇ ਰਿਸ਼ਤੇ ਬਾਰੇ ਦੇਖਿਆ-ਸੁਣਿਆ, ਉਹ ਕੇਵਲ ਉਹੋ ਹੀ ਕਰ ਸਕਦੇ ਸਨ। ਪੂਰਨ ਸਿੰਘ ਨਾਲ ਕਿਰਾਇਆ ਵਗ਼ੈਰਾ ਤੈਅ ਹੋ ਗਿਆ। ਸਤਿਆਰਥੀ ਜੀ ਬੋਲੇ, 'ਭਾਈ ਪੂਰਨ ਸਿੰਘ, ਮੇਰੀ ਇੱਕ ਸ਼ਰਤ ਹੈ।'

ਉਸਨੇ ਪੁੱਛਿਆ, 'ਦੱਸੋ ?'

ਸਤਿਆਰਥੀ ਜੀ ਸਿੱਧਾ ਉਸ ਦੀਆਂ ਅੱਖਾਂ ਵਿੱਚ ਝਾਕ ਕੇ ਬੋਲੇ, 'ਮੇਰਾ ਵਿਸ਼ਵਾਸ ਕਦੀ ਨਾ ਤੋੜੀਂ। ਜਦੋਂ ਕੋਈ ਵਿਸ਼ਵਾਸਘਾਤ ਕਰਦਾ ਹੈ, ਦਿਲ ਵਿੱਚ ਦਰਦ ਹੁੰਦਾ ਹੈ।'

ਉਸਨੇ ਹੱਥ ਜੋੜੇ, 'ਤੁਸੀਂ ਫ਼ਕੀਰ ਹੋ, ਪਹੁੰਚੇ ਹੋਏ। ਸਤਿਆਰਥੀ ਜੀ, ਵਚਨ ਦਿੱਤਾ, ਤੁਹਾਡਾ ਭਰੋਸਾ ਕਦੀ ਨਹੀਂ ਤੋੜਨਾ।'

ਮਹੀਨਾ ਲੰਘਿਆ। ਪੂਰਨ ਸਿੰਘ ਅਗਲੇ ਮਹੀਨੇ ਦਾ ਕਿਰਾਇਆ ਦੇਣ ਲੱਗਿਆ ਤਾਂਤਾਂ ਲੋਕਮਾਤਾ ਨੂੰ ਬੁਲਾ ਕੇ ਬੋਲੇ, 'ਭਾਈ ਪੂਰਨ ਸਿੰਘ, ਕਿਰਾਇਆ ਇਨਾਂ ਨੂੰ ਦਿਆ ਕਰਨਾ।' ਤੇ ਫੇਰ ਲੋਕਮਾਤਾ ਵੱਲ ਮੂੰਹ ਕੀਤਾ, 'ਹੁਣ ਮੈਨੂੰ ਮਾਇਆ ਦੇ ਝਮੇਲਿਆਂ ਤੋਂ ਮੁਕਤ ਕਰੋ। ਤੁਸੀਂ ਇਨਾਂ ਤੋਂ ਕਿਰਾਇਆ ਲਓ ਤੇ ਘਰ ਚਲਾਓ। ਤੁਸੀਂ ਜਾਣੋ ਜਾਂ ਪੂਰਨ ਸਿੰਘ ਜਾਣੇ।'

ਦੋ ਕੁ ਸਾਲ ਬੀਤੇ। ਸਤਿਆਰਥੀ ਜੀ ਨੇ ਕੁਝ ਲੱਭਦਿਆਂ ਅਲਮਾਰੀ ਖੋਲੀ। ਨੋਟ ਪਏ ਸਨ। ਗਿਣੇ ਤੋਂ ਕੁਝ ਸਮਝ ਨਾ ਆਈ ਤਾਂ ਲੋਕਮਾਤਾ ਨੂੰ ਪੁੱਛਿਆ। ਪਤਾ ਲੱਗਿਆ, ਇਹ ਮਹੀਨੇ ਦਾ ਕਿਰਾਇਆ ਸੀ। ਬੋਲੇ, 'ਪਰ ਇਹ ਤਾਂ ਕਿਰਾਏ ਤੋਂ ਵੱਧ ਨੇ ?'

ਲੋਕਮਾਤਾ ਨੇ ਦੱਸਿਆ, 'ਹੁਣ ਕਿਰਾਇਆ ਇੰਨਾ ਹੀ ਆਉਂਦਾ ਹੈ।'

ਸਿੱਧੇ ਪੂਰਨ ਸਿੰਘ ਦੇ ਕਮਰੇ ਵਿੱਚ ਜਾ ਉਲਾਂਭਾ ਦਿੱਤਾ, 'ਭਾਈ ਪੂਰਨ ਸਿਆਂ, ਮੈਂ ਤਾਂ ਤੈਨੂੰ ਕਿਰਾਇਆ ਵਧਾਉਣ ਲਈ ਨਹੀਂ ਸੀ ਆਖਿਆ।'

ਉਹ ਮੁਸਕਰਾਇਆ, 'ਮਹਾਂਪੁਰਸ਼ੋ, ਦਿੱਲੀ ਵਿੱਚ ਮਾਲਕ ਹਰ ਸਾਲ ਕਿਰਾਏ ਵਿੱਚ ਵਾਧਾ ਭਾਲਦੇ ਨੇ। ਤੁਸੀਂ ਨਹੀਂ ਕਿਹਾ ਤਾਂ ਮੈਨੂੰ ਆਪ ਵੀ ਕੁਝ ਸੋਚਣਾ ਚਾਹੀਦਾ ਹੈ ਕਿ ਨਹੀਂ ?'

ਫੋਨ ਅਜੇ ਹੱਥ-ਹੱਥ ਤਾਂ ਕੀ, ਘਰ-ਘਰ ਵੀ ਨਹੀਂ ਸਨ ਹੋਏ। ਪੂਰਨ ਸਿੰਘ ਦੇ ਘਰ ਫੋਨ ਸੀ। ਉਹਦੇ ਆਉਣ ਤੋਂ ਕੁਛ ਦਿਨ ਮਗਰੋਂ ਸਤਿਆਰਥੀ ਜੀ ਨੇ ਪੁੱਛਿਆ, 'ਭਾਈ ਪੂਰਨ ਸਿੰਘ, ਜੇ ਮੈਂ ਕਿਸੇ ਮਿੱਤਰ ਦੇ ਮੰਗੇ ਤੋਂ ਤੇਰਾ ਫੋਨ ਨੰਬਰ ਦੇ ਦੇਵਾਂ।'

ਉਸਨੇ ਗੱਲ ਕੱਟੀ, 'ਇਸਨੂੰ ਮੇਰਾ ਫੋਨ ਨਾ ਕਹੋ ਜੀ, ਇਸਨੂੰ ਆਪਣਾ ਹੀ ਸਮਝੋ।'

ਸਤਿਆਰਥੀ ਜੀ ਵਾਸਤੇ ਤਾਂ ਦਿੱਲੀ ਨਾਂ ਦਾ ਸਾਰਾ ਪਿੰਡ ਹੀ ਮਿੱਤਰਾਂ ਦਾ ਸੀ। ਫੋਨ ਆਉਣ ਲੱਗੇ। ਸਭ ਜਾਣਦੇ ਸਨ, ਦਿਨੇਂ ਤਾਂ ਉਹ ਘਰ ਹੀ ਨਹੀਂ ਹੁੰਦੇ। ਪਤਾ ਨਹੀਂ, ਖਰੜੇ, ਰਸਾਲੇ ਤੇ ਕਿਤਾਬਾਂ ਕੱਛੇ ਮਾਰ ਕੇ ਕਿਹੜੀ ਸੜਕ ਦੇ ਕਿਨਾਰੇ-ਕਿਨਾਰੇ ਤੁਰੇ ਜਾਂਦੇ ਹੋਣ ਜਾਂ ਕਿਹੜੇ ਪਾਰਕ ਵਿੱਚ ਬੈਠੇ ਕਿਸੇ ਭੋਲ਼ੇ ਪੰਛੀ ਨੂੰ ਕਾਬੂ ਕਰ ਕੇ ਕੋਈ ਨਵੀਂ ਰਚਨਾ ਸੁਣਾ ਰਹੇ ਹੋਣ। ਇਸ ਲਈ ਫੋਨ ਸਵੇਰ ਤੇ ਸ਼ਾਮ ਦੇ ਰੁਝੇਵਿਆਂ ਵਾਲੇ ਸਮੇਂ ਆਉਂਦੇ। ਉਹਨਾਂ ਦੇ ਕਈ ਪਰਦੇਸੀ ਸ਼ਰਧਾਲੂ ਤਾਂ ਭਾਰਤੀ ਸਮੇਂ ਦਾ ਖ਼ਿਆਲ ਨਾ ਕਰਦਿਆਂ ਰਾਤ ਪਈ ਤੋਂ ਵੀ ਘੰਟੀ ਵਜਾ ਦਿੰਦੇ। ਪਰ ਅਸ਼ਕੇ ਪੂਰਨ ਸਿੰਘ ਦੇ, ਮੇਰਾ ਨਿੱਜੀ ਅਨੁਭਵ ਹੈ, ਉਹ ਹਰ ਕਿਸੇ ਨੂੰ ਬੜੇ ਆਦਰ ਨਾਲ, ਬੜੀ ਮਿੱਠੀ ਜ਼ਬਾਨ ਨਾਲ ਬੋਲਦਾ ਤੇ ਸਤਿਆਰਥੀ ਜੀ ਨੂੰ ਦੂਰੋਂ ਆਵਾਜ਼ ਦੇਣ ਦੀ ਥਾਂ ਚੱਲ ਕੇ ਬੁਲਾਉਣ ਜਾਂਦਾ। ਜੇ ਉਹ ਘਰ ਨਾ ਹੁੰਦੇ, ਉਹ ਫੋਨ ਕਰਨ ਵਾਲੇ ਨੂੰ ਆਪ ਇਹ ਨਹੀਂ ਸੀ ਕਹਿੰਦਾ ਕਿ ਉਹ ਘਰ ਨਹੀਂ। ਕਿਤੇ ਅਗਲਾ ਇਹ ਨਾ ਸਮਝੇ ਕਿ ਬੁਲਾਉਣ ਦਾ ਮਾਰਿਆ ਟਰਕਾਉਂਦਾ ਹੈ। ਅਜਿਹੇ ਮੌਕੇ ਉਹ ਲੋਕਮਾਤਾ ਨੂੰ ਆਖਦਾ, 'ਤੁਸੀਂ ਆਪ ਆ ਕੇ ਦੱਸੋ ਜੀ ਕਿ ਸਤਿਆਰਥੀ ਜੀ ਘਰ ਨਹੀਂ।'

ਕਾਲਾ ਚੁਰਾਸੀ ਆ ਗਿਆ। ਪੂਰਨ ਸਿੰਘ ਡਰਿਆ। ਸਤਿਆਰਥੀ ਜੀ ਨੂੰ ਪਹਿਲਾਂ ਤਾਂ ਚਿੰਤਾ ਹੋਈ, ਫੇਰ ਦ੍ਰਿੜ ਆਵਾਜ਼ ਵਿੱਚ ਬੋਲੇ, 'ਭਾਈ ਪੂਰਨ ਸਿੰਘਾ, ਡਰ ਨਾ, ਮੈਂ ਜੋ ਹਾਂ।'

ਉਨਾਂ ਨੇ ਬਾਹਰਲੇ ਫਾਟਕ ਨੂੰ ਅੰਦਰੋਂ ਜਿੰਦਾ ਲਾ ਦਿੱਤਾ। ਨੇੜਲੀ ਵੱਡੀ ਸੜਕ ਦੇ ਟੈਕਸੀ ਸਟੈਂਡ ਤੋਂ ਕੁਛ ਬਦਮਾਸ਼ ਡਰਾਈਵਰ ਤੇ ਉਨਾਂ ਦੇ ਹੋਰ ਵਿਹਲੜ ਯਾਰ ਆ ਧਮਕੇ, 'ਤੁਹਾਡਾ ਜੋ ਸਰਦਾਰ ਕਿਰਾਏਦਾਰ ਹੈ, ਬਾਹਰ ਕੱਢੋ ਉਸਨੂੰ।'

ਸਤਿਆਰਥੀ ਜੀ ਸਹਿਜ ਨਾਲ ਬੋਲੇ, 'ਕਿਉਂ ਬਈ ਕੀ ਕੰਮ ਹੈ ਉਹਦੇ ਤਕ ?' ਤੇ ਉਨਾਂ ਦਾ ਜਵਾਬ ਸੁਣ ਕੇ ਬੋਲੇ, 'ਪਰ ਉਸਨੂੰ ਮਾਰਨ ਵਾਸਤੇ ਤਾਂ ਪਹਿਲਾਂ ਮੈਨੂੰ ਮਾਰਨਾ ਪਊ, ਮਾਰ ਕੇ ਮੇਰੀ ਲਾਸ਼ ਉੱਤੋਂ ਲੰਘਣਾ ਪਊ।'

ਭੀੜ ਨੇ ਟਾਇਰ ਤੇ ਪੀਪੀ ਦਿਖਾਈ, 'ਜਿਉਂਦੇ ਨੂੰ ਫੂਕਾਂਗੇ।'

ਉਹ ਬੋਲੇ, 'ਘਰ ਫੂਕਣਾ ਪਊ ਮੇਰਾ, ਉਹਨੂੰ ਫੂਕਣ ਵਾਸਤੇ।'

ਸਤਿਆਰਥੀ ਜੀ ਦੀ ਦ੍ਰਿੜਤਾ ਦੇਖ ਕੇ ਗੁੰਡਿਆਂ ਨੂੰ ਮੁੜਨਾ ਪਿਆ।

ਪੂਰਨ ਸਿੰਘ ਦੀ ਧੀ ਦਾ ਵਿਆਹ ਹੋਇਆ ਤਾਂ ਸਤਿਆਰਥੀ ਜੀ ਨੇ ਘਰ ਦੇ ਬਜ਼ੁਰਗ ਵਾਲੀਆਂ ਸਾਰੀਆਂ ਰਸਮਾਂ ਤਾਂ ਨਿਭਾਈਆਂ ਹੀ, ਓਵੇਂ ਹੀ ਬੁੱਕ ਭਰ-ਭਰ ਅੱਥਰੂ ਵੀ ਰੋਏ ਜਿਵੇਂ ਆਪਣੀਆਂ ਧੀਆਂ ਨੂੰ ਵਿਦਾ ਕਰਦਿਆਂ ਰੋਏ ਸਨ। ਉਸਦੇ ਹੱਥ ਫੜ ਕੇ ਕਹਿੰਦੇ, 'ਜਦੋਂ ਮੈਂ ਗੋਦੀ ਚੁੱਕਦਾ, ਐਹਨਾਂ ਨਿੱਕੇ-ਨਿੱਕੇ ਕੂਲ਼ੇ-ਕੂਲ਼ੇ ਹੱਥਾਂ ਨਾਲ ਮੇਰੀ ਦਾੜ੍ਹੀ ਪਲੋਸਦੀ ਹੁੰਦੀ ਸੀ, ਮੇਰੀ ਦਾੜ੍ਹੀ ਨਾਲ ਖੇਡਦੀ ਹੁੰਦੀ ਸੀ।'

ਸਤਿਆਰਥੀ ਜੀ ਨੂੰ ਮਿਲਣ ਆਉਂਦੇ ਕਈਆਂ ਦੇ ਪਿਤਾ ਜੀ ਕਹਿਣ ਤੋਂ ਪ੍ਰੇਰਨਾ ਲੈ ਕੇ ਹੁਣ ਤਕ ਪੂਰਨ ਸਿੰਘ ਵੀ ਉਨਾਂ ਨੂੰ ਪਿਤਾ ਜੀ ਹੀ ਕਹਿਣ ਲੱਗ ਪਿਆ ਸੀ।

ਸਤਿਆਰਥੀ ਜੀ ਤੇ ਲੋਕਮਾਤਾ ਸਰੀਰਕ ਪੱਖੋਂ ਢਲ ਚੱਲੇ ਤਾਂ ਧੀਆਂ ਨੂੰ ਕਿਹਾ, 'ਸਾਡੇ ਮਗਰੋਂ ਵੀ ਆਉਂਗੀਆਂ ਹੀ, ਉੱਤੇ ਮੰਜ਼ਲਾਂ ਛੱਤ ਕੇ ਸਾਡੇ ਕੋਲ ਆ ਰਹੋ। ਹੁਣ ਸਾਡੇ ਸਰੀਰਾਂ ਨੂੰ ਸਹਾਰੇ ਦੀ ਲੋੜ ਹੈ।'

ਪੂਰਨ ਸਿੰਘ ਦੂਰਦਰਸ਼ੀ ਦੁਨੀਆਦਾਰ ਸੀ। ਉਹਨੇ ਬੇਨਤੀ ਕੀਤੀ, 'ਉਸਾਰੀ ਦੀ ਨਿਗਰਾਨੀ ਕਰਨ ਵਾਲੇ ਆਪਣਿਆਂ ਨੂੰ ਹੇਠ ਬੈਠਣ-ਉੱਠਣ ਵਾਸਤੇ ਜਗਾ ਚਾਹੀਦੀ ਹੋਵੇਗੀ। ਪਿਤਾ ਜੀ, ਮੈਂ ਹੁਣ ਜਾਣ ਦੀ ਆਗਿਆ ਚਾਹੁੰਦਾ ਹਾਂ।'

ਸਤਿਆਰਥੀ ਜੀ ਨੇ ਸਿਰ ਮਾਰਿਆ, 'ਨਹੀਂ, ਭਾਈ ਪੂਰਨ ਸਿਆਂ, ਮੇਰੇ ਜਿਉਂਦੇ-ਜੀਅ ਤੂੰ ਇਸ ਘਰੋਂ ਨਹੀਂ ਜਾ ਸਕਦਾ। ਪਹਿਲਾਂ ਮੇਰੀ ਅਰਥੀ ਉੱਠੂ, ਫੇਰ ਤੂੰ ਇਸ ਘਰੋਂ ਜਾਏਂਗਾ।'

ਕੁਝ ਹਫ਼ਤਿਆਂ ਮਗਰੋਂ ਜਦੋਂ ਇੱਟਾਂ ਦਾ ਟਰੱਕ ਆ ਲੱਥਾ, ਪੂਰਨ ਸਿੰਘ ਨੇ ਚੁੱਪਚਾਪ ਸਾਮਾਨ ਬੰਨਣਾ ਸ਼ੁਰੂ ਕਰ ਦਿੱਤਾ। ਸਤਿਆਰਥੀ ਜੀ ਨੇ ਹਿਲਜੁਲ ਦੇਖੀ ਤਾਂ ਅੱਖਾਂ ਭਰ ਕੇ ਬੋਲੇ, 'ਭਾਈ ਪੂਰਨ ਸਿਆਂ, ਅਜੇ ਮੇਰੀ ਅਰਥੀ ਤਾਂ ਉੱਠੀ ਨਹੀਂ।'

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੈਂਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
- ਕਾਰ ਟਰਾਂਸਫਰ/ਸਟਿੱਕਰ
- ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
- ਲਾਈਵ ਸਕੈਨ/ਫਿੰਗਰ ਪ੍ਰਿੰਟ
- ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
- ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਵਾਰਿਸ ਨੇ ਕਿੱਸਾ ਹੀਰ ਤੋਂ ਬਿਨਾਂ ਹੋਰ ਰਚਨਾਵਾਂ ਵੀ ਸਿਰਜੀਆਂ

**ਡਾ. ਧਰਮ ਸਿੰਘ**

ਸੱਯਦ ਵਾਰਿਸ ਸ਼ਾਹ ਨੂੰ ਮੱਧਕਾਲ ਦੇ ਸਿਰਮੌਰ ਕਿੱਸਾਕਾਰ ਵਜੋਂ ਜਾਣਿਆ ਜਾਂਦਾ ਹੈ ਜਿਸ ਦੀ 'ਹੀਰ' ਦੀ ਪ੍ਰਸਿੱਧੀ ਬਾਰੇ ਸਭ ਜਾਣਦੇ ਹਨ ਪਰ ਸਮੇਂ ਸਮੇਂ ਖੋਜਕਾਰਾਂ ਨੇ ਉਸ ਦੀਆਂ ਕੁਝ ਹੋਰ ਰਚਨਾਵਾਂ ਦੀ ਦੱਸ ਵੀ ਪਾਈ ਹੈ। ਅਜਿਹੇ ਖੋਜਕਾਰਾਂ ਵਿੱਚ ਪਹਿਲਾ ਨਾਂ ਮੁਨਸ਼ੀ ਮੌਲਾ ਬਖ਼ਸ਼ ਕੁਸ਼ਤਾ ਦਾ ਹੈ ਜਿਸ ਨੇ ਆਪਣੀ ਪੁਸਤਕ 'ਪੰਜਾਬ ਦੇ ਹੀਰੇ' (1932) ਵਿਚ ਅਜਿਹੀ ਸੰਭਾਵਨਾ ਜਤਾਈ ਸੀ। ਉਂਜ ਵੀ ਜਦ ਅਸੀਂ ਕਿਸੇ ਨੂੰ ਕਵੀ/ਲੇਖਕ ਮੰਨ ਲਈਏ ਤਾਂ ਉਸ ਉਪਰ ਇਹ ਪਾਬੰਦੀ ਨਹੀਂ ਲਾਈ ਜਾ ਸਕਦੀ ਕਿ ਉਹ ਇਸ ਤੋਂ ਵੱਧ ਰਚਨਾ ਨਾ ਕਰੇ। ਵਾਰਿਸ ਸ਼ਾਹ ਨਾਲ ਵੀ ਇਹੋ ਕੁਝ ਵਾਪਰਿਆ ਜਾਪਦਾ ਹੈ, ਬੇਸ਼ੱਕ ਇਸ ਬਾਰੇ ਅਗਲੇਰੀ ਖੋਜ ਦੀ ਲੋੜ ਹੈ।

ਮੌਲਾ ਬਖ਼ਸ਼ ਕੁਸ਼ਤਾ ਦੀਆਂ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਬਾਰੇ ਦੋ ਹੀ ਪੁਸਤਕਾਂ ਵਧੇਰੇ ਪ੍ਰਸਿੱਧ ਹਨ, 'ਪੰਜਾਬ ਦੇ ਹੀਰੇ' ਅਤੇ 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ'। 'ਪੰਜਾਬ ਦੇ ਹੀਰੇ' ਵਿਚ ਕੁਸ਼ਤਾ ਨੇ ਲਿਖਿਆ ਹੈ, 'ਹੀਰ ਰਾਂਝੇ ਦੇ ਕਿੱਸੇ ਨੂੰ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਆਪ ਉਸ ਵੇਲੇ ਦੇ ਇਕ ਮੰਨੇ ਸ਼ਾਇਰ ਸਨ ਅਤੇ ਇਸ ਕਿੱਸੇ ਦੀ ਤਸਨੀਫ ਤੋਂ ਪਹਿਲਾਂ ਸ਼ਾਇਰੀ ਵਿਚ ਚੰਗੀ ਯੋਗਤਾ ਪ੍ਰਾਪਤ ਕਰ ਚੁੱਕੇ ਸਨ। ਇਸ ਸਿਲਸਿਲੇ ਵਿਚ ਆਪ ਦੀਆਂ ਕੁਝ ਕੁ ਹੋਰ ਸੰਖੇਪਤ ਤਸਨੀਫਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ ਪ੍ਰੰਤੂ ਇਹ ਪਤਾ ਨਹੀਂ ਚਲ ਸਕਿਆ ਕਿ ਉਹ ਹੀਰ ਤੋਂ ਪਹਿਲਾਂ ਦੀਆਂ ਰਚਨਾਵਾਂ ਹਨ ਜਾਂ ਪਿੱਛੋਂ ਦੀਆਂ? ਇਸ ਵਿਚ ਉਸ਼ਤਰਨਾਮਾ, ਮਿਅਰਾਜਨਾਮਾ, ਚੂੜੀਨਾਮਾ (ਚੂਹੇਟੜੀਨਾਮਾ), ਅਰਬੀ ਕਸੀਦਾ ਬੁਰਦਾ ਦਾ ਪੰਜਾਬੀ ਤਰਜਮਾ ਹੈ। ਹੋਰ ਚੋਣਵੇਂ ਦੋਹੜੇ ਆਦਿ ਦਾ ਨਾਮ ਵੀ ਲਿਆ ਜਾਂਦਾ ਹੈ।' ਇਸੇ ਪੁਸਤਕ ਦੇ ਅਗਲੇ ਸਫ਼ੇ ਉਪਰ ਕੁਸ਼ਤਾ ਨੇ ਇਕ ਹੋਰ ਦਿਲਚਸਪ ਗੱਲ ਵੀ ਲਿਖੀ ਹੈ। ਉਸ ਲਿਖਿਆ ਹੈ, 'ਲਾਹੌਰ ਦੇ ਇਕ ਕਿਤਾਬਾਂ ਵੇਚਣ ਵਾਲੇ ਨੇ ਇਹ ਸੋਚਿਆ ਕਿ ਵਾਰਸ ਸ਼ਾਹ ਦਾ ਨਾਮ ਹਰਮਨ ਪਿਆਰਾ ਹੈ, ਇਸ ਵਾਸਤੇ ਉਸ ਦੇ ਨਾਮ 'ਤੇ ਜੋ ਪੁਸਤਕ ਛਾਪੀ ਜਾਵੇਗੀ, ਲੋਕਾਂ ਵਿਚ ਮਨਜ਼ੂਰ ਹੋ ਜਾਵੇਗੀ ਤੇ ਬਹੁਤੀ ਵਿਕੇਗੀ। ਉਸ ਪੁਸਤਕ ਵਾਲੇ ਨੇ ਮਿਰਜ਼ਾ ਅਬਦੁੱਲ ਹਮੀਦ ਬੇਗ ਕੋਲੋਂ ਸੋਹਣੀ ਮਹੀਵਾਲ ਦਾ ਕਿੱਸਾ ਲਿਖਵਾਇਆ ਤੇ ਵਾਰਸ ਸ਼ਾਹ ਦੇ ਨਾਂ 'ਤੇ ਪ੍ਰਕਾਸ਼ਿਤ ਕੀਤਾ। ਇਹ ਕਿੱਸਾ ਜ਼ਰੂਰ ਪ੍ਰਚਲਿਤ ਹੋ ਜਾਂਦਾ ਪਰ ਇਸ ਦੀ ਜ਼ਬਾਨ ਤੇ ਰੰਗ ਢੰਗ ਫਜ਼ਲ ਸ਼ਾਹ ਦੇ ਕਿੱਸਿਆ ਵਾਂਗਰ ਸੀ, ਇਸ ਵਾਸਤੇ ਵਾਰਸ ਸ਼ਾਹ ਦੇ ਨਾਂ 'ਤੇ ਚੱਲ ਨਾ ਸਕਿਆ। ਕੁਸ਼ਤਾ ਨੇ ਇਹ ਵੀ ਲਿਖਿਆ ਹੈ ਕਿ ਇਕ ਹੋਰ ਕਵੀ ਝੰਡੇ ਸ਼ਾਹ ਵਸਨੀਕ ਚੱਕ ਮੁਕੰਦ (ਜ਼ਿਲਾ ਅੰਮ੍ਰਿਤਸਰ) ਨੇ ਸੋਹਣੀ ਮਹੀਵਾਲ ਦਾ ਕਿੱਸਾ ਲਿਖਿਆ। ਕਿਤੇ ਕਿਤੇ ਵਾਰਸ ਦਾ ਨਾਂ ਭਰ ਦਿੱਤਾ। ਜ਼ਬਾਨ ਸਾਦੀ ਤੇ ਸਰਲ ਸੀ। ਇਹ ਸੋਹਣੀ ਵਾਰਸ ਦੇ ਨਾਂ 'ਤੇ ਵਿਕਣ ਲੱਗ ਪਈ ਪਰ ਦੂਜੇ ਤਾਂ ਤੀਜੇ ਐਡੀਸ਼ਨ ਵਿਚ ਨਾਂ ਝੰਡੇ ਸ਼ਾਹ ਕਰ ਦਿੱਤਾ ਗਿਆ। ਹੁਣ ਇਹ 'ਸੋਹਣੀ ਝੰਡੇ ਸ਼ਾਹ' ਦੇ ਨਾਂ ਉੱਤੇ ਵਿਕਦਾ ਹੈ।'

ਸ.ਸ. ਅਮੋਲ ਨੇ ਆਪਣੀ ਪੁਸਤਕ 'ਪੁਰਾਤਨ ਪੰਜਾਬੀ ਕਾਵਿ ਦਾ ਵਿਕਾਸ' (1955) ਵਿਚ ਡਾ. ਮੋਹਨ ਸਿੰਘ ਦੀਵਾਨਾ ਦੇ 15 ਦਸੰਬਰ 1940 ਨੂੰ ਦਿੱਤੇ ਇਕ ਲੈਕਚਰ ਦਾ ਹਵਾਲਾ ਦਿੰਦਿਆਂ ਲਿਖਿਆ ਹੈ, 'ਉਨਾਂ ਦਾ ਇਸ ਲੈਕਚਰ ਦਾ ਮਜ਼ਮੂਨ ਹੀ ਵਾਰਸ ਸ਼ਾਹ ਦੀਆਂ ਦੋ ਗੁੱਝੀਆਂ ਕਿਤਾਬਾਂ ਸੀ ਤੇ ਇਸ ਲੈਕਚਰ ਵਿਚ ਉਨਾਂ ਨੇ ਵਾਰਸ ਦੀਆਂ ਦੋ ਕਿਤਾਬਾਂ 'ਸੀਹਰਫ਼ੀ ਲਾਹੌਰ' ਤੇ ਕਿੱਸਾ 'ਸੱਸੀ ਪੁੰਨੂੰ' ਦੇ ਨਾਂ ਪੇਸ਼ ਕੀਤੇ ਸਨ। ਉਨਾਂ ਨੇ ਪਹਿਲੀ ਕਿਤਾਬ ਵਿਚੋਂ ਕੁਝ ਬੈਂਤ ਵੀ ਸੁਣਾਏ ਸਨ ਤੇ ਦੱਸਿਆ ਸੀ ਕਿ ਇਹ ਹੀਰ ਤੋਂ 20-25 ਸਾਲ ਪਹਿਲਾਂ ਦੀ ਲਿਖੀ ਹੋਈ ਹੈ। ਉਸ ਵਿਚ ਮਜ਼ਮੂਨ ਸੀ ਲਾਹੌਰ ਦੀ ਤਬਾਹੀ ਦਾ ਤੇ ਬਿਆਨ ਢੰਗ ਕੁਝ ਅਜਿਹਾ ਸੀ ਜਿਸ ਤੋਂ ਅੱਖੀਂ ਡਿੱਠਾ ਨਜ਼ਾਰਾ ਲਿਖਿਆ ਭਾਸਦਾ ਸੀ। ਹਰ ਚੌਥੀ ਸਤਰ ਵਿਚ ਹੀਰ ਦੇ ਕਿੱਸੇ ਵਾਂਗ ਵਾਰਸ ਸ਼ਾਹ ਦਾ ਨਾਂ 'ਤੇ ਚੰਗੀ ਜਿਹੀ ਅਖਾਉਤ ਜਾਂ ਸਿੱਖਿਆ ਵੀ ਆਉਂਦੀ ਸੀ।' 'ਲਾਹੌਰ ਸੀਹਰਫੀ' ਅਤੇ 'ਸੱਸੀ ਪੁੰਨੂੰ' ਤੋਂ ਬਿਨਾਂ 'ਚੂਹੇਟੜੀ ਨਾਮਾ' ਅਤੇ ਕੁਝ ਫੁਟਕਲ ਦੋਹੜਿਆਂ ਦੀ ਗੱਲ ਵੀ ਦੁਹਰਾਈ ਗਈ ਹੈ। ਇਸ ਲੈਕਚਰ ਤੋਂ ਪਿੱਛੋਂ ਵੀ ਵਾਰਿਸ ਸ਼ਾਹ ਦੀਆਂ ਰਚਨਾਵਾਂ ਬਾਰੇ ਮੋਹਨ ਸਿੰਘ ਦੀਵਾਨਾ ਦੀ ਇਹੋ ਰਾਇ ਬਣੀ ਰਹੀ। ਪੰਜਾਬੀ ਸਾਹਿਤ ਦੇ ਇਤਿਹਾਸ ਸਬੰਧੀ ਆਪਣੀ ਪੁਸਤਕ ਵਿਚ ਉਨਾਂ ਨੇ ਲਿਖਿਆ ਹੈ, 'ਆਪ (ਵਾਰਿਸ ਸ਼ਾਹ) ਨੇ 1748 ਈ: ਦੇ ਕਰੀਬ ਜਦੋਂ ਸ਼ਾਹ ਨਵਾਜ਼, ਲਾਹੌਰ ਦਾ ਹਾਕਮ ਸੀ, ਅਹਿਮਦ ਸ਼ਾਹ ਦੇ ਕਿਸੇ ਜਰਨੈਲ ਦੀ ਲਾਹੌਰ 'ਤੇ ਚੜਾਈ ਦਾ ਸਾਕਾ ਆਪਣੀ ਅੱਖੀਂ ਵੇਖਿਆ ਸੀ ਤੇ ਉਸ ਮੁਗਲ ਪਠਾਣ ਟੱਕਰ ਨੂੰ ਸੀਹਰਫ਼ੀਆਂ ਵਿਚ ਨਜ਼ਮ ਕੀਤਾ। ਇਹ ਸੀਹਰਫ਼ੀਆਂ ਨਹੀਂ, ਲਹੂ ਦੇ ਅੱਥਰੂ, ਹੰਝੂ ਹਨ। (ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ, 1955, ਪੰਨਾ 146)। ਡਾ. ਮੋਹਨ ਸਿੰਘ ਦੀਵਾਨਾ ਨੇ ਆਪਣੀ ਇਸ ਰਾਇ ਨੂੰ ਹੀਰ ਵਾਰਿਸ ਦੀ ਸੰਪਾਦਨਾ ਵੇਲੇ ਵੀ ਦੁਹਰਾਇਆ ਹੈ। 'ਸੱਸੀ ਵਾਰਿਸ' ਬਾਰੇ ਇਕ ਪ੍ਰਕਾਸ਼ਕ ਦੇ ਹਵਾਲੇ ਨਾਲ ਉਨਾਂ ਕਿਹਾ ਹੈ ਕਿ ਪ੍ਰਕਾਸ਼ਕ ਦੇ ਵੱਡੇ ਵਡੇਰਿਆਂ ਪਾਸ ਇਸ ਦਾ ਨੁਸਖ਼ਾ 1221 ਹਿਜਰੀ (1806 ਈਸਵੀ) ਵਿਚ ਸਾਂਭਿਆ ਪਿਆ ਸੀ ਜਿਸ ਨੂੰ ਉਸ ਨੇ ਛਾਪ ਕੇ ਆਮ ਕਰ ਦਿੱਤਾ। ਡਾ. ਦੀਵਾਨਾ ਦਾ ਇਹ ਵੀ ਵਿਚਾਰ ਹੈ ਕਿ ਵਾਰਿਸ ਨੇ ਇਹ ਕਿੱਸਾ 1747 ਵਿਚ ਲਿਖਿਆ ਹੋਵੇਗਾ ਜਦ ਅਹਿਮਦ ਸ਼ਾਹ ਅਬਦਾਲੀ ਨੇ ਲਾਹੌਰ ਦੇ ਹਾਕਮ ਸ਼ਾਹ ਨਵਾਜ਼ 'ਤੇ ਹਮਲਾ ਕਰ ਕੇ ਉਸ ਨੂੰ ਸ਼ਿਕਸਤ ਦਿੱਤੀ ਸੀ।

ਲੇਖ ਦੇ ਆਰੰਭ ਵਿਚ ਦੱਸੇ ਗਏ ਮੁਤਾਬਿਕ ਵਾਰਿਸ ਦੇ ਨਾਂ ਨਾਲ ਮਨਸੂਬ ਰਚਨਾਵਾਂ ਬਾਰੇ ਅੰਤਿਮ ਨਿਰਣਾ ਅਗਲੇਰੀ ਖੋਜ ਤੋਂ ਬਾਅਦ ਹੀ ਹੋ ਸਕੇਗਾ ਅਤੇ ਉਸੇ ਰਾਇ ਨੂੰ ਏਥੇ ਫਿਰ ਦੁਹਰਾਉਂਦੇ ਹਾਂ। ਫਿਰ ਵੀ ਕਿਧਰੇ ਕਿਧਰੇ ਕੋਈ ਅਜਿਹਾ ਸੰਕੇਤ ਜ਼ਰੂਰ ਮਿਲ ਜਾਂਦਾ ਹੈ ਜੋ ਸਾਡੀ ਇਸ ਧਾਰਨਾ ਨੂੰ ਮੂਲੋਂ ਰੱਦ ਵੀ ਨਹੀਂ ਕਰਦਾ। 'ਸੈਫੁੱਲ ਮਲੂਕ' ਦੇ ਕਰਤਾ ਮੀਆਂ ਮੁਹੰਮਦ ਬਖ਼ਸ਼ ਨੇ ਆਪਣੇ ਤੋਂ ਪਹਿਲਾਂ ਹੋ ਗੁਜ਼ਰੇ ਕਵੀਆਂ ਅਤੇ ਉਨਾਂ ਦੀਆਂ ਰਚਨਾਵਾਂ ਬਾਰੇ ਪਰਿਚਯ ਦੇਣ ਦੇ ਨਾਲ-ਨਾਲ ਕਈ ਥਾਵਾਂ ਉਪਰ ਬੇਬਾਕ ਟਿੱਪਣੀਆਂ ਵੀ ਕੀਤੀਆਂ ਹਨ। ਮੀਆਂ ਮੁਹੰਮਦ ਬਖ਼ਸ਼, ਵਾਰਿਸ ਸ਼ਾਹ ਦੀ ਜਿੱਥੇ ਪ੍ਰਸ਼ੰਸਾ ਕਰਦਾ ਹੈ, ਉੱਥੇ ਉਸ ਦੇ ਚੂਹੇਟੜੀਨਾਮਾ ਦੀ ਮਹਿਮਾ ਵੀ ਕਰਦਾ ਹੈ :

ਵਾਰਿਸ ਸ਼ਾਹ ਸੁਖਨ ਦਾ ਵਾਰਿਸ,  
ਨਿੰਦੇ ਕੌਣ ਉਨਾਂ ਨੂੰ।  
ਸ਼ਿਅਰ ਉਹਦੇ ਤੇ ਉਂਗਲ ਧਰਨੀ,  
ਨਾਹੀ ਕਦਰ ਅਸਾਨੂੰ।  
ਜਿਹੜੀ ਉਸਿ ਚੂਹਟੇੜੀ ਆਖੀ।  
ਜੇ ਸਮਝੇ ਕੋਈ ਸਾਰੀ।  
ਹਿਕ ਹਿਕ ਸੁਖਨ ਅੰਦਰ ਖੁਸ਼ਬੋਈ  
ਵਾਂਙ ਫੁੱਲਾਂ ਦੀ ਖਾਰੀ।

ਜਾਗੀਰਦਾਰੀ ਯੁੱਗ ਵਿਚ ਸਮਰੱਥ ਲੋਕ ਹਾਥੀ, ਘੋੜੇ, ਉਠ, ਕੁੱਤੇ ਅਤੇ ਬਾਜ਼ ਆਦਿ ਜਾਨਵਰ ਅਤੇ ਸ਼ਿਕਾਰੀ ਪੰਛੀ ਪਾਲਦੇ ਸਨ। ਇਨਾਂ ਦੀਆਂ ਆਦਤਾਂ, ਖ਼ੁਰਾਕ, ਬਿਮਾਰੀਆਂ ਅਤੇ ਉਨਾਂ ਨੇ ਇਲਾਜ ਅਤੇ ਹੋਰ ਬਹੁਤ ਸਾਰੀਆਂ ਸਬੰਧਿਤ ਚੀਜ਼ਾਂ ਬਾਰੇ ਕਈ ਰਚਨਾਵਾਂ ਰਚੀਆਂ ਹੋਈਆਂ ਮਿਲਦੀਆਂ ਹਨ। ਫ਼ੀਲਨਾਮੇ, ਬਾਜ਼ਨਾਮੇ, ਅਸਵ (ਅਸਪਨਾਮੇ), ਸੁਆਨਨਾਮੇ, ਉਸ਼ਤਰ ਜਾਂ ਸ਼ੁਤਰਨਾਮੇ ਵੀ ਇਸੇ ਲੋੜ ਵਿਚੋਂ ਲਿਖੇ ਗਏ। ਹੋ ਸਕਦਾ ਹੈ ਕਿ ਕਿਸੇ ਅਮੀਰ ਵਜ਼ੀਰ ਦੇ ਕਹਿਣ ਉਪਰ ਵਾਰਿਸ ਸ਼ਾਹ ਨੇ ਉਸ਼ਤਰਨਾਮਾ ਇਸੇ ਦੀ ਪੈਰਵੀ ਵਿਚ ਲਿਖਿਆ ਹੋਵੇ। ਇਸ ਦੌਰ ਵਿਚ ਕਈ ਨਸੀਹਤਨਾਮੇ ਵੀ ਮਿਲਦੇ ਹਨ। ਮੁਸਲਮਾਨ ਲੇਖਕਾਂ ਨੇ ਅਜਿਹੀਆਂ ਰਚਨਾਵਾਂ ਨੂੰ ਇਬਰਤਨਾਮਾ ਵੀ ਕਿਹਾ ਹੈ। ਇਬਰਤ ਦਾ ਅਰਥ ਵੀ ਨਸੀਹਤ, ਨੇਕ ਸਲਾਹ ਅਤੇ ਦੂਜਿਆਂ ਦੀ ਹਾਲਤ ਤੋਂ ਸਬਕ ਸਿੱਖਣਾ ਹੈ।

ਮਿਅਰਾਜਨਾਮੇ ਵੀ ਸ਼ੁੱਧ ਇਸਲਾਮੀ ਰਵਾਇਤ ਨਾਲ ਜੁੜੇ ਹੋਏ ਹਨ। ਮਿਅਰਾਜ ਦਾ ਅਰਥ ਉਪਰ ਚੜਨਾ, ਪੌੜੀ ਜਾਂ ਪੌੜੀ ਦਾ ਡੰਡਾ ਅਤੇ ਖ਼ੁਦਾਈ ਨੇੜਤਾ ਹੈ। ਇਹ ਹਜ਼ਰਤ ਮੁਹੰਮਦ ਸਾਹਿਬ ਦੇ ਜੀਵਨ ਕਾਲ ਦੀ ਇੱਕ ਮਹੱਤਵਪੂਰਨ ਅਤੇ ਪ੍ਰਸਿੱਧ ਘਟਨਾ ਮੰਨੀ ਜਾਂਦੀ ਹੈ ਜਿਸ ਵਿੱਚ ਉਨਾਂ ਨੂੰ ਅੱਲਾ-ਤਾਅਲਾ ਨੇ ਮੁਲਾਕਾਤ ਅਤੇ ਦੀਦਾਰ ਲਈ ਸੱਤਵੇਂ ਅਸਮਾਨ ਬੁਲਾਇਆ ਸੀ। ਸ਼ਬਿ-ਮਿਰਾਜ ਇਕ ਪ੍ਰਸਿੱਧ ਤਿਉਹਾਰ ਵੀ ਹੈ। ਇਸ ਘਟਨਾ ਬਾਰੇ ਪੰਜਾਬੀ ਸਮੇਤ ਕਈਆਂ ਜ਼ਬਾਨਾਂ ਵਿਚ ਮਿਅਰਾਜਨਾਮੇ ਲਿਖੇ ਗਏ ਮਿਲਦੇ ਹਨ। ਵਾਰਿਸ ਸ਼ਾਹ ਨਾਲ ਵੀ ਇਕ ਮਿਅਰਾਜਨਾਮਾ ਜੁੜਿਆ ਹੋਇਆ ਹੈ। ਵਾਰਿਸ ਮਗਰੋਂ ਕਾਦਰਯਾਰ ਨੇ ਵੀ ਅਜਿਹੀ ਰਚਨਾ ਕੀਤੀ ਸੀ। ਵਾਰਿਸ ਸ਼ਾਹ ਧਾਰਮਿਕ ਅਤੇ ਸੂਫ਼ੀ ਵਿਚਾਰਾਂ ਦਾ ਧਾਰਨੀ ਸੀ। ਇਸ ਲਈ ਸੰਭਵ ਹੈ ਕਿ ਉਸ ਨੇ ਕਿਸੇ ਅਰਬੀ ਕਸੀਦਾ ਬੁਰਦਾ ਦਾ ਤਰਜਮਾ ਵੀ ਪੰਜਾਬੀ ਵਿਚ ਕਰ ਦਿੱਤਾ ਹੋਵੇ। ਕਸੀਦੇ ਅੱਲਾ-ਤਾਅਲਾ ਜਾਂ ਤਤਕਾਲੀ ਹਾਕਮਾਂ ਦੀ ਸਿਫ਼ਤ ਜਾਂ ਵਡਿਆਈ ਵਿਚ ਲਿਖੇ ਜਾਂਦੇ ਸਨ। ਅਰਬੀ, ਫ਼ਾਰਸੀ ਅਤੇ ਉਰਦੂ ਵਿਚ ਕਸੀਦਾਨਿਗਾਰੀ ਦੀ ਇਕ ਲੰਮੀ ਅਤੇ ਅਮੀਰ ਰਵਾਇਤ ਹੈ।

## ਮੱਧਕਾਲੀਨ ਸਾਹਿਤ

ਵਾਰਿਸ ਸ਼ਾਹ ਬਾਰੇ ਖੋਜ ਦਾ ਕੁਝ ਕੰਮ ਪਾਕਿਸਤਾਨ ਵਿਚ ਵੀ ਹੋਇਆ ਹੈ। ਅਕਤੂਬਰ-ਨਵੰਬਰ 1969 ਵਿਚ ਮਹੀਨਾਵਾਰ 'ਪੰਜ ਦਰਿਆ' ਦਾ ਵਾਰਸ ਨੰਬਰ ਛਪਿਆ ਸੀ ਜਿਸ ਵਿਚ ਉਸ ਦੀਆਂ ਕਹੀਆਂ ਜਾਣ ਵਾਲੀਆਂ ਰਚਨਾਵਾਂ ਦੇ ਕੁਝ ਨਮੂਨੇ ਛਪੇ ਸਨ। ਅਸੀਂ ਇਸ ਵਿਸ਼ੇਸ਼ ਅੰਕ ਵਿਚੋਂ ਕੁਝ ਨਮੂਨੇ ਖੋਜਕਾਰਾਂ/ਪਾਠਕਾਂ ਦੀ ਦਿਲਚਸਪੀ ਲਈ ਦਰਜ ਕਰਦੇ ਹਾਂ।

ਇਸ ਅੰਕ ਵਿਚ ਕਸੀਦਾ ਬੁਰਦਾ ਦੇ ਤਰਜਮੇ ਬਾਰੇ ਮੁਮਤਾਜ਼ ਸਲੀਮੀ ਦਾ ਇਕ ਲੇਖ ਛਪਿਆ ਹੈ ਜਿਸ ਵਿਚ ਉਹ ਦਾਅਵਾ ਕਰਦੀ ਹੈ ਕਿ ਉਸ ਕੋਲ ਕਸੀਦਾ ਬੁਰਦਾ ਦਾ ਇਕ ਕਲਮੀ ਨੁਸਖ਼ਾ ਮੌਜੂਦ ਹੈ। ਇਸ ਕਲਮੀ ਨੁਸਖ਼ੇ ਸਬੰਧੀ ਉਸ ਦਾ ਅਨੁਮਾਨ ਹੈ ਕਿ ਇਹ ਹਜ਼ਰਤ ਵਾਰਿਸ਼ ਸ਼ਾਹ ਦੇ ਆਪਣੇ ਹੱਥ ਦਾ ਲਿਖਿਆ ਹੋਇਆ ਏ। ਇਹ ਬੇਹੱਦ ਫਟਿਆ ਪੁਰਾਣਾ ਨੁਸਖ਼ਾ ਹੈ ਜਿਸ ਦੇ ਸਫ਼ਿਆਂ ਦੀ ਤਾਦਾਦ 120 ਹੈ। ਲਿਖਤ ਦਾ ਸੰਨ 1152 ਹਿਜਰੀ ਹੈ। ਮੁਮਤਾਜ਼ ਸਲੀਮੀ ਦਾ ਕਹਿਣਾ ਹੈ ਕਿ ਕਸੀਦਾ ਬੁਰਦਾ ਸ਼ੇਖ਼ ਸ਼ਰਫ਼ੂੱਦੀਨ ਅਬੂ ਅਬਦੁੱਲਾ ਮੁਹੰਮਦ ਬਿਨ ਸਈਅਦ ਦੀ ਤਸਨੀਫ਼ ਏ। ਇਹ ਆਪਣੇ ਜ਼ਮਾਨੇ ਦੇ ਬੜੇ ਪਰਹੇਜ਼ਗਾਰ ਬਜ਼ੁਰਗ ਸਨ। 694 ਹਿਜਰੀ ਵਿਚ ਇਨਾਂ ਦਾ ਇੰਤਕਾਲ ਹੋਇਆ। ਇਹ ਫਾਲਿਜ ਦੇ ਮਰੀਜ਼ ਸਨ। ਜਦੋਂ ਬਿਲਕੁਲ ਲਾਚਾਰ ਤੇ ਆਜਿਜ਼ ਆ ਗਏ ਤੇ ਬਹੁਤ ਹੀ ਤੰਗ ਹੋਏ ਤਾਂ ਇਨਾਂ ਨੇ ਇਹ ਕਸੀਦਾ ਜਿਸ ਦੇ 162 ਬੈਂਤ ਹਨ, ਲਿਖਿਆ ਤੇ ਬਾਰੀ ਤਾਅਲਾ ਅੱਗੇ ਆਪਣੀ ਸਿਹਤ ਵਾਸਤੇ ਇਲਤਿਜਾ ਕੀਤੀ। ਇਨਾਂ ਨੇ ਉਸੇ ਰਾਤ ਖ਼ੁਆਬ ਵਿੱਚ ਵੇਖਿਆ ਕਿ ਹਜ਼ੂਰ ਨੇ ਸ਼ੇਖ਼ ਸਾਹਿਬ ਉੱਤੇ ਇਕ ਚਿੱਟੀ ਚਾਦਰ ਪਾ ਦਿੱਤੀ ਏ ਤੇ ਜਿਸਮ ਉੱਤੇ ਹੱਥ ਫੇਰਿਆ ਏ। ਸਵੇਰੇ ਅੱਖ ਖੁੱਲੀ ਤੇ ਬਿਲਕੁਲ ਤੰਦਰੁਸਤ ਸਨ। ਇਨਾਂ ਦੇ ਕਿਸੇ ਦੋਸਤ ਜਾਂ ਅਜ਼ੀਜ਼ ਨੂੰ ਵੀ ਪਤਾ ਨਹੀਂ ਸੀ। ਘਰੋਂ ਬਾਹਰ ਨਿਕਲੇ ਤੇ ਇਕ ਦਰਵੇਸ਼ ਮਿਲੇ ਜਿਨਾਂ ਕਿਹਾ ਸ਼ੇਖ਼ ਸਾਹਿਬ ਆਪਣਾ ਕਸੀਦਾ ਸਾਨੂੰ ਵੀ ਇਨਾਇਤ ਫ਼ੁਰਮਾਓ। ਫੇਰ ਕਸੀਦੇ ਦੀ ਜਲਦੀ ਹੀ ਮਸ਼ਹੂਰੀ ਹੋ ਗਈ। ਇਸ ਦੀ ਖ਼ਬਰ ਬਹਾਉਦੀਨ ਨੂੰ ਵੀ ਪਹੁੰਚ ਗਈ। ਉਨਾਂ ਕਸੀਦੇ ਨੂੰ ਸੋਨੇ ਦੇ ਪਾਣੀ ਨਾਲ ਲਿਖਵਾਇਆ ਤੇ ਅਦਬ ਦੀ ਖ਼ਾਤਿਰ ਨੰਗੇ ਸਿਰ ਤੇ ਨੰਗੇ ਪੈਰ ਇਸ ਨੂੰ ਸੁਣਨ ਲਈ ਆਇਆ ਤੇ ਸਾਰੀ ਉਮਰ ਇਸ ਤੋਂ ਬੜੇ ਬੜੇ ਫ਼ੈਜ਼ ਹਾਸਿਲ ਕੀਤੇ। ਕਸੀਦੇ ਦੀ ਮਸ਼ਹੂਰੀ ਸਾਰੀ ਇਸਲਾਮੀ ਦੁਨੀਆਂ ਵਿਚ ਏ।



ਇਹ ਮਖ਼ਤੂਤਾ ਜਿਹੜਾ ਸਾਡੇ ਕੋਲ ਏ ਇਹਦੇ ਵਿਚ ਫਾਰਸੀ ਸ਼ਿਅਰਾਂ ਦਾ ਤਰਜਮਾ ਅਲਾਮਾ ਜਮਾਲੱਉਦਦੀਨ ਚਨਾਬੀ ਨੇ ਕੀਤਾ ਏ। ਪੰਜਾਬੀ ਸ਼ਿਅਰ ਹਜ਼ਰਤ ਵਾਰਿਸ ਸ਼ਾਹ ਦੇ ਨੇ। ਫ਼ਾਰਸੀ ਦਾ ਸ਼ਿਅਰ ਅਰਬੀ ਦੀ ਬੈਂਤ ਥੱਲੇ ਲਿਖਿਆ ਹੋਇਆ ਏ ਤੇ ਇਹਦੇ ਥੱਲੇ ਪੰਜਾਬੀ ਦਾ ਸ਼ਿਅਰ। ਖ਼ਤ ਅਰਬੀ ਫ਼ਾਰਸੀ ਜਾਂ ਪੰਜਾਬੀ ਦਾ ਦਰਮਿਆਨੇ ਦਰਜੇ ਦਾ ਏ ਤੇ ਇਹਦੀ ਤਰਜ਼ ਤੋਂ ਇਹਦੀ ਕਦਾਮਤ ਦਾ ਪਤਾ ਚੱਲਦਾ ਏ, ਕਸੀਦੇ ਦੇ ਆਖ਼ਰ ਵਿਚ ਪੰਜਾਬੀ ਦੇ ਸ਼ਿਅਰ ਨੇ ਜਿਨਾਂ ਤੋਂ ਤਾਰੀਖ਼ ਤੇ ਮੁਸੱਨਫ ਦਾ ਪਤਾ ਚਲਦਾ ਏ। ਅਲਾਮਾ ਜਮਾਲ ਚਨਾਬੀ ਨੇ ਕਸੀਦਾ ਬੁਰਦਾ ਦੀ ਅਰਬੀ ਵਿਚ ਸ਼ਰਾ ਦੀ 999 ਹਿਜਰੀ ਵਿਚ ਲਿਖੀ ਏ। ਲਿਖਤ ਦੇ ਸੰਨ ਤੋਂ ਮਾਲੂਮ ਹੁੰਦਾ ਏ ਕਿ ਇਹ ਉਹ ਜ਼ਮਾਨਾ ਸੀ ਜਦੋਂ ਹਜ਼ਰਤ ਵਾਰਿਸ ਸ਼ਾਹ ਆਪਣੀ ਮਜ਼ਹਬੀ ਤੇ ਦਰਸੀ ਤਾਲੀਮ ਤੋਂ ਫ਼ਾਰਗ ਹੋ ਚੁੱਕੇ ਸਨ। ਲਿਖਾਈ ਤੇ ਸ਼ਿਅਰਾਂ ਦੀ ਤਰਜ਼ ਤੋਂ ਇਹ ਜ਼ਾਹਿਰ ਹੁੰਦਾ ਏ ਕਿ ਸ਼ੁਰੂ ਦੀ ਉਮਰ ਦਾ ਜ਼ਮਾਨਾ ਏ ਜਦੋਂ ਐਡੀ ਪਕਿਆਈ ਖ਼ਿਆਲਾਂ ਵਿਚ ਨਹੀਂ ਸੀ ਆਈ ਤੇ ਹੀਰ ਉਨਾਂ ਨੇ 27 ਸਾਲ ਬਾਅਦ ਵਿਚ ਲਿਖੀ ਏ :-

ਸਭ ਖ਼ਲਕਤ ਥੀਂ, ਨਬੀ ਅਸਾਡਾ ਜ਼ਾਹਿਰ ਬਾਤਿਨ ਕਾਮਲ।  
ਨਾਲ ਮੁਹੱਬਤ ਆਪਣੀ ਖਾਲਿਕ ਕੀਤਾ ਉਸਨੂੰ ਸ਼ਾਮਲ।  
ਹੋਰ ਸ਼ਰੀਕ ਨਾ ਕੋਈ ਹਜ਼ਰਤ ਵਿਚ,  
ਖ਼ੂਬੀ ਜਿਹਬਾਈ ਹੁਸਨ ਮਲਾਹਤ ਜੋ,  
ਅਹਿਮਦ ਅੰਦਰ ਖਾਲਿਕ ਆਖ ਸੁਣਾਈ।

ਇਸੇ ਵਿਸ਼ੇਸ਼ ਅੰਕ ਵਿਚ ਇਕ-ਇਕ ਲੇਖ 'ਦੋਹੜਿਆਂ' ਅਤੇ 'ਬਾਰਾਂਮਾਹ' ਬਾਰੇ ਹਨ। ਦੋਹੜਿਆਂ ਵਿੱਚ ਚਿੰਨ ਤਾਂ ਭਾਵੇਂ ਹੀਰ, ਰਾਂਝੇ ਵਾਲੇ ਹੀ ਵਰਤੇ ਗਏ ਹਨ ਪਰ ਤਸਵੁੱਫ਼ ਦਾ ਰੰਗ ਵੀ ਉੱਘੜਦਾ ਹੈ। ਬਾਰਾਮਾਂਹ ਵਿਚ ਵੀ ਰਵਾਇਤੀ ਰੰਗਤ ਹੈ। ਇੱਕ-ਇੱਕ ਉਦਾਹਰਣ ਇਸ ਤਰਾਂ ਹੈ :

ਬਾਹੋਂ ਪਕੜ ਬਹਾਲੀ ਸਾਂ ਮੈਂ, ਸਰਵਰ ਆਲਮ ਖਾਰੇ।  
ਚਾਰੇ ਯਾਰ ਖਲੋਤੇ ਫੜ ਕੇ, ਸਾਲੂ ਦੇ ਲੜ ਚਾਰੇ।  
ਦਹੀਂ ਫੁੱਟੀ ਸਿਰ ਹੋਰਾਂ ਪਾਈ ਸੈ ਸੈ ਸ਼ਗਨ ਵਿਚਾਰੇ।  
ਵਾਰਿਸ਼ ਸ਼ਾਹ ਵੱਤ ਬੱਧੋ ਕੇ, ਮੇਰਾ ਰਾਂਝਣ ਨਾਲ ਪਿਆਰੇ।

ਚੜਦੇ ਚੇਤਰ ਮਾਂਹ ਨੂੰ ਸਭ ਸਈਆਂ,  
ਰਲ ਬਿੰਦੀਆਂ ਟਿੱਕੇ ਲਾਉਂਦੀਆਂ ਨੇ।  
ਹੱਥੀਂ ਪਾ ਕੰਗਣ ਪਹਿਨ ਜ਼ਰੀ ਜ਼ੇਵਰ,  
ਪੈਰੀਂ ਝਾਜਰਾਂ ਖੂਬ ਛਣਕਾਂਦੀਆਂ ਨੇ।  
ਨਾਲ ਸ਼ੌਕ ਦੇ ਘਰਾਂ ਦੇ ਵਿੱਚ ਜਾ ਕੇ,  
ਪਹਿਲੇ ਰਾਂਗਲੀ ਸੇਜ ਵਿਛਾਉਂਦੀਆਂ ਨੇ।  
ਵਾਰਿਸ ਸ਼ਾਹ ਇਕਲੜੀ ਹੀਰ ਜੱਟੀ,  
ਹੋਰ ਕੰਤਾਂ ਨੂੰ ਅੰਗ ਲਗਾਉਂਦੀਆਂ ਨੇ।

ਚੜਦੇ ਮਾਂਹ ਵਿਸਾਖ ਨੂੰ ਹੀਰ ਜੱਟੀ,  
ਰਾਂਝੇ ਯਾਰ ਦੇ ਬਾਝ ਹੈਰਾਨ ਹੋਈ।  
ਜ਼ਾਰ-ਜ਼ਾਰ ਰੋਂਦੀ ਪੱਲੂ ਪਾ ਵੈਂਦੀ ਏ,  
ਕਹਿੰਦੀ ਜਾਨ ਏ ਲਬਾਂ ਦੇ ਆਨ ਹੋਈ।  
ਰਾਂਝੇ ਯਾਰ ਦੇ ਬਾਝ ਨਾ ਜਿਉਂਦੀ ਹਾਂ,  
ਉਹਦੇ ਨਾਮ ਤੋਂ ਮੈਂ ਕੁਰਬਾਨ ਹੋਈ।  
ਵਾਰਿਸ ਸ਼ਾਹ ਕਿਉਂ ਅਸਾਂ ਥੀਂ ਰੁੱਸ ਗਿਆ,  
ਸਾਥੋਂ ਨਈ ਕੋਈ ਗੱਲ ਬੇਸ਼ਾਨ ਹੋਈ।

ਸੇ ਸਾਬਤ ਰਹੀ ਪ੍ਰੀਤ ਪੁੰਨੂੰ ਦੀ,  
ਸੱਸੀ ਪ੍ਰੀਤ ਨ ਤੋੜੀ।  
ਇਕ ਇਕੱਲੀ ਥਲ ਬਾਂਗਰ ਵਿਚ,  
ਮਾਰ ਲਥੀ ਵੰਞ ਖੋੜੀ।  
ਮੋਇਆਂ ਬਾਝ ਯਾਰ ਨਾ ਮਿਲਦਾ,  
ਜੇ ਕੀਜੇ ਯਤਨ ਕਰੋੜੀ।  
ਵਾਰਸ ਬਰਕਤ ਸਿਦਕ ਸਚ ਦੀ,  
ਪੁੰਨੂੰ ਦੇ ਅੰਗ ਜੋੜੀ।

ਉਰਦੂ ਆਲੋਚਕ ਹਾਫਿਜ਼ ਮਹਿਮੂਦ ਸ਼ੀਰਾਨੀ ਦੀ ਪੁਸਤਕ 'ਪੰਜਾਬ ਮੇਂ ਉਰਦੂ' ਬੜੀ ਪ੍ਰਸਿੱਧ ਹੈ। ਇਹ ਪੁਸਤਕ ਪੰਜਾਬੀ ਵਿਦਵਾਨਾਂ ਲਈ ਵੀ ਬੜੀ ਉਪਯੋਗੀ ਹੈ ਕਿਉਂਕਿ ਇਸ ਵਿਚ ਉਨਾਂ ਪੰਜਾਬੀ ਕਵੀਆਂ ਦਾ ਵੀ ਜ਼ਿਕਰ ਹੈ ਜਿਨਾਂ ਉਰਦੂ ਵਿਚ ਵੀ ਲਿਖਿਆ ਹੈ। ਸ਼ੀਰਾਨੀ ਨੇ ਪੈਸਾ ਅਖ਼ਬਾਰ ਦੇ ਸੰਪਾਦਕ ਮੌਲਵੀ ਮਹਿਬੂਬ ਆਲਮ ਦੇ ਹਵਾਲੇ ਨਾਲ ਉਕਤ ਪੁਸਤਕ ਵਿਚ ਇਕ ਉਰਦੂ ਗ਼ਜ਼ਲ ਦਾ ਨਮੂਨਾ ਦਿੱਤਾ ਹੈ ਜਿਸ ਨੂੰ ਉਹ ਵਾਰਿਸ ਸ਼ਾਹ ਰਚਿਤ ਮੰਨਦਾ ਹੈ :

ਜਿਸ ਦਿਨ ਕੇ ਸਾਜਨ ਬਿਛੜੇ ਹੈ ,  
ਇਸ ਦਿਨ ਕਾ ਦਿਲ ਬੀਮਾਰ ਹੋਯਾ।  
ਅਬ ਕਠਨ ਬਨਾ ਕਿਆ ਫ਼ਿਕਰ ਕਰੂੰ,  
ਘਰ ਬਾਰ ਸਭੀ ਬੇਜ਼ਾਰ ਹੋਯਾ।

ਇਹ ਸੱਯਦ ਵਾਰਿਸ ਸ਼ਾਹ ਦੇ ਨਾਲ ਜੁੜੀਆਂ ਕੁਝ ਰਚਨਾਵਾਂ ਦੀ ਮਹਿਜ਼ ਜਾਣ-ਪਛਾਣ ਹੈ। ਇਨਾਂ ਦੀ ਪ੍ਰਮਾਣਿਕਤਾ ਬਾਰੇ ਮੇਰਾ ਕੋਈ ਦਾਅਵਾ ਨਹੀਂ। ਅਗਲੇਰੀ ਖੋਜ ਦਾਅਵੇ ਦੀ ਪੁਸ਼ਟੀ ਵੀ ਕਰ ਸਕਦੀ ਹੈ ਅਤੇ ਇਸ ਨੂੰ ਰੱਦ ਵੀ ਕਰ ਸਕਦੀ ਹੈ।

## 1. ਅੱਗ ਵੀ ਹਿੰਮਤੋਂ ਬਹੁਤੀ ਦਿੱਤੀ

ਅੱਗ ਵੀ ਹਿੰਮਤੋਂ ਬਹੁਤੀ ਦਿੱਤੀ, ਫਿਰ ਵੀ ਭਾਂਡੇ ਪਿੱਲੇ ਰਹੇ।
ਭਾਂਬੜ ਜਹੀਆਂ ਧੁੱਪਾਂ ਵਿਚ ਵੀ, ਮੇਰੇ ਲੀੜੇ ਗਿੱਲੇ ਰਹੇ।
ਦੋਸ਼ ਦਿਉ ਨਾ ਝੱਖੜਾਂ ਉੱਤੇ, ਸਿਰ ਤੋਂ ਉੱਡੇ ਤੰਬੂਆਂ ਦਾ,
ਕਿੱਲੇ ਠੀਕ ਨਈਂ ਠੋਕੇ ਖੌਰੇ, ਸਾਥੋਂ ਰੱਸੇ ਢਿੱਲੇ ਰਹੇ।
ਏਧਰ ਗੱਭਰੂ ਲਾਸ਼ਾਂ ਡਿੱਗੀਆਂ, ਸੀਨੇ ਪਾਟੇ ਮਾਵਾਂ ਦੇ,
ਓਧਰ ਠੀਕ ਨਿਸ਼ਾਨੇ ਬਦਲੇ, ਲੱਗਦੇ ਤਗ਼ਮੇਂ ਬਿੱਲੇ ਰਹੇ।
ਮੈਂ ਵੀ ਧੀ ਸੀ ਡੋਲੇ ਪਾਉਣੀ, ਸੂਹਾ ਜੋੜਾ ਲੈਣ ਗਿਆ,
ਵੇਖ ਕੇ ਮੇਰੀ ਹਾਲਤ ਵੱਲੇ, ਹੱਸਦੇ ਗੋਟੇ ਤਿੱਲੇ ਰਹੇ।
ਰਸਤਾ, ਪੈਂਡਾ, ਵੇਲਾ ਇੱਕੋ, ਮੰਜਿਲ ਉੱਤੇ ਅਪੜਨ ਦਾ,
ਪਿੱਟਣਗੇ ਤਕਦੀਰਾਂ ਬਹਿ ਕੇ, ਜ਼ਰਾ ਵੀ ਜਿਹੜੇ ਢਿੱਲੇ ਰਹੇ।
ਇੱਕ ਦਿਹਾੜੇ ਬੱਦਲ ਵੱਸਿਆ, ਜਸ਼ਨ ਮਨਾਇਆ ਚੌਧਰੀਆਂ,
ਝੁੱਗੀਆਂ ਦੇ ਫਿਰ ਕਈ ਦਿਹਾੜੇ, ਬਾਲਣ ਚੁੱਲੇ ਸਿੱਲੇ ਰਹੇ।
ਸਾਡਾ ਹਾਲ ਵੀ ਪੁੱਛਣ ਜੋਗੀ, ਉਨਾਂ ਪੱਲੇ ਫੁਰਸਤ ਨਹੀਂ,
ਜਿਨਾਂ ਦੀ ਤੰਗ ਦਸਤੀ ਦੇ ਲਈ, 'ਬਾਬਾ' ਕੱਟਦੇ ਛਿਲੇ ਰਹੇ।

**ਬਾਬਾ ਨਜਮੀ**

## 2. ਨੀ ਨਿਕੇ ਜਿਹੇ ਢੋਲ ਸਾਨੂੰ ਘੱਲੀਆਂ ਨੇ ਵੰਗਾਂ

ਵੰਗਾਂ ਵਿਚ ਦੂਰ ਦਿਆਂ, ਵਾਸੀਆਂ ਦੀ ਯਾਦ ਆਈ
ਵੰਗਾਂ ਵਿਚ ਸਜਨਾਂ ਦੀ, ਗੁਝੀ ਫਰਿਆਦ ਆਈ
ਵੰਗਾਂ ਵਿਚ ਨੈਣ ਨੇ ਲੁਕੋ ਕੇ ਘੱਲੇ ਮੀਤ ਨੇ
ਵੰਗਾਂ ਵਿਚੋਂ ਝਾਕਦੇ ਪ੍ਰੀਤ ਵਾਲੇ ਗੀਤ ਨੇ
ਵੰਗਾਂ ਛਣਕਾਉਂਦੀ ਮੈਂ ਸ਼ਰੀਕਾਂ ਕੋਲੋਂ ਲੰਘਾਂ
ਨੀ ਨਿਕੇ ਜਿਹੇ ਢੋਲ ਸਾਨੂੰ ਘੱਲੀਆਂ ਨੇ ਵੰਗਾਂ
ਵੰਗਾਂ ਮੇਰੇ ਰੋਂਦੇ ਰੋਂਦੇ ਅਥਰੂ ਵਹਾ ਦਿਤੇ
ਵੰਗਾਂ ਮੇਰੇ ਸੁੱਤੇ ਸੁੱਤੇ ਜਜ਼ਬੇ ਜਗਾ ਦਿਤੇ
ਗੋਰੇ ਰੰਗ ਉਤੇ ਵੰਗਾਂ ਲਾਲ ਨੇ ਸੁਹਾਂਦੀਆਂ
ਵੰਗਾਂ ਬਾਹਾਂ ਮੇਰੀਆਂ ਨੂੰ ਜੱਫੀਆਂ ਨੇ ਪਾਂਦੀਆਂ
ਨੀ ਮਾਹੀ ਦੀ ਮੈਂ ਸੁਖ ਨਿੱਤ ਰੱਬ ਕੋਲੋਂ ਮੰਗਾਂ
ਨੀ ਨਿਕੇ ਜਿਹੇ ਢੋਲ ਸਾਨੂੰ ਘੱਲੀਆਂ ਨੇ ਵੰਗਾਂ
ਵੰਗਾਂ ਮੇਰੀ ਉੱਜੜੀ ਜਵਾਨੀ ਨੂੰ ਵਸਾਉਣ ਆਈਆਂ
ਵੰਗਾਂ ਮੇਰੇ ਵਿਹੜੇ ਨੂੰ ਸੁਹਾਗ ਭਾਗ ਲਾਉਣ ਆਈਆਂ
ਹੱਥੀਂ ਮੇਰੇ ਪਾ ਦੇ ਮਾਏ ਵੰਗਾਂ ਸੂਹੀਆਂ ਲਾਲ ਨੀ
ਸਾਈਂ ਪੂਰੇ ਕਰੂ ਸਾਡੇ ਦਿਲ ਦੇ ਸਵਾਲ ਨੀ
ਘੁੰਡ ਨਾ ਮੈਂ ਚੁੱਕਾਂ 'ਨੂਰਪੁਰੀ' ਕੋਲੋਂ ਸੰਗਾਂ
ਨੀ ਨਿਕੇ ਜਿਹੇ ਢੋਲ ਸਾਨੂੰ ਘੱਲੀਆਂ ਨੇ ਵੰਗਾਂ

**ਨੰਦ ਲਾਲ ਨੂਰਪੁਰੀ**

## 3. ਅਲਾਹ ਦੇ ਘਰ ਘੱਲੋ ਦਾਣੇ

ਚੜੀ ਵਿਸਾਖੀ ਵਾਢੇ ਬੈਠੇ, ਪੱਕੀ ਕਣਕ ਵਢੀਚਣ ਲੱਗੀ,
ਤਿੱਖੀ ਧੁੱਪੇ ਭਰੀਆਂ ਬੱਝੀਆਂ, ਅੱਧੀ ਰਾਤ ਗਵੀਚਣ ਲੱਗੀ।
ਕਹਿਣ ਖੁਦਾ ਦਾ ਹਿੱਸਾ ਘੱਲੋ, ਵਿਚ ਮਸੀਤਾਂ ਦੇ ਮਲਵਾਣੇ,
ਅੱਲਾਹ ਦੇ ਘਰ ਘੱਲੋ ਦਾਣੇ, ਭਾਵੇਂ ਅੱਲਾਹ ਨੇ ਨਈਂ ਖਾਣੇ।
ਅੱਲਾਹ ਦੇ ਘਰ ਘੱਲੋ ਦਾਣੇ
ਦਾਣੇ ਯਾਂ ਫਿਰ ਪੈਸੇ ਘੱਲੋ, ਜੋ ਵੀ ਜੀਅ ਕਰਦਾ ਏ ਘੱਲੋ,
ਰੱਬ ਦੇ ਘਰ ਵਿਚ ਹਿੱਸਾ ਪਾਓ, ਜੋ ਵੀ ਪੁੱਜਦਾ ਸਰਦਾ ਏ ਘੱਲੋ।
ਰੱਬ ਦੇ ਘਰ ਦੇ ਹਮਸਾਏ ਦੇ, ਭਾਵੇਂ ਭੁੱਖੇ ਸੌਣ ਨਿਆਣੇ,
ਅੱਲਾਹ ਦੇ ਘਰ ਘੱਲੋ ਦਾਣੇ, ਭਾਵੇਂ ਅੱਲਾਹ ਨੇ ਨਈਂ ਖਾਣੇ।
ਅੱਲਾਹ ਦੇ ਘਰ ਘੱਲੋ ਦਾਣੇ
ਫਰਸ਼ ਪੁਰਾਣਾ ਪੁੱਟ ਮਸਜ਼ਿਦ ਦਾ, ਛੇਤੀ ਕਰੀਏ ਨਵਾਂ ਲਵਾਈਏ,
ਕੰਧਾਂ ਨਾਲ ਵੀ ਸੰਗੇਮਰਮਰ, ਯਾ ਚੀਨੀ ਦੀਆਂ ਟਾਇਲਾਂ ਲਾਈਏ।
ਬੰਦੇ ਪਏ ਕੁੱਲੇ ਨੂੰ ਤਰਸਣ, ਰੱਬ ਪਿਆ ਮਹਿਲੀਂ ਮੌਜਾਂ ਮਾਣੇ,
ਅੱਲਾਹ ਦੇ ਘਰ ਘੱਲੋ ਦਾਣੇ, ਭਾਵੇਂ ਅੱਲਾਹ ਨੇ ਨਈਂ ਖਾਣੇ।
ਅੱਲਾਹ ਦੇ ਘਰ ਘੱਲੋ ਦਾਣੇ
ਚੌਧਰੀ, ਹੱਕ ਮੁਜਾਰੇ ਦਾ ਵੀ, ਮਸਜ਼ਿਦ ਦੇ ਵਿਚ ਦੇ ਜਾਏ ਭਾਵੇਂ,
ਮੀਆਂ ਜੀ ਉਹਨੂੰ ਬਹਾ ਦਿੰਦੇ ਨੇ, ਜ਼ੰਨਤ ਦੇ ਵਿਚ ਠੰਡੀ ਛਾਵੇਂ।
ਕਣਕ ਤੋ ਸਾਵੀਂ ਜ਼ਨਤ ਵੇਚੇ, ਵੇਖੋ ਮੁੱਲਾ ਹਾਸੇ ਭਾਣੇ,
ਅੱਲਾਹ ਦੇ ਘਰ ਘੱਲੋ ਦਾਣੇ, ਭਾਵੇਂ ਅੱਲਾਹ ਨੇ ਨਈਂ ਖਾਣੇ।
ਅੱਲਾਹ ਦੇ ਘਰ ਘੱਲੋ ਦਾਣੇ
ਜਿਸ ਘਰੋਂ ਨਾਂ ਦਾਣੇ ਆਏ, ਉਸ ਘਰ ਅਸੀਂ ਆਪ ਜਾਵਾਂਗੇ,
ਪੰਜ ਸੱਤ ਬੰਦੇ ਕੱਠੇ ਹੋਕੇ, ਉਸ ਦਾ ਬੂਹਾ ਖੜਕਾਵਾਂਗੇ।
ਮੁੱਲਾ ਦੇ ਐਲਾਨ ਤੋਂ ਮੈਂ ਜਹੇ, ਕਈ ਬਹਿ ਗਏ ਹੋ ਨਿੰਮੋਝਾਣੇ,
ਅੱਲਾਹ ਦੇ ਘਰ ਘੱਲੋ ਦਾਣੇ, ਭਾਵੇਂ ਅੱਲਾਹ ਨੇ ਨਈਂ ਖਾਣੇ।
ਅੱਲਾਹ ਦੇ ਘਰ ਘੱਲੋ ਦਾਣੇ
ਜੁਮਾਂ ਪੜਨ ਸਾਂ ਗਿਆ ਮਸੀਤੇ, ਵਾਜ਼ ਹੋਈ ਮੁੱਲਾ ਫ਼ਰਮਾਇਆ,
ਸਾਫੇ ਦੀ ਇਕ ਝੋਲੀ ਲੈਕੇ, ਚੰਦੇ ਦੇ ਲਈ ਬੰਦਾ ਆਇਆ।
ਖਾਲੀ ਖੀਸੇ ਲੱਗਾ ਸਾਬਰ, ਰੱਬ ਦੇ ਘਰ ਨਈਂ ਆਇਆ ਠਾਣੇ,
ਅੱਲਾਹ ਦੇ ਘਰ ਘੱਲੋ ਦਾਣੇ, ਭਾਵੇਂ ਅੱਲਾਹ ਨੇ ਨਈਂ ਖਾਣੇ।
ਅੱਲਾਹ ਦੇ ਘਰ ਘੱਲੋ ਦਾਣੇ

**ਸਾਬਿਰ ਅਲੀ ਸਾਬਿਰ**

## 4. ਉਠ ਜਾਗ ਪੰਜਾਬ ਸਿਆਂ

ਉੱਠ ਜਾਗ ਪੰਜਾਬ ਸਿਆਂ
ਸੁੱਤਿਆ ਚੋਰ ਘਰਾਂ ਵਿੱਚ ਵੜ ਗਏ।
ਤੱਕ ਸੋਨ ਚਿੜੀ ਆਪਣੀ,
ਸ਼ਿਕਰੇ ਕਿਹੜੀ ਚਾਲ ਨਾਲ ਫੜ ਗਏ।
ਉਠ ਜਾਗ ਪੰਜਾਬ ਸਿਆਂ-
ਸੁੱਤਿਆ ਚੋਰ ਘਰਾਂ ਵਿੱਚ ਵੜ ਗਏ।
ਤੂੰ ਕੀ ਸੀ, ਕੀ ਬਣ ਗਿਆ
ਸਾਰੀ ਭੁੱਲ ਗਿਐਂ ਗੀਤ ਪੁਰਾਣੀ
ਤੇਰੇ ਚੇਤਿਓਂ ਵਿੱਸਰ ਗਈ
ਬਾਬੇ ਨਾਨਕ ਜੀ ਦੀ ਬਾਣੀ
ਜਿਸ ਨੂੰ ਸੁਣ ਬਾਬਰ ਦੇ
ਹੱਥ ਤਲਵਾਰ ਵਾਲੇ ਸੀ ਖੜ ਗਏ
ਉਠ ਜਾਗ ਪੰਜਾਬ ਸਿਆਂ-
ਸੁੱਤਿਆ ਚੋਰ ਘਰਾਂ ਵਿੱਚ ਵੜ ਗਏ।
ਦਸਮੇਸ਼ ਪਿਤਾ ਨੇ ਸੀ
ਜ਼ੁਲਮ ਦੇ ਰੋਕੇ ਵਾਰ ਲੈ ਢਾਲਾਂ,
ਉਸ ਰਾਹ ਤੋਂ ਰੋਕਣ ਲਈ
ਦੋਖੀ ਚੱਲਦੇ ਲੂੰਬੜ ਚਾਲਾਂ,
ਓਸ ਸ਼ੇਰ ਦੇ ਪੁੱਤਰ ਕਿਉਂ,
ਅੱਜ ਫਿਰ ਘੁਰਨਿਆਂ ਵਿੱਚ ਦੜ ਗਏ।
ਉਠ ਜਾਗ ਪੰਜਾਬ ਸਿਆਂ
ਸੁੱਤਿਆ ਚੋਰ ਘਰਾਂ ਵਿੱਚ ਵੜ ਗਏ।
ਤੈਨੂੰ ਕੀਹਨੇ ਨਹੀਂ ਲੁੱਟਿਆ
ਕੀ ਤੈਮੂਰ ਤੇ ਕੀ ਅਬਦਾਲੀ
ਤੇਰੇ ਅਣਖੀ ਸੂਰਮਿਆਂ
ਖੋਹ ਹਥਿਆਰ ਮੋੜਤੇ ਖਾਲ਼ੀ
ਨਲੂਏ ਜਿਹੇ ਯੋਧਿਆਂ ਦੇ,
ਨਾਮ ਪਠਾਣੀਆਂ ਦੇ ਮੂੰਹ ਚੜ ਗਏ
ਉਠ ਜਾਗ ਪੰਜਾਬ ਸਿਆਂ
ਸੁੱਤਿਆ ਚੋਰ ਘਰਾਂ ਵਿੱਚ ਵੜ ਗਏ।
ਤੇਰੀ ਇਸ ਧਰਤੀ ਨੇ
ਪੈਦਾ ਕੀਤੇ ਭਗਤ, ਸਰਾਭੇ
ਤੈਨੂੰ ਅੱਜ ਯਾਦ ਨਹੀਂ
ਬੱਬਰ ਅਕਾਲੀ, ਗਦਰੀ ਬਾਬੇ
ਹੱਕ-ਸੱਚ ਦੀ ਖ਼ਾਤਰ ਜੋ
ਹੱਸਦੇ-ਹੱਸਦੇ ਫਾਂਸੀ ਚੜ ਗਏ
ਉਠ ਜਾਗ ਪੰਜਾਬ ਸਿਆਂ
ਸੁੱਤਿਆ ਚੋਰ ਘਰਾਂ ਵਿੱਚ ਵੜ ਗਏ।
ਤੇਰੇ ਸਿਰੜੀ ਜੁੱਸੇ ਨੂੰ
ਢਾਲ ਨਾ ਸਕੇ ਤੋਪ ਦੇ ਗੋਲੇ
ਚਿੱਟੇ ਦੀ ਚੁੱਟਕੀ ਨੇ
ਕਰਤੇ ਗੱਭਰੂ ਗੂੰਗੇ-ਬੋਲੇ
ਲੈ ਸਾਰ ਜੁਆਨੀ ਦੀ
ਸਮਝ ਲੈ ਕੌਣ ਘਾੜਤਾਂ ਘੜ ਗਏ
ਉਠ ਜਾਗ ਪੰਜਾਬ ਸਿਆਂ,
ਸੁੱਤਿਆ ਚੋਰ ਘਰਾਂ ਵਿੱਚ ਵੜ ਗਏ।
ਤੇਰੇ ਮਿੱਠੜੇ ਪਾਣੀ ਨੂੰ,
ਕਰਤਾ ਕੌੜਾ ਪਾ-ਪਾ ਜ਼ਹਿਰਾਂ,
ਦਰਿਆ ਤਾਂ ਵੰਡੇ ਸੀ,
ਇਹ ਹੁਣ ਵੰਡੀ ਜਾਂਦੇ ਨਹਿਰਾਂ
ਪਰ ਤੇਰੇ ਸਭ ਮਸਲੇ,
ਵੀਰਨਾਂ ਤੇਜ਼ ਹੜਾਂ ਵਿੱਚ ਹੜ ਗਏ
ਉਠ ਜਾਗ ਪੰਜਾਬ ਸਿਆਂ,
ਸੁੱਤਿਆ ਚੋਰ ਘਰਾਂ ਵਿੱਚ ਵੜ ਗਏ।
ਇੱਕ ਪੁੱਤਰ ਅੰਨਦਾਤਾ
ਲੈ ਗਿਆ ਫਾਹਾ ਕਰਜ਼ੇ ਡੁੱਬਾ
ਦੂਜਾ ਡੇਰੇ ਸਾਧਾਂ ਦੇ
ਡਿੱਗ-ਡਿੱਗ ਪੈਰੀਂ ਹੋ ਗਿਆ ਕੁੱਬਾ
ਹੁਣ ਬਹੁੜ ਜੋਗੀਆ ਵੇ
ਟੱਬਰ ਦੇ ਨਾਗ ਕੁੰਡਲੀਏ ਲੜ ਗਏ
ਉਠ ਜਾਗ ਪੰਜਾਬ ਸਿਆਂ,
ਸੁੱਤਿਆ ਚੋਰ ਘਰਾਂ ਵਿੱਚ ਵੜ ਗਏ।
ਤੇਰੀ ਧਰਤ ਸੁਹਾਵੀ ਤੇ,
ਰਹੇ ਨੇ ਗੁਰ-ਪੀਰਾਂ ਦੇ ਵਾਸੇ,
ਅੱਜ ਉਸੇ ਧਰਤੀ ਤੇ,
ਹਾਹਾਕਾਰ ਮੱਚੀ ਹਰ ਪਾਸੇ
ਗੁਰੂ ਗ੍ਰੰਥ ਸਾਹਿਬ ਜੀ ਦੇ,
ਅੰਗ ਨੇ ਗਲ਼ੀਆਂ ਦੇ ਵਿੱਚ ਸੜ ਗਏ
ਉਠ ਜਾਗ ਪੰਜਾਬ ਸਿਆਂ,
ਸੁੱਤਿਆ ਚੋਰ ਘਰਾਂ ਵਿੱਚ ਵੜ ਗਏ।
ਤੇਰੇ ਘਰ ਦੇ ਜੰਦਰੇ ਦੀ,
ਦੇਖ ਖਾਂ ਕਿਹੜੇ ਹੱਥੀਂ ਕੁੰਜੀ
ਗੱਲ ਸੋਲਾਂ ਆਨੇਂ ਐਂ
ਚੋਰੀ ਭੇਤ ਬਿਨਾਂ ਨਹੀਂ ਹੁੰਦੀ
ਤੇਰੇ ਘਰ ਦੇ ਰਖਵਾਲੇ
ਲਗਦੈ ਨਾਲ ਚੋਰਾਂ ਦੇ ਖੜ ਗਏ
ਉਠ ਜਾਗ ਪੰਜਾਬ ਸਿਆਂ,
ਸੁੱਤਿਆ ਚੋਰ ਘਰਾਂ ਵਿੱਚ ਵੜ ਗਏ।
ਤੇਰੀ ਰੱਤ ਚੂਸ ਲਈ,
ਬੇਈਮਾਨਾਂ, ਰਿਸ਼ਵਤਖ਼ੋਰਾਂ
ਤੇਰਾ ਕੱਖ ਵੀ ਛੱਡਣਾ ਨਹੀਂ
ਇਹਨਾਂ ਘਰ ਵਿੱਚ ਵੜਿਆਂ ਚੋਰਾਂ
ਸੁੱਖ ਸੁੱਤਿਆਂ ਨਹੀਂ ਸਰਨਾ
ਜਿੱਤ ਗਏ ਜੋ ਉਹਨਾਂ ਸੰਗ ਲੜ ਗਏ
ਉਠ ਜਾਗ ਪੰਜਾਬ ਸਿਆਂ,
ਸੁੱਤਿਆ ਚੋਰ ਘਰਾਂ ਵਿੱਚ ਵੜ ਗਏ।

**ਸੁੱਖ ਬਰਾੜ**



# ਕਾਵਿ ਸੰਸਾਰ

## ਇਸ ਵਾਰ

ਪੋਣੇ 'ਚ ਦੋ ਡੰਗ ਦੀ ਰੋਟੀ ਬੰਨ
ਤੇ ਡੱਬੀਆਂ ਵਾਲਾ
ਧੋਤਾ ਪਰਨਾ ਫੜਾਉਦਿਆਂ
ਧੀ ਬੋਲੀ
ਬਾਪੂ !
ਇਸ ਵਾਰ ਤੂੰ ਧਰਨੇ ਤੇ
ਇਕੱਲਾ ਨਹੀਂ ਜਾਵੇਂਗਾ
ਮੈਂ ਵੀ ਤੇਰੇ ਨਾਲ ਜਾਵਾਂਗੀ
ਤੇਰੀ ਆਵਾਜ਼ ਵਿਚ ਆਪਣੀ
ਆਵਾਜ਼ ਰਲਾਵਾਂਗੀ
ਤੇਰੇ ਪਿੰਡੇ ਤੇ ਵਰੀਆਂ ਡਾਗਾਂ
ਤੇ ਤੇਰੀ ਰੂਹ ਨਾਲ
ਖੇਡੀਆਂ ਗਈਆਂ
ਮਕਾਰੀ ਖੇਡਾਂ ਦੀ ਪੀੜਾ
ਮੈਂ ਤੇਰੇ ਨਾਲ ਵੰਡਾਵਾਂਗੀ।
ਬਾਪੂ !
ਤੂੰ ਬਹੁਤ ਭੋਲਾ ਏਂ
ਹਰ ਵਾਰ
ਮੀਸਣੇ ਲੀਡਰਾਂ ਦੇ ਭਾਸ਼ਣਾਂ ਤੇ
ਯਕੀਨ ਕਰ ਲੈਨਾਂ
ਪਰ
ਇਸ ਵਾਰ ਮੈਂ ਤੈਨੂੰ
ਉਨਾਂ ਦੇ ਮਕਾਰੀ ਭਾਸ਼ਣਾਂ ਦੇ
ਮਾਰੂ ਅਰਥ ਸਮਝਾ
ਮੇਰੀਆਂ ਡਿਗਰੀਆਂ ਤੇ
ਖਰਚ ਹੋਏ ਤੇਰੇ ਪੈਸੇ
ਤੇ ਤੇਰੀਆਂ ਹੰਢਾਈਆਂ ਤੰਗੀਆਂ ਦਾ
ਭੋਰਾ ਮੁੱਲ ਚੁਕਾਵਾਂਗੀ
ਤੇਰੀ ਕਹੀ ਨੂੰ
ਬਗਾਵਤ ਦਾ ਚਿੰਨ ਬਣਾ ਕੇ
ਅਸਮਾਨ ਵਿੱਚ ਲਹਿਰਾਵਾਂਗੀ
ਬਾਪੂ !
ਇਸ ਵਾਰ ਤੂੰ ਧਰਨੇ ਤੇ
ਇਕੱਲਾ ਨਹੀਂ ਜਾਵੇਂਗਾ
ਤੇਰੇ ਖੇਤਾਂ ਦੀ ਧੀ
ਤੇਰੀ ਲਾਡੋ
ਤੇਰੇ ਨਾਲ ਜਾਵੇਗੀ
ਤੇਰੇ ਖੇਤਾਂ ਦੀ ਮਿੱਟੀ ਦੀ
ਚੋਰੀ ਹੋਈ ਮਹਿਕ
ਤੇ ਪੱਕੀ ਫ਼ਸਲ ਦਾ
ਲੁੱਟਿਆ ਹਾਸਾ
ਵਾਪਿਸ ਲਿਆਵੇਗੀ।
ਬਾਪੂ
ਤੂੰ ਇਸ ਵਾਰ
ਧਰਨੇ ਤੇ
ਇਕੱਲਾ ਨਹੀਂ ਜਾਵੇਂਗਾ
ਮੈਂ ਤੇਰੇ
ਨਾਲ ਜਾਵਾਂਗੀ।

**ਸੁਰਿੰਦਰ ਗੀਤ**

## ਕੌਮ ਮੇਰੀ

ਕੌਮ ਮੇਰੀ ਗਮਖਾਰ ਭੁਲੇਖੇ
ਚੁਣ ਬੈਠੀ ਪਰਛਾਵੇਂ
ਆਪਣੇ ਹੱਥੀਂ ਘਾਣ ਦੇ ਲੇਖੇ
ਦੱਸੀਏ ਕਿਹੜੀ ਥਾਵੇਂ।
ਸਿੰਘਾਂ ਹੱਥੀਂ ਹੱਥਕੜੀਆਂ ਜੋ
ਕੌਮ ਨੂੰ ਲੱਗੀਆਂ ਜਾਣੋ
ਕਿਸ ਫਤਵੇ ਤੇ ਮੋਹਰਾਂ ਲਾਈਆਂ
ਦੀਨ ਦੁਨੀ ਦੇ ਸਾਹਵੇਂ।
ਸਤਲੁਜ ਸਣੇ ਪੰਜਾਬ ਦੇ ਮਸਲੇ
ਬੇਮਤਲਬ ਗਰਦਾਨਣ
ਸੱਪਾਂ ਜਹਿਰ ਕਦੇ ਨਾ ਛੱਡੀ
ਦੁੱਧ ਪਿਲਾਈਏ ਭਾਵੇਂ।
ਅੱਜ ਥਾਲੀਆਂ ਦੀਵੇ ਘੁੰਮਣ
ਬਾਨਵੇਂ ਦੇਵਾਂ ਅੱਗੇ
ਕੀ ਜਾਣੇ ਬੁੱਤਾ ਦੇ ਟੁੱਟ ਕੇ
ਬਣ ਜਾਣੇ ਕਦ ਝਾਵੇਂ।
ਬਿਪਰੀਤਾਂ ਨੇ ਖੁਆਰ ਕਰਾਏ
ਦਲ ਪੰਥਕ ਲਾਸਾਨੀ
ਆਪਣੀ ਬੇਮੁਖਤਾਈ ਦੱਸੋ
ਲਿਖ ਦਈਏ ਕਿਸ ਨਾਵੇਂ।

**ਹਰਦੇਵ ਸਿੰਘ**

# ਕਿਵੇਂ ਥੰਮੇ ਕਿਸਾਨ ਖ਼ੁਦਕੁਸ਼ੀਆਂ ਦਾ ਦੌਰ



ਨਰਿੰਦਰ ਕੌਰ ਸੋਹਲ

**ਗਲ਼ ਲੱਗ ਕੇ ਸੀਰੀ ਦੇ ਜੱਟ ਰੋਵੇ, ਬੋਹਲਾਂ ਵਿੱਚੋਂ ਨੀਰ ਵਗਿਆ।**

**ਲਿਆ ਤੰਗਲ਼ੀ ਨਸੀਬਾਂ ਨੂੰ ਫਰੋਲੀਏ, ਤੂੜੀ ਵਿੱਚੋਂ ਪੁੱਤ 'ਜੱਗਿਆ'।**

ਸੰਤ ਰਾਮ ਉਦਾਸੀ ਵੱਲੋਂ ਲਿਖੀਆਂ ਇਹ ਸਤਰਾਂ ਅੱਜ ਵੀ ਕਿਸਾਨ ਦੇ ਹਾਲਾਤ ਦੀ ਤਰਜਮਾਨੀ ਕਰਦੀਆਂ ਹਨ। ਕਿਸਾਨ ਨਸੀਬਾਂ ਨੂੰ ਫਰੋਲਦਾ ਫਰੋਲਦਾ ਪਤਾ ਹੀ ਨਹੀਂ ਲੱਗਦਾ ਕਦੋਂ ਖ਼ੁਦਕੁਸ਼ੀ ਤਕ ਦਾ ਸਫ਼ਰ ਤੈਅ ਕਰ ਜਾਂਦਾ ਹੈ। ਉੱਨਤ ਬੀਜਾਂ, ਕੀਟਨਾਸ਼ਕ, ਸਿੰਜਾਈ ਦੇ ਨਵੇਂ ਪ੍ਰਬੰਧਾਂ, ਵਿਕਸਿਤ ਨਵੀਂਆਂ ਤਕਨੀਕਾਂ ਤੇ ਮਸ਼ੀਨਾਂ ਦੀ ਵਰਤੋਂ ਦੇ ਬਾਵਜੂਦ ਸਾਡੇ ਦੇਸ ਦਾ ਅੰਨਦਾਤਾ ਕਹਾਉਣ ਵਾਲਾ ਕਿਸਾਨ ਅੱਜ ਵੀ ਆਰਥਿਕ ਸੰਕਟ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਬੇਸ਼ਕ ਕਿਸਾਨਾਂ ਨੇ ਸਾਲ ਤੋਂ ਵੱਧ ਸਮਾਂ 'ਕਾਲੇ ਕਾਨੂੰਨਾਂ' ਖਿਲਾਫ਼ ਇਤਿਹਾਸਕ ਅੰਦੋਲਨ ਲੜਿਆ ਤੇ ਜਿੱਤਿਆ ਹੈ ਪਰ ਘਰਾਂ ਦੀ ਹਾਲਤ ਵਿੱਚ ਕੋਈ ਫਰਕ ਨਹੀਂ ਆਇਆ, ਸਗੋਂ ਵਧਦੀ ਮਹਿੰਗਾਈ ਕਾਰਨ ਹਾਲਾਤ ਦਿਨੋ ਦਿਨ ਹੋਰ ਨਿੱਘਰ ਰਹੇ ਹਨ। ਕੇਂਦਰ ਸਰਕਾਰ ਵੱਲੋਂ ਪੈਟਰੋਲ, ਡੀਜ਼ਲ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧੇ ਨੇ ਘਰਾਂ ਦੇ ਬਜਟ ਹਿਲਾ ਕੇ ਰੱਖ ਦਿੱਤੇ ਹਨ। ਇਕੱਲੇ ਖੇਤੀ ਖੇਤਰ ਵਿੱਚ ਡੀਜ਼ਲ ਦੀ ਸਾਲਾਨਾ 11 ਲੱਖ ਕਿਲੋਲੀਟਰ ਖਪਤ ਹੁੰਦੀ ਹੈ। ਇਸਦੇ ਮੁੱਲ ਵਿੱਚ ਹੋ ਰਹੇ ਵਾਧੇ ਨੇ ਖੇਤੀ ਲਾਗਤ ਹੋਰ ਵੀ ਮਹਿੰਗੀ ਕਰ ਦਿੱਤੀ ਹੈ। ਇਸ ਤੋਂ ਇਲਾਵਾ ਪਿਛਲੇ ਦੋ ਸਾਲਾਂ ਦੌਰਾਨ ਹੀ ਟੈਕਸ ਤੋਂ ਮੁਕਤ ਖੇਤੀ ਇਨਪੁਟਸ ਉੱਤੇ ਜੀਐੱਸਟੀ ਲੱਗਣ ਨਾਲ ਕੀਟਨਾਸ਼ਕ, ਨਦੀਨਨਾਸ਼ਕ ਅਤੇ ਖਾਦਾਂ ਦੇ ਭਾਅ ਵਧ ਗਏ ਹਨ। ਦੂਜੇ ਪਾਸੇ ਮੌਸਮੀ ਬਦਲਾਅ ਵੀ ਖੇਤੀ ਨੂੰ ਬੁਰੀ ਤਰਾਂ ਪ੍ਰਭਾਵਤ ਕਰਦੇ ਹਨ। ਜਿਵੇਂ ਇਸ ਵਾਰ ਅਗੇਤੀ ਪਈ ਗਰਮੀ ਕਾਰਨ ਫਸਲ ਦਾ ਝਾੜ ਕਾਫੀ ਘਟ ਗਿਆ ਹੈ। ਪਹਿਲਾਂ ਨਰਮੇ ਦੀ ਫਸਲ ਵੀ ਬੇਮੌਸਮੀ ਬਰਸਾਤ ਕਾਰਨ ਖਰਾਬ ਹੋ ਗਈ ਸੀ, ਜਿਸਦਾ ਮੁਆਵਜ਼ਾ ਹਾਲੇ ਤੱਕ ਨਹੀਂ ਮਿਲਿਆ।

ਬਿਜਲੀ ਦੀਆਂ ਢਿੱਲੀਆਂ ਤਾਰਾਂ ਦਾ ਆਪਸ ਵਿੱਚ ਟਕਰਾ ਕੇ ਫਸਲ ਨੂੰ ਅੱਗ ਲਾ ਦੇਣਾ ਗੈਰ-ਕੁਦਰਤੀ ਆਫਤ ਹੈ। ਹਰ ਸਾਲ ਹਜ਼ਾਰਾਂ ਏਕੜ ਕਣਕ ਅਜਿਹੀ




ਅੱਗ ਦੀ ਮਾਰ ਹੇਠ ਆਉਂਦੀ ਹੈ, ਜਿਸਦਾ ਢੁਕਵਾਂ ਮੁਆਵਜ਼ਾ ਵੀ ਸਮੇਂ ਸਿਰ ਨਹੀਂ ਮਿਲਦਾ। ਅੱਗ ਲੱਗਣ ਨਾਲ ਸਿਰਫ ਸੋਨੇ ਰੰਗੀ ਫਸਲ ਹੀ ਨਹੀਂ ਸੜਦੀ ਸਗੋਂ ਸੰਬੰਧਿਤ ਪਰਿਵਾਰਾਂ ਦੇ ਸੁਪਨੇ, ਖੁਸ਼ੀਆਂ ਤੇ ਰੀਝਾਂ ਵੀ ਸੜ ਕੇ ਸੁਆਹ ਹੋ ਜਾਂਦੀਆਂ ਹਨ। ਕਿਸਾਨ ਨੇ ਫ਼ਸਲ ਦੇ ਸਿਰ ਤੋਂ ਹੀ ਕਰਜ਼ਾ ਉਤਾਰਨ ਦੇ ਨਾਲ ਨਾਲ ਹੋਰ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣੀਆਂ ਹੁੰਦੀਆਂ ਹਨ। ਪਰ ਅਜਿਹੀਆਂ ਮਾਰਾਂ ਉਸ ਨੂੰ ਫਿਕਰਾਂ ਵਿੱਚ ਪਾ ਖ਼ੁਦਕੁਸ਼ੀ ਤਕ ਲੈ ਜਾਂਦੀਆਂ ਹਨ। ਖੇਤੀ ਦੀਆਂ ਲਾਗਤਾਂ ਵਧਣ ਅਤੇ ਇਸਦੇ ਮੁਕਾਬਲੇ ਫ਼ਸਲਾਂ ਦੀਆਂ ਕੀਮਤਾਂ ਵਿੱਚ ਵਾਧਾਨਾ ਹੋਣ ਕਾਰਨ ਆਮਦਨ ਅਤੇ ਖ਼ਰਚ ਦਾ ਪਾੜਾ ਲਗਾਤਾਰ ਵਧ ਰਿਹਾ ਹੈ ਜੋ ਕਿਸਾਨ ਪਰਿਵਾਰਾਂ ਨੂੰ ਆਰਥਿਕ ਸੰਕਟ ਵੱਲ ਧੱਕਦਾ ਹੈ। ਕਿਸਾਨਾਂ ਦੀ ਅਸਲ ਆਮਦਨ ਦੇ ਘਟਣ ਕਾਰਨ ਹੀ ਪੰਜਾਬ ਦੇ ਲਗਭਗ 75 ਫੀਸਦੀ ਕਿਸਾਨ ਕਰਜ਼ਾਈ ਹੋ ਚੁੱਕੇ ਹਨ। ਇਸ ਸਮੇਂ ਪੰਜਾਬ ਦੇ ਖੇਤੀ ਸੈਕਟਰ 'ਤੇ ਇੱਕ ਲੱਖ ਕਰੋੜ ਰੁਪਏ ਤੋਂ ਉੱਪਰ ਕਰਜ਼ਾ ਹੈ। ਜੋ ਔਸਤਨ ਇੱਕ ਪਰਿਵਾਰ ਦੇ ਹਿੱਸੇ ਘੱਟੋਘੱਟ 10 ਲੱਖ ਰੁਪਏ ਆਉਂਦਾ ਹੈ। ਇਸ ਕਰਜ਼ੇ ਦਾ ਬਿਆਜ ਸਵਾ ਲੱਖ ਰੁਪਏ ਸਾਲਾਨਾ ਬਣਦਾ ਹੈ। ਆਮਦਨ ਤੋਂ ਕਰਜ਼ਾ ਦੋ ਤੋਂ ਢਾਈ ਗੁਣਾ ਹੈ। ਛੋਟੀ ਕਿਸਾਨੀ ਦਾ ਵੱਡਾ ਹਿੱਸਾ ਤਾਂ ਬਿਆਜ ਵੀ ਮੋੜਨ ਦੇ ਸਮਰੱਥ ਨਹੀਂ। ਇਸੇ ਕਰਕੇ ਕਰਜ਼ਾ ਅਤੇ ਖ਼ੁਦਕੁਸ਼ੀਆਂ ਲਗਾਤਾਰ ਵਧ ਰਹੀਆਂ ਹਨ।

ਹੁਣ ਸਰਕਾਰ ਦੇ ਨਵੇਂ ਫ਼ਰਮਾਨ ਕਿਸਾਨਾਂ ਲਈ ਹੋਰ ਵੀ ਮਾਰੂ ਸਾਬਤ ਹੋਣਗੇ। ਜਿਵੇਂ ਪੰਜਾਬ ਖੇਤੀਬਾੜੀ ਸਹਿਕਾਰੀ ਬੈਂਕਾਂ ਵੱਲੋਂ ਕਰਜ਼ਾ ਨਾ ਮੋੜਨ ਵਾਲੇ 2000 ਕਿਸਾਨਾਂ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਗਏ ਹਨ। ਪੰਜਾਬ ਸਰਕਾਰ ਵੱਲੋਂ ਇਕੱਲੇ ਫਿਰੋਜ਼ਪੁਰ ਡਵੀਜ਼ਨ ਵਿੱਚ 30 ਹਜ਼ਾਰ ਡਿਫਾਲਟਰ ਕਿਸਾਨਾਂ ਨੂੰ ਨੋਟਿਸ ਭੇਜੇ ਹਨ। ਹੈਰਾਨੀਜਨਕ ਹੈ ਕਿ ਅਮੀਰ ਘਰਾਣਿਆਂ ਦਾ ਕਰੋੜਾਂ ਰੁਪਏ ਦਾ ਕਰਜ਼ ਬਿਨਾਂ ਗੱਲੋਂ ਮੁਆਫ਼ ਕਰ ਦਿੱਤਾ ਜਾਂਦਾ ਹੈ ਅਤੇ ਅੰਨਦਾਤੇ ਨੂੰ ਨੋਟਿਸ ਜਾਰੀ ਕੀਤੇ ਜਾ ਰਹੇ ਹਨ ਜਦਕਿ ਉਸਦੀ ਤਰਸਯੋਗ ਹਾਲਤ ਕੇਂਦਰ ਅਤੇ ਸੂਬਾਈ ਸਰਕਾਰਾਂ ਦੀਆਂ ਕਿਸਾਨ ਵਿਰੋਧੀ ਨੀਤੀਆਂ ਦਾ ਹੀ ਸਿੱਟਾ ਹੈ। ਚਾਹੀਦਾ ਤਾਂ ਇਹ ਸੀ ਕਿ ਕਿਸਾਨ ਦੀ ਆਰਥਿਕ ਹਾਲਤ ਨੂੰ ਸੁਧਾਰਨ ਵਾਲੀਆਂ ਨੀਤੀਆਂ ਘੜੀਆਂ ਜਾਂਦੀਆਂ। ਖਰਾਬ ਫਸਲਾਂ ਦਾ ਸਮੇਂ ਸਿਰ ਢੁਕਵਾਂ ਮੁਆਵਜ਼ਾ ਦਿੱਤਾ ਜਾਂਦਾ ਤਾਂ ਕਿ ਖ਼ੁਦਕੁਸ਼ੀ ਤੋਂ ਬਚਾਇਆ ਜਾ ਸਕਦਾ। ਪਰ ਨਹੀਂ, ਸਗੋਂ ਕਿਸਾਨਾਂ ਨੂੰ ਹੀ ਦੋਸ਼ੀ ਗਰਦਾਨਿਆ ਜਾ ਰਿਹਾ ਹੈ, ਜਿਸ ਕਾਰਨ ਉਹ ਨਿਰਾਸ਼ਾ ਦਾ ਸ਼ਿਕਾਰ ਹੋ ਰਹੇ ਹਨ। ਅਜਿਹੇ ਹਾਲਾਤ ਉੱਤੇ ਨਜ਼ਰ ਮਾਰਨ 'ਤੇ ਕਿਸਾਨਾਂ ਦੀ ਹਾਲਤ ਸੁਧਾਰਨ ਦਾ ਹੱਲ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਵਿੱਚ ਹੀ ਨਜ਼ਰ ਆਉਂਦਾ ਹੈ। ਪ੍ਰੋ. ਐੱਮ.ਐੱਸ. ਸਵਾਮੀਨਾਥਨ ਨੂੰ ਹਰੀ ਕ੍ਰਾਂਤੀ ਦਾ ਜਨਮਦਾਤਾ ਮੰਨਿਆ ਜਾਂਦਾ ਹੈ। ਉਨਾਂ ਨੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਜੋ ਸੁਝਾਅ ਦਿੱਤੇ ਸੀ, ਜੇਕਰ ਉਹ ਪੂਰੀ ਤਰਾਂ ਲਾਗੂ ਹੋ ਜਾਣ ਤਾਂ ਕਿਸਾਨਾਂ ਦੀ ਜ਼ਿੰਦਗੀ ਬਦਲ ਸਕਦੀ ਹੈ। ਇਸੇ ਕਰਕੇ ਪੂਰੇ ਦੇਸ਼ ਦੇ ਕਿਸਾਨ ਇਸ ਰਿਪੋਰਟ ਵਿੱਚ ਦਿੱਤੀਆਂ ਤਜਵੀਜ਼ਾਂ ਨੂੰ ਲਾਗੂ ਕਰਨ ਦੀ ਮੰਗ ਕਰ ਰਹੇ ਹਨ।

ਅੰਨ ਦੀ ਪੈਦਾਵਾਰ ਭਰੋਸੇਮੰਦ ਬਣਾਉਣ ਅਤੇ ਦਿਨੋ ਦਿਨ ਵਿਗੜ ਰਹੀ ਕਿਸਾਨਾਂ ਦੀ ਆਰਥਿਕ ਹਾਲਤ ਸੁਧਾਰਨ ਲਈ ਸਵਾਮੀਨਾਥਨ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਸੀ। ਕੇਂਦਰ ਸਰਕਾਰ ਨੇ ਪ੍ਰੋਫੈਸਰ ਸਵਾਮੀਨਾਥਨ ਦੀ ਅਗਵਾਈ ਵਿੱਚ 18 ਨਵੰਬਰ 2004 ਨੂੰ 'ਨੈਸ਼ਨਲ ਕਮਿਸ਼ਨ ਆਨ ਫਾਰਮਰਸ' ਬਣਾਇਆ ਸੀ। ਕਮਿਸ਼ਨ ਨੇ ਕਿਸਾਨਾਂ ਦੀਆਂ ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਔਸਤ ਖ਼ਰਚੇ ਨਾਲੋਂ 50 ਫ਼ੀਸਦ ਜ਼ਿਆਦਾ ਰੱਖਣ ਦਾ ਸੁਝਾਅ ਦਿੱਤਾ ਸੀ ਤਾਂ ਜੋ ਘੱਟ ਖੇਤੀ ਕਰਨ ਵਾਲੇ ਕਿਸਾਨ ਵੀ ਮੁਕਾਬਲੇ ਵਿੱਚ ਅੱਗੇ ਆ ਸਕਣ। ਕੋਈ ਵੀ ਕਾਰੋਬਾਰ 50 ਪ੍ਰਤੀਸ਼ਤ ਮੁਨਾਫ਼ੇ ਤੋਂ ਘੱਟ ਚੱਲ ਹੀ ਨਹੀਂ ਸਕਦਾ। ਕਿਸਾਨਾਂ ਨੂੰ ਮਹਿੰਗਾਈ ਦੇ ਦੌਰ ਅੰਦਰ ਭੋਜਨ, ਕੱਪੜੇ, ਘਰ ਬਣਾਉਣ, ਸਮਾਜਕ ਜ਼ਿੰਦਗੀ ਜਿਉਣ, ਸਿੱਖਿਆ ਅਤੇ ਸਿਹਤ 'ਤੇ ਖਰਚ ਕਰਨ ਲਈ ਉਨਾਂ ਦੀਆਂ ਫ਼ਸਲਾਂ ਦੀ ਵਾਜਬ ਕੀਮਤ ਚਾਹੀਦੀ ਹੈ ਅਤੇ ਇਹ ਸਾਰੇ ਖਰਚੇ ਕਰਨ ਲਈ 50 ਪ੍ਰਤੀਸ਼ਤ ਮੁਨਾਫ਼ਾ ਬਹੁਤ ਹੀ ਵਾਜਿਬ ਮੰਗ ਹੈ। ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਕੁਝ ਫਸਲਾਂ ਤਕ ਹੀ ਸੀਮਤ ਨਾ ਰਹੇ, ਇਹ ਵੀ ਸੁਝਾਅ ਸੀ। ਪਰ ਐੱਮ ਐੱਸ ਪੀ ਨੂੰ ਅਜੇ ਤਕ ਕਾਨੂੰਨੀ ਦਰਜਾ ਨਹੀਂ ਦਿੱਤਾ ਗਿਆ।

ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਰੋਕਣ ਲਈ ਕਮਿਸ਼ਨ ਦੀਆਂ ਸਿਫਾਰਸ਼ਾਂ ਵਿੱਚ ਸੂਬਾ ਪੱਧਰੀ ਕਿਸਾਨ ਆਯੋਗ ਬਣਾਉਣ, ਸਿਹਤ ਸਹੂਲਤਾਂ ਵਧਾਉਣ, ਵਿੱਤੀ ਬੀਮਾ ਦੀ ਸਥਿਤੀ ਪੁਖਤਾ ਕਰਨ ਉੱਤੇ ਵੀ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਜਿਹੜੇ ਇਲਾਕਿਆਂ ਵਿੱਚ ਕਿਸਾਨ ਜ਼ਿਆਦਾ ਖ਼ੁਦਕੁਸ਼ੀ ਕਰ ਰਹੇ ਹਨ ਉੱਥੇ ਨੈਸ਼ਨਲ ਰੂਰਲ ਹੈਲਥ ਮਿਸ਼ਨ ਨੂੰ ਵਧਾਉਣ ਦੀ ਗੱਲ ਵੀ ਸ਼ਾਮਲ ਹੈ। ਇਸੇ ਤਰਾਂ ਫਸਲ ਬੀਮਾ ਅਤੇ ਕਰਜ਼ ਸਬੰਧੀ ਤਜਵੀਜ਼ਾਂ ਵੀ ਹਨ ਜਿਵੇਂ ਰਿਪੋਰਟ ਵਿੱਚ ਬੈਂਕਿੰਗ ਅਤੇ ਸੌਖੀਆਂ ਵਿੱਤੀ ਸਹੂਲਤਾਂ ਨੂੰ ਆਮ ਕਿਸਾਨ ਤਕ ਪਹੁੰਚਾਉਣ ਲਈ ਖ਼ਾਸ ਤੌਰ 'ਤੇ ਆਖਿਆ ਗਿਆ ਸੀ। ਸਸਤੀਆਂ ਦਰਾਂ 'ਤੇ ਫਸਲੀ ਬੀਮਾ ਮਿਲਣ ਦਾ ਸੁਝਾਅ ਸੀ। ਭਾਵ ਬਿਆਜ ਦਰ ਸਿੱਧੀ ਘਟਾ ਕੇ 4 ਫ਼ੀਸਦੀ ਕੀਤੀ ਜਾਵੇ। ਕਰਜ਼ ਉਗਰਾਹੁਣ ਲਈ ਕਿਸਾਨਾਂ ਨਾਲ ਨਰਮੀ ਵਰਤੀ ਜਾਵੇ। ਜਦੋਂ ਤਕ ਕਿਸਾਨ ਕਰਜ਼ ਮੋੜਨ ਦੀ ਸਥਿਤੀ ਵਿੱਚ ਨਾ ਹੋਵੇ ਉਦੋਂ ਤਕ ਉਸ ਕੋਲੋਂ ਕਰਜ਼ ਨਾ ਵਸੂਲਿਆ ਜਾਵੇ। ਕਿਸਾਨਾਂ ਨੂੰ ਕੁਦਰਤੀ ਆਫ਼ਤਾਂ ਦੀ ਮਾਰ ਤੋਂ ਬਚਾਉਣ ਲਈ ਖੇਤੀ ਰਾਹਤ ਫੰਡ ਬਣਾਇਆ ਜਾਵੇ। ਇਸ ਰਿਪੋਰਟ ਵਿੱਚ ਭੂਮੀ ਸੁਧਾਰਾਂ ਦੀ ਰਫ਼ਤਾਰ ਵਧਾਉਣ ਉੱਤੇ ਵੀ ਖ਼ਾਸ ਜ਼ੋਰ ਦਿੱਤਾ ਗਿਆ। ਵਾਧੂ, ਬੰਜਰ, ਬੇਕਾਰ ਜ਼ਮੀਨ ਨੂੰ ਭੂਮੀਹੀਣ ਕਿਸਾਨਾਂ ਵਿੱਚ ਵੰਡਣ, ਆਦਿਵਾਸੀ ਖੇਤਰਾਂ ਵਿੱਚ ਪਸ਼ੂ ਚਰਾਉਣ ਦੇ ਹੱਕ ਯਕੀਨੀ ਬਣਾਉਣ ਦੇ ਨਾਲ ਨਾਲ ਹਰ ਵਿਅਕਤੀ ਨੂੰ ਰੱਜਵਾਂ ਭੋਜਨ ਮਿਲੇ ਇਸ ਲਈ ਕਮਿਊਨਿਟੀ ਫੂਡ ਅਤੇ ਵਾਟਰ ਬੈਂਕ ਬਣਾਉਣ ਦੀ ਤਜਵੀਜ਼ ਸੀ।

ਇਸਦੇ ਨਾਲ ਹੀ ਰਾਸ਼ਟਰੀ ਭੋਜਨ ਗਰੰਟੀ ਕਾਨੂੰਨ ਦੀ ਤਜਵੀਜ਼ ਵੀ ਰਿਪੋਰਟ ਵਿੱਚ ਦਰਜ ਸੀ। ਬੀਬੀਆਂ ਦੇ ਸਵੈ ਸੇਵੀ ਗਰੁੱਪਾਂ ਦੀ ਮਦਦ ਨਾਲ ਸਮੂਹਿਕ ਖਾਣਾ ਅਤੇ ਪਾਣੀ ਬੈਂਕ ਸਥਾਪਿਤ ਕਰਨ ਦਾ ਸੁਝਾਅ ਸੀ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਖਾਣਾ ਮਿਲ ਸਕੇ। ਇਸੇ ਤਰਾਂ ਕਿਸਾਨਾਂ ਨੂੰ ਚੰਗੀ ਕਿਸਮ ਦੇ ਬੀਜ ਘੱਟ ਭਾਅ ਤੇ ਮੁਹੱਈਆ ਕਰਵਾਉਣ, ਕਾਰਪੋਰੇਟ ਘਰਾਣਿਆਂ ਨੂੰ ਗ਼ੈਰ ਖੇਤੀ ਕਾਰਜਾਂ ਲਈ ਵਾਹੀਯੋਗ (ਖੇਤੀਯੋਗ) ਜ਼ਮੀਨ ਅਤੇ ਜੰਗਲਾਂ ਦੀ ਜ਼ਮੀਨ ਨਾ ਦਿੱਤੀ ਜਾਣ ਅਤੇ ਫਸਲ ਬੀਮਾ ਵਧਾਉਣ ਤਾਂ ਜੋ ਪੂਰੇ ਦੇਸ਼ ਅਤੇ ਸਾਰੀਆਂ ਫ਼ਸਲਾਂ ਨੂੰ ਕਵਰ ਕੀਤਾ ਜਾ ਸਕੇ, ਦਾ ਸੁਝਾਅ ਵੀ ਦਿੱਤਾ ਗਿਆ ਸੀ। ਖੇਤੀ ਲਈ ਸਭ ਤੋਂ ਜ਼ਰੂਰੀ ਹੈ 'ਪਾਣੀ', ਇਸ ਲਈ ਰੇਨ ਵਾਟਰ ਹਾਰਵੈਸਟਿੰਗ ਅਤੇ ਵਾਟਰ ਸ਼ੈੱਡ ਤਕਨੀਕ ਨੂੰ ਵਧਾਉਣ ਦਾ ਸੁਝਾਅ ਸੀ ਤਾਂ ਕਿ ਸਾਰਿਆਂ ਨੂੰ ਲੋੜ ਅਨੁਸਾਰ ਪਾਣੀ ਮਿਲ ਸਕੇ। ਪਰ ਅਫਸੋਸ ਸਰਕਾਰਾਂ ਵੱਲੋਂ ਇਸ ਅਹਿਮ ਲੋੜ ਨੂੰ ਅੱਖੋਂ ਪਰੋਖੇ ਕਰਨ ਕਰਕੇ ਪੰਜਾਬ ਦੀ ਧਰਤੀ ਵੀ ਬੰਜਰ ਹੋਣ ਵੱਲ ਵਧ ਰਹੀ ਹੈ। ਇੱਕ ਰਿਪੋਰਟ ਮੁਤਾਬਕ ਪੰਜਾਬ ਕੋਲ ਆਉਣ ਵਾਲੇ 16, 17 ਸਾਲਾਂ ਜਿੰਨਾ ਹੀ ਪਾਣੀ ਬਚਿਆ ਹੈ। ਇਹ ਪਾਣੀ ਵੀ ਪੰਜਾਬ ਕੋਲ਼ੋਂ ਖੋਹ ਕੇ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਦਾ ਖ਼ਤਰਾ ਮੰਡਰਾ ਰਿਹਾ ਹੈ ਕਿਉਂਕਿ ਕੇਂਦਰ ਸਰਕਾਰ ਵੱਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦੀ ਨੁਮਾਇੰਦਗੀ ਖ਼ਤਮ ਕਰ ਦਿੱਤੀ ਹੈ। ਆਓ ਦੇਸ਼ ਦੇ ਅੰਨਦਾਤੇ ਨੂੰ ਬਚਾਉਣ ਲਈ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਵਾਉਣ ਲਈ ਅਵਾਜ਼ ਬੁਲੰਦ ਕਰੀਏ।


Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਾਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

# ਕਮੀਨ



## ਅੰਮ੍ਰਿਤਾ ਪ੍ਰੀਤਮ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਉਂਜ ਉਸਨੇ ਸ਼ਿੱਬੋ ਕੋਲੋਂ ਸਾਰਾ ਖੇਚਲ ਵਾਲਾ ਕੰਮ ਆਪਣੇ ਜ਼ਿੰਮੇ ਲੈ ਲਿਆ ਸੀ। ਉਹ ਮੂੰਹ ਹਨੇਰੇ ਜਾਗਦੀ, ਖੁਰਚ ਖੁਰਚ ਕੇ ਅੰਦਰ ਬਾਹਰ ਧੋਂਦੀ ਤੇ ਨਿੱਕੇ-ਮੋਟੇ ਕੰਮ ਕਰਦੀ ਦੁਪਹਿਰਾਂ ਲਾਹ ਛੱਡਦੀ।

ਵੀਰਾਂ ਦੇ ਹੱਥੀਂ ਅਜੇ ਚੂੜਾ ਨਹੀਂ ਸੀ ਮੈਲਾ ਹੋਇਆ ਜਦੋਂ 1947 ਚੜ੍ਹ ਪਿਆ ਤੇ ਸਾਰਿਆਂ ਪਿੰਡਾਂ ਵਿਚ ਫਸਾਦਾਂ ਦੀ ਅੱਗ ਲੱਗ ਪਈ। ਲੋਕ ਆਪਣੇ ਗੁਆਂਢੀਆਂ ਦੇ ਘਰ ਛੁਰਿਆਂ ਨੂੰ ਸਾਣ ਉਤੇ ਚੜ੍ਹਦਿਆਂ ਵੇਖਦੇ। ਲੋਕ ਛਵੀਆਂ ਨੂੰ ਮਾਂਜ ਮਾਂਜ ਕੇ ਅੰਦਰ ਧਰਦੇ। ਛੋਟੇ ਚਾਕੂ ਅਤੇ ਲੰਮੀਆਂ ਕਰਦਾਂ, ਗਾਜਰਾਂ ਤੇ ਮੂਲੀਆਂ ਵਾਕੁਰ ਵਿਕਦੀਆਂ। ਲੋਕਾਂ ਨੇ ਟੁੱਟੇ-ਭੱਜੇ ਸ਼ੀਸ਼ਿਆਂ ਦੀਆਂ ਕੰਕਰਾਂ ਇਕੱਠੀਆਂ ਕਰ ਲਈਆਂ ਤੇ ਸਾਬਣ ਵਿਚ ਪਾਣ ਵਾਲਾ ਸੋਡਾ ਘੋਲ ਘੋਲ ਕੇ ਲੋਕਾਂ ਨੇ ਭਾਂਡੇ ਭਰ ਲਏ। ਕਿਤੇ ਕੋਈ ਅੱਗ ਲਾਣ ਦਾ ਸਾਮਾਨ ਇਕੱਠਾ ਕਰਦਾ ਤੇ ਕਿਤੇ ਅੱਗ ਬੁਝਾਣ ਲਈ ਆਪਣੇ ਅੰਦਰ ਰੇਤ ਦੀਆਂ ਬੋਰੀਆਂ ਧਰਦਾ। ਤੀਵੀਆਂ ਨੇ ਤੋਲਾ ਤੋਲਾ ਅਫੀਮ ਦਾ ਕੰਨੀ ਨਾਲ ਬੰਨ ਛੱਡਿਆ ਸੀ।

ਅੱਗ ਅੰਦਰੇ-ਅੰਦਰ ਧੁਖਦੀ ਰਹੀ। ਫੇਰ ਧੂੰਏ ਉੱਚੇ ਹੁੰਦੇ ਗਏ ਤੇ ਫੇਰ ਅੱਖਾਂ ਦੇ ਸਾਹਮਣੇ ਲਾਟਾਂ ਬਲਣ ਲੱਗ ਪਈਆਂ। ਪਿੰਡਾਂ ਤੋਂ ਪਿੰਡਾਂ ਦੇ ਰਾਹ ਟੁੱਟ ਗਏ ਸਨ। ਜਿਥੇ ਕੋਈ ਹੈ ਸੀ, ਹੈ ਸੀ। ਦੂਜੇ ਦੀ ਸੁਰਤ ਲੈਣ ਜੋਗਾ ਕੋਈ ਨਹੀਂ ਸੀ। ਵੀਰਾਂ ਦੀ ਮਾਂ ਵੀਰਾਂ ਦੇ ਵਿਆਹ ਤੋਂ ਕੋਈ ਅੱਠ ਦਿਨ ਪਿਛੋਂ ਇਕ ਦੂਰ ਦੇ ਪਿੰਡ ਆਪਣੇ ਕਿਸੇ ਸਬੰਧੀ ਕੋਲ ਟੁਰ ਗਈ। ਹੁਣ ਉਸ ਨੂੰ ਆਪਣੀ ਧੀ ਦੇ ਘਰ ਰਹਿਣਾ ਚੰਗਾ ਨਹੀਂ ਸੀ ਲੱਗਦਾ। ਇਸ ਲਈ ਹਵੇਲੀ ਵਿਚ ਸ਼ਿੱਬੋ ਤੇ ਵੀਰਾਂ ਦੋਵੇਂ ਇਕੱਲੀਆਂ ਸਨ।

ਸ਼ਰੀਕੇ ਦੇ ਦੋ ਘਰਾਂ ਨੇ, ਜਿਨਾਂ ਦੀ ਕੰਧ ਕਰਮ ਚੰਦ ਦੇ ਘਰ ਨਾਲ ਲੱਗਦੀ ਸੀ, ਉਸਦੀ ਪੱਕੀ ਹਵੇਲੀ ਵਿਚ ਠਾਹਰ ਲੈ ਲਈ। ਇਨ੍ਹਾਂ ਵਿਚੋਂ ਇਕ ਰੂਪ ਚੰਦ ਦਾ ਸ਼ਰੀਕੇ ਵਿਚ ਭਰਾ ਲੱਗਦਾ ਸੀ ਤੇ ਦੂਜਾ ਭਤੀਜਾ। ਭਰਾ ਨੇ ਆਪਣੇ ਤ੍ਰੈਵੇਂ ਬਾਲ ਆਪਣੀ ਇਕ ਭੈਣ ਕੋਲ ਲੁਧਿਆਣੇ ਘੱਲ ਛੱਡੇ ਸਨ ਤੇ ਆਪ ਦੋਵੇਂ ਜੀਅ ਆਪਣੇ ਘਰਾਂ-ਜ਼ਮੀਨਾਂ ਦੀ ਰਾਖੀ ਲਈ ਪਿੱਛੇ ਰਹਿ ਗਏ ਸਨ। ਭਤੀਜੇ ਦਾ ਵਿਆਹ ਵੀਰਾਂ ਦੇ ਵਿਆਹ ਤੋਂ ਮਸਾਂ ਮਹੀਨਾਂ ਅਗੋਂ ਹੋਇਆ ਸੀ ਤੇ ਉਸਦੀ ਵਹੁਟੀ ਦੇ ਹੱਥ ਵੀ ਅਜੇ ਦੰਦ-ਖੰਦ ਦਾ ਚੂੜਾ ਉਂਜੇ ਦਾ ਉਂਜੇ ਪਿਆ ਹੋਇਆ ਸੀ। ਮੁਸੀਬਤ ਨੇ ਤਿੰਨਾਂ ਘਰਾਂ ਨੂੰ ਇਕੱਠਿਆਂ ਕਰ ਦਿੱਤਾ ਸੀ, ਪਰ ਜ਼ਨਾਨੀਆਂ ਅਜੇ ਵੀ ਆਪਣਾ ਪਕਾਂਦੀਆਂ ਤੇ ਆਪੋ ਆਪਣਾ ਖਾਂਦੀਆਂ ਸਨ। ਵੀਰਾਂ ਆਪ ਵੀ ਵੱਸ ਲੱਗਦੇ ਚੌਂਕੇ ਵਲ ਨਾ ਜਾਂਦੀ । ਉਂਜ ਕਿਸੇ ਨੂੰ ਵੀਰਾਂ ਤੋਂ ਕੋਈ ਹੋਰ ਸ਼ਿਕਾਇਤ ਨਹੀਂ ਸੀ।

ਕਿਆਮਤ ਦਾ ਦਿਨ ਇਸ ਤੋਂ ਅੱਗੇ ਹੋਰ ਕੋਈ ਨਹੀਂ ਸੀ ਆਉਣਾ ਰੂਪ ਚੰਦ ਦਾ ਸ਼ਰੀਕ ਭਰਾ ਬਾਹਰ ਪੈਲੀਆਂ ਵਿਚ ਕਿਸੇ ਨੇ ਵੱਢ ਛੱਡਿਆ ਤੇ ਆਪ ਰੂਪ ਚੰਦ ਉਸ ਰਾਤ ਹਵੇਲੀ ਦਾ ਪਹਿਰਾ ਦੇਂਦਾ ਮਾਰਿਆ ਗਿਆ। ਸਾਰੀ ਰਾਤ ਹਵੇਲੀ ਦੇ ਬੰਦ ਬੂਹੇ ਭੱਜਦੇ ਰਹੇ ਤੇ ਜ਼ਨਾਨੀਆਂ ਦੀਆਂ ਚੀਕਾਂ ਕੰਧਾਂ ਨਾਲ ਵੱਜ-ਵੱਜ ਕੇ ਟੁੱਟਦੀਆਂ ਰਹੀਆਂ। ਵੀਰਾਂ ਨੇ ਆਪਣਾ ਚੂੜਾ ਭੰਨ-ਭੰਨ ਕੇ ਆਪਣੀਆਂ ਬਾਹਵਾਂ ਘਾਇਲ ਕਰ ਛੱਡੀਆਂ ਸਨ।

ਘਰ ਵਿਚ ਹੁਣ ਇਕੋ ਮਰਦ ਰੂਪ ਚੰਦ ਦਾ ਸ਼ਰੀਕ ਭਤੀਜਾ ਰਹਿ ਗਿਆ ਸੀ, ਉਹ ਹਵੇਲੀ ਦੇ ਬਾਹਰ ਬੂਹੇ ਵੱਲ ਬੰਦੂਕ ਤਾਣ ਕੇ ਆਪਣੀ ਬਾਰੀ ਵਿਚ ਬੈਠਾ ਹੋਇਆ ਸੀ ਤੇ ਜਿਥੋਂ ਤੱਕ ਵਾਹ ਲੱਗਦੀ ਕਿਸੇ ਨੂੰ ਹਵੇਲੀ ਦੇ ਬੂਹੇ ਤੱਕ ਨਹੀਂ ਸੀ ਆਉਣ ਦੇਂਦਾ।

ਸਵੇਰੇ ਅਜੇ ਚੜ੍ਹੀ ਨਹੀਂ ਸੀ, ਜਦੋਂ ਹਵੇਲੀ ਦੇ ਬੰਦ ਬੂਹਿਆਂ ਉੱਤੇ ਤੇਲ ਛਿੜਕਿਆ ਗਿਆ ਤੇ ਅੱਗ ਦੀ ਪਹਿਲੀ ਲੰਬ ਆਕਾਸ਼ ਵੱਲ ਉੱਠੀ। ਹਵੇਲੀ ਦੇ ਪਿਛਵਾੜੇ ਹਵੇਲੀ ਦੀ ਉੱਚੀ ਤੇ ਪੱਥਰ ਵਰਗੀ ਕੰਧ ਨਾਲ ਕਿੰਨੇ ਹੀ ਨੀਵੇਂ-ਉੱਚੇ ਕੋਠੇ ਸਨ। ਜਿਨਾਂ ਉੱਤੋਂ ਪੰਜਵੇਂ, ਚੌਥੇ, ਤੀਸਰੇ ਤੇ ਦੂਜੇ ਘਰ ਦੀਆਂ ਕੰਧਾਂ ਵਿਚ ਰੱਸੀਆਂ, ਅੜਾਂਦਾ ਤੇ ਛੱਤਾਂ, ਟੱਪਦਾ ਨਜ਼ੀਰ ਆਖੀਰ ਹਵੇਲੀ ਦੀ ਛੱਤ ਉੱਤੇ ਪਹੁੰਚ ਪਿਆ ਸੀ। ਤ੍ਰੀਮਤਾਂ ਨੇ ਸੁਣਿਆ ਹੋਇਆ ਸੀ ਜਦੋਂ ਮਕਾਨ ਸੜ ਰਿਹਾ ਹੋਵੇ ਤਾਂ ਕੋਈ ਛੱਤ ਹੇਠ ਨਹੀਂ ਬਹਿੰਦਾ। ਉਸ ਵੇਲੇ ਪੌੜੀਆਂ ਵਿਚ ਬੈਠਣਾ ਚਾਹੀਦਾ ਹੈ। ਛੱਤਾਂ ਸਭ ਤੋਂ ਪਹਿਲਾਂ ਡਿਗਦੀਆਂ ਹਨ ਫੇਰ ਕੰਧਾਂ ਤੇ ਫੇਰ ਪੌੜੀਆਂ। ਸ਼ਿੱਬੋ, ਵੀਰਾਂ ਤੇ ਦੋਵੇਂ ਤੀਵੀਆਂ ਹਵੇਲੀ ਦੀਆਂ ਉੱਤਲੀਆਂ ਪੌੜੀਆਂ ਵਿਚ ਬੈਠੀਆਂ ਕੰਬ ਰਹੀਆਂ ਸਨ। ਬਾਹਰ ਆਖਰਾਂ ਦਾ ਧੂੰਆਂ ਸੀ ਤੇ ਵਿਚ-ਵਿਚ ਲੋਕਾਂ ਦੀਆਂ ਆਵਾਜ਼ਾਂ ਰਲੀਆਂ ਹੋਈਆਂ ਸਨ।

ਵੀਰਾਂ ਨੇ ਪੌੜੀਆਂ ਤੋਂ ਬਾਹਰ ਆ ਕੇ ਖੁੱਲੀ ਛੱਤ ਉੱਤੋਂ ਇਕ ਵਾਰ ਬਾਹਰ ਨੂੰ ਨਜ਼ਰ ਕੀਤੀ ਪਰ ਧੂੰਏ ਤੋਂ ਬਿਨਾਂ ਦਿਸਦਾ ਕੁਝ ਨਹੀਂ ਸੀ। ਜਿਓਂ ਜਿਓਂ ਅੱਗ ਉੱਚੀ ਹੁੰਦੀ ਪਈ ਸੀ ਲੋਕਾਂ ਦੀਆਂ ਆਵਾਜ਼ਾਂ ਕੁਝ ਦੂਰ ਹੋ ਗਈਆਂ ਸਨ। 'ਵੀਰਾਂ' ਵੀਰਾਂ ਤ੍ਰਿਹ ਗਈ। ਨਜ਼ੀਰ ਨੇ ਉਸਦੇ



ਮੋਢੇ ਉੱਤੇ ਹੱਥ ਧਰਿਆ ਹੋਇਆ ਸੀ।

'ਜੋ ਕੁਝ ਹੋਣਾ ਸੀ ਹੋ ਗਿਆ ਹੈ ਵੀਰਾਂ, ਹੁਣ ਅਜਾਈਂ ਮੌਤੇ ਮਰਨ ਵਿਚ ਕੁਝ ਨਹੀਂ ਲੱਭਣਾ।' ਨਜ਼ੀਰ ਨੇ ਡਾਢੀ ਹਲੀਮੀ ਨਾਲ ਆਖਿਆ।

ਵੀਰਾਂ ਜਿਵੇਂ ਆਪਣੀ ਹੋਸ਼ ਵਿਚ ਨਹੀਂ ਸੀ ਨਾ ਉਸ ਨੇ ਆਪਣੀ ਗਵਾਂਢੀ ਨਜ਼ੀਰ ਨੂੰ ਪਛਾਣਿਆ ਤੇ ਨਾ ਜਿਵੇਂ ਉਸ ਦੀ ਗੱਲ ਸਮਝੀ।

'ਸੱਚਾ ਰੱਬ ਗਵਾਹ ਏ ਵੀਰਾਂ, ਵਾਰਿਓਂ ਉੱਤੇ ਹੋਣ ਲੱਗਾ ਏ, ਮੈਂ ਕਦੇ ਰੱਜ ਕੇ ਸੁੱਤਾ ਨਹੀਂ, ਸਾਰੀ-ਸਾਰੀ ਰਾਤ ਮੈਂ ਤੇਰੇ ਸੁਪਨੇ ਪਿਆ ਘੜਦਾ ਰਹਿਨਾਂ ਵਾਂ..'

'ਤੂੰ ਕੌਣ ਏਂ?' ਵੀਰਾਂ ਦੇ ਮੂੰਹੋਂ ਮਸਾਂ ਏਨਾਂ ਹੀ ਨਿਕਲਿਆ।

'ਮੈਂ ਤੇਰਾ ਗਵਾਂਢੀ ਨਜ਼ੀਰ ਹਾਂ ਵੀਰਾਂ, ਤੂੰ ਮੈਨੂੰ ਪਛਾਣਦੀ ਕਿਓਂ ਨਹੀਂ? ਜਿੰਨੀ ਵਾਰ ਤੂੰ ਆਪਣੇ ਖੇਤਾਂ ਵਿਚ ਜਾਂਦੀ ਰਹੀ ਏਂ, ਮੈਂ ਉਨੀ ਵਾਰ ਹੀ ਖੂਹ ਉੱਤੇ ਬਹਿ ਕੇ ਟੱਪੇ ਗਾਉਂਦਾ ਰਿਹਾ ਹਾਂ। ਆਪਣੀ ਜਵਾਨੀ ਉਤੇ ਰਹਿਮ ਕਰ ਵੀਰਾਂ। ਜੇ ਤੂੰ ਜਿਉਂਦੀ ਕਿਸੇ ਹੋਰ ਦੇ ਹੱਥ ਲੱਗ ਗਈਓਂ ਤਾਂ ਵੀ ਤੂੰ ਨਹੀਂ ਬਚਣਾ। ਮੈਂ ਸਾਰੀ ਉਮਰ ਤੈਨੂੰ ਅਜਾਂ ਨਹੀਂ ਲੱਗਣ ਦਿਆਂਗਾ। ਐਸ ਰਾਹੋਂ..ਪਿਛਲੇ ਰਾਹੋਂ ਮੈਂ ਤੈਨੂੰ ਫੁੱਲਾਂ ਵਾਂਗ ਉਤਾਰ ਲਵਾਂਗਾ, ਛੇਤੀ ਕਰ ਵੀਰਾਂ, ਹੁਣ ਇਹ ਹਵੇਲੀ ਸੜ ਕੇ ਸਵਾਹ ਹੋ ਜਾਣੀ ਏਂ।'

ਅੱਗ ਦੀਆਂ ਲਾਟਾਂ ਵੀਰਾਂ ਦੇ ਮੂੰਹ 'ਤੇ ਲਿਸ਼ਕੀਆਂ ਤੇ ਉਸ ਨੇ ਇਕ ਨਜ਼ਰ ਭਰ ਕੇ ਨਜ਼ੀਰ ਦੀਆਂ ਅੱਖਾਂ ਵਿਚ ਵੇਖਿਆ।

'ਇਕ ਮੇਰੀ ਗੱਲ ਮੰਨੇਂਗਾ?'

'ਮੈਂ ਤੇਰੀਆਂ ਸੱਭੇ ਮੰਨਾਂਗਾ ਵੀਰਾਂ, ਸਾਰੀ ਉਮਰ ਮੰਨਾਂਗਾ।'

'ਦੱਸ ਵੀਰਾਂ?'

'ਤੂੰ ਸ਼ਿੱਬੋ ਨੂੰ ਤੇ ਦੋਹਾਂ ਤ੍ਰੀਮਤਾਂ ਨੂੰ ਏਥੋਂ ਅਮਨ-ਅਮਾਨ ਕੱਢ ਦੇ ਕਿਸੇ ਨੂੰ ਉਨਾਂ ਦੀ ਸੂਹ ਨਾ ਪਵੇ।'

'ਏਹ ਮੈਂ ਕਿੰਝ ਕਰਾਂਗਾ ਵੀਰਾਂ, ਲੋਕ ਤੇ ਅੱਗੇ ਹੀ ਚਾਹੁੰਦੇ ਸਨ ਜੁ ਕਿਤੇ ਉਹ ਜੀਉਂਦੀਆਂ ਲੱਭ ਪੈਣ। ਉਨਾਂ ਨੂੰ ਤੇ ਹੋਰ ਕੋਈ ਰਾਹ ਨਹੀਂ ਲੱਭਾ ਤਾਂ ਉਨਾਂ ਨੇ ਅੱਗ ਲਾਈ ਏ।'

'ਏਹ ਮੈਨੂੰ ਪਤਾ ਨਹੀਂ, ਪਰ ਜੇ ਤੂੰ ਇੰਜ ਕਰ ਦਏਂ, ਮੈਂ ਸਾਰੀ ਉਮਰ ਤੇਰੀ ਹੱਥ ਬੱਧੀ ਗੁਲਾਮ ਹੋ ਜਾਵਾਂਗੀ, ਨਹੀਂ ਤੇ ਮੈਂ ਏਸ ਅੱਗ ਵਿਚੋਂ ਬਾਹਰ ਨਹੀਂ ਆਉਣਾ।'

'ਚੰਗਾ ਮੈਂ ਆਪਣੀ ਵਾਹ ਲਾ ਦੇਨਾਂ ਵਾਂ,'

'ਸੱਚ ਆਹਨਾਂ ਏਂ?'

'ਰੱਬ ਗਵਾਹ ਏ।'

'ਮੈਨੂੰ ਇਤਬਾਰ ਏ, ਨਹੀਂ ਤੇ ਫੇਰ ਕਿਨੇ ਮਰਨੋਂ ਡੱਕ ਲੈਣਾ ਏ''

ਅੱਗ ਦੀਆਂ ਲਾਟਾਂ ਹੁਣ ਸੂਹੀਆਂ-ਘੁੱਟ ਹੋ ਗਈਆਂ ਸਨ ਤੇ ਲੋਕਾਂ ਦੀਆਂ 'ਵਾਜ਼ਾਂ ਹੋਰ ਦੂਰ ਚਲੀਆਂ ਗਈਆਂ ਸਨ।

ਇਕ-ਇਕ ਤ੍ਰੀਮਤ ਨੂੰ ਨਜ਼ੀਰ ਨੇ ਬਾਂਹਵਾਂ ਵਿਚ ਚੁੱਕ-ਚੁੱਕ ਕੇ ਨਾਲ ਦੇ ਘਰ ਉਤਾਰਿਆ। ਵੀਰਾਂ ਨੇ ਧੂੰਏਂ ਨੂੰ ਚੀਰ ਕੇ ਹਵੇਲੀ ਦੀਆਂ ਪੌੜੀਆਂ ਉੱਤਰੀਆਂ ਤੇ ਹੇਠਲੀ ਛੱਤੇ ਖਾਲੀ ਬੰਦੂਕ ਫੜ ਰੂਪ ਚੰਦ ਦੇ ਭਤੀਜੇ ਦੀ ਬਾਂਹ ਫੜ ਆਂਦੀ। ਕੜੀ ਜਿਹਾ ਜਵਾਨ ਮੁੰਡਾ ਜਿਵੇਂ ਅੱਧਿਉਂ ਬਹੁਤਾ ਮਰ ਚੁਕਾ ਸੀ, ਬੇ-ਸੁਰਤ ਦਾ ਬੇਸੁਰਤ ਵੀਰਾਂ ਦੇ ਪਿੱਛੇ ਤੁਰਦਾ, ਰੱਸੀਆਂ ਨੂੰ ਫੜਦਾ, ਕੰਧਾਂ ਨਾਲ ਲਮਕਦਾ ਉਹ ਨਾਲ ਦੇ ਘਰ ਉੱਤਰਿਆ ਤੇ ਫੇਰ ਉਸ ਤੋਂ ਨਾਲ ਦੇ, ਹੋਰ ਨਾਲ ਦੇ, ਹੋਰ ਨੀਵੇਂ ਨਜ਼ੀਰ ਦੇ ਘਰ ਲੱਥਾ। ਸ਼ੁਕਰ ਏਹ ਸੀ, ਜੁ ਲੋਕ ਘਰਾਂ ਵਿਚ ਨਹੀਂ ਸਨ ਤੇ ਦੂਜੇ ਬੰਨੇ ਹਵੇਲੀ ਦੇ ਮੂੰਹ ਵੱਲ ਖਲੋਤੇ, ਸੜਦੀ ਹਵੇਲੀ ਨੂੰ ਤੱਕ ਰਹੇ ਸਨ।

ਅੱਗ ਦੇ ਲੰਬੇ ਅਸਮਾਨਾਂ ਨੂੰ ਛੋਹਣ ਲੱਗੇ ਸਨ। ਪਰ ਹੁਣ ਲੋਕ ਅੱਗ ਬੁਝਾ ਰਹੇ ਸਨ, ਨਹੀਂ ਤੇ ਨਾਲ ਦਾ, ਉਸ ਤੋਂ ਨਾਲ ਦਾ ਤੇ ਹੋਰ ਪਤਾ ਨਹੀਂ ਕਿੰਨੇ ਘਰ ਸੜ ਜਾਣੇ ਸਨ।

ਨਾਲ ਦੇ ਖਾਲੀ ਘਰ ਦੀਆਂ ਬਾਰੀਆਂ ਕਾਲੀਆਂ-ਚੁਆਤੀ ਹੋ ਗਈਆਂ ਸਨ, ਜਦੋਂ ਅੱਗ ਨੂੰ ਡੱਕਾ ਪਿਆ ਲਾਂਬੇ ਹੇਠਾਂ ਲਹਿ ਗਏ। ਪਰ ਧੂੰਆਂ ਤੇ ਸੇਕ ਕਿਸੇ ਨੂੰ ਹਵੇਲੀ ਦੇ ਨੇੜੇ ਨਹੀਂ ਸੀ ਆਉਣ ਦੇਂਦਾ। ਪੂਰੇ ਦੋ ਦਿਨ ਹਵੇਲੀ ਦਾ ਅੰਦਰ ਧੁਖਦਾ ਰਿਹਾ ਤੇ ਜਦੋਂ ਲੋਕਾਂ ਨੇ ਹਵੇਲੀ ਦੀ ਸਵਾਹ ਫਰੋਲੀ ਤਾਂ ਹੈਰਾਨ ਸਨ, ਨਾ ਕਿਸੇ ਮਨੁੱਖ ਦੀ ਹੱਡੀ ਲੱਭਦੀ ਸੀ, ਤੇ ਨਾਂ ਪੰਘਰੇ ਹੋਏ ਸੋਨੇ ਦੀ ਝਲਕ ਪੈਂਦੀ ਸੀ। ਫੇਰ ਆਪੇ ਹੀ ਲੋਕ ਆਖਦੇ,'ਅੱਗ ਵੀ ਤੇ ਆਖਰਾਂ ਦੀ ਸੀ, ਹੱਡੀਆਂ ਵੀ ਸੜ ਕੇ ਸਵਾਹ ਹੋ ਗਈਆਂ ਹੋਣਗੀਆਂ।'

ਸਾਰੇ ਪਿੰਡ ਵਿਚੋਂ ਮੁਰਦਿਆਂ ਨੂੰ ਬਾਹਰ ਢੋਅ ਦਿੱਤਾ ਗਿਆ ਤੇ ਲੋਕਾਂ ਨੇ ਲਹੂ ਦੀ ਆਖਰੀ ਬੂੰਦ ਵੀ ਢੋ ਕੇ ਪਿੰਡ ਨੂੰ ਮੁੜ ਨਰੋਇਆ ਕਰ ਲਿਆ। ਸਿਰਫ ਅਜੇ ਹਵੇਲੀ ਦੀ ਸਵਾਹ ਆਪਣੀ ਥਾਂ 'ਤੇ ਪਈ ਹੋਈ ਸੀ। ਰਾਤ ਅੱਧੀਉਂ ਬਹੁਤੀ ਲੰਘ ਗਈ ਸੀ। ਮਾੜੀ-ਮਾੜੀ ਹਵਾ ਵਗਦੀ ਪਈ ਸੀ। ਹਵੇਲੀ ਦੀ ਸਵਾਹ ਇਸ ਤਰਾਂ ਹਿੱਲੀ, ਜਿਵੇਂ ਇਕ ਵਾਰ ਉਸ ਦਾ ਦਿਲ ਹਿੱਲ ਗਿਆ ਹੋਵੇ। ਪਾਰ ਕਮਾਦ ਵਿਚੋਂ ਅੱਗੜ-ਪਿਛੜ ਤਿੰਨ ਘੋੜੀਆਂ ਲੰਘ ਰਹੀਆਂ ਸਨ। ਜਿਨਾਂ ਵਿਚੋਂ ਵਿਚਲੀ, ਸ਼ਿੱਬੋ ਦੀ ਘੋੜੀ ਕੋਲ ਖਲੋ ਕੇ, ਵੀਰਾਂ ਨੇ ਗਹਿਣਿਆਂ ਦੀ ਇਕ ਪੋਟਲੀ ਸ਼ਿੱਬੋ ਦੇ ਲੱਕ ਨਾਲ ਬੱਧੀ ਤੇ ਫੇਰ ਉੱਚੇ-ਉੱਚੇ ਕਮਾਦ ਵਿਚ ਇਕ ਪਰਛਾਵਾਂ ਬਣ ਗਈ।

ਉਹ ਪਿੰਡ ਦੇ ਲੋਕ ਸਿਰਫ ਇਹੋ ਜਾਣਦੇ ਹਨ, ਕਿ ਰੂਪ ਚੰਦ ਨੇ ਜੁ ਕਮੀਣਾ ਦੀ ਧੀ ਨਾਲ ਨਵਾਂ ਵਿਆਹ ਕੀਤਾ ਸੀ, ਉਹ ਕੁੜੀ ਪਤਾ ਨਹੀਂ ਕਿਵੇਂ ਨਜ਼ੀਰ ਨੇ ਹਵੇਲੀ ਵਿਚੋਂ ਜਿਉਂਦੀ ਕੱਢ ਲਈ ਹੈ, ਤੇ ਆਪਣੇ ਘਰ ਪਾ ਲਈ ਹੈ।

# 'ਪਰਵਾਸ ਦੀ ਕਹਾਣੀ, ਬੇਸਮੈਂਟਾਂ ਦੀ ਜ਼ੁਬਾਨੀ'

## ਜਗਰੂਪ ਸਿੰਘ

ਕੰਪਿਊਟਰ ਹਾਰਡਵੇਅਰ ਇੰਜਨੀਅਰ ਪੁੱਤਰ ਅਤੇ ਮੈਨੇਜਮੈਂਟ ਦੀ ਡਿਗਰੀ ਵਾਲੀ ਨੂੰਹ ਨੂੰ ਜਦ ਮਹਿਸੂਸ ਹੋਇਆ ਕਿ ਉਨਾਂ ਨੂੰ ਉਨਾਂ ਦੀ ਯੋਗਤਾ ਮੁਤਾਬਿਕ ਉਜਰਤ ਨਹੀਂ ਮਿਲ ਰਹੀ, ਉਹ ਦੁਬਈ ਚਲੇ ਗਏ। ਤਨਖਾਹ ਤਾਂ ਭਾਵੇਂ ਚੋਖੀ ਮਿਲਦੀ ਸੀ, ਪਰ ਉੱਥੇ ਉਨਾਂ ਨੂੰ ਉਨਾਂ ਦੇ ਅੰਨ-ਦਾਤਿਆਂ ਵੱਲੋਂ ਉਨਾਂ ਨਾਲ ਰੋਜ਼ ਮਰਾ ਦੇ ਵਿਵਹਾਰ ਵਿਚ ਪੱਖਪਾਤੀ ਰਵਈਆ ਖਟਕਣ ਲੱਗਾ। ਉਨਾਂ ਕੈਨੇਡਾ ਪਰਵਾਸ ਕਰ ਲਿਆ। ਰਿਟਾਇਰਮੈਂਟ ਤੋਂ ਬਾਅਦ ਅਸੀਂ ਉਨਾਂ ਨੂੰ ਕੈਨੇਡਾ ਮਿਲਣ ਗਏ। ਪੁੱਤਰ ਨੇ ਦੱਸਿਆ, 'ਡੈਡੀ, ਪੈਸੇ ਭਾਵੇਂ ਦੁਬਈ ਨਾਲੋਂ ਘੱਟ ਬਚਦੇ ਹਨ ਪਰ ਵਿਵਹਾਰਕ ਤੌਰ 'ਤੇ ਉੱਥੇ ਨਾਲੋਂ ਕਾਫੀ ਫ਼ਰਕ ਹੈ। ਪਰ ਕਦੇ ਕਦਾਈਂ ਇਹ ਲੋਕ ਵੀ ਮਹਿਸੂਸ ਕਰਵਾ ਹੀ ਦਿੰਦੇ ਹਨ ਕਿ ਅਸੀਂ ਆਖਰ ਇਮੀਗਰੈਂਟਸ ਹੀ ਹਾਂ।' ਐਨਾ ਕਹਿਕੇ ਉਹ ਉਦਾਸ ਜਿਹਾ ਦਿਖਾਈ ਦੇਣ ਲੱਗਾ। ਕਿਉਂਕਿ ਉਹ ਆਪਣੀ ਮਰਜ਼ੀ ਨਾਲ ਆਏ ਸਨ, ਇਸ ਲਈ ਅਸੀਂ ਵੀ ਕੁਝ ਕਹਿਣਾ ਵਾਜਬ ਨਾ ਸਮਝਿਆ।

ਵਾਪਸੀ 'ਤੇ ਟੋਰਾਂਟੋ ਹਵਾਈ ਅੱਡੇ 'ਤੇ ਦੁਆਬੇ ਦੀ ਇਕ ਬੀਬੀ ਨਾਲ ਮੁਲਾਕਾਤ ਦਾ ਮੌਕਾ-ਮੇਲ ਹੋ ਗਿਆ। ਉਸ ਨੂੰ ਥੋੜੀ ਬਹੁਤ ਮਦਦ ਦੀ ਲੋੜ ਸੀ। ਗੱਲਾਂ ਕਰਦੇ ਕਰਦੇ ਉਸ ਨੇ ਬੜੀ ਖੁਸ਼ੀ ਨਾਲ ਦੱਸਿਆ ਕਿ ਹੁਣ ਉਸਦੇ ਦੋਵੇਂ ਪੁੱਤਰ ਟੋਰਾਂਟੋ ਆ ਗਏ ਹਨ। ਇੱਕ 24 ਸਾਲ ਦਾ ਹੈ ਅਤੇ ਦੂਸਰਾ 22 ਸਾਲ ਦਾ ਹੈ। ਉਨਾਂ ਦੀ ਰਿਹਾਇਸ਼ੀ ਕਲੋਨੀ ਵਿੱਚ ਜ਼ਿਆਦਾਤਰ ਅੰਗਰੇਜ਼ ਸਨ ਅਤੇ ਉਹ ਬੇਸਮੈਂਟ ਵਿੱਚ ਰਹਿੰਦੇ ਸਨ। ਉਹ ਦੱਸਣ ਲੱਗੀ, 'ਮੈਂ ਜੂਨ ਵਿੱਚ ਆਈ, ਮੇਰਾ ਤਾਂ ਭਾਈ ਦਿਲ ਨਾ ਲੱਗੇ। ਨਾਲੇ ਇਹ ਸੋਚ ਵੱਢ ਵੱਢ ਖਾਈ ਜਾਵੇ ਕਿਤੇ ਨਿਆਣੇ ਇਨਾਂ ਬਾਂਦਰੀਆਂ ਵਿੱਚ ਨਾ ਉਲਝ ਕੇ ਰਹਿ ਜਾਣ। ਖੈਰ, ਮੇਰੇ ਕਹਿਣ 'ਤੇ ਬੱਚਿਆਂ ਨੇ ਬੇਸਮੈਂਟ ਬਰੈਂਪਟਨ ਵਿਚ ਲੈ ਲਿਆ। ਏਥੇ ਤਾਂ ਪੰਜਾਬੀਓ ਪੰਜਾਬੀ। ਮੇਰਾ ਤਾਂ ਬੜਾ ਦਿਲ ਲੱਗਣ ਲੱਗ ਪਿਆ। ਗੱਲ ਕਰਨ ਨੂੰ ਗੁਆਂਢਣਾਂ, ਖਾਣ ਨੂੰ ਲੱਡੂ-ਜਲੇਬੀਆਂ, ਸਮੋਸੇ, ਸਭ ਓਹੀ ਪੰਜਾਬ ਆਲਾ। ਮੱਥਾ ਟੇਕਣ ਨੂੰ ਗੁਰਦੁਆਰਾ। ਮੇਰਾ ਤਾਂ ਆਉਣ ਨੂੰ ਦਿਲ ਹੀ ਨਾ ਕਰੇ।'



ਉਹ ਬੋਲਦੀ ਜਾ ਰਹੀ ਸੀ, ਮੈਂ ਟੋਕ ਕੇ ਪੁੱਛਿਆ, 'ਹੁਣ ਇਹ ਬੱਚੇ ਤਾਂ ਉਮਰ ਭਰ ਇੱਥੇ ਹੀ ਰਹਿਣਗੇ ਜਾਂ ਪੜ੍ਹ ਪੜ੍ਹਾ ਕੇ ਵਾਪਸ ਪੰਜਾਬ ਆ ਜਾਣਗੇ?'

'ਵੀਰ ਜੀ, ਕੀ ਗੱਲਾਂ ਕਰਦੇ ਹੋ? ਕੈਨੇਡਾ ਕੀ ਜਵਾਕ ਪੜ੍ਹਨ ਆਉਂਦੇ ਨੇ? ਇੱਥੇ ਪੱਕੇ ਹੋਣ ਲਈ ਆਉਂਦੇ ਨੇ, ਐਵੇਂ ਨੀ ਬੇਸਮੈਂਟਾਂ ਵਿੱਚ ਸੌਂਦੇ।'

'ਚਲੋ ਠੀਕ ਐ, ਐਥੇ ਈ ਰਹਿਣਗੇ ... ਪਰ ਇਹ ਤਾਂ ਆਪਣਾ ਪੰਜਾਬੀ ਸੱਭਿਆਚਾਰ ਬਿਲਕੁਲ ਭੁੱਲ ਹੀ ਜਾਣਗੇ?' ਮੈਂ ਹੁਣ ਤੱਕ ਜਾਣ ਚੁੱਕਿਆ ਸਾਂ ਕਿ ਉਹ ਇੱਕ ਟੀਚਰ ਸੀ ਅਤੇ ਇਸ ਨਾਤੇ ਹੀ ਉਸ ਨੂੰ ਇਹ ਸਵਾਲ ਕੀਤਾ ਸੀ। ਉਹ ਚੁੱਪ ਹੋ ਗਈ ਅਤੇ ਥੋੜਾ ਰੁਕ ਕੇ ਬੋਲੀ, 'ਲੈ ਭਾਈ, ਜੁਆਕਾਂ ਵਾਸਤੇ ਕੀ ਕੀ ਨੀਂ ਕਰਦੇ ਲੋਕ, ਇਹ ਤਾਂ ਸੁਖੀ ਵਸਣਗੇ।'

'ਹਾਂ, ਪੈਸੇ ਧੇਲੇ ਤੋਂ ਜ਼ਰੂਰ ਸੌਖੇ ਹੋ ਜਾਣਗੇ ਪਰ ਪੰਜਾਬੀ ਜੀਵਨ ਸ਼ੈਲੀ ਤੋਂ ਵਾਂਝੇ ਹੋ ਜਾਣਗੇ। ਆਪਣੀ ਸੱਭਿਅਤਾ ਦਾ ਕੀ ਬਣੇਗਾ?' ਮੈਂ ਫੇਰ ਕਿਹਾ।

ਉਹ ਇਧਰ ਉਧਰ ਦੇਖਣ ਲੱਗ ਪਈ। ਕੋਈ ਜਵਾਬ ਨਾ ਦਿੰਦੀ ਦੇਖ ਕੇ ਮੈਂ ਵੀ ਚੁੱਪ ਹੋ ਗਿਆ। ਮੈਂ ਸੋਚੀਂ ਪੈ ਗਿਆ ਕਿ ਅਸੀਂ ਆਪਣੇ ਦੇਸ਼ ਵਿੱਚ ਅਜਿਹੇ ਹਾਲਾਤ ਪੈਦਾ ਕਿਉਂ ਨਹੀਂ ਕਰ ਸਕੇ ਕਿ ਸਾਡੇ ਬੱਚਿਆਂ ਨੂੰ ਢੁਕਵੇਂ ਰੁਜ਼ਗਾਰ ਲਈ ਪਰਵਾਸ ਨਾ ਕਰਨਾ ਪਵੇ ਅਤੇ ਮਾਪਿਆਂ ਨੂੰ ਇਕੱਲ ਵਿੱਚ ਬੁਢਾਪਾ ਨਾ ਕੱਟਣਾ ਪਵੇ। ਸਾਰਾ ਪੰਜਾਬ ਹੀ ਬਾਹਰਲੇ ਮੁਲਕਾਂ ਨੂੰ ਕਿਉਂ ਦੌੜਨਾ ਚਾਹੁੰਦਾ ਹੈ? ਲੋਕ ਦਿਨ ਕਟੀ ਕਰ ਰਹੇ ਮਹਿਸੂਸ ਕਿਉਂ ਕਰਨ ਲੱਗ ਪਏ ਹਨ ਅਤੇ ਮੌਕੇ ਦੀ ਤਾੜ 'ਚ ਰਹਿੰਦੇ ਨੇ ਕਿ ਉਹ ਆਪਣੇ ਬੱਚਿਆਂ ਨੂੰ ਕਦ ਕੈਨੇਡਾ ਭੇਜਣ ਅਤੇ ਬਾਕੀਆਂ ਨੂੰ ਕਹਿ ਸਕਣ, 'ਸਾਡੇ ਨਿਆਣੇ ਤਾਂ ਬਾਹਰ ਸੈਟਲਡ ਨੇ, ਅਸੀਂ ਵੀ ਕੋਸ਼ਿਸ਼ ਕਰ ਰਹੇ ਹਾਂ, ਉਨਾਂ ਕੋਲ ਹੀ ਚਲੇ ਜਾਈਏ। ਏਥੇ ਕੀ ਰੱਖਿਐ?' ਫਲਾਈਟ ਦੀ ਅਨਾਊਂਸਮੈਂਟ ਨੇ ਸਾਨੂੰ ਜਹਾਜ਼ ਵੱਲ ਤੋਰ ਦਿੱਤਾ। ਹਵਾਈ ਜਹਾਜ਼ ਵਿੱਚ ਬੈਠਣ ਸਾਰ ਮੇਰੇ ਖਿਆਲਾਂ ਦੀ ਲੜੀ ਫਿਰ ਉੱਥੇ ਹੀ ਜਾ ਜੁੜੀ ਜਦ ਪਤਾ ਲੱਗਿਆ ਕਿ ਜਹਾਜ਼ ਵਿਚ ਵੀ ਵੱਖ ਵੱਖ ਸ਼੍ਰੇਣੀਆਂ ਹਨ ਅਤੇ ਅਸੀਂ ਉਸ ਸ਼੍ਰੇਣੀ ਵਿਚ ਬੈਠਾਂਗੇ ਜਿਸ ਨੂੰ ਅਮੀਰ ਆਦਮੀ ਅੱਜ ਕੱਲ 'ਕੈਟਲ ਕਲਾਸ' ਭਾਵ 'ਡੰਗਰ ਸ਼੍ਰੇਣੀ' ਕਹਿੰਦੇ ਹਨ। ਇਸ ਸ਼੍ਰੇਣੀ ਵਿਚ ਜ਼ਿਆਦਾਤਰ ਪ੍ਰਵਾਸੀ ਕਾਮੇਂ ਅਤੇ ਉਨਾਂ ਦੇ ਮਾਂ-ਬਾਪ ਹੀ ਹੁੰਦੇ ਹਨ। ਅਮੀਰ ਅਤੇ ਵਪਾਰੀ ਤਬਕਾ ਤਾਂ 'ਐਗਜ਼ੀਕਿਊਟਿਵ ਸ਼੍ਰੇਣੀ' ਵਿੱਚ ਝੂਟੇ ਲੈਂਦਾ ਹੈ।

ਮੇਰੇ ਨਾਲ ਵਾਲੀ ਸੀਟ 'ਤੇ ਬੈਠਾ ਸੱਜਣ ਕਾਫੀ ਪੜ੍ਹਿਆ ਲਿਖਿਆ ਜਾਪਦਾ ਸੀ ,ਵਾਰਤਾਲਾਪ ਦੌਰਾਨ ਕਹਿਣ ਲੱਗਾ, 'ਮੈਨੂੰ ਸਾਡੀ 'ਸਮੂਹਿਕ ਮਾਨਸਿਕਤਾ' ਵਿਚ ਕੋਈ ਮੌਲਿਕ ਖਾਮੀ ਦਿਖਾਈ ਦਿੰਦੀ ਹੈ। ਆਪਣੇ ਦੇਸ ਵਿਚ ਬੰਦੇ ਦੇ ਹੁਨਰ ਦੀ ਕਦਰ ਨਹੀਂ, ਧਨ-ਮਾਲ ਅਤੇ ਸਮਾਜਿਕ ਰੁਤਬੇ ਦੀ ਸਰਦਾਰੀ ਹੈ। ਸਾਡੇ ਵਰਗਿਆਂ ਨੂੰ 'ਕੈਟਲ ਕਲਾਸ' ਦਾ ਖਿਤਾਬ ਦੇਣ ਵਾਲੇ ਖੁਦ ਵੀ ਤਾਂ ਵਿਦੇਸ਼ ਵਿਚ ਬੌਣੇ ਮਨੁੱਖਾਂ ਦੀ ਤਰਾਂ ਹੀ ਵਿਚਰਦੇ ਹਨ। ਦੇਸ ਦੇ ਸ਼ਹਿਰੀ ...।' ਉਸ ਨੇ ਆਪਣੇ ਲੰਮੇ ਤਜਰਬੇ ਤੋਂ ਦੱਸਿਆ, 'ਪੈਦਲ ਚੱਲਦੇ ਮਨੁੱਖਾਂ ਦਾ ਇਨਾਂ ਨੂੰ ਕੀੜੇ-ਮਕੌੜੇ ਨਜ਼ਰ ਆਉਣਾ ਕੋਈ ਹੈਰਾਨ ਕਰਨ ਵਾਲਾ ਨਹੀਂ ਹੈ। ਹਮ ਨਹੀਂ ਸੁਧਰੇਂਗੇ।'

ਦਿੱਲੀ ਹਵਾਈ ਅੱਡੇ 'ਤੇ 'ਕੈਟਲ ਕਲਾਸ' ਆਪਣੇ ਆਪ ਨੂੰ ਇੱਕ ਦਮ 'ਵੀ ਆਈ ਪੀ' ਸਮਝਣ ਲੱਗ ਪਈ। ਅਹਿਸਾਸ ਹੋਇਆ ਕਿ ਬੇਸਮੈਂਟਾਂ ਦੀਆਂ ਰੌਚਕ ਕਹਾਣੀਆਂ ਪੰਜਾਬੀ ਸੱਭਿਆਚਾਰ ਨੂੰ ਇਕ ਨਵਾਂ ਮੋੜ ਦੇਣ ਦੀ ਇਬਾਰਤ ਲਿਖ ਚੁੱਕੀਆਂ ਹਨ।




# ਪਾਠਕਾਂ ਦਾ ਨਜ਼ਰੀਆ

## ਖ਼ਾਲਿਸਤਾਨ ਦੇ ਸੰਕਲਪ ਨੂੰ ਵਰਤਮਾਨ ਸਮੇਂ 'ਚ ਸਮਝਣ ਦੀ ਲੋੜ

29 ਅਪ੍ਰੈਲ 1986 ਦਾ ਦਿਨ ਸਿੱਖ ਇਤਿਹਾਸ ਦੀ ਸ਼ਾਨਾਮੱਤੀ ਯਾਦਗਾਰ ਹੈ। ਰਾਜਨੀਤਕ ਸੋਝੀ ਦੀ ਸਿਖਰ ਹੈ। ਗੁਰਬਾਣੀ ਦੀ ਅੰਤਰੀਵ ਸਮਝ ਨੂੰ ਦਰਸਾਉਂਦੀ ਇਕ ਰਾਜਨੀਤਕ ਦਸਤਾਵੇਜ਼ ਹੈ। ਸਿਆਸੀ ਮੰਜ਼ਿਲ ਬਾਰੇ ਪੈਦਾ ਕੀਤੇ ਤਮਾਮ ਭੁਲੇਖਿਆਂ ਦਾ ਸਦੀਵੀ ਖ਼ਾਤਮਾ ਹੈ। ਦੁਬਿਧਾ ਅਤੇ ਦੋਚਿਤੀ ਵਾਲੀ ਮਾਨਸਿਕਤਾ ਨੂੰ ਅਲਵਿਦਾ ਹੈ। ਜ਼ਮੀਰਾਂ ਦੇ ਜਾਗਣ ਦੀ ਨਵੀਂ ਪ੍ਰਭਾਤ ਹੈ। ਇਤਿਹਾਸ ਦੀ ਤੋਰ ਵਿੱਚ ਉਠਿਆ ਗਰਜਵਾਂ ਨਾਦ ਹੈ। ਇਹ ਦਿਨ ਪੂਰਵ-ਸਿੱਖ ਇਤਹਾਸ ਤੇ ਉੱਤਰ-ਸਿੱਖ ਇਤਿਹਾਸ ਵਿੱਚ ਵੰਡਿਆ ਗਿਆ ਹੈ। ਇਹ ਸਿੱਖ ਇਤਿਹਾਸ ਵਿਚ ਪਿਆ ਪਾੜ ਹੈ ਜਦੋਂ ਕੌਮ ਦੀ ਜ਼ਿੰਦਗੀ ਵਿੱਚ ਸਿਫ਼ਤੀ ਤਬਦੀਲੀ ਦਾ ਇਕ ਨਵਾਂ ਯੁੱਗ ਆਰੰਭ ਹੁੰਦਾ ਹੈ। ਇਹ ਦਿਨ ਪਾਤਸ਼ਾਹੀ ਦਾਅਵਿਆਂ ਹਲੇਮੀ ਰਾਜ, ਖ਼ਾਲਸਾ ਰਾਜ, ਖ਼ੁਦਮੁਖਤਿਆਰੀ ਦਾ ਅਸਲ ਆਧੁਨਿਕ ਬਦਲ ਹੈ। ਇਹ ਦਿਨ ਦਸਮੇਸ਼-ਪਿਆਰ ਦੀ ਸਿੱਖ ਇਤਿਹਾਸ ਵਿੱਚ ਸ਼ਮੂਲੀਅਤ ਅਤੇ ਪ੍ਰਵਾਨਗੀ ਦਾ ਦਿਨ ਹੈ। ਇਹ ਦਿਨ ਅਜ਼ਾਦੀ ਅਰਥਾਤ ਸਿੱਖ ਸਾਵਰਨ ਸਟੇਟ ਦਾ ਇਕ ਪਵਿੱਤਰ ਇਕਰਾਰਨਾਮਾ ਹੈ।ਇਹ ਦਿਨ ਸਿੱਖ ਪੰਥ ਦੇ ਅਸਮਾਨ 'ਤੇ ਭੂਤ, ਭਵਿੱਖ ਤੇ ਵਰਤਮਾਨ ਨੂੰ ਵੱਖਰੇ ਤੇ ਮੌਲਿਕ ਨਜ਼ਰੀਏ ਤੋਂ ਵੇਖਣ ਦਾ ਨਵਾਂ ਸੂਰਜ ਚੜਿਆ ਹੈ। ਇਹ ਦਿਨ ਹਿੰਦ-ਪੰਜਾਬ ਦੀ ਜੰਗ ਦਾ ਐਲਾਨਨਾਮਾ ਹੈ ਜਾਂ ਜਲਾਵਤਨ ਭਾਈ ਗਜਿੰਦਰ ਸਿੰਘ ਦੀ ਇਤਿਹਾਸਕ ਕਵਿਤਾ ਮੁਤਾਬਕ 1849 ਵਿਚ ਹਾਰੀਆਂ ਹੋਈਆਂ ਖ਼ਾਲਸਈ ਫੌਜਾਂ ਦੇ ਜਿੱਤਣ ਦੀਆਂ ਕਨਸੋਆਂ ਦਾ ਦਿਨ ਹੈ। ਇਹ ਦਿਨ ਵਗਦੀਆਂ ਹਵਾਵਾਂ ਵਿਚ ਕੋਈ ਬਲਦਾ ਚਿਰਾਗ਼ ਆਇਆ ਹੈ।ਇਹ ਦਿਨ ਅਵਚੇਤਨ-ਮਨ ਵਿਚ ਦੱਬੀਆਂ ਰੀਝਾਂ ਅਤੇ ਵਲਵਲਿਆਂ ਦਾ ਚੇਤਨ-ਮਨ ਵਿੱਚ ਨਵਾਂ ਪ੍ਰਵੇਸ਼ ਹੈ। ਉਲਾਰ-ਜਜ਼ਬਿਆਂ ਦਾ ਵਿਚਾਰਧਾਰਕ-ਜਜ਼ਬਿਆਂ ਵਿਚ ਤਬਦੀਲ ਹੋਣ ਦਾ ਦਿਨ ਹੈ। ਸਿੱਖ ਇਤਿਹਾਸ ਵਿੱਚ ਨਵੀਂ ਰੂਹ ਫੂਕਣ ਦੇ ਨਵੇਂ ਦੌਰ ਦੀ ਸ਼ੁਰੂਆਤ ਹੈ। ਸ਼ਾਇਰਾਂ ਦੀਆਂ ਸੁੱਤੀਆਂ ਕਲਮਾਂ ਦੇ ਜਾਗਣ ਦਾ ਵੇਲਾ ਹੈ।ਸਿੱਖ ਵਿਦਵਾਨਾਂ ਅੰਦਰ ਖੋਜ ਦੇ ਨਵੇਂ ਅਧਾਰ ਲੱਭਣ ਦੀ ਜਗਿਆਸਾ ਦਾ ਦਿਨ ਹੈ। ਵਿਦੇਸ਼ੀ ਦਾਨਸ਼ਵਰਾਂ ਵਿਚ ਸਿੱਖ ਇਤਿਹਾਸ ਨੂੰ ਨਵੇਂ ਸਿਰਿਓਂ ਵੇਖਣ ਦੀ ਰੀਝ ਅਤੇ ਨੀਝ ਨਾਲ ਖੋਜ ਦਾ ਦਿਨ ਹੈ।

29 ਅਪ੍ਰੈਲ ਦੇ ਦਿਨ ਦੀ ਇਤਿਹਾਸਕ ਮਹਾਨਤਾ ਬਾਰੇ ਜੋ ਮੈਂ ਉਕਤ ਟਿੱਪਣੀਆਂ ਕੀਤੀਆਂ ਹਨ, ਉਹ ਟਿੱਪਣੀਆਂ ਮੇਰਾ ਆਪਣਾ ਅਨੁਭਵ ਵੀ ਹੈ ਜੋ ਮੈਨੂੰ ਉਸ ਦੌਰ ਵਿੱਚੋਂ ਹੋਇਆ,ਜਿਸ ਨੂੰ ਮੈਂ ਨੇੜਿਓਂ, ਬਹੁਤ ਨੇੜਿਓਂ ਅਤੇ ਬਹੁਤ ਹੀ ਨੇੜਿਓਂ ਹੋ ਕੇ ਵੇਖਿਆ, ਮਾਣਿਆ ਅਤੇ ਮਹਿਸੂਸ ਕੀਤਾ।

ਖ਼ਾਲਿਸਤਾਨ ਦੀਆਂ ਗੱਲਾਂ ਪਹਿਲਾਂ ਵੀ ਹੁੰਦੀਆਂ ਰਹੀਆਂ ਹਨ।ਵੀਹਵੀਂ ਸਦੀ ਦੇ ਕਈ ਦੌਰਾਂ ਵਿੱਚ ਖ਼ਾਲਿਸਤਾਨ ਦੀ ਰੀਝ ਸ਼ਬਦਾਂ ਵਿੱਚ ਉਤਰਦੀ ਰਹੀ ਹੈ ਪਰ ਉਹ ਰੀਝ ਕਦੇ ਵੀ ਵੱਡੀ ਲਹਿਰ ਨਹੀਂ ਸੀ ਬਣ ਸਕੀ।ਖ਼ਾਲਿਸਤਾਨ ਦਾ ਜਜ਼ਬਾ ਕੌਮ ਦੇ ਜਜ਼ਬੇ ਵਿੱਚ ਤਬਦੀਲ ਨਹੀਂ ਸੀ ਹੋ ਸਕਿਆ।

ਪਰ 29 ਅਪ੍ਰੈਲ ਦੇ ਇਤਿਹਾਸਕ ਐਲਾਨਨਾਮੇ ਪਿੱਛੋਂ ਖ਼ਾਲਿਸਤਾਨ ਦੀ ਹਕੀਕਤ ਨੇ, ਖ਼ਾਲਿਸਤਾਨ ਦੇ ਸੰਕਲਪ ਨੇ, ਖਾਲਿਸਤਾਨ ਦੇ ਜਜ਼ਬੇ ਨੇ 'ਦਿਲਾਂ ਤੋਂ ਦਿਮਾਗ਼ਾਂ ਵੱਲ' ਸਫ਼ਰ ਕਰਨਾ ਸ਼ੁਰੂ ਕਰ ਦਿੱਤਾ ਸੀ।

ਮੇਰੇ ਲਈ ਉਹ ਸੁਭਾਗਾ ਦੌਰ ਸੀ, ਜਦੋਂ ਮੈਂ ਇਸ ਸਫ਼ਰ ਦੇ ਵੱਖ-ਵੱਖ ਪੜਾਵਾਂ ਨੂੰ ਇਕ ਗੰਭੀਰ ਪੱਤਰਕਾਰ ਦੇ ਤੌਰ 'ਤੇ ਵੀ ਵੇਖਿਆ ਅਤੇ ਸਮੇਂ ਸਮੇਂ ਵਿਸ਼ਲੇਸ਼ਣ ਵੀ ਕਰਦਾ ਰਿਹਾ। ਇਸ ਦੌਰ ਵਿੱਚ ਹਿੱਸਾ ਪਾ ਰਹੇ ਯੋਧਿਆਂ ਦੇ ਨੇੜੇ ਵੀ ਹੋਇਆ ਅਤੇ ਉਨਾਂ ਦੇ ਦਰਦ ਨੂੰ, ਉਨਾਂ ਦੀ ਇਤਿਹਾਸਕ ਸਮਝ ਨੂੰ, ਰਣਨੀਤੀ ਨੂੰ, ਉਨਾਂ ਦੇ ਬੁਲੰਦ ਹੌਸਲਿਆਂ ਨੂੰ, ਉਨਾਂ ਦੀਆਂ ਕਮਜ਼ੋਰੀਆਂ ਨੂੰ ਅਤੇ ਇੱਥੋਂ ਤੱਕ ਉਨਾਂ ਅੰਦਰ ਇੱਕੋ ਨਿਸ਼ਾਨੇ ਨੂੰ ਲੈ ਕੇ ਆਪਣੇ ਤੋਂ ਵੱਖਰੇ ਚੱਲ ਰਹੇ ਸਾਥੀਆਂ ਲਈ ਮਿੱਠੀ ਈਰਖਾ, ਸਾੜਾ, ਖ਼ੁਣਸ ਵਰਗੀਆਂ ਕਮੀਆਂ ਵੀ ਦੇਖੀਆਂ ਤੇ ਇੱਥੋਂ ਤੱਕ ਕਈ ਵਾਰ ਬਦਲੇ ਦੀਆਂ ਭਾਵਨਾਵਾਂ ਵਰਗੇ ਰੁਝਾਨ ਵੀ ਮਹਿਸੂਸ ਕੀਤੇ।ਪਰ ਨਾਲ ਹੀ ਉਨਾਂ ਵਿੱਚ ਬਹੁਤ ਵੱਡੀਆਂ ਗੱਲਾਂ ਵੀ ਸਨ ਜਿਨਾਂ ਅੰਦਰ ਇਤਿਹਾਸ ਦੇ ਵਹਿਣ ਨੂੰ ਹੀ ਮੋੜ ਦੇਣ ਦੀ ਸਮਰੱਥਾ, ਤਾਕਤ ਤੇ ਹੈਰਾਨਕੁਨ ਜਨੂੰਨ ਸੀ।ਬਸ, ਇਉਂ ਸਮਝੋ ਜਿਵੇਂ 18ਵੀਂ ਸਦੀ ਦੇ ਇਤਿਹਾਸ ਦੇ ਦਰਸ਼ਨ ਹੋ ਰਹੇ ਸਨ।

ਪਰ ਇਸ ਇਤਿਹਾਸ ਨੂੰ ਸਾਂਭਣ ਲਈ ਬਹੁਤ ਕੁਝ ਕਰਨ ਵਾਲਾ ਹੈ। ਲੇਕਿਨ ਉਸ ਦੌਰ ਦੇ ਚਸ਼ਮਦੀਦ ਗਵਾਹਾਂ ਵਿਚ ਇਹ ਅਹਿਸਾਸ ਲਗਭਗ ਖ਼ਤਮ ਹੋ ਗਿਆ ਜਾਪਦਾ ਹੈ। ਇੱਥੋਂ ਤੱਕ ਸਿੱਖ ਸੌਵਰੇਨ ਸਟੇਟ (ਖਾਲਿਸਤਾਨ) ਦੀ ਵਿਚਾਰਧਾਰਾ ਨੂੰ ਵੀ ਕਈ ਵਾਰ ਚਲਾਕ ਵਿਦਵਤਾ ਦੇ ਜ਼ੋਰ ਨਾਲ ਪੇਤਲਾ ਕਰਨ ਦੇ ਯਤਨ ਹੋ ਰਹੇ ਹਨ ਅਤੇ ਕਈ ਵਾਰ ਬਦਲ ਰਹੀਆਂ ਹਾਲਤਾਂ ਦਾ ਮੋਢਾ ਵਰਤ ਕੇ ਨਿਸ਼ਾਨੇ ਬਾਰੇ ਭਰਮ ਭੁਲੇਖੇ ਪੈਦਾ ਕੀਤੇ ਜਾ ਰਹੇ ਹਨ। ਇਹ ਬੇਹੱਦ ਅਫ਼ਸੋਸਨਾਕ ਰੁਝਾਨ ਹੈ ਅਤੇ ਸਾਨੂੰ ਸਭਨਾਂ ਨੂੰ ਇਨਾਂ ਰੁਝਾਨਾਂ ਨਾਲ ਜੁੜੇ ਵੀਰਾਂ ਵੱਲੋਂ ਪੇਸ਼ ਕੀਤੀ ਤੇ ਪ੍ਰਚਾਰੀ ਜਾ ਰਹੀ ਇਕ ਪੱਖੀ ਤੇ ਸੌੜੀ ਸਮਝ ਦੀਆਂ ਸਾਰੀਆਂ ਗੁੱਝੀਆਂ ਤੇ ਪ੍ਰਤੱਖ ਪਰਤਾਂ ਨੂੰ ਪਛਾਣਨ ਤੇ ਉਨਾਂ ਦਾ ਸਿਧਾਂਤਕ ਅਤੇ ਦਲੀਲ-ਪੂਰਨ ਮੁਕਾਬਲਾ ਕਰਨ ਲਈ ਜਥੇਬੰਦਕ ਰੂਪ ਵਿੱਚ ਤਿਆਰ ਰਹਿਣਾ ਚਾਹੀਦਾ ਹੈ।

ਸਾਨੂੰ ਅੰਤਰਰਾਸ਼ਟਰੀ ਵਿਹੜੇ ਵਿੱਚ ਹੋ ਰਹੀਆਂ ਸਰਗਰਮੀਆਂ ਵਿਚ ਵੀ ਭਰਪੂਰ ਦਿਲਚਸਪੀ ਲੈਣ ਦਾ ਮਾਹੌਲ ਤਿਆਰ ਕਰਨਾ ਪਵੇਗਾ। ਯੂਕਰੇਨ-ਰੂਸ ਦੀ ਜੰਗ ਨਾਲ ਵੀ ਇਕ ਨਵਾਂ ਵਿਸ਼ਵ ਨਜ਼ਾਮ ਕੀ ਹੋਂਦ ਵਿਚ ਆਵੇਗਾ ? ਕੀ ਇਹ ਜੰਗ ਅਸਲ ਵਿਚ ਪੂਰਬ ਤੇ ਪੱਛਮ ਦੀ ਜੰਗ ਹੈ ? ਕੀ ਅਸਲ ਵਿੱਚ ਨਵਾਂ ਵਿਸ਼ਵ ਨਿਜ਼ਾਮ ਮਲਟੀਪੋਲਰ ਹੋਣ ਜਾ ਰਿਹਾ ਹੈ ? ਕੀ ਇਸ ਨਵੇਂ ਨਿਜ਼ਾਮ ਵਿੱਚ ਸਿੱਖ ਕੌਮ ਦਾ ਆਪਣਾ, 'ਹਾਂ ਆਪਣਾ' ਕੋਈ ਰੋਲ ਹੋ ਸਕਦੈ ? ਇਹੋ ਜਿਹੇ ਗੁੰਝਲਦਾਰ ਤੇ ਅਹਿਮ ਸਵਾਲਾਂ ਦਾ ਜਵਾਬ ਅੱਜ ਵਿਦਵਾਨਾਂ ਤੇ ਖਾਸ ਕਰਕੇ ਵਿਦੇਸ਼ਾਂ ਵਿਚ ਰਾਜਨੀਤੀ ਤੇ ਧਰਮ ਦੇ ਪਿੜ ਵਿੱਚ ਉੱਚੀਆਂ ਪੜਾਈਆਂ ਕਰ ਰਹੇ ਵਿਦਿਆਰਥੀਆਂ ਨੂੰ ਦੇਣਾ ਹੀ ਪੈਣਾ ਹੈ। ਕੀ ਉਨਾਂ ਨੂੰ ਇਸ ਵੱਡੀ ਜ਼ਿੰਮੇਵਾਰੀ ਦਾ ਅਹਿਸਾਸ ਹੈ ? 29 ਅਪ੍ਰੈਲ ਦੇ ਐਲਾਨਨਾਮੇ ਬਾਰੇ ਬਹੁਤ ਕੁਝ ਕਹਿਣ ਨੂੰ ਦਿਲ ਕਰਦਾ ਹੈ ਜੋ ਕਿਹਾ ਨਹੀਂ ਗਿਆ, ਜੋ ਸਮਝਿਆ ਨਹੀਂ ਗਿਆ।

**ਕਰਮਜੀਤ ਸਿੰਘ ਚੰਡੀਗੜ**

## ਮਜ਼ਦੂਰ ਦਿਵਸ ਜਾਂ ਮਜਬੂਰ ਦਿਵਸ

'ਜਦੋਂ ਤੱਕ ਸੋਸ਼ਿਤ ਵਰਗ ਇਕੱਠਾ ਨੀਂ ਹੁੰਦਾ, ਇਹ ਭੇੜੀਏ ਸਾਡਾ ਕਿਰਤੀਆਂ ਦਾ ਖ਼ੂਨ ਚੂਸਦੇ ਰਹਿਣਗੇ, ਚੂਸਦੇ ਰਹਿਣਗੇ, ਚੂਸਦੇ ਰਹਿਣਗੇ' ਮੈਂ ਪੂਰੇ ਜੋਸ਼ ਵਿਚ ਅੱਜ ਮਜ਼ਦੂਰ ਦਿਵਸ ਤੇ ਆਪਣਾ ਭਾਸ਼ਣ ਖਤਮ ਕੀਤਾ ਤਾਂ ਤਾੜੀਆਂ ਦੀ ਗੜਗੜਾਹਟ ਨਾਲ ਫਾਜ਼ਿਲਕਾ ਦੀ ਅਨਾਜ ਮੰਡੀ ਦੇ ਮਹਿੰਗੇ ਹੋਟਲ ਦਾ ਪੂਰਾ ਏਸੀ ਹਾਲ ਕਾਫੀ ਦੇਰ ਗੂੰਜਦਾ ਰਿਹਾ। ਫੇਰ ਕਈਆਂ ਨੂੰ ਸਨਮਾਨਿਤ ਕੀਤਾ ਗਿਆ ਤੇ ਪ੍ਰੋਗਰਾਮ ਸਮਾਪਤ ਹੋ ਗਿਆ। ਬਸ ਅਸੀਂ ਪੰਜ-ਸੱਤ ਯੂਨੀਅਨ ਦੇ ਅਹੁਦੇਦਾਰ ਸਰਕਾਰੀ ਮੁਲਾਜ਼ਮ ਹੀ ਬਚੇ ਸਾਂ। ਹਰਜੀਤ ਬੋਲਿਆ, 'ਯਾਰ, ਗਰਮੀ ਬਹੁਤ ਏ, ਆਜੋ ਬੀਅਰ-ਸ਼ੀਅਰ ਲਾਈਏ, ਕਰਿਆ ਕਰੋ ਯਾਰੋ ਖਰਚਾ, ਇੰਨੀਆਂ ਤਨਖਾਹਾਂ ਢੂਏ 'ਚ ਲੈਣੀਆਂ ਨੇ', ਅਸੀਂ ਸਾਰੇ ਈ ਹੱਸ ਪਏ ਅਸਲ 'ਚ ਇਹ ਸਾਡੀ ਸਹਿਮਤੀ ਦਾ ਪ੍ਰਗਟਾਵਾ ਸੀ ਤੇ ਅਸੀਂ ਇਸੇ ਹੋਟਲ ਦੀਆਂ ਬਣੀਆਂ ਏਸੀ ਮਾਡਰਨ ਝੌਂਪੜੀਆਂ ਜਿਹੀ 'ਚ ਬਹਿ ਕੇ ਬਾਹਰ ਮੁਲਕ ਦੀ ਖਾਸ ਬੀਅਰ, ਮਹਿੰਗੀ ਸ਼ਰਾਬ ਮੁਰਗੇ-ਬਕਰੇ ਨਾਲ ਪੀਣ ਨੂੰ ਜੁੱਟ ਗਏ।

ਚਲਦੇ ਪ੍ਰੋਗਰਾਮ 'ਚ ਮੈਨੂੰ ਮੇਰੇ ਆੜਤੀਏ ਦੇ ਮੁਨੀਮ ਚਿਮਨ ਦਾ ਫੋਨ ਆ ਗਿਆ, 'ਮਾਸਟਰ ਜੀ, ਓ ਬਲਵੀਰ ਜਿਸ ਨੂੰ ਤੁਸੀਂ ਜਮੀਨ ਠੇਕੇ ਦਿੰਨੇ ਓ, ਓ ਸਾਰੀ ਫਸਲ ਵੇਚ ਗਿਆ ਸੀ, ਉਸ ਦਾ ਤੁਹਾਡੇ ਨਾਂ ਦਾ ਜੇ ਫਾਰਮ ਕੱਟਿਆ ਪਿਆ ਏ, ਹੋਰ ਕਿੱਧਰ ਟੈਕਸ ਦੇ ਯੱਭ 'ਚ ਪਵੋਂਗੇ, ਕਿੱਥੇ ਪੁਚਾਵਾਂ' ? 'ਆਜਾ ਯਾਰ, ਮੰਡੀ 'ਚ ਆਹਾ ਹੋਟਲ ਦੇ ਬਾਹਰ ਮੈਂ ਆ ਗਿਆ'। ਮੈਂ ਖੁਸ਼ ਸੀ, ਨਾਲੇ ਪੁੰਨ ਤੇ ਨਾਲੇ ਫਲੀਆਂ ਜੋ ਮਿਲ ਰਹੇ ਸੀ। ਮੈਂ ਬਾਹਰ ਆਇਆ ਤਾਂ ਧੁੱਪ ਬੜੀ ਕਰਾਰੀ ਸੀ। ਚਿਮਨ ਤੋਂ ਜੇ ਫਾਰਮ ਫੜ ਮੈਂ ਵਾਪਸ ਅੰਦਰ ਆਉਣ ਲੱਗਾ ਤਾਂ ਪਿੱਛੋਂ ਜਾਣੀ-ਪਛਾਣੀ ਆਵਾਜ ਆਈ, 'ਰਾਮ-ਰਾਮ ਭਾਈ ਜੀ'। ਕਣਕ ਦੀਆਂ ਬੋਰੀਆਂ ਟਰੱਕ ਤੇ ਲੱਦਦਾ ਉਹ ਪਸੀਨੇ ਨਾਲ ਨਹਾਇਆ ਪਿਆ ਸੀ। 'ਰਾਮ-ਰਾਮ, ਮਦਨ ਤੂੰ, ਕੀ ਗੱਲ ਮੰਡੀ 'ਚ ਲੱਗ ਗਿਆ ਏ' ? ਮੇਰਾ ਪੁਰਾਣਾ ਖੇਤ ਆਲਾ ਕਾਮਾ ਮਦਨ ਸੀ, ਜਦੋਂ ਮੈਂ ਵਾਹੀ ਆਪ ਕਰਦਾ ਸੀ ਉਦੋਂ ਮਦਨ ਨੇ ਕਈ ਸਾਲ ਸਾਡੇ ਖੇਤ ਲਾਏ ਸਨ, 'ਮਦਨ, ਯਾਰ ਆਪਣਾ ਪਿੰਡ, ਆਪਣਾ ਈ ਹੁੰਦਾ ਏ ਇੱਥੇ ਆਣ ਦੀ ਕੀ ਸੁੱਝੀ ਤੈਨੂੰ'। ਬੀਅਰ ਦੇ ਸੂਰ 'ਚ ਮੇਰੀ ਪਿੰਡ ਆਲੀ ਸਰਦਾਰੀ ਜਾਗ ਗਈ।

'ਬਾਈ ਜੀ, ਕੰਮ ਤਾਂ ਚਲੋ ਤੁਸੀਂ ਵੀ ਬੜਾ ਕਰਾਉਂਦੇ ਸੀ ਪਰ ਖੁੱਲਾ ਖਾਣ-ਪੀਣ ਤੇ ਨਕਦ ਦਿਹਾੜੀ ਮਿਲਦੀ ਸੀ ਤਾਂ ਚੰਗਾ ਟਾਈਮ ਪਾਸ ਸੀ। ਬਾਅਦ 'ਚ ਤੁਹਾਡੇ ਵੱਡੇ ਚੌਧਰੀਆਂ ਦੇ ਈ ਸ਼ਰੀਕੇ 'ਚ ਹੱਡ-ਤੋੜ ਕੇ ਮਿਹਨਤ ਕਰਦਾ, ਸ਼ਾਮ ਨੂੰ ਪੈਸੇ ਮੰਗਦਾ ਕਹਿੰਦੇ ਕੱਲ, ਫੇਰ ਮੰਗਦਾ ਮੰਗਲਵਾਰ ਆਵੀਂ, ਮੰਗਲਵਾਰ ਜਾਂਦਾ ਤਾਂ ਫੇਰ ਕੱਲ ਤੇ ਅਖੀਰ ਕਿੰਨੇ ਈ ਘਰਾਂ ਵਿਚੋਂ ਅੱਧ-ਪਚੱਧ ਛੱਡ ਗੰਦੀਆਂ ਗਾਲ਼ਾਂ ਖਾ ਕੇ ਨਿਕਲਦਾ, ਮੈਂ ਫੇਰ ਵੀ ਉੱਥੇ ਈ ਵਗਦਾ ਰਿਹਾ ਪਰ ਇਕ ਦਿਨ ਤੁਹਾਡੇ ਈ ਸ਼ਰੀਕ ਜੈਲੇ ਨੰਬਰਦਾਰ ਨੇ ਕੱਖ ਲੈਣ ਗਈ ਮੇਰੀ ਘਰਦੀ ਦਾ ਹੱਥ ਫੜ ਲਿਆ। ਭਾਵੇਂ ਅਸੀਂ ਜੈਲੇ ਦੀ ਮਾਂ-ਭੈਣ ਇੱਕ ਕਰ ਦਿੱਤੀ ਪਰ ਬਦਨਾਮੀ ਫੇਰ ਵੀ ਸਾਡੀ ਈ ਹੋਈ। ਬਸ ਉਸੇ ਦਿਨ ਮੈਨੂੰ ਪਤਾ ਲੱਗ ਗਿਆ, ਸਾਡੇ ਕਿਰਤੀਆਂ ਦੇ ਕਦੇ ਕੋਈ ਪਿੰਡ-ਸ਼ਹਿਰ ਇਲਾਕੇ ਨੀਂ ਹੁੰਦੇ, ਸਾਡੇ ਤਾਂ ਬੱਸ ਵਿਹੜੇ-ਮੁਹੱਲੇ ਈ ਹੁੰਦੇ ਨੇ, ਮੈਂ ਫੇਰ ਸ਼ਹਿਰ ਆ ਗਿਆ, ਹਾਲ ਤਾਂ ਭਾਵੇਂ ਇੱਥੇ ਵੀ ਠੀਕ-ਠਾਕ ਈ ਏ ਪਰ ਚਲੋ ਗੱਡੀ ਚੱਲੀ ਆਉਂਦੀ ਏ। ਮਾਸਟਰ, ਮਹਿਸੂਸ ਨਾ ਕਰੀਂ ਹੈ ਤਾਂ ਭਾਵੇਂ ਉਹ ਤੇਰੇ ਈ ਚਾਚੇ-ਤਾਏ ਪਰ ਅਜਿਹੇ ਭੇੜੀਏ ਸਾਡਾ ਖ਼ੂਨ ਆਖਰ ਕਦੋਂ ਤੱਕ ਚੂਸਦੇ ਰਹਿਣਗੇ, ਚੂਸਦੇ ਰਹਿਣਗੇ, ਚੂਸਦੇ ਰਹਿਣਗੇ'। ਉਸਦੀ ਗੱਲ ਖਤਮ ਹੋਣ ਤੇ ਭਾਵੇਂ ਇਕ ਵੀ ਤਾੜੀ ਨੀਂ ਵੱਜੀ ਪਰ ਇੰਝ ਲੱਗਿਆ ਜਿਵੇਂ ਕਿਸੇ ਨੇ ਮੇਰੇ ਮੂੰਹ ਤੇ ਕਰਾਰੀ ਚਪੇੜ ਈ ਮਾਰ ਦਿੱਤੀ ਹੋਵੇ। ਉਹ ਰਾਮ-ਰਾਮ ਕਰਕੇ ਫੇਰ ਬੋਰੀਆਂ ਲੱਦਣ ਲੱਗ ਗਿਆ, ਮੈਂ ਵਾਪਸ ਆ ਬੀਅਰ ਦਾ ਕੈਨ ਮੂੰਹ ਨੂੰ ਲਾਇਆ ਤਾਂ ਪਤਾ ਨਹੀਂ ਕਿਉਂ ਸਵਾਦ ਬਕਬਕਾ ਜਿਹਾ ਲੱਗ ਰਿਹਾ ਸੀ।

**ਅਸ਼ੋਕ ਸੋਨੀ,**
**ਮੋ. 9872705078**




# ਡਰੱਗ ਕਾਰਨ ਕਬੱਡੀ ਖਿਡਾਰੀਆਂ ਦਾ ਹਸ਼ਰ



ਪ੍ਰਿੰ. ਸਰਵਣ ਸਿੰਘ

'ਕਿੱਸਾ ਕਬੱਡੀ ਦਾ' ਮੇਰੀ ਕਿਤਾਬ ਦਾ ਨਾਂ ਹੈ ਤੇ 'ਹਸ਼ਰ ਖਿਡਾਰੀਆਂ ਦਾ' ਅਜੋਕਾ ਲੇਖ। ਕਬੱਡੀ ਖਿਡਾਰੀਆਂ ਦੀਆਂ ਸਰੀਰਕ ਸ਼ਕਤੀ ਵਧਾਉਣ ਵਾਲੀਆਂ ਦਵਾਈਆਂ ਪੀਈਡੀ ਅਤੇ ਗੋਲੀਆਂ ਨਾਲ ਹੁੰਦੀਆਂ ਮੌਤਾਂ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਲਈ ਮਾਰੂ ਸਾਬਿਤ ਹੋ ਰਹੀਆਂ ਹਨ। ਹਾਲੇ ਵੀ ਸੰਭਲ ਜਾਣ ਦਾ ਵੇਲਾ ਹੈ।ਇਨ੍ਹਾਂ ਦਵਾਈਆਂ ਦਾ ਭਾਂਡਾ ਭੰਨਣ ਵਾਲਾ ਲੇਖ 'ਕਬੱਡੀ ਨੂੰ ਡਰੱਗ ਦਾ ਜੱਫਾ' ਕਬੱਡੀ ਦੇ ਖਿਡਾਰੀਆਂ ਨੇ ਹੀ ਮੈਨੂੰ ਇਨ੍ਹਾਂ ਦਵਾਈਆਂ ਦਾ ਸੇਵਨ ਕਰਨ ਵਾਲੇ ਖਿਡਾਰੀਆਂ ਬਾਰੇ ਦੱਸ ਕੇ ਲਿਖਵਾਇਆ ਸੀ। 2007 ਵਿੱਚ ਛਪੀ ਮੇਰੀ ਕਿਤਾਬ 'ਕਬੱਡੀ ਕਬੱਡੀ ਕਬੱਡੀ' ਵਿੱਚ ਉਹ ਲੇਖ ਛਪਣ ਉੱਤੇ ਕਈ ਕਬੱਡੀ ਖਿਡਾਰੀ ਤੇ ਕਬੱਡੀ ਪ੍ਰੋਮੋਟਰ ਨਾਰਾਜ਼ ਹੋਏ ਸਨ। ਉਨ੍ਹਾਂ ਦਾ ਉਲਾਂਭਾ ਸੀ ਕਿ ਮੈਂ ਕਬੱਡੀ ਦਾ ਸ਼ੁਭਚਿੰਤਕ ਹੋ ਕੇ ਕਬੱਡੀ ਦਾ ਹੀ ਭਾਂਡਾ ਭੰਨ ਰਿਹਾ ਹਾਂ। ਘਰ ਦਾ ਭੇਤੀ ਹੋ ਕੇ ਲੰਕਾ ਢਾਹ ਰਿਹਾ ਹਾਂ। ਉਹ ਕਹਿਣ ਲੱਗ ਪਏ ਸਨ ਪਈ ਪ੍ਰਿੰਸੀਪਲ ਹੁਣ ਕੁਮੈਂਟਰੀ ਕਰਨ ਦੀ ਥਾਂ ਸਿੱਖਿਆ ਦੇਣ ਲੱਗ ਪਿਐ। ਫਿਰ ਬਿੱਲੀ ਥੈਲਿਓਂ ਬਾਹਰ ਆ ਗਈ ਤੇ ਖਿਡਾਰੀਆਂ ਦੀ ਇਹ ਦਵਾਈਆਂ ਲੈਣ ਦੀ ਲੁਕਵੀਂ ਗੱਲ ਜੱਗ ਜ਼ਾਹਿਰ ਹੋ ਗਈ। ਕੈਨੇਡਾ ਤੇ ਯੂਕੇ ਦੇ ਕਬੱਡੀ ਸੀਜ਼ਨ 2008 'ਚ ਖੇਡੇ ਢਾਈ ਸੌ ਖਿਡਾਰੀਆਂ ਵਿੱਚੋਂ 119 ਖਿਡਾਰੀ ਸਰੀਰਕ ਸ਼ਕਤੀ ਵਧਾਉਣ ਵਾਲੀਆਂ ਦਵਾਈਆਂ ਦੀ ਵਰਤੋਂ ਕਰਨ ਵਾਲੇ ਨਿਕਲੇ। ਡੋਪ ਟੈਸਟਾਂ ਨੇ ਉਨ੍ਹਾਂ ਨੂੰ ਸਿਹਤ ਲਈ ਘਾਤਕ ਦਵਾਈਆਂ ਦਾ ਸੇਵਨ ਕਰਦੇ ਸਾਬਿਤ ਕਰ ਦਿੱਤਾ। ਅੰਦਾਜ਼ਾ ਲੱਗਾ ਕਿ ਕਬੱਡੀ ਖਿਡਾਰੀ ਹਰ ਸੀਜ਼ਨ ਕਰੋੜ ਕੁ ਰੁਪਏ 'ਸ਼ਕਤੀਵਰ' ਬਣਨ ਲਈ ਘਾਤਕ ਦਵਾਈਆਂ ਉੱਤੇ ਖਰਚਦੇ ਹਨ ਜਿਸ ਨਾਲ ਇਨ੍ਹਾਂ ਦਵਾਈਆਂ ਦਾ ਧੰਦਾ ਕਰਨ ਵਾਲਿਆਂ ਦੇ ਵਾਰੇ ਨਿਆਰੇ ਹੁੰਦੇ ਹਨ।

ਅਗਸਤ 2006 ਦੀ ਗੱਲ ਹੈ। ਮੈਂ ਵਿਨੀਪੈੱਗ ਦਾ ਟੂਰਨਾਮੈਂਟ ਭੁਗਤਾ ਕੇ ਟੋਰਾਂਟੋ ਮੁੜ ਰਿਹਾ ਸਾਂ। ਉਸੇ ਜਹਾਜ਼ ਵਿੱਚ ਕਬੱਡੀ ਦੇ ਕੁਝ ਖਿਡਾਰੀ ਵੀ ਸਵਾਰ ਸਨ। ਜਹਾਜ਼ ਚੜ੍ਹਾਉਣ ਆਏ ਮਿੱਤਰਾਂ ਨੇ ਉਨ੍ਹਾਂ ਨੂੰ ਤਰਾਰੇ 'ਚ ਕਰ ਕੇ ਵਿਦਾ ਕੀਤਾ ਸੀ। ਉਨ੍ਹਾਂ ਮੈਨੂੰ ਵੀ ਆਪਣੇ ਕੋਲ ਸੱਦ ਲਿਆ ਤੇ ਗੱਲਾਂ ਕਰਦੇ ਸਰੀਰਕ ਸ਼ਕਤੀ ਵਧਾਉਣ ਵਾਲੀਆਂ ਦਵਾਈਆਂ ਲੈਣ ਵਾਲੇ ਕਬੱਡੀ ਖਿਡਾਰੀਆਂ ਦੇ ਕਿੱਸੇ ਤੋਰ ਬੈਠੇ। ਮੇਰੇ ਲਈ ਉਹ ਗੱਲਾਂ ਹੈਰਾਨੀ ਵਾਲੀਆਂ ਸਨ, ਉਹ ਦਾਰੂ ਦੀ ਲੋਰ 'ਚ ਕਹੀ ਜਾਣ ਕਿ ਅਸੀਂ ਤਾਂ ਜੀ ਆਹੀ ਮਾੜੀ ਮੋਟੀ ਪੀਣ ਦੇ ਸ਼ੁਕੀਨ ਹਾਂ। ਸਾਡੇ ਨਾਲ ਦੇ ਕਈ ਖਿਡਾਰੀ ਮੱਝਾਂ ਦਾ ਦੁੱਧ ਲਾਹੁਣ ਤੇ ਘੋੜਿਆਂ ਨੂੰ ਭਜਾਉਣ ਵਾਲੇ ਟੀਕੇ ਲੁਆਈ ਜਾਂਦੇ ਆ। ਕਹਿੰਦੇ ਆ ਹੁਣ ਸਾਡੇ 'ਚ ਘੋੜੇ ਜਿੰਨੀ ਤਾਕਤ ਹੋਗੀ।

ਸਫ਼ਰ ਦੌਰਾਨ ਉਹ ਮੈਨੂੰ ਕੈਪਸੂਲ ਲੈਣ ਤੇ ਟੀਕੇ ਲੁਆਉਣ ਵਾਲੇ ਖਿਡਾਰੀਆਂ ਦੇ ਕਾਰੇ ਸੁਣਾਉਂਦੇ ਆਏ। ਇਹ ਵੀ ਕਹਿੰਦੇ ਆਏ ਕਿ ਉਨ੍ਹਾਂ ਬਾਰੇ ਜ਼ਰੂਰ ਲਿਖੋ ਪਰ ਸਾਡਾ ਨਾਂ ਨਾ ਲਿਖਿਓ। ਜੇ ਸਾਡੀਆਂ ਗੱਲਾਂ ਸੱਚੀਆਂ ਨਾ ਹੋਈਆਂ ਤਾਂ ਬੇਸ਼ੱਕ ਸਾਡਾ ਮੂੰਹ ਕਾਲਾ ਕਰ ਦਿਓ। ਫਿਰ ਮੈਂ ਆਪ ਪੜਤਾਲ ਕਰ ਕੇ ਲੇਖ ਲਿਖਿਆ : 'ਕਬੱਡੀ ਨੂੰ ਡਰੱਗ ਦਾ ਜੱਫਾ' ਜੋ ਅਖ਼ਬਾਰਾਂ ਵਿੱਚ ਛਪਿਆ।

ਭੇਤ ਨਸ਼ਰ ਹੋਣ ਪਿੱਛੋਂ ਘਾਤਕ ਦਵਾਈਆਂ ਲੈਣ ਵਾਲੇ ਖਿਡਾਰੀ ਕਹਿੰਦੇ ਰਹੇ: ਸਾਨੂੰ ਹੀ ਬਦਨਾਮ ਨਾ ਕਰੀ ਚੱਲੋ। ਸਾਡਾ ਪੱਖ ਵੀ ਦੱਸੋ ਪਈ ਅਸੀਂ ਇਹ ਕਿਉਂ ਲੈਂਦੇ ਹਾਂ? ਉਹ ਕਹਿੰਦੇ ਰਹੇ ਕਿ ਟੀਕੇ ਲਗਵਾਉਣੇ ਤੇ ਕੈਪਸੂਲ ਲੈਣੇ ਸਾਡਾ ਸ਼ੌਕ ਨਹੀਂ ਸਗੋਂ ਮਜਬੂਰੀ ਹੈ। ਅਸੀਂ ਚਾਅ ਨਾਲ ਡੋਪਿੰਗ ਨਹੀਂ ਕਰਦੇ ਤੇ ਨਾ ਹੀ ਸਾਡਾ ਮਨ ਮੰਨਦੈ ਪਰ ਜਦੋਂ ਮੂਹਰੇ ਦੂਜੀ ਟੀਮ ਵਾਲੇ ਟੀਕੇ ਲਾ ਕੇ ਖੜ੍ਹੇ ਹੁੰਦੇ ਆ ਤਾਂ ਫੇਰ ਅਸੀਂ ਵੀ ਓਹੀ ਕੁਛ ਕਰਦੇ ਆਂ। ਨਿੱਤ ਮੈਚ ਵੀ ਤਿੰਨ ਚਾਰ ਖੇਡਣੇ ਪੈਂਦੇ ਨੇ ਜਿਸ ਕਰਕੇ ਜ਼ੋਰ ਵਿੱਤੋਂ ਬਾਹਰਾ ਲੱਗਦੈ। ਜਿਨ੍ਹਾਂ ਤੋਂ ਵਾਰ ਵਾਰ ਰੇਡਾਂ ਪੁਆਈਆਂ ਜਾਂਦੀਆਂ ਜਾਂ ਜੱਫੇ 'ਤੇ ਜੱਫੇ ਲੁਆਏ ਜਾਂਦੇ ਆ ਉਹ ਸਮਰੱਥਾ ਵਧਾਉਣ ਵਾਲੀਆਂ ਦਵਾਈਆਂ ਨਹੀਂ ਲੈਣਗੇ ਤਾਂ ਹੋਰ ਕੀ ਕਰਨਗੇ? ਖਿਡਾਰੀਆਂ ਨੂੰ ਜੇ ਪਸ਼ੂਆਂ ਵਾਂਗ ਖਿਡਾਓਗੇ ਤਾਂ ਉਹ ਪਸ਼ੂਆਂ ਵਾਲੇ ਟੀਕੇ ਹੀ ਲਾਉਣਗੇ। ਇੱਕੋ ਦਿਨ ਵਿਚ ਇੱਕੋ ਮੈਚ ਖੇਡਣਾ ਹੋਵੇ ਤਾਂ ਸਾਨੂੰ ਕੋਈ ਦਵਾਈ ਲੈਣ ਦੀ ਕੋਈ ਲੋੜ ਨਹੀਂ। ਹੋਰਨਾਂ ਖੇਡਾਂ ਦੇ ਕੱਪਾਂ ਵਿਚ ਇੱਕ ਦਿਨ ਵਿਚ ਇੱਕੋ ਮੈਚ ਹੀ ਖਿਡਾਇਆ ਜਾਂਦੈ।

ਉਹ ਇਹ ਵੀ ਕਹਿੰਦੇ ਰਹੇ : ਸਾਡੇ 'ਤੇ ਪੈਸੇ ਲਾਉਣ ਵਾਲੇ ਕਲੱਬਾਂ ਦਾ ਵੀ ਦਬਾਅ ਹੁੰਦੈ ਪਈ ਕੱਪ ਜ਼ਰੂਰ ਜਿੱਤਣੈ, ਜਿਵੇਂ ਮਰਜ਼ੀ ਜਿੱਤੋ। ਜਿਹੜੇ ਟੀਕੇ ਆਖੋਂ ਅਸੀਂ ਆਪ ਲਿਆ ਦਿੰਨੇ ਆਂ। ਅਸੀਂ ਵੀ ਸਮਝਦੇ ਆਂ ਕਿ ਕੱਪ ਜਿੱਤ ਕੇ ਦੇਵਾਂਗੇ ਤਾਂ ਹੀ ਉਹ ਅਗਲੀ ਵਾਰ ਖਿਡਾਉਣਗੇ।



ਇੰਡੀਆ ਤੋਂ ਕਬੱਡੀ ਸੀਜ਼ਨ ਖੇਡਣ ਆਏ ਇਹ ਵੀ ਕਹਿੰਦੇ, 'ਜੀ, ਮਸਾਂ ਮੌਕਾ ਮਿਲਦੈ ਬਾਹਰਲਾ ਸੀਜ਼ਨ ਖੇਡਣ ਦਾ। ਆਖੀਦੈ ਬਈ ਟੀਕੇ-ਟੂਕੇ ਲਾ ਕੇ ਚਾਰ ਪੈਸੇ ਬਣਾ ਲਈਏ, ਫੇਰ ਕੀਹਨੇ ਪੁੱਛਣੈ? ਜਦੋਂ ਇੱਕ-ਇੱਕ ਜੱਫੇ 'ਤੇ ਲੱਖ-ਲੱਖ ਦਾ ਇਨਾਮ ਲੱਗਜੇ, ਫੇਰ ਜਾਨ ਭਾਵੇਂ ਜਾਂਦੀ ਰਹੇ, ਲੱਖ ਥੋੜ੍ਹਾ ਜਾਣ ਦੇਣਾ।'

ਸੱਚੀ ਗੱਲ ਹੈ ਤਾੜੀ ਦੋਹਾਂ ਹੱਥਾਂ ਨਾਲ ਵੱਜਦੀ ਹੈ। ਖਿਡਾਰੀਆਂ ਨੂੰ ਅਜਿਹੀਆਂ ਦਵਾਈਆਂ 'ਤੇ ਲਾਉਣ ਲਈ ਕਈ ਕਲੱਬ ਤੇ ਅਕੈਡਮੀਆਂ ਵੀ ਜ਼ਿੰਮੇਵਾਰ ਹਨ। ਟੂਰਨਾਮੈਂਟ ਵੇਲੇ ਜਿਹੜੀਆਂ ਟੀਮਾਂ ਦੀਆਂ ਗੱਡੀਆਂ ਬੰਬੀਆਂ ਨੇੜੇ ਖੜ੍ਹੀਆਂ ਹੁੰਦੀਆਂ ਓਥੇ ਹੁੰਦੀ ਹੈ ਸਾਰੀ ਕਾਰਵਾਈ। ਸਰਿੰਜਾਂ ਦੀਆਂ ਸੂਈਆਂ ਵੀ ਉੱਥੇ ਹੀ ਸੁੱਟ ਦਿੱਤੀਆਂ ਜਾਂਦੀਆਂ ਹਨ ਜੋ ਪੈਰਾਂ 'ਚ ਚੁਭਦੀਆਂ ਹਨ।

ਸਰੀਰਕ ਸ਼ਕਤੀ ਵਧਾਉਣ ਵਾਲੀਆਂ ਦਵਾਈਆਂ ਦੇ ਇੱਕ ਭੇਤੀ ਤੋਂ ਗੱਲ ਸੁਣੀ, ਕਈ ਖਿਡਾਰੀ ਕੱਛਾ ਲਿਜਾਣਾ ਬੇਸ਼ੱਕ ਭੁੱਲ ਜਾਣ ਪਰ ਟੀਕਿਆਂ ਵਾਲੀ ਕਿੱਟ ਨਹੀਂ ਭੁੱਲਦੇ। ਹੁਣ ਉਹ ਗੱਲ ਨਹੀਂ ਰਹੀ ਕਿ ਮੈਚ ਓਹੀਓ ਜਿੱਤਣਗੇ ਜਿਨ੍ਹਾਂ ਦੇ ਡੌਲਿਆਂ ਪੱਟਾਂ ਵਿੱਚ ਜਾਨਾਂ। ਹੁਣ ਤਾਂ ਉਹ ਗੱਲ ਐ, ਕੱਪ ਓਹੀਓ ਜਿੱਤਣਗੇ ਜਿਨ੍ਹਾਂ ਦੇ ਬੈਗਾਂ ਵਿੱਚ ਸਮਾਨ।

ਖੇਡਾਂ ਨਸ਼ੇ ਛਡਾਉਣ ਲਈ ਹੁੰਦੀਆਂ ਨਾ ਕਿ ਲਾਉਣ ਲਈ। ਖੇਡਾਂ ਦਾ ਉਦੇਸ਼ ਹੁੰਦਾ ਹੈ ਕਿ ਖੇਡਾਂ ਨਾਲ ਮਨੁੱਖ ਹੋਰ ਵਧੀਆ ਮਨੁੱਖ ਬਣੇ। ਉਹ ਨਰੋਈ ਸਿਹਤ ਵਾਲਾ ਹੋਵੇ ਤੇ ਸਿਹਤਮੰਦ ਲੰਮੀ ਉਮਰ ਜੀਵੇ। ਖੇਡਾਂ, ਕੱਪ ਜਿੱਤਣ ਲਈ ਨਹੀਂ ਹੁੰਦੀਆਂ, ਇਹ ਇਮਾਨਦਾਰੀ ਨਾਲ ਖੇਡਣ ਲਈ ਹੁੰਦੀਆਂ ਹਨ। ਖੇਡਾਂ ਦਾ ਉਦੇਸ਼ ਜਿੱਤਣਾ ਨਹੀਂ ਸਗੋਂ ਜਿੱਤਣ ਲਈ ਜੂਝਣਾ ਤੇ ਖੇਡ ਭਾਵਨਾ ਨਾਲ ਖੇਡਣਾ ਹੈ। ਖੇਡ ਮੁਕਾਬਲੇ ਸ਼ੁਰੂ ਕਰਨ ਤੋਂ ਪਹਿਲਾਂ ਖਿਡਾਰੀਆਂ ਨੂੰ ਸਹੁੰ ਚੁਕਾਈ ਜਾਂਦੀ ਹੈ ਕਿ ਉਹ ਖੇਡਾਂ ਦੀ ਲਾਜ ਰੱਖਣ ਲਈ ਖੇਡਣਗੇ ਅਤੇ ਖੇਡ ਨਿਯਮਾਂ ਦੀ ਨੇਕਨੀਤੀ ਨਾਲ ਪਾਲਣਾ ਕਰਨਗੇ। ਕਬੱਡੀ ਨੂੰ ਸਾਫ਼ ਸੁਥਰੀ ਖੇਡ ਬਣਾਉਣ ਲਈ ਖਿਡਾਰੀਆਂ ਨਾਲ ਕਲੱਬਾਂ ਵਾਲਿਆਂ ਨੂੰ ਵੀ ਸਹੁੰ ਚੁੱਕਣੀ ਚਾਹੀਦੀ ਹੈ ਕਿ ਉਹ ਕਬੱਡੀ 'ਚ ਕਿਸੇ ਕਿਸਮ ਦੀਆਂ ਦਵਾਈਆਂ ਵਰਤੋਂ ਵਿੱਚ ਨਹੀਂ ਆਉਣ ਦੇਣਗੇ।

ਖੇਡ ਬੰਦੇ ਦੀ ਬੜੀ ਖ਼ੂਬਸੂਰਤ ਸਰਗਰਮੀ ਹੁੰਦੀ ਹੈ। ਇਸ ਨੂੰ ਖੇਡਣ ਤੇ ਵੇਖਣ ਵਾਲੇ ਸਭ ਆਨੰਦ ਮਾਣਦੇ ਹਨ। ਖੇਡਾਂ ਸਿਹਤਮੰਦ ਮਨੋਰੰਜਨ ਕਰਦੀਆਂ ਹਨ ਤੇ ਮਨੁੱਖ ਨੂੰ ਮਾੜੇ ਮਨੋਰੰਜਨ ਤੋਂ ਬਚਾਉਂਦੀਆਂ ਹਨ। ਜਿਨ੍ਹਾਂ ਨੇ ਕਿਸੇ ਕਿਸਮ ਦੀ ਗਲਤ ਦਵਾਈ ਵੇਚਣੀ ਹੁੰਦੀ ਹੈ ਉਨ੍ਹਾਂ ਨੇ ਤਾਂ ਹਰੇਕ ਨੂੰ ਇਸ 'ਤੇ ਲਾਉਣਾ ਹੁੰਦਾ ਹੈ ਚਾਹੇ ਉਹ ਖਿਡਾਰੀ ਹੀ ਕਿਉਂ ਨਾ ਹੋਣ। ਖਿਡਾਰੀ ਆਪਣੇ ਜੁੱਸਿਆਂ ਦਾ ਨਾਸ ਕਰਵਾਉਣੋ ਬਚਣ, ਐਵੇਂ ਮਜਬੂਰੀਆਂ ਦੇ ਬਹਾਨੇ ਨਾ ਬਣਾਉਣ।

ਇਹ ਵੀ ਸੁਣਨ 'ਚ ਆਉਂਦਾ ਹੈ ਕਿ ਜਿਹੜੇ ਕਲੱਬ ਇਨ੍ਹਾਂ ਦਵਾਈਆਂ ਦੀ ਵਰਤੋਂ ਕਰਨ ਵਾਲੇ ਖਿਡਾਰੀਆਂ ਨੂੰ ਖਿਡਾਉਂਦੇ ਹਨ ਉਨ੍ਹਾਂ ਨੂੰ ਦਰਸ਼ਕ ਵੱਧ ਵੇਖਦੇ ਹਨ ਤੇ ਜਿਹੜੇ ਖਰੇ ਖਿਡਾਰੀ ਖਿਡਾਉਂਦੇ ਹਨ ਉਨ੍ਹਾਂ ਨੂੰ ਘੱਟ। ਡੋਪੀ ਖਿਡਾਰੀਆਂ ਦੇ ਜੁੱਸੇ ਮੋਟੇ ਤਾਜ਼ੇ ਤੇ ਮਸਕੂਲਰ ਜੁ ਹੋਏ। ਉਹ ਖੇਡਦੇ ਵੀ ਭੂਸਰੇ ਸਾਨ੍ਹਾਂ ਵਾਂਗ ਹਨ ਜੋ ਆਮ ਦਰਸ਼ਕਾਂ ਨੂੰ ਖਿੱਚ ਪਾਉਂਦੇ ਹਨ। ਜੇ ਕਬੱਡੀ ਪ੍ਰੇਮੀ ਹੀ ਡੋਪਿੰਗ ਕਰਨ ਵਾਲੇ ਖਿਡਾਰੀਆਂ ਦੇ ਪ੍ਰਸ਼ੰਸਕ ਬਣੇ ਰਹਿਣਗੇ ਤਾਂ ਕਬੱਡੀ ਨੂੰ ਅਜਿਹੀ ਅਲਾਮਤ ਤੋਂ ਮੁਕਤ ਕੌਣ ਕਰੇਗਾ? ਬਾਕਸ

ਕਈ ਖਿਡਾਰੀ ਖੇਡਾਂ ਦੌਰਾਨ ਸਰੀਰਕ ਸ਼ਕਤੀ ਵਧਾਉਣ ਵਾਲੀਆਂ ਦਵਾਈਆਂ ਦੀ ਵਰਤੋਂ ਕਰਦੇ ਹਨ। ਇਹ ਦਵਾਈਆਂ ਅਸਥਾਈ ਤੌਰ 'ਤੇ ਤਾਕਤ ਤਾਂ ਵਧਾਉਂਦੀਆਂ ਹਨ ਪਰ ਕਈ ਅੰਗਾਂ ਦਾ ਨੁਕਸਾਨ ਕਰਦੀਆਂ ਹਨ। ਇਨ੍ਹਾਂ ਦਵਾਈਆਂ ਰਾਹੀਂ ਥੋੜ੍ਹੇ ਚਿਰ ਲਈ ਵਧਾਈ ਗਈ ਪੱਠਿਆਂ ਦੀ ਤਾਕਤ ਵੱਡੇ ਡੌਲੇ, ਸੀਨੇ, ਪੱਟ, ਪਿੰਨੀਆਂ ਆਦਿ ਤਾਂ ਬਣਾਉਂਦੀ ਹੈ ਪਰ ਇਨ੍ਹਾਂ ਨਾਲ ਸਰੀਰ ਦੀ ਤਾਕਤ ਸਥਾਈ ਤੌਰ 'ਤੇ ਨਹੀਂ ਵਧਦੀ। ਇਹ ਲੇਖ ਕਬੱਡੀ ਦੀ ਖੇਡ ਵਿੱਚ ਅਜਿਹੀਆਂ ਦਵਾਈਆਂ ਦੀ ਵਰਤੋਂ ਬਾਰੇ ਜਾਣਕਾਰੀ ਦਿੰਦਾ ਹੈ।

## ਇੱਕ ਪਾਰੀ ਵਿਚ 578 ਦੌੜਾਂ ਬਣਾ ਕੇ ਵਿਸ਼ਵ ਰਿਕਾਰਡ ਤੋੜਨ ਵਾਲਾ ਪੰਜਾਬੀ ਖਿਡਾਰੀ ਨਿਹਾਲ ਵਡੇਰਾ

ਕੀ ਤੁਸੀਂ ਕਦੇ ਕ੍ਰਿਕਟ ਵਿੱਚ ਇੱਕ ਪਾਰੀ ਵਿੱਚ 578 ਦੌੜਾਂ ਬਣਾਉਣ ਵਾਲੇ ਕਿਸੇ ਖਿਡਾਰੀ ਬਾਰੇ ਸੁਣਿਆ ਹੈ? ਲੁਧਿਆਣਾ ਦੇ ਨਿਹਾਲ ਵਡੇਰਾ ਨੇ ਬੁੱਧਵਾਰ ਨੂੰ 578 ਦੌੜਾਂ ਬਣਾ ਕੇ ਨਵਾਂ ਰਿਕਾਰਡ ਬਣਾਇਆ।ਇਹ ਕ੍ਰਿਕਟ ਦੇ ਕਿਸੇ ਵੀ ਫਾਰਮੈਟ ਵਿੱਚ ਵਿਸ਼ਵ ਵਿੱਚ ਤੀਜਾ ਸਭ ਤੋਂ ਉੱਚਾ ਵਿਅਕਤੀਗਤ ਸਕੋਰ ਹੈ ਅਤੇ ਰਾਜ ਦੁਆਰਾ ਆਯੋਜਿਤ ਟੂਰਨਾਮੈਂਟ ਦੇ ਫਾਰਮੈਟ ਵਿੱਚ ਸਭ ਤੋਂ ਵੱਧ ਹੈ। ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀਸੀਏ) ਦੇ ਸੀਈਓ ਦੀਪਕ ਸ਼ਰਮਾ ਨੇ ਅਧਿਕਾਰਤ ਤੌਰ 'ਤੇ ਇਸ ਦਾ ਐਲਾਨ ਕੀਤਾ।

ਇਤਫਾਕਨ, ਨਿਹਾਲ ਵਡੇਰਾ ਨੂੰ ਚੱਲ ਰਹੇ ਆਈਪੀਐਲ ਲਈ ਹਾਲ ਹੀ ਵਿੱਚ ਹੋਈ ਨਿਲਾਮੀ ਦੌਰਾਨ ਨਹੀਂ ਚੁਣਿਆ ਗਿਆ ਸੀ ਹਾਲਾਂਕਿ ਇੱਕ ਟੀਮ ਨੇ ਉਸਨੂੰ ਖ਼ਰੀਦਣ ਵਿੱਚ ਦਿਲਚਸਪੀ ਦਿਖਾਈ ਸੀ।ਭਾਵੇਂ ਉਹ ਪੰਜਾਬ ਦੀ ਮੁਸ਼ਤਾਕ ਅਲੀ ਟੀਮ ਦਾ ਹਿੱਸਾ ਸੀ ਪਰ ਉਸ ਨੂੰ ਆਖਰੀ 11 ਵਿੱਚ ਖੇਡਣ ਦਾ ਮੌਕਾ ਨਹੀਂ ਮਿਲਿਆ ਸੀ। ਇਸ ਲਈ ਉਸ ਕੋਲ ਦਿਖਾਉਣ ਲਈ ਰਾਸ਼ਟਰੀ ਟੀ-20 ਅੰਕੜੇ ਨਹੀਂ ਸਨ।ਪੀਸੀਏ ਦੇ ਸੀਈਓ ਨੇ ਕਿਹਾ ਕਿ ਖੱਬੇ ਹੱਥ ਦੇ ਬੱਲੇਬਾਜ਼ ਨਿਹਾਲ ਨੇ 414 ਗੇਂਦਾਂ 'ਤੇ 578 ਦੌੜਾਂ ਬਣਾ ਕੇ ਪੰਜਾਬ ਦੇ ਸਾਬਕਾ ਕਪਤਾਨ ਚਮਨ ਲਾਲ ਮਲਹੋਤਰਾ ਦਾ 66 ਸਾਲ ਪੁਰਾਣਾ ਰਿਕਾਰਡ ਤੋੜਿਆ ।ਉਸ ਨੇ ਪੰਜਾਬ ਰਾਜ ਅੰਤਰ-ਜ਼ਿਲਾ ਅੰਡਰ-23 ਟੂਰਨਾਮੈਂਟ ਵਿੱਚ 42 ਚੌਕੇ ਤੇ 37 ਛੱਕੇ ਲਗਾਏ।

ਨਿਹਾਲ ਦੇ ਪਿਤਾ ਕਮਲ ਵਡੇਰਾ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਸਥਾਨਕ ਸਰਕਾਰੀ ਕਾਲਜ ਵਿੱਚ ਆਖਰੀ ਸਾਲ ਦਾ ਵਿਦਿਆਰਥੀ ਹੈ। ਉਨ੍ਹਾਂ ਦਾ ਪਰਿਵਾਰ ਲੁਧਿਆਣਾ ਅਤੇ ਹੋਰ ਥਾਵਾਂ 'ਤੇ ਵਿੱਦਿਅਕ ਸੰਸਥਾਵਾਂ ਦੀ ਇੱਕ 'ਚੇਨ' ਚਲਾਉਂਦਾ ਹੈ। ਪੰਜਾਬ ਅੰਤਰ-ਜ਼ਿਲਾ ਅੰਡਰ-23 ਸੈਮੀਫਾਈਨਲ ਮੈਚ ਲੁਧਿਆਣਾ ਅਤੇ ਬਠਿੰਡਾ ਜ਼ਿਲੇ ਦੀਆਂ ਟੀਮਾਂ ਵਿਚਕਾਰ ਲੁਧਿਆਣਾ ਵਿਖੇ ਖੇਡਿਆ ਜਾ ਰਿਹਾ ਹੈ। ਮੈਚ ਦੇ ਦੂਜੇ ਦਿਨ ਦੀ ਖੇਡ ਦੌਰਾਨ ਜਦੋਂ ਨਿਹਾਲ ਵਡੇਰਾ ਨੇ ਜ਼ਬਰਦਸਤ ਖੇਡ ਖੇਡਿਆ ਤੇ ਇਸ ਦੌਰਾਨ ਕਈ ਰਿਕਾਰਡ ਤੋੜੇ। ਲੁਧਿਆਣਾ ਦੀ ਟੀਮ ਨੇ ਆਪਣੀ ਪਹਿਲੀ ਪਾਰੀ ਵਿੱਚ 165 ਓਵਰਾਂ ਵਿੱਚ 6 ਵਿਕਟਾਂ ਦੇ ਨੁਕਸਾਨ 'ਤੇ 880 ਦੌੜਾਂ ਬਣਾਈਆਂ ਹਨ। ਨਿਹਾਲ ਵਡੇਰਾ ਦਾ ਜੈਸ਼ ਜੈਨ ਨੇ 111 ਦੌੜਾਂ ਨਾਲ ਪੂਰਾ ਸਾਥ ਦਿੱਤਾ।

ਬਠਿੰਡਾ ਦਾ ਗੇਂਦਬਾਜ਼ ਅਬੀਰ ਕੋਹਲੀ 45 ਓਵਰਾਂ ਵਿੱਚ 262 ਦੌੜਾਂ ਦੇ ਕੇ ਕਾਫੀ ਮਹਿੰਗਾ ਸਾਬਿਤ ਹੋਇਆ। ਭਾਰਤ ਦੇ ਇੱਕ ਹੋਰ ਅੰਡਰ-19 ਖਿਡਾਰੀ ਉਦੈ ਪ੍ਰਤਾਪ ਸਹਾਰਨ ਨੂੰ ਵੀ ਲੁਧਿਆਣਾ ਦੇ ਬੱਲੇਬਾਜ਼ਾਂ ਨੂੰ 46 ਓਵਰਾਂ ਵਿੱਚ 245 ਦੌੜਾਂ ਦਿੱਤੀਆਂ। ਨਿਹਾਲ ਨੇ 2018 ਵਿੱਚ ਅੰਡਰ-19 ਖਿਡਾਰੀ ਵਜੋਂ ਭਾਰਤ ਲਈ ਡੈਬਿਊ ਕੀਤਾ ਸੀ।

ਸਿਰਫ਼ ਸੱਤ ਮਹੀਨੇ ਪਹਿਲਾਂ, ਨਿਹਾਲ ਨੇ ਜੇਪੀ ਅਤਰੇ ਮੈਮੋਰੀਅਲ ਰਾਸ਼ਟਰੀ ਵੰਨਡੇ ਟੂਰਨਾਮੈਂਟ ਦੇ 26 ਸਾਲਾਂ ਦੇ ਇਤਿਹਾਸ ਵਿੱਚ ਹੁਣ ਤੱਕ ਦਾ ਸਭ ਤੋਂ ਵੱਧ ਸਕੋਰ ਬਣਾਇਆ ਸੀ। ਟੂਰਨਾਮੈਂਟ ਦਾ ਆਯੋਜਨ ਕਰਨ ਵਾਲੇ ਵਿਵੇਕ ਅਤਰੇ ਨੇ ਕਿਹਾ ਕਿ ਉਸ ਦਿਨ, ਉਸਨੇ ਲਲਿਤ ਯਾਦਵ ਦੇ 168 ਅਤੇ ਸ਼ਿਖਰ ਧਵਨ ਦੇ 161 ਨੂੰ ਪਿੱਛੇ ਛੱਡਿਆ ਸੀ, ਜੋ ਕਿ ਇੱਕ ਭਾਰੀ ਸਕੋਰ ਹੋਣ ਦੀ ਉਸਦੀ ਕਾਬਲੀਅਤ ਦਾ ਸੰਕੇਤ ਹੈ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com

## ਬੋਲੇ ਸੋ ਨਿਹਾਲ

ਇਸ ਪਿੱਛੋਂ ਤਰੁਣਾ ਦਲ ਨੂੰ ਦੋ ਟੋਲਿਆਂ ਵਿਚ ਵੰਡਿਆ ਗਿਆ-ਇਕ ਹਿੱਸਾ ਚੜਤ ਸਿੰਘ ਸ਼ੁਕਰਚਕੀਆ ਦੀ ਕਮਾਂਡ ਵਿਚ ਉਤਰ ਪੱਛਮ ਵੱਲ ਚਲਾ ਗਿਆ ਤੇ ਦੂਜਾ ਟੋਲਾ ਹਰੀ ਸਿੰਘ ਦੀ ਕਮਾਨ ਵਿਚ ਮੁਲਤਾਨ ਵੱਲ ਰਵਾਨਾ ਹੋ ਗਿਆ। ਚੜਤ ਸਿੰਘ ਰਚਨਾ ਦੁਆਬੇ ਤੇ ਚਜ ਦੁਆਬੇ ਨੂੰ ਦੜਦਾ ਹੋਇਆ ਅੱਗੇ ਵਧਿਆ ਤੇ ਰੋਹਤਾਸ ਦੇ ਪ੍ਰਸਿੱਧ ਕਿਲੇ ਨੂੰ ਜਾ ਘੇਰਾ ਪਾਇਆ। ਕਿਲੇ ਦੇ ਫੌਜਦਾਰ ਨੇ ਦਰਵਾਜ਼ੇ ਬੰਦ ਕਰਕੇ ਕੰਧਾਂ ਉੱਤੇ ਤੋਪਾਂ ਚੜਾ ਲਈਆਂ ਤੇ ਗੋਲਾਬਾਰੀ ਸ਼ੁਰੂ ਕਰ ਦਿੱਤੀ। ਸਿੱਖਾਂ ਨੇ ਬਿਨਾਂ ਘਬਰਾਏ ਘੇਰਾ ਜਾਰੀ ਰੱਖਿਆ।

ਪਰ ਜਦੋਂ ਚਾਰ ਮਹੀਨਿਆਂ ਦੀ ਘੇਰਾਬੰਦੀ ਪਿੱਛੋਂ ਵੀ ਕਿਲਾ ਸਰ ਹੁੰਦਾ ਨਹੀਂ ਦਿਸਿਆ ਤਾਂ ਸਿੱਖਾਂ ਨੇ ਇਕ ਚਾਲ ਚੱਲੀ। ਉਹਨਾਂ ਅਚਾਨਕ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ। ਅਫ਼ਗਾਨ ਉਨਾਂ ਦਾ ਪਿੱਛਾ ਕਰਨ ਲਈ ਤੁਰੰਤ ਕਿਲੇ 'ਚੋਂ ਬਾਹਰ ਨਿਕਲ ਆਏ। ਪਿੱਛੇ ਹਟਣ ਦਾ ਮੰਤਵ ਵੀ ਇਹੋ ਸੀ। ਚੜਤ ਸਿੰਘ ਨੇ ਪਲਟ ਕੇ ਅਜਿਹਾ ਜ਼ੋਰਦਾਰ ਹਮਲਾ ਕੀਤਾ ਕਿ ਕਿਲੇ ਦੇ ਇਕ ਹਿੱਸੇ ਉੱਤੇ ਜਾ ਕਬਜਾ ਕੀਤਾ। ਏਨੇ ਵਿਚ ਗੁਜਰ ਸਿੰਘ ਭੰਗੀ ਵੀ ਆਪਣੇ ਜੱਥੇ ਸਮੇਤ ਉਹਨਾਂ ਨਾਲ ਆ ਰਲਿਆ। ਅਫ਼ਗਾਨ ਫੌਜ ਅੱਗੋਂ ਪਿੱਛੋਂ ਘਿਰ ਗਈ। ਬਚ ਨਿਕਲਣ ਦਾ ਕੋਈ ਚਾਰਾ ਨਜ਼ਰ ਨਾ ਆਇਆ ਤਾਂ ਉਨਾਂ ਹਥਿਆਰ ਸੁੱਟ ਦਿੱਤੇ। ਸਰਫਰਾਜ਼ ਨੂੰ ਆਪਣੇ ਕੁਝ ਹਮਰਾਹੀਆਂ ਸਮੇਤ ਕਿਲੇ ਵਿਚੋਂ ਨਿਕਲ ਜਾਣ ਦੀ ਛੂਟ ਦੇ ਦਿੱਤੀ ਗਈ।

ਸਰਫਰਾਜ਼ ਖਾਂ ਨੇ ਕਸ਼ਮੀਰ ਦੇ ਫੌਜਦਾਰ ਸਰਬੁਲੰਦ ਖ਼ਾਂ ਨੂੰ ਆਪਣੀ ਮਦਦ ਲਈ ਬੁਲਾਇਆ ਸੀ, ਪਰ ਉਹ ਉਦੋਂ ਪਹੁੰਚਿਆ ਸੀ ਜਦੋਂ ਕਿਲਾ ਸਰ ਹੋ ਚੁੱਕਿਆ ਸੀ। ਸ਼ਾਇਦ ਉਸਨੂੰ ਪਹਾੜੀ ਰਸਤਿਆਂ ਕਾਰਨ ਦੇਰ ਹੋ ਗਈ ਸੀ। ਉਸ ਨਾਲ 12000 ਘੋੜ ਸਵਾਰ ਤੇ ਪੈਦਲ ਫੌਜ ਸੀ। ਚੜਤ ਸਿੰਘ ਕਿਲੇ ਦਾ ਪ੍ਰਬੰਧ ਕਰਨ ਵਿਚ ਰੁੱਝਿਆ ਹੋਇਆ ਸੀ, ਪਰ ਜਦੋਂ ਉਸਨੂੰ ਸਰਬੁਲੰਦ ਖ਼ਾਂ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਉਸਦਾ ਮੁਕਾਬਲਾ ਕਰਨ ਲਈ ਨਿਕਲ ਪਿਆ।

ਖੋਦੀ ਦਾੜੀ ਤੇ ਚੌੜੇ ਮੱਥੇ ਵਾਲਾ ਚੜਤ ਸਿੰਘ ਇਕ ਅਜਿਹਾ ਯੋਧਾ ਸੀ ਜਿਹੜਾ ਰਣਖੇਤਰ ਵਿਚ ਸ਼ੇਰ ਵਾਂਗ ਝਟਕਦਾ ਤੇ ਦੁਸ਼ਮਣ ਦੇ ਛੱਕੇ ਛੁਡਾਅ ਦੇਂਦਾ ਸੀ। ਅਟਕ ਲਾਗੇ ਲੜਾਈ ਹੋਈ। ਚੜਤ ਸਿੰਘ ਨੇ ਬੜੀ ਦਲੇਰੀ ਨਾਲ ਹਮਲਾ ਕਰਕੇ ਬਹੁਤ ਸਾਰੇ ਅਫ਼ਗਾਨਾ ਨੂੰ ਮਾਰ ਮੁਕਾਇਆ ਤੇ ਉਹਨਾਂ ਦਾ ਸਾਜ-ਸਮਾਨ ਲੁੱਟ ਲਿਆ। ਜਿਹੜੇ ਬਚੇ ਉਹ ਛੇਤੀ ਹੀ ਭੱਜ ਖੜੇ ਹੋਏ ਤੇ ਉਹਨਾਂ ਦਾ ਕਮਾਂਡਰ ਸਰਬੁਲੰਦ ਖ਼ਾਂ ਗ੍ਰਿਫਤਾਰ ਕਰ ਲਿਆ ਗਿਆ। ਚੜਤ ਸਿੰਘ ਨੇ ਉਸਨੂੰ ਕਿਲੇ ਵਿਚ ਲਿਆ ਕੇ ਸਨਮਾਨ ਸਹਿਤ ਕੈਦ ਕਰ ਦਿੱਤਾ ਤੇ ਸਾਰੀਆਂ ਸਹੂਲਤਾਂ ਦਿੱਤੀਆਂ।

ਇਸ 'ਤੇ ਖ਼ੁਸ਼ ਹੋ ਕੇ ਸਰਬੁਲੰਦ ਖ਼ਾਂ ਨੇ ਚੜਤ ਸਿੰਘ ਨੂੰ ਕਿਹਾ, 'ਜੇ ਕਦੀ ਤੁਸੀਂ ਬਾਦਸ਼ਾਹ ਬਣ ਜਾਓਂ ਤਾਂ ਮੈਂ ਤੁਹਾਡਾ ਫੌਜਦਾਰ ਬਣ ਕੇ ਤੁਹਾਡੀ ਖ਼ਿਦਮਤ ਕਰਨ ਵਿਚ ਹਮੇਸ਼ਾ ਆਪਣੀ ਖ਼ੁਸ਼ ਨਸੀਬੀ ਸਮਝਾਂਗਾ।'

ਚੜਤ ਸਿੰਘ ਨੇ ਮੁਸਕਰਾਉਂਦਿਆਂ ਹੋਇਆਂ ਉਤਰ ਦਿੱਤਾ, 'ਸਤਿਗੁਰ ਨੇ ਬਾਦਸ਼ਾਹੀ ਤਾਂ ਖਾਲਸੇ ਨੂੰ ਪਹਿਲਾਂ ਹੀ ਬਖ਼ਸ਼ੀ ਹੋਈ ਏ। ਤੁਹਾਨੂੰ ਗ੍ਰਿਫ਼ਤਾਰ ਕਰਕੇ ਰੱਖਣ ਦਾ ਮੰਤਕ ਸਿਰਫ ਇਹ ਹੈ ਕਿ ਦੁਨੀਆਂ ਜਹਾਨ ਨੂੰ ਇਹ ਪਤਾ ਲੱਗ ਜਾਏ ਕਿ ਚੜਤ ਸਿੰਘ ਨੇ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਦੇ ਚਾਚੇ ਨੂੰ ਕੈਦੀ ਬਣਾ ਕੇ ਰੱਖਿਆ ਹੋਇਆ ਹੈ।'

'ਜੇ ਤੁਸੀਂ ਮੈਨੂੰ ਰਿਹਾਅ ਕਰ ਦਿਓਂ ਤਾਂ ਤੁਹਾਡੀ ਸ਼ੋਹਰਤ ਹੋਰ ਵੀ ਵਧ ਹੋਏਗੀ।'

'ਮੈਂ ਰਿਹਾ ਕਰ ਸਕਦਾ ਹਾਂ, ਪਰ ਤੁਸੀਂ ਇਹ ਦੱਸੋ ਕਿ ਨਜ਼ਰਾਨਾ ਕੀ ਦਿਓਗੇ ?'

'ਦੋ ਲੱਖ।' ਚੜਤ ਸਿੰਘ ਨੇ ਦੋ ਲੱਖ ਰੁਪਏ ਲੈ ਕੇ ਉਸਨੂੰ ਰਿਹਾਅ ਕਰ ਦਿੱਤਾ।

ਜਦੋਂ ਚੜਤ ਸਿੰਘ ਤੇ ਗੁਜਰ ਸਿੰਘ ਰੋਹਤਾਸ ਫਤਿਹ ਕਰਨ ਵਿਚ ਰੁੱਝੇ ਹੋਏ ਸਨ, ਹਰੀ ਸਿੰਘ ਭੰਗੀ ਤੇ ਹੀਰਾ ਸਿੰਘ ਨਕਈ ਦੀ ਕਮਾਂਡ ਵਿਚ ਤਰੁਣਾ ਦਲ ਦਾ ਦੂਜਾ ਟੋਲਾ ਦੱਖਣ ਪੱਛਮ ਵੱਲ ਕੂਚ ਕਰ ਗਿਆ। ਮੁਲਤਾਨ ਫਤਿਹ ਕਰਨ ਪਿੱਛੋਂ ਉਨਾਂ ਸਿੰਧ ਨਦੀ ਪਾਰ ਕੀਤੀ ਤੇ ਬਿਨਾਂ ਕਿਸੇ ਵਿਰੋਧ ਦੇ ਡੇਰਾ ਇਸਮਾਈਲ ਖ਼ਾਂ ਤੇ ਡੇਰਾ ਗਾਜ਼ੀ ਖ਼ਾਂ ਤੱਕ ਜਾ ਪਹੁੰਚੇ।

ਇਸ ਪਿੱਛੋਂ ਹਰੀ ਸਿੰਘ ਤੇ ਹੀਰਾ ਸਿੰਘ ਨੇ ਸਿਆਲ ਤੇ ਝੰਗ ਖੇਤਰ ਉੱਤੇ ਧਾਵਾ ਬੋਲਿਆ। ਸਿਆਲਾਂ ਨੇ ਸਿੱਖਾਂ ਦਾ ਡਟ ਕੇ ਮੁਕਾਬਲਾ ਕੀਤਾ, ਪਰ ਉਹ ਹਾਰ ਗਏ। ਝੰਗ, ਖ਼ੁਸ਼ਾਬ, ਚਿਕੋਟ ਉੱਤੇ ਭੰਗੀ ਮਿਸਲ ਦਾ ਕਬਜਾ ਹੋ ਗਿਆ।

ਤਰੁਣਾ ਦਲ ਨੇ ਖ਼ੂਬ ਹੂੰਝਾ ਫੇਰਿਆ।...ਆਓ ਹੁਣ ਗੰਗ ਦੁਆਬੇ ਵੱਲ ਚੱਲੀਏ ਤੇ ਬੁੱਢਾ ਦਲ ਦੇ ਕਾਰਨਾਮੇ ਦੇਖੀਏ- ਸਰਦਾਰ ਜੱਸਾ ਸਿੰਘ ਦੀ ਕਮਾਨ ਵਿਚ ਸਰਦਾਰ ਖ਼ੁਸ਼ਹਾਲ ਸਿੰਘ, ਕੌੜਾ ਸਿੰਘ, ਬਘੇਲਾ ਸਿੰਘ, ਤਾਰਾ ਸਿੰਘ ਗੈਬਾ, ਗੁਰਬਖ਼ਸ਼ ਸਿੰਘ, ਕਰਮ ਸਿੰਘ, ਰਾਮ ਸਿੰਘ ਆਦੀ ਨੇ ਚਾਲੀ ਹਜ਼ਾਰ ਘੋੜਸਵਾਰਾਂ ਨਾਲ ਬੁੜੀਘਾਟ ਤੋਂ ਜਮਨਾ ਪਾਰ ਕੀਤੀ ਤੇ 21 ਫਰਵਰੀ ਨੂੰ ਸਹਾਰਨਪੁਰ ਉੱਤੇ ਜਾ ਕਬਜਾ ਕੀਤਾ। ਉੱਥੋਂ ਮਿਸਲ ਸਰਦਾਰ ਵੱਖ ਵੱਖ ਦਿਸ਼ਾਵਾਂ ਵੱਲ ਨਿਕਲ ਪਏ। ਇਹ ਖ਼ਬਰ ਸੁਣਦਿਆਂ ਹੀ ਨਜੀਬ ਖ਼ਾਂ ਦੇ ਹੱਥ ਪੈਰ ਫੁੱਲ ਗਏ। ਕਿੱਥੇ ਤਾਂ ਉਹ ਭਰਤਪੁਰ ਨੂੰ ਜਿੱਤਣ ਗਿਆ ਹੋਇਆ ਸੀ ਤੇ ਕਿੱਥੇ ਆਪਣੇ ਹੀ ਇਲਾਕੇ ਦੀ ਫ਼ਿਕਰ ਪੈ ਗਈ ਸੀ। ਉਹ ਕਾਹਲ ਨਾਲ ਵਾਪਸ ਪਰਤਿਆ, ਪਰ ਉਸ ਤੋਂ ਕੁਝ ਵੀ ਨਹੀਂ ਹੋ ਸਕਿਆ। ਜੇ ਉਹ ਇਕ ਸ਼ਹਿਰ ਵੱਲ ਜਾਂਦਾ ਤਾਂ ਸਿੱਖ ਦੂਜੇ ਉੱਤੇ ਹਮਲਾ ਕਰ ਦਿੰਦੇ। ਜੇ ਉਹ ਉਧਰ ਪਲਟਦਾ ਤਾਂ ਸਿੱਖ ਕਿਸੇ ਤੀਜੇ ਸ਼ਹਿਰ ਉੱਤੇ ਧਾਵਾ ਬੋਲ ਦਿੰਦੇ ਇੰਜ ਖਾਲਸੇ ਨੇ ਥੋੜੇ ਦਿਨਾਂ ਵਿਚ ਹੀ ਸ਼ਾਮਲੀ, ਕਾਂਧਲਾ, ਮੀਰ ਪੁਰ, ਦੇਵਬੰਦ, ਮੁਜ਼ਫ਼ਰਗੜ, ਜਵਾਲਾ ਪੁਰ, ਕਨਖ਼ਲ, ਲੰਡੋਰਾ, ਨਜੀਬਾ ਬਾਦ ਆਦੀ ਉੱਤੇ ਝਪਟੇ ਮਾਰ-ਮਾਰ ਕੇ ਨਜੀਬ ਖ਼ਾਂ ਨੂੰ ਹੈਰਾਨ-ਪ੍ਰੇਸ਼ਾਨ ਤੇ ਸ਼ਹਿਰਾਂ ਨੂੰ ਉਜਾੜ-ਵੀਰਾਨ ਕਰ ਦਿੱਤਾ। ਜਦੋਂ ਬਚਾਅ ਦੀ ਕੋਈ ਸੂਰਤ ਨਜ਼ਰ ਨਹੀਂ ਆਈ ਤਾਂ ਉਸਨੇ ਖਾਲਸੇ ਵੱਲ ਆਪਣੇ ਵਜ਼ੀਰ ਘੱਲੇ ਤੇ ਗਿਆਰਾਂ ਲੱਖ ਰੁਪਏ ਨਜ਼ਰਾਨਾ ਦੇ ਕੇ ਸਮਝੌਤਾ ਕਰ ਲਿਆ।

ਖਾਲਸੇ ਦਾ ਮਕਸਦ ਪੂਰਾ ਹੋ ਗਿਆ। ਉਨਾਂ ਨੂੰ ਪੈਸਾ ਵੀ ਮਿਲ ਗਿਆ ਤੇ ਜਵਾਹਰ ਸਿੰਘ ਦੀ ਮਦਦ ਵੀ ਹੋ ਗਈ।

ਇਸ ਨਾਲ ਜਵਾਹਰ ਸਿੰਘ ਦਾ ਹੌਸਲਾ ਵਧ ਗਿਆ। ਉਹ ਨਜੀਬ ਖ਼ਾਂ ਤੋਂ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣਾ ਚਾਹੁੰਦਾ ਸੀ। ਇਸ ਲਈ ਉਸਨੇ ਮਲਹਾਰ ਰਾਵ ਹੁਲਕਰ ਨਾਲ ਗੰਢ-ਸੰਢ ਕੀਤੀ ਤੇ ਖਾਲਸੇ ਨੂੰ ਵੀ ਮਦਦ ਕਰਨ ਲਈ ਲਿਖਿਆ। ਨਜੀਬ ਇਸ ਸਮੇਂ ਦਿੱਲੀ ਵਿਚ ਅਹਿਮਦ ਸ਼ਾਹ ਦੁਰਾਨੀ ਵੱਲੋਂ ਥਾਪੇ ਬਾਦਸ਼ਾਹ ਆਲਮ ਸ਼ਾਹ ਦੂਜੇ ਦਾ ਵਕੀਲੇ-ਮੁਤਲਿਕਾ ਭਾਵ ਕੁਲ ਕਾਰ ਮੁਖਤਿਆਰ ਸੀ। ਇਸ ਲਈ ਜਵਾਹਰ ਸਿੰਘ ਨੇ ਦਿੱਲੀ ਉੱਤੇ ਹਮਲਾ ਕਰ ਦਿੱਤਾ। 15-16 ਨਵੰਬਰ ਨੂੰ ਨਜੀਬ ਖ਼ਾਂ ਨਾਲ ਮੁੱਢਲੀ ਟੱਕਰ ਹੋਈ। ਇਸ ਦੌਰਾਨ ਮਲਹਾਰ ਰਾਵ ਹੁਲਕਰ ਤਮਾਸ਼ਾ ਦੇਖਦਾ ਰਿਹਾ ਤੇ ਉਸਨੇ ਜਵਾਹਰ ਸਿੰਘ ਦੀ ਕੋਈ ਖਾਸ ਮਦਦ ਨਹੀਂ ਕੀਤੀ। ਇਸ ਲਈ ਜਵਾਹਰ ਸਿੰਘ ਦਾ ਮਰਾਠਿਆਂ ਉੱਤੇ ਭਰੋਸਾ ਨਹੀਂ ਰਿਹਾ।

ਜਨਵਰੀ 1765 ਦੇ ਪਹਿਲੇ ਹਫ਼ਤੇ ਜੱਸਾ ਸਿੰਘ ਆਹਲੂਵਾਲੀਆ ਵੀ ਪੰਦਰਾਂ ਹਜ਼ਾਰ ਸਿੰਘਾਂ ਨੂੰ ਨਾਲ ਲੈ ਕੇ ਦਿੱਲੀ ਜਾ ਪਹੁੰਚਿਆ। ਜਦੋਂ ਖਾਲਸਾ ਬਰਾੜੀ ਘਟ 'ਤੇ ਪਹੁੰਚਿਆ ਤਾਂ ਜਵਾਹਰ ਸਿੰਘ ਜਮਨਾ ਪਾਰ ਕਰਕੇ ਉਨਾਂ ਨੂੰ ਮਿਲਣ ਆਇਆ। ਯੋਜਨਾ ਇਹ ਬਣੀ ਕਿ ਸਿੱਖ ਸਬਜੀ ਮੰਡੀ ਵਾਲੇ ਪਾਸਿਓਂ ਸ਼ਹਿਰ ਉੱਤੇ ਹੱਲੇ ਕਰਨ ਤੇ ਨਜੀਬ ਖ਼ਾਂ ਦੇ ਇਲਾਕੇ ਨੂੰ ਉਜਾੜਨ ਤਾਂਕਿ ਉਸਨੂੰ ਉਧਰ ਦੀ ਫ਼ਿਕਰ ਹੀ ਪਈ ਰਹੇ। ਖਾਲਸੇ ਦੇ ਇਨਾਂ ਹਮਲਿਆਂ ਨੇ ਨਜੀਬ ਖ਼ਾਂ ਨੂੰ ਖਾਸਾ ਪ੍ਰੇਸ਼ਾਨ ਕੀਤਾ, ਪਰ ਖਾਲਸੇ ਕੋਲ ਤੋਪਾਂ ਨਹੀਂ ਸਨ, ਉਸ ਉਪਰ ਕੋਈ ਵਿਸ਼ੇਸ਼ ਪ੍ਰਭਾਵ ਨਹੀਂ ਪੈ ਸਕਿਆ। ਫੇਰ 4 ਫਰਵਰੀ, 1765 ਨੂੰ ਖਾਲਸੇ ਤੇ ਨਜੀਬੂਦੌਲਾ ਵਿਚਕਾਰ ਘਮਾਸਾਨ ਦੀ ਲੜਾਈ ਹੋਈ, ਜਿਸ ਵਿਚ ਰੋਹੇਲਿਆਂ ਨੂੰ ਹਾਰ ਕੇ ਪਿੱਛੇ ਹਟਣਾ ਪਿਆ।

ਇਸ ਦੌਰਾਨ ਖ਼ਬਰਾਂ ਆਉਣ ਲੱਗ ਪਈਆਂ ਕਿ ਅਹਿਮਦ ਸ਼ਾਹ ਨਜੀਬੁਦੌਲਾ ਦੇ ਸੱਦੇ ਉੱਤੇ ਪੰਜਾਬ ਪਹੁੰਚ ਗਿਆ ਹੈ। ਇਸ ਨਾਲ ਮਰਾਠਿਆਂ ਨੂੰ ਫ਼ਿਕਰ ਪੈ ਗਈ। ਹੁਲਕਰ ਪਹਿਲਾਂ ਹੀ ਨਜੀਬ ਖ਼ਾਂ ਨੂੰ ਨੁਕਸਾਨ ਪਹੁੰਚਾਉਣ ਦੇ ਪੱਖ ਵਿਚ ਨਹੀਂ ਸੀ। ਇਮਾਦੁਲ-ਮੁਲਕ ਗਾਜ਼ੀਉਲਦੀਨ ਵੀ ਸੂਰਜ ਮੱਲ ਦੇ ਸਮੇਂ ਤੋਂ ਭਰਤ ਪੁਰ ਵਿਚ ਸ਼ਰਨਾਰਥੀ ਸੀ। ਉਸਨੇ ਤੇ ਹੁਲਕਰ ਨੇ ਨਜੀਬ ਖ਼ਾਂ ਨਾਲ ਸੁਲਾਹ ਦੀ ਗੱਲ ਤੋਰੀ। ਪਰ ਜਵਾਹਰ ਸਿੰਘ ਸੁਲਾਹ ਦੇ ਪੱਖ ਵਿਚ ਨਹੀਂ ਸੀ, ਪਰ ਜਦੋਂ ਉਹ ਦੋਹੇਂ ਦੁਸ਼ਮਣ ਨਾਲ ਜਾ ਰਲੇ ਤਾਂ ਮਜ਼ਬੂਰਨ ਉਸਨੂੰ ਵੀ ਸੁਲਾਹ ਕਰਨੀ ਪਈ। ਹੁਣ ਜੱਸਾ ਸਿੰਘ ਆਹਲੂਵਾਲੀਆ ਦੇ ਉੱਥੇ ਰੁਕਣ ਦੇ ਕੋਈ ਅਰਥ ਨਹੀਂ ਸਨ। ਅਹਿਮਦ ਸ਼ਾਹ ਪੰਜਾਬ ਪਹੁੰਚ ਚੁੱਕਿਆ ਸੀ ਤੇ ਖਾਲਸੇ ਦਾ ਉੱਥੇ ਹੋਣਾ ਜ਼ਰੂਰੀ ਸੀ। ਇਸ ਲਈ ਉਹ ਜਲਦੀ ਤੋਂ ਜਲਦੀ ਪੰਜਾਬ ਵੱਲ ਪਰਤ ਗਏ।

'ਮੈਂ ਅੰਦਰ ਦੇਖਦੀ ਹਾਂ' ਰਾਧਾ ਨੇ ਬੜੀ ਸ਼ਾਂਤੀ ਨਾਲ ਕਿਹਾ, 'ਮੇਰੇ ਸੁਤਿਆਂ ਸੁਤਿਆਂ ਕਈ ਵਾਰੀ ਅੰਦਰ ਦਾ ਬੂਹਾ ਅੜਾ ਕੇ, ਕੱਲਾ ਖੇਡਦਾ ਰਹਿੰਦਾ ਹੈ।'

ਅੰਦਰ ਆ ਕੇ ਉਸ ਮੈਨੂੰ ਬਾਂਹ ਤੋਂ ਫੜ ਲਿਆ। ਮੈਂ ਡਰ ਨਾਲ ਨਿਤਾਣਿਆਂ ਵਾਂਗ ਕੰਬ ਰਿਹਾ ਸਾਂ ।ਰਾਧਾ ਨੇ ਹੌਲੀ ਜਿਹੀ ਕਿਹਾ, 'ਡਰੋ ਨਾ, ਮੇਰੇ ਕ੍ਰਿਸ਼ਨ, ਅਸੀਂ ਚੋਰੀ ਨਹੀਂ ਕੀਤੀ, ਪਾਪ ਨਹੀਂ ਕੀਤਾ।'

ਮੈਂ ਹੌਸਲਾ ਕਰ ਕੇ ਉਸੇ ਤਰਾਂ ਧਰੀਕੀਦਾ ਉਸ ਨਾਲ ਬਾਹਰ ਆਂਦਾ ਗਿਆ। ਮੇਰੀ ਬਾਂਹ ਝਾਈ ਜੀ ਨੂੰ ਫੜਾਉਂਦਿਆਂ ਉਸ ਆਖਿਆ, 'ਆਹ ਲਉ ਫੜੋ ਆਪਣਾ ਮੱਖਣ-ਚੋਰ, ਅੰਦਰਲੇ ਕਮਰੇ ਵਿੱਚ ਲੁਕਿਆ ਹੋਇਆ ਸੀ।'

ਮੇਰੀ ਝਾਈ ਮੈਨੂੰ ਛੱਡ ਕੇ ਅੰਦਰ ਵੜ ਗਈ। ਵੱਖੀ ਵਾਲੇ ਕਮਰੇ ਵਿੱਚ ਖਿਲਰੀਆ ਚੀਜ਼ਾਂ ਤੇ ਜਗਦੀਆਂ ਜੋਤਾਂ ਦੇਖ ਕੇ ਉਸ ਉੱਚੀ ਦਿੱਤੀ 'ਹੂੰ. . ਊ...ਊਂ' ਕੀਤਾ ਤੇ ਇੱਕ ਸ਼ੱਕ-ਭਰੀ ਨਜ਼ਰ ਰਾਧਾ ਤੇ ਸੁੱਟ ਕੇ ਬੜੀ ਆਕੜ ਨਾਲ ਮੁੜ ਆਈ। ਆਉਂਦਿਆਂ ਹੀ ਮੈਨੂੰ ਪੈਣੀਆਂ ਸ਼ੁਰੂ ਹੋ ਗਈਆਂ। ਰਾਧਾ ਛੁੜਾਉਣ ਵਾਸਤੇ ਬਾਹਰ ਆਈ, ਪਰ ਫਿਰ ਅੰਦਰ ਮੁੜ ਗਈ। ਫਿਰ ਆਈ, ਫਿਰ ਮੁੜ ਗਈ। ਮੇਰੀ ਗੱਲ ਤੇ ਇੱਕ ਚਪੇੜ ਪੈਂਦਿਆਂ ਹੀ ਉਹ ਕੱਠੀ ਹੋ ਜਾਂਦੀ ਸੀ।

ਕਮਰੇ ਵਿੱਚ ਮੈਨੂੰ ਡੱਕ ਕੇ ਝਾਈ ਜੀ ਪਿਤਾ ਜੀ ਨੂੰ ਉਡੀਕਦੇ ਰਹੇ। ਮੈਂ ਜਾਣ ਕੇ ਘੁਰਾੜੇ ਮਾਰਨ ਲਗ ਪਿਆ। ਬੜੇ ਪ੍ਰੇਮ ਨਾਲ ਝਾਈ ਜੀ ਨੇ ਪਿਤਾ ਜੀ ਨੂੰ ਰੋਟੀ ਖੁਆਈ। ਰੋਟੀ ਖਾ ਕੇ ਕੁਝ ਚਿਰ ਬਰਾਂਡੇ ਵਿਚ ਟਹਿਲਣ ਮਗਰੋਂ ਪਿਤਾ ਜੀ ਆਪਣੇ ਪਲੰਘ ਤੇ ਆ ਲੇਟੇ। ਝਾਈ ਜੀ ਨੇ ਵੀ ਬਾਕੀ ਦੇ ਕੰਮ ਖ਼ਤਮ ਕਰਕੇ ਆਪਣੀ ਮੰਜੀ ਮੱਲੀ। ਕੁਝ ਚਿਰ ਮਗਰੋਂ ਝਾਈ ਜੀ ਨੇ ਹੌਲੀ ਜਿਹੀ ਕਿਹਾ, 'ਏ ਜੀ, ਜਾਗਦੇ ਓ ?'

ਪਿਤਾ ਜੀ ਨੇ ਪਾਸਾ ਮੋੜ ਕੇ ਕਿਹਾ, 'ਆਹੋ।'

'ਮੈਂ ਇਕ ਗੱਲ ਕਰਨੀ ਸੀ,' ਝਾਈ ਜੀ ਨੇ ਇਸ ਲਹਿਜੇ ਵਿੱਚ ਕਿਹਾ ਜਿਵੇਂ ਗੱਲ ਬੜੀ ਜ਼ਰੂਰੀ ਹੋਵੇ।

'ਕੀ ਗੱਲ ਹੈ ?'

ਝਾਈ ਜੀ ਨੇ ਅੱਜ ਜੋ ਕੁਝ ਦੇਖਿਆ-ਸੁਣਿਆ ਸੀ, ਆਖ ਸੁਣਾਇਆ ਤੇ ਅੰਤ ਵਿੱਚ ਕਿਹਾ, 'ਖਬਰੇ ਕੀ ਕਰਦੀ ਰਹਿੰਦੀ ਏ ਬੰਗਾਲਣ ਜਾਦੂਗਰਨੀ ਮੇਰੇ ਲਾਲ ਨੂੰ ਅੰਦਰ ਵਾੜ ਕੇ।'

ਪਿਤਾ ਜੀ ਨੇ ਉਤਰ ਦਿੱਤਾ, 'ਸੁਦੈਣ ਨਾ ਬਣਿਆ ਕਰ, ਸੋਧਾਂ।'

ਝਾਈ ਜੀ ਦੇ ਬਹੁਤ ਜ਼ੋਰ ਦੇਣ ਤੇ ਪਿਤਾ ਜੀ ਨੇ ਆਖਿਆ, 'ਹੱਛਾ, ਮਿਲਾਂਗੇ ਬੁੱਢੇ ਨੂੰ ਸਵੇਰੇ।'

ਤੀਜੇ ਦਿਨ ਜਦ ਮੈਂ ਸਕੂਲੋਂ ਮੁੜਿਆ, ਮੈਂ ਆਪਣੇ ਘਰ ਜਾਣ ਦੀ ਥਾਂ, ਪਹਿਲੋਂ ਹੀ ਰਾਧਾ ਦੇ ਘਰ ਵੱਲ ਮੁੜਿਆ। ਬੂਹਾ ਚੌੜ-ਚਪੱਟ ਖੁਲਾ ਸੀ। ਅੰਦਰ ਕੋਈ ਸਮਾਨ ਨਹੀਂ ਸੀ। ਮੈਂ ਅੱਖਾਂ ਮਲ ਕੇ ਗਹੁ ਨਾਲ ਫੇਰ ਤੱਕਿਆ, ਫਿਰ ਵੀ ਨਹੀਂ ਸੀ। ਮੈਂ ਨਾਲ ਦੇ ਕਮਰੇ ਵਿੱਚ ਗਿਆ, ਉਥੇ ਵੀ ਕੋਈ ਨਹੀਂ ਸੀ। ਮੈਨੂੰ ਇੰਦਾਂ ਪ੍ਰਤੀਤ ਹੋਣ ਲੱਗਾ ਜਿਵੇਂ ਮੇਰੇ ਸਰੀਰ ਨਾਲੋਂ ਕੋਈ ਅੰਗ ਕੱਟ ਲਿਆ ਗਿਆ ਹੈ।

ਮੈਂ ਬਸਤੇ ਸਮੇਤ ਕਮਰੇ ਦੀ ਨੁਕਰ ਵਿੱਚ ਧਸ ਗਿਆ। ਇੱਦਾਂ ਮਲੂਮ ਹੁੰਦਾ ਸੀ ਜਿਵੇਂ ਮੈਂ ਪਾਤਾਲ ਵੱਲ ਜਾ ਰਿਹਾ ਹਾਂ। ਅਚਾਨਕ ਕਿਸੇ ਮੇਰੀ ਬਾਂਹ ਆਣ ਪਕੜੀ। ਪਹਿਲੋਂ ਮੈਂ ਸਮਝਿਆ, ਰਾਧਾ ਹੋਇਗੀ। ਪਰ ਬਾਂਹ ਬੜੇ ਜ਼ੋਰ ਦੀ ਫੜੀ ਗਈ ਸੀ। ਮੈਂ ਉਤਾਂਹ ਤੱਕਿਆ, ਝਾਈ ਸੀ। ਮੈਂ ਰੋ ਰਿਹਾ ਸਾਂ। ਝਾਈ ਮੈਨੂੰ ਧੂਹ ਕੇ ਆਪਣੇ ਪਾਸੇ ਵੱਲ ਲਿਜਾ ਰਹੀ ਸੀ।

## ਕੈਨੇਡਾ ਵਿੱਚ ਪੰਜਾਬੀ...

ਜਸਪਾਲ ਢਿੱਲੋਂ ਦੀ ਸੰਸਥਾ 'ਉਨਟਾਰੀਆ ਪੰਜਾਬੀ ਥੀਏਟਰ ਐਂਡ ਆਰਟ' ਵੱਲੋਂ ਵੀ ਸਥਾਨਿਕ ਲੇਖਕਾਂ ਦੇ ਲਿਖੇ ਨਾਟਕ ਤੇ ਗੀਤਾਂ ਨੂੰ ਬਾਖੂਬੀ ਪੇਸ਼ ਕੀਤਾ ਜਾਂਦਾ ਰਿਹਾ। ਕਿਰਪਾਲ ਕਮਲ ਦੀ ਕੈਨੇਡੀਅਨ ਪੰਜਾਬੀ ਰੰਗਮੰਚ ਵੀ ਲੰਬਾ ਸਮਾਂ ਸਰਗਰਮ ਰਹੀ ਹੈ। ਇਸੇ ਪ੍ਰਕਾਰ ਹੋਰ ਕਈ ਸੰਸਥਾਵਾਂ ਬਣੀਆਂ ਤੇ ਕੁਝ ਸਾਲ ਕੰਮ ਕਰਕੇ ਅਲੋਪ ਹੋ ਗਈਆਂ। ਅੱਜ ਕੱਲ ਜੋ ਮੌਜੂਦਾ ਸਥਿਤੀ ਹੈ, ਬਹੁਤ ਸਾਰੀਆਂ ਸੰਸਥਾਵਾਂ ਇਕੱਲੇ ਬਰੈਂਪਟਨ ਸ਼ਹਿਰ ਵਿੱਚ ਹੀ ਖੁੰਭਾਂ ਵਾਂਗ ਉੱਗੀਆਂ ਨਜ਼ਰ ਆਉਂਦੀਆਂ ਹਨ। ਮਿਸੀਸਾਗਾ, ਟੋਰਾਂਟੋ, ਮਾਰਖਮ, ਹਮਿਲਟਨ, ਗੁਆਲਫ, ਕਿਚਨਰ, ਲੰਡਨ, ਓਕਵਿੱਲ, ਔਰਿੰਜਵਿੱਲ ਅਤੇ ਮਿਲਟਨ ਦੇ ਲੇਖਕ ਆਪਣੇ ਸ਼ਹਿਰਾਂ ਵਿੱਚ ਸਥਾਨਕ ਸੰਸਥਾ ਨਾ ਹੋਣ ਕਾਰਨ, ਬਰੈਂਪਟਨ ਵਾਲੀਆਂ ਸੰਸਥਾਵਾਂ ਦਾ ਹੀ ਹਿੱਸਾ ਬਣਦੇ ਰਹਿੰਦੇ ਹਨ। ਅਜੇ ਕਿਸੇ ਅਜਿਹੀ ਸੰਸਥਾ ਬਣਨ ਦੀ ਉਡੀਕ ਹੈ, ਜੋ ਸਮੁੱਚੇ ਲੇਖਕ ਭਾਈਚਾਰੇ ਨੂੰ ਲਿਖਤਾਂ 'ਤੇ ਅਧਾਰਿਤ, ਧੜੇਬੰਦੀ ਤੋਂ ਉੱਪਰ ਉੱਠ ਕੇ ਕਲਾਵੇ ਵਿੱਚ ਲੈ ਸਕੇ ਅਤੇ ਕੈਨੇਡੀਅਨ ਪੰਜਾਬੀ ਸਾਹਿਤ ਬਾਰੇ ਤੇ ਇਸਦੀ ਪਛਾਣ ਬਾਰੇ ਕੋਈ ਪੁਖਤਾ ਕੰਮ ਕਰ ਸਕੇ।

ਮਹਾਂ-ਟੋਰਾਂਟੋ ਇਲਾਕੇ ਵਿੱਚ ਕੁਝ ਸੰਸਥਾਵਾਂ ਅਜਿਹੀਆਂ ਵੀ ਹਨ, ਜੋ ਸਾਲ ਛੇ ਮਹੀਨੇ ਬਾਅਦ ਕੋਈ ਨਾ ਕੋਈ ਸਮਾਗਮ ਜਾਂ ਸਨਮਾਨ ਸਮਾਰੋਹ ਰਚਾਉਂਦੀਆਂ ਰਹਿੰਦੀਆਂ ਹਨ। ਅਜਿਹੀ ਹੀ ਇੱਕ ਸੰਸਥਾ 'ਅਸੀਸ ਮੰਚ' ਪਰਮਜੀਤ ਦਿਓਲ ਵੱਲੋਂ ਚਲਾਈ ਜਾਂਦੀ ਹੈ। ਕਵਿੱਤਰੀ ਸੁਰਜੀਤ ਕੌਰ ਦੀ 'ਦਿਸ਼ਾ' ਵੀ ਸਲਾਨਾ ਸਮਾਗਮ ਜਾਂ ਕੋਈ ਕਾਨਫਰੰਸ ਕਰਵਾਉਂਦੀ ਰਹਿੰਦੀ ਹੈ। ਇਸੇ ਪ੍ਰਕਾਰ ਕਹਾਣੀਕਾਰਾ ਗੁਰਮੀਤ ਪਨਾਗ ਦੀ ਲਿਟਰੇਰੀ ਰਿਫਲੈਕਸ਼ਨ ਹੈ। ਸੁਖਿੰਦਰ ਦੀ ਸੰਵਾਦ ਹੈ। ਅਜਾਇਬ ਚੱਠਾ ਦੀ ਫਰੈਂਡਜ਼ ਕਲੱਬ ਹੈ। ਤੇ ਹੋਰ ਵੀ ਬਹੁਤ ਸਾਰੀਆਂ ਹੋਣਗੀਆਂ ਜਿਨਾਂ ਦਾ ਨਾਂ ਮੇਰੇ ਤੋਂ ਵਿੱਸਰ ਗਿਆ ਹੋਵੇ ਜਾਂ ਯਾਦ ਨਾ ਰਿਹਾ ਹੋਵੇ। ਇਹ ਸਭ ਸੰਸਥਾਵਾਂ ਵਰੇ ਛਿਮਾਹੀ ਸਾਹਿਤ ਜਾਂ ਸੰਗੀਤ ਦੇ ਪ੍ਰੋਗਰਾਮ ਕਰਵਾ ਕੇ ਮਾਹੌਲ ਵਿੱਚ ਰੰਗ ਭਰਦੀਆਂ ਹਨ। ਕਈ ਮੌਕੇ 'ਤੇ ਹੀ ਬਣੀਆਂ ਸੰਸਥਾਵਾਂ ਵੀ ਹੋਣਗੀਆਂ ਜੋ ਉੱਘੜਵੇਂ ਰੂਪ ਵਿੱਚ ਨਾ ਸਹੀ ਪ੍ਰੰਤੂ ਗਾਹੇ ਬਗਾਹੇ ਕਿਸੇ ਖਾਸ ਬੰਦੇ ਦੀ ਜਾਂ ਕਿਤਾਬ ਦੀ ਆਮਦ 'ਤੇ ਹੀ ਹਾਜ਼ਰੀ ਲਗਵਾਉਂਦੀਆਂ ਨੇ।

ਅੰਤ ਤੇ ਮੈਂ ਇਹ ਹੀ ਕਹਿਣਾ ਚਾਹਾਂਗਾ ਕਿ ਸੰਸਥਾ ਸਿਰਫ ਕਬਜ਼ਾ ਰੱਖਣ, ਅੜੀ ਪੁਗਾਉਣ, ਕਿਸੇ ਨੂੰ ਉੱਚਾ ਨੀਵਾਂ ਦਿਖਾਉਣ ਜਾਂ ਵਡਿਆਉਣ ਲਈ ਨਹੀਂ ਹੁੰਦੀਆਂ, ਸੰਸਥਾ ਦਾ ਕੰਮ ਸਮੁੱਚੇ ਰੂਪ ਵਿੱਚ ਲੇਖਕਾਂ ਨੂੰ ਰਚਨਾਵਾਂ ਦੇ ਅਧਾਰਿਤ ਜੋੜਨਾ ਤੇ ਉਨਾਂ ਤੋਂ ਵਧੀਆਂ ਸਾਹਿਤ ਲਿਖਵਾਉਣਾ ਹੁੰਦਾ ਹੈ। ਧੜੇ ਨੂੰ ਮੁੱਖ ਰੱਖ ਕੇ ਕੀਤੀ ਆਲੋਚਨਾ ਜਾਂ ਲਿਖੇ ਪਰਚੇ ਸੰਸਥਾ ਦੇ ਸਿਰ ਸੁਆਹ ਪਾਉਣ ਵਰਗਾ ਕੰਮ ਹੀ ਕਰਦੇ ਹਨ। ਕੋਈ ਵੀ ਸੰਸਥਾ ਅਜੇ ਅਜਿਹੀ ਨਹੀਂ ਜੋ ਕੈਨੇਡਾ ਵਿੱਚ ਰਚੇ ਪੰਜਾਬੀ ਸਾਹਿਤ ਦਾ ਮੁਲਾਂਕਣ ਕਰਦੀ, ਇੱਥੇ ਨਵੀਆਂ ਜੰਮੀਆਂ ਕਲਮਾਂ ਨੂੰ ਨਾਲ ਜੋੜਦੀ ਤੇ ਉਨਾਂ ਤੋਂ ਲਿਖਵਾਉਂਦੀ। ਅਸੀਂ ਤਾਂ ਚੰਗੇ ਭਲੇ ਲਿਖਣ ਵਾਲਿਆਂ ਨੂੰ ਵੀ ਭਜਾ ਕੇ ਖ਼ੁਸ਼ ਹੁੰਦੇ ਹਾਂ। ਸੰਸਥਾਵਾਂ ਭਾਵੇਂ ਘੱਟ ਹੋਣ ਪਰ ਕੰਮ ਵਧੀਆ ਹੋਵੇ। ਸਾਨੂੰ ਇਸ ਮੁਲਕ ਵਿੱਚ ਆਇਆਂ ਨੂੰ ਸਵਾ ਸੌ ਵਰੇ ਹੋਣ ਵਾਲੇ ਨੇ, ਪਰ ਸਾਡੀਆਂ ਸੰਸਥਾਵਾਂ ਦਾ ਕੰਮ ਤੇ ਖੋਜ ਅਜੇ ਦਸ ਵਰਿਆਂ ਜਿੰਨਾ ਵੀ ਨਹੀਂ। ਨਾ ਹੀ ਅਸੀਂ ਕੈਨੇਡਾ ਵਸੇ ਪੰਜਾਬੀਆਂ ਦਾ ਤੇ ਸਾਹਿਤ ਦਾ ਇਤਿਹਾਸ ਲਿਖਵਾ ਸਕੇ ਹਾਂ, ਤੇ ਨਾ ਹੀ ਲਿਖੀਆਂ ਵਧੀਆ ਪੁਸਤਕਾਂ ਦੇ ਅਨੁਵਾਦ ਕਰਵਾ ਸਕੇ ਹਾਂ। ਸਾਡਾ ਤਾਂ ਕੋਈ ਮਿਆਰੀ ਸਾਹਿਤਕ ਪਰਚਾ ਵੀ ਨਹੀਂ ਹੈ। ਮੁੱਖਧਾਰਾ ਦੇ ਲੇਖਕਾਂ ਨਾਲ ਸਾਡੀਆਂ ਸੰਸਥਾਵਾਂ ਦਾ ਅਜੇ ਕੋਈ ਸਬੰਧ ਨਹੀਂ ਤੇ ਨਾ ਹੀ ਕੈਨੇਡੀਅਨ ਵਿਸ਼ਿਆਂ 'ਤੇ ਪੁਖਤਾ ਪਕੜ ਹੈ। ਸਾਡੀਆਂ ਮੀਟਿੰਗਾਂ ਸਧਾਰਨ ਕਿਸਮ ਦੇ ਮੇਲੇ-ਗੇਲੇ ਹੀ ਹੋ ਨਿੱਬੜੀਦੀਆਂ ਨੇ।

ਠਿੱਬੀਮਾਰਾਂ ਦੇ ਇਤਿਹਾਸ ਨਹੀਂ ਲਿਖੇ ਜਾਂਦੇ ਤੇ ਨਾ ਹੀ ਵਿਰੋਧੀਆਂ ਦੀਆਂ ਵਧੀਆ ਰਚਨਾਵਾਂ ਨੂੰ ਰੋਲਿਆ ਜਾ ਸਕਦਾ ਹੈ। ਸਮਾਂ ਬੜਾ ਬਲਵਾਨ ਹੈ, ਜੋ ਸਾਰਾ ਕੁਝ ਆਪਣੀ ਬੁੱਕਲ ਵਿੱਚ ਸਮੇਟ ਲਵੇਗਾ। ਅਸੀਂ ਚੰਗੇ ਮਾੜੇ ਜੋ ਵੀ ਹੋਵਾਂਗੇ, ਸਮੇਂ ਦੀ ਬੁੱਕਲ ਵਿੱਚੋਂ ਲੱਭ ਲਏ ਜਾਵਾਂਗੇ। ਅਗਲੀਆਂ ਪੁਸ਼ਤਾਂ, ਕਦੇ ਸਾਡਾ ਵੀ ਇਤਿਹਾਸ ਲਿਖਣਗੀਆਂ ਕਿ ਸਾਡੇ ਪੁਰਖੇ ਸਾਡੇ ਲਈ ਕੀ ਛੱਡ ਕੇ ਗਏ ਨੇ ? ਇਨਾਂ ਸਾਰੀਆਂ ਗੱਲਾਂ 'ਤੇ ਪ੍ਰਸ਼ਨਾਂ 'ਤੇ ਸਾਨੂੰ ਧਿਆਨ ਦੇਣਾ ਪਵੇਗਾ। ਵਿਸ਼ਵ-ਕਾਨਫਰੰਸਾਂ ਵੀ ਸਿਰਫ ਨਾਵਾਂ ਲਈ ਜਾਂ ਬੱਲੇ ਬੱਲੇ ਲਈ ਹੀ ਨਹੀਂ ਹੋਣੀਆਂ ਚਾਹੀਦੀਆਂ। ਇਨਾਂ ਵਿੱਚ ਸਥਾਨਕ ਲੇਖਕ, ਕੈਨੇਡੀਅਨ ਸਾਹਿਤ, ਬਦਲਦਾ ਸੱਭਿਆਚਾਰ ਬਗੈਰਾ ਸਭ ਕੁਝ ਹੀ ਗਾਇਬ ਹੁੰਦਾ ਹੈ। ਪਰਚਾ ਲਿਖਣ ਵਾਲੇ ਤੇ ਪਰਚੇ ਬਹਾਨੇ ਕੈਨੇਡਾ ਦੀ ਗੇੜੀ ਲਾਉਣ ਵਾਲਿਆਂ ਦੀਆਂ ਭੀੜਾਂ, ਸੰਸਥਾਵਾਂ ਨੂੰ ਬਦਨਾਮ ਕਰਦੀਆਂ ਹਨ।

ਮੈਂ ਇਹ ਵੀ ਨਹੀਂ ਕਹਿੰਦਾ ਕਿ ਸੰਸਥਾਵਾਂ ਦਾ ਕੋਈ ਯੋਗਦਾਨ ਜਾਂ ਵਧੀਆ ਕੰਮ ਨਹੀਂ। ਪਰ ਇਹ ਆਟੇ ਵਿੱਚ ਲੂਣ ਬਰਾਬਰ ਹੈ। ਸਾਡੇ ਦੋਗਲੇ ਕਿਰਦਾਰ ਵਧੀਆ ਕਾਰਗੁਜ਼ਾਰੀ ਲਈ ਰੁਕਾਵਟਾਂ ਬਣਦੇ ਨੇ। ਸਾਡੀ ਹਉਮੈ, ਕਬਾਇਲੀ ਸੋਚ, ਹੰਕਾਰ, ਜਗੀਰੂ ਕਬਜ਼ਾ ਤੇ ਨਫਰਤਾਂ, ਸਾੜੇ ਸਾਡੇ ਰਾਹਾਂ ਵਿੱਚ ਰੁਕਾਵਟ ਹਨ। ਸਾਨੂੰ ਕੈਨੇਡਾ ਪੱਧਰ 'ਤੇ ਬਣੀਆਂ ਸੰਸਥਾਵਾਂ ਨੂੰ ਕਿਸੇ ਕੇਂਦਰੀ ਧੁਰੇ ਨਾਲ ਜੋੜਨ ਦੀ ਜ਼ਰੂਰਤ ਹੈ ਤਾਂ ਕਿ ਬਹੁ-ਭਾਸ਼ਾਈ ਇਸ ਮੁਲਕ ਵਿੱਚ ਸਾਰੇ ਲੇਖਕਾਂ ਨੂੰ ਲੈਂਡਿੰਗ ਰਾਈਟ, ਆਰਟ ਕੌਂਸਲ ਵੱਲੋਂ ਮਿਲਦੀ ਸਹਾਇਤਾ, ਲਾਇਬ੍ਰੇਰੀਆਂ ਵਿੱਚ ਰੱਖਿਆ ਗਿਆ ਸਥਾਨਿਕ ਸਾਹਿਤ ਤੇ ਲੇਖਕਾਂ ਦੀ ਪ੍ਰਤੀਨਿੱਧਤਾ ਲਈ ਬਣਦੇ ਹੱਕ ਮਿਲ ਸਕਣ। ਲੇਖਕਾਂ ਦੀ ਮੀਡੀਆ ਨਾਲ ਗੂੜੀ ਸਾਂਝ ਬਣੇ। ਪਬਲੀਕੇਸ਼ਨ ਦੇ ਮਸਲੇ ਹੱਲ ਹੋਣ ਤੇ ਪੰਜਾਬੀ ਸਾਹਿਤ ਨੂੰ ਸਕੂਲਾਂ, ਕਾਲਜਾਂ ਯੂਨੀਵਰਸਿਟੀਆਂ ਤਕ ਪਹੁੰਚਾਇਆ ਜਾ ਸਕੇ। ਇਹ ਸਭ ਕੁਝ ਤਾਂ ਹੀ ਹੋ ਸਕਦਾ ਹੈ ਜੇ ਸਾਡੀਆਂ ਸੰਸਥਾਵਾਂ ਦਾਇਰਿਆਂ ਦੀ ਵਲਗਣ ਵਿੱਚੋਂ ਨਿਕਲ ਕੇ ਮਜ਼ਬੂਤ ਹੋਣਗੀਆਂ, ਤਾਂ ਹੀ ਕੈਨੇਡੀਅਨ ਪੰਜਾਬੀ ਸਾਹਿਤ ਮੁੱਖ ਧਾਰਾ ਦਾ ਹਿੱਸਾ ਬਣੇਗਾ ਤੇ ਆਉਣ ਵਾਲੀਆਂ ਨਸਲਾਂ ਇਸ 'ਤੇ ਮਾਣ ਕਰ ਸਕਣਗੀਆਂ। ਅਜਿਹਾ ਸ਼ਕਤੀਸ਼ਾਲੀ ਸੰਸਥਾਵਾਂ ਕਰਕੇ ਹੀ ਸੰਭਵ ਹੋ ਸਕਦਾ ਹੈ, ਜੋ ਅਜੋਕੇ ਸਮੇਂ ਦੀ ਅਹਿਮ ਲੋੜ ਹਨ।

## ਖ਼ੁਸ਼ਹਾਲ ਜ਼ਿੰਦਗੀ ਜਿਊਣ...

ਜਲ ਸੋਮੇ ਅਤੇ ਜਲ ਤਲ ਨੂੰ ਵੀ ਸਥਿਰਤਾ ਮਿਲਦੀ ਹੈ। ਜਨੌਰਾਂ, ਮੀਂਹ ਅਤੇ ਵਿਸ਼ਵ-ਤਾਪਮਾਨ ਦੇ ਪ੍ਰਸੰਗ ਵਿਚ ਇਹ ਜ਼ਿਆਦਾ ਲਾਹੇਵੰਦ ਹੈ। ਪੰਜਾਬ ਜਿਸ ਦਾ ਮੈਦਾਨੀ ਇਲਾਕਾ ਸੰਘਣੀ ਖੇਤੀ ਹੇਠ ਹੈ, ਦੇ ਮੱਦੇਨਜ਼ਰ ਪਹਾੜੀ ਖਿੱਤੇ ਪ੍ਰਤੀ ਧਿਆਨ ਇਕਾਗਰ ਕਰਨਾ ਹੋਰ ਵੀ ਜ਼ਰੂਰੀ ਹੈ। ਕੌਮੀ ਵਣ ਨੀਤੀ ਵਿਚ ਇਸ ਗੱਲ ਉੱਤੇ ਜ਼ੋਰ ਦਿੱਤਾ ਗਿਆ ਹੈ ਕਿ ਦੇਸ਼ ਦੇ ਪਹਾੜੀ ਖੇਤਰਾਂ ਵਿਚ ਦੋ ਤਿਹਾਈ ਭੂਗੋਲਿਕ ਖੇਤਰ ਜੰਗਲਾਂ ਹੇਠ ਹੋਣ। ਪੰਜਾਬ ਦੇ ਪਹਾੜੀ ਖਿੱਤਿਆਂ ਦੀ ਭੈੜੀ ਹਾਲਤ ਨੂੰ ਛੱਡ ਕੇ ਦੇਸ਼ ਦੇ ਬਾਕੀ ਪਹਾੜੀ ਅਤੇ ਜੰਗਲੀ ਖੇਤਰਾਂ ਵਿਚ ਹਾਲਤ ਕੁਝ ਤਸੱਲੀਬਖ਼ਸ਼ ਹੈ। ਦਰਅਸਲ ਪਹਾੜਾਂ ਰਾਹੀਂ ਅਸੀਂ ਕੁਲ ਰਕਬੇ ਵਿਚ ਤੀਜਾ ਹਿੱਸਾ ਜੰਗਲ ਜ਼ਰੂਰ ਹੋਣ ਦਾ ਨਿਸ਼ਾਨਾ ਪੂਰਾ ਕਰ ਸਕਦੇ ਹਾਂ।

ਲੋਅਰ ਸ਼ਿਵਾਲਿਕ ਅਤੇ ਕੰਢੀ ਖੇਤਰ ਵਿਚ ਉੱਥੋ ਦੇ ਬਾਸ਼ਿੰਦਿਆਂ ਅਤੇ ਕੁਦਰਤੀ ਸੋਮਿਆਂ ਨਾਲ ਸੰਬੰਧਤ ਭਰਾਤਰੀ ਮਹਿਕਮਿਆਂ ਨੂੰ ਨਾਲ ਲੈ ਕੇ ਨਾ ਚੱਲਣ ਦੀ ਜੰਗਲਾਤ ਵਿਭਾਗ ਦੀ ਅਚੇਤ-ਸੁਚੇਤ ਨੀਤੀ ਕਾਰਨ ਵੀ ਅਜਿਹੀ ਦੁਰਦਸ਼ਾ ਹੋਈ ਹੈ। ਜੰਗਲਾਤ ਨਿਯਮਾਂ ਨੂੰ 'ਥਾਣੇਦਾਰੀ ਤਰਜ਼' ਨਾਲ ਨਹੀਂ ਸਗੋਂ ਉਸ ਦੀ ਮੂਲ ਭਾਵਨਾ ਅਨੁਸਾਰ ਲਾਗੂ ਕਰਨ ਦੀ ਲੋੜ ਹੈ। ਭੂਮੀ ਤੇ ਜਲ ਸੰਭਾਲ ਵਰਗੇ ਕੁਦਰਤੀ ਸਰੋਤਾਂ ਨਾਲ ਜੁੜੇ ਹੋਏ ਮਹਿਕਮਿਆਂ ਦੇ ਕਾਰਜ ਪਹਾੜੀ ਖਿੱਤਿਆਂ ਵਿਚ ਮੁੱਖ ਰੋਲ ਅਦਾ ਕਰ ਸਕਦੇ ਹਨ। ਜੇ ਪੰਜਾਬ ਨੂੰ ਬਚਾਉਣਾ ਹੈ ਤਾਂ ਸ਼ਿਵਾਲਿਕ ਖੇਤਰ ਨੂੰ ਮੁੜ ਸੁਰਜੀਤ ਕਰਨਾ ਪੈਣਾ ਹੈ। ਜਲ ਸੰਕਟ ਅਤੇ ਸਾਵੇਂ ਵਾਤਾਵਰਨ ਦਾ ਸਸਤਾ ਤੇ ਢੁੱਕਵਾਂ ਹੱਲ ਵੀ ਇਹੀ ਹੈ। ਸਿਰ ਜੋੜ ਕੇ ਬੈਠਣ ਅਤੇ ਭਾਈਵਾਲ ਕੋਸ਼ਿਸ਼ਾਂ ਨਾਲ ਹੀ ਹੱਲ ਸੰਭਵ ਹੈ। ਪਹਾੜਾਂ ਵੱਲ ਧਿਆਨ ਦਿਓ ਪਰ ਮੈਦਾਨੀ ਜੰਗਲ ਬਿਲਕੁਲ ਨਾ ਉਜਾੜੋ, ਇਸੇ ਵਿਚ ਹੀ ਸਾਡਾ ਸਭ ਦਾ ਭਲਾ ਹੈ।

## ਰੁੱਖਾਂ ਦੀ ਜੀਰਾਂਦ ....

ਮੈਂ ਇਹ ਨਹੀਂ ਕਹਿੰਦਾ ਕਿ ਜੜ ਪੱਥਰ ਹੋ ਜਾ, ਸਿਰਫ ਕੁਝ ਕੁ ਗੁਣ ਈ ਲੈ ਲੈ, ਉੱਚਾ ਉੱਠ ਜਾਵੇਂਗਾ।

ਦਿਲਗੀਰ ਨਹੀਂ ਹੋਈਦਾ, ਜਦ ਵੀ ਮਨ ਟਿਕਾਣੇ ਨਾ ਹੋਵੇ ਤੇ ਆ ਜਾਵੀਂ, ਮੈਂ ਏਥੇ ਈ ਮਿਲੂੰਗਾ, ਦਿਨ ਰਾਤ, ਜਦੋਂ ਮਰਜ਼ੀ ਦਿਲ ਹੌਲਾ ਕਰ ਲਵੀਂ ਪਰ ਜ਼ਿੰਦਗੀ ਤੋਂ ਨਿਰਾਸ਼ ਨਾ ਹੋਵੀਂ, ਆਪਣੇ ਕੰਮ ਲੱਗਿਆ ਰਹਿ, ਅਜਿਹਾ ਬਣ ਕਿ ਕੋਈ ਤੇਰੇ ਤੋਂ ਆਸ ਰੱਖ ਸਕੇ, ਪਰ ਆਪ ਕਦੀ ਕਿਸੇ ਤੋਂ ਕੋਈ ਆਸ ਨਾ ਰੱਖੀਂ। ਤੇ ਉਸਨੂੰ ਲੱਗਿਆ, ਜਿਵੇ ਉਹ ਫਿਰ ਤੋਂ ਜੀਵਨ ਊਰਜਾ ਨਾਲ ਭਰ ਗਿਆ ਹੋਵੇ, ਲਬਾ ਲਬ, ਤਰੋ ਤਾਜ਼ਾ। ਉਹਨੇ ਦਰੱਖ਼ਤ ਨੂੰ ਚੁੰਮਿਆਂ, ਧੰਨਵਾਦ ਕੀਤਾ ਤੇ ਕਾਹਲੇ ਕਦਮੀਂ ਘਰ ਨੂੰ ਤੁਰ ਪਿਆ।

ਥੋੜੀ ਦੂਰ ਜਾ ਕੇ ਉਹਨੇ ਧੰਨਵਾਦੀ ਨਜ਼ਰਾਂ ਨਾਲ ਦਰੱਖ਼ਤ ਨੂੰ ਟੀਸੀ ਤੋਂ ਲੈ ਕੇ ਮੁੱਢ ਤੱਕ ਨਿਹਾਰਿਆ, ਲੱਗਿਆ ਜਿਵੇਂ ਦਰਖ਼ਤ ਵੀ ਉਸਦੇ ਉਤਸ਼ਾਹ ਤੋਂ ਖ਼ੁਸ਼ ਹੋ ਕੇ ਝੂਮ ਰਿਹਾ ਹੋਵੇ, ਫਿਰ ਮਿਲਣ ਆਉਣ ਦੀ ਤਾਕੀਦ ਕਰ ਰਿਹਾ ਹੋਵੇ।

## ਖ਼ਾਲਿਸਤਾਨ ਸਮਰਥਕਾਂ ਦੀ

**29 ਅਪ੍ਰੈਲ 1986 ਕਿਉਂ ?**

29 ਅਪ੍ਰੈਲ 1986 ਨੂੰ ਅੰਮ੍ਰਿਤਸਰ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ 'ਸਰਬੱਤ ਖਾਲਸਾ' ਨੇ ਅਜ਼ਾਦੀ ਦਾ ਪ੍ਰਸਤਾਵ ਪਾਸ ਕੀਤਾ ਸੀ। ਇਸੇ ਦਿਨ ਨੂੰ ਸਿੱਖ ਅਜ਼ਾਦੀ ਦੇ ਐਲਾਨਨਾਮਾ ਦਿਵਸ ਵਜੋਂ ਐਲਾਨਿਆ ਗਿਆ ਹੈ।

ਬਾਈਡਨ ਸਰਕਾਰ ਤੁਰੰਤ ਦਖ਼ਲ ਦੇਵੇ : ਆਰ. ਪੀ. ਸਿੰਘ

ਆਰ. ਪੀ. ਸਿੰਘ, ਕੌਮੀ ਬੁਲਾਰਾ, ਭਾਜਪਾ ਕਨੈਕਟੀਕਟ ਨੇ ਕਿਹਾ ਕਿ ਅਮਰੀਕਾ ਦੇ ਕਨੈਕਟੀਕਟ ਸੂਬੇ ਵੱਲੋਂ 29 ਅਪ੍ਰੈਲ 1986 ਨੂੰ ਸਿੱਖ ਅਜ਼ਾਦੀ ਦੇ ਐਲਾਨਨਾਮਾ ਦਿਵਸ ਦੇ ਰੂਪ ਵਿਚ ਮਾਨਤਾ ਦੇਣਾ ਨਾ ਸਵੀਕਾਰ ਕਰਨਯੋਗ ਹੈ ਅਤੇ ਪੂਰੀ ਤਰਾਂ ਆਲੋਚਨਾ ਦੇ ਲਾਇਕ ਹੈ। ਜੋਅ ਬਾਈਡਨ ਸਰਕਾਰ ਇਸ ਮਾਮਲੇ ਵਿਚ ਤੁਰੰਤ ਦਖ਼ਲ ਦੇਵੇ ਕਿਉਂਕਿ ਇਹ ਭਾਰਤ ਦੇ ਅੰਦਰ ਆਜ਼ਾਦ ਖ਼ਾਲਿਸਤਾਨ ਦੀ ਮਾਨਤਾ ਨੂੰ ਖੁੱਲਾ ਸਮਰਥਨ ਹੈ।

## ਜਗਤਾਰ ਸਿੰਘ ਜੱਗੀ...

ਲਿਬ ਡੈਮ ਦੇ ਸੰਸਦ ਮੈਂਬਰ ਅਲਿਸਟੇਅਰ ਕਾਰਮਾਈਕਲ ਨੇ ਕਿਹਾ 'ਜਦੋਂ ਪ੍ਰਧਾਨ ਮੰਤਰੀ ਨੇ ਜਗਤਾਰ ਸਿੰਘ ਜੌਹਲ ਦਾ ਮਾਮਲਾ ਉਠਾਇਆ, ਤਾਂ ਕੀ ਉਨਾਂ ਨੇ ਇਸ ਆਧਾਰ 'ਤੇ ਅਜਿਹਾ ਕੀਤਾ ਕਿ ਪਿਛਲੇ ਚਾਰ ਸਾਲਾਂ ਤੋਂ ਸ੍ਰੀ ਜੌਹਲ ਜ਼ਬਰਦਸਤੀ ਨਜ਼ਰਬੰਦੀ ਦਾ ਸ਼ਿਕਾਰ ਹਨ ?'

ਯੂ.ਕੇ. ਸੰਸਦ ਵਿਚ ਵਿਦੇਸ਼ ਮੰਤਰੀ ਨੇ ਜਵਾਬ ਦਿੰਦੇ ਹੋਏ ਕਿਹਾ ਕਿ ਯੂ.ਕੇ. ਸਰਕਾਰ ਜ਼ਬਰਦਸਤੀ ਨਜ਼ਰਬੰਦੀ ਦੀ ਵਰਤੋਂ ਦੀ ਨਿੰਦਾ ਕਰਦੀ ਹੈ ਅਤੇ ਸੰਸਦ ਮੈਂਬਰਾਂ ਨੂੰ ਭਰੋਸਾ ਦਿਵਾਇਆ ਕਿ ਵਿਦੇਸ਼ ਸਕੱਤਰ, ਲਿਜ਼ ਟਰਸ, ਜੌਹਲ ਪਰਿਵਾਰ ਅਤੇ ਮਿਸਟਰ ਡੋਚਰਟੀ-ਹਿਊਜ਼ ਨਾਲ ਸਮੇਂ ਸਿਰ ਮੁਲਾਕਾਤ ਕਰਨਗੇ।

## ਭਾਰਤ ਵਿਚ ਪੱਤਰਕਾਰਾਂ...

ਉਹ ਕਹਿੰਦੇ ਹਨ ਕਿ ਹੁਣ ਉਨਾਂ ਦਾ ਅਖ਼ਬਾਰ ਵੀ ਉਨਾਂ ਦਾ ਸਾਥ ਨਹੀਂ ਦੇ ਰਿਹਾ। ਸਿੰਘ ਇਕਲੌਤੇ ਪੱਤਰਕਾਰ ਨਹੀਂ ਹਨ, ਜਿਨਾਂ ਦੀ ਡਿਊਟੀ ਦੌਰਾਨ ਨਿਰੰਤਰ ਖ਼ਤਰਾ ਮੰਡਰਾਉਂਦਾ ਰਹਿੰਦਾ ਹੈ। ਭਾਰਤ ਵਿਚ ਜ਼ਿਲਾ ਤੇ ਤਹਿਸੀਲ ਪੱਧਰ 'ਤੇ ਬੇਸ਼ੁਮਾਰ ਖੇਤਰੀ ਪੱਤਰਕਾਰ ਹਨ, ਜਿਨਾਂ ਦੀ ਕੋਈ ਉਚਿੱਤ ਸੁਰੱਖਿਆ ਵਿਵਸਥਾ ਨਹੀਂ ਹੈ। ਆਪਣਾ ਕੰਮ ਕਰਨ ਬਦਲੇ ਵਿਚ ਉਨਾਂ ਨੂੰ ਧਮਕੀਆਂ, ਗਾਲਾਂ, ਲਾਲਚ ਤੇ ਫਰਜ਼ੀ ਪੁਲਿਸ ਕੇਸ ਮਿਲਦੇ ਹਨ। ਅੰਗਰੇਜ਼ੀ ਭਾਸ਼ਾ ਦੇ ਪੱਤਰਕਾਰਾਂ ਦੀ ਤਰਾਂ ਇਨਾਂ ਦੀ ਸਥਿਤੀ ਨਹੀਂ ਹੈ, ਜੇਕਰ ਇਹ ਕਿਸੇ ਵਿਵਾਦ ਵਿਚ ਫਸਦੇ ਹਨ ਤਾਂ ਇਨਾਂ ਦੇ ਖੇਤਰੀ ਬਿਊਰੋ ਅਕਸਰ ਇਨਾਂ ਤੋਂ ਮੂੰਹ ਮੋੜ ਲੈਂਦੇ ਹਨ, ਜਿਸ ਨਾਲ ਇਨਾਂ ਦੀ ਸਥਿਤੀ ਕਾਫ਼ੀ ਕਮਜ਼ੋਰ ਹੋ ਜਾਂਦੀ ਹੈ। ਭੂਗੋਲਿਕ ਨਜ਼ਰੀਏ ਨਾਲ ਭਾਰਤ ਬਹੁਤ ਵੱਡਾ ਦੇਸ਼ ਹੈ, ਜਿਸ ਕਾਰਨ ਵੱਡੀਆਂ-ਵੱਡੀਆਂ ਮੀਡੀਆ ਸੰਸਥਾਵਾਂ ਵੀ ਹਰ ਜਗਾ ਆਪਣੇ ਪ੍ਰਤੀਨਿਧੀ ਨਹੀਂ ਰੱਖ ਸਕਦੀਆਂ। ਪਰ ਸਮਾਚਾਰ ਸੰਗਠਨਾਂ ਦੇ ਲਈ ਹੇਠਲੇ ਪ੍ਰਸ਼ਾਸਨਿਕ ਪੱਧਰ 'ਤੇ ਵੀ ਖੋਜ ਆਧਾਰਿਤ ਤੇ ਵਿਸ਼ਵਾਸਯੋਗ ਰਿਪੋਰਟਾਂ ਦੀ ਜ਼ਰੂਰਤ ਪੈਂਦੀ ਹੈ। ਵੱਡੇ ਸ਼ਹਿਰਾਂ ਦੇ ਸੁਰੱਖਿਆ ਜਾਲ ਤੋਂ ਦੂਰ ਇਨਾਂ ਪੱਤਰਕਾਰਾਂ ਨੂੰ ਉਨਾਂ ਵਿਵਾਦਤ ਮੁੱਦਿਆਂ ਨੂੰ ਰਿਪੋਰਟ ਕਰਨ ਦਾ ਖ਼ਤਰਾ ਚੁੱਕਣਾ ਪੈਂਦਾ ਹੈ, ਜੋ ਕੌਮੀ ਸੁਰਖ਼ੀਆਂ ਬਣਦੇ ਹਨ। ਬਾਵਜੂਦ ਇਸ ਦੇ ਇਨਾਂ ਨੂੰ ਚੰਗਾ ਮਿਹਨਤਾਨਾ ਨਹੀਂ ਦਿੱਤਾ ਜਾਂਦਾ, ਇਨਾਂ ਦੇ ਕੋਲ ਕੋਈ ਅਧਿਕਾਰ ਨਹੀਂ ਹੁੰਦੇ, ਜਦੋਂ ਮਰਜ਼ੀ ਆਏ ਇਨਾਂ ਨੂੰ ਬਰਖ਼ਾਸਤ ਕਰ ਦਿੱਤਾ ਜਾਂਦਾ ਹੈ ਅਤੇ ਅਕਸਰ ਇਨਾਂ ਨੂੰ ਉਚਿੱਤ ਪਛਾਣ ਪੱਤਰ ਵੀ ਜਾਰੀ ਨਹੀਂ ਕੀਤੇ ਜਾਂਦੇ। ਇਸ ਨਾਲ ਇਨਾਂ 'ਤੇ ਪ੍ਰਸ਼ਾਸਨਿਕ ਤੇ ਸਿਆਸੀ ਦਬਾਅ ਤਾਂ ਪੈਂਦਾ ਹੀ ਹੈ, ਇਹ ਦੋ ਸਮੇਂ ਦੀ ਰੋਟੀ ਜੁਟਾਉਣ ਦੇ ਚੱਕਰ ਵਿਚ ਕਈ ਵਾਰ ਉਹ ਖ਼ੁਦ ਵੀ ਭ੍ਰਿਸ਼ਟ ਹੋ ਜਾਂਦੇ ਹਨ। ਬਦਕਿਸਮਤੀ ਇਹ ਹੈ ਕਿ ਜੋ ਖੇਤਰੀ ਪੱਤਰਕਾਰ ਆਪਣੀ ਕਲਮ ਨਾਲ ਸ਼ੋਸ਼ਣ ਦਾ ਵਿਰੋਧ ਕਰਦਾ ਹੈ, ਉਸ ਦਾ ਹੀ ਸਭ ਤੋਂ ਵੱਧ ਸ਼ੋਸ਼ਣ ਹੁੰਦਾ ਹੈ।

ਹੁਣ ਅਖ਼ਬਾਰ ਤੇ ਟੀ.ਵੀ. ਚੈਨਲ ਸਹਿਯੋਗੀ ਪੱਤਰਕਾਰ ਰੱਖ ਲੈਂਦੇ ਹਨ, ਜਿਨਾਂ ਦੇ ਕੋਲ ਅਕਸਰ ਪੂਰੀ ਸਿਖਲਾਈ ਨਹੀਂ ਹੁੰਦੀ, ਆਮਦਨ ਦਾ ਕੋਈ ਹੋਰ ਸਰੋਤ ਨਹੀਂ ਹੁੰਦਾ ਅਤੇ ਤਨਖ਼ਾਹ ਦੇ ਨਾਂ 'ਤੇ ਮਾਮੂਲੀ ਪੈਸਾ ਮਿਲਦਾ ਹੈ। ਮਜਬੂਰਨ ਕੁਝ ਪੱਤਰਕਾਰ ਆਪਣੀ ਰੋਜ਼ੀ-ਰੋਟੀ ਲਈ ਸਰਕਾਰੀ ਤੇ ਰਾਜਨੀਤਕ ਸਮਰਥਨ ਹਾਸਲ ਕਰ ਲੈਂਦੇ ਹਨ, ਜਿਸ ਨਾਲ ਪੱਤਰਕਾਰੀ ਵਿਚ ਪੱਖਪਾਤ ਦਾ ਆ ਜਾਣਾ ਕੋਈ ਵੱਡੀ ਗੱਲ ਨਹੀਂ ਹੈ। ਖ਼ਬਰਾਂ ਦੀ ਰੋਜ਼ਾਨਾ ਪ੍ਰਵਿਰਤੀ, ਟਕਰਾਉਂਦੇ ਵਪਾਰਕ ਹਿਤ, ਪੰਗੂ ਪੱਤਰਕਾਰ ਸੰਗਠਨ ਅਤੇ ਅੰਗਰੇਜ਼ੀ ਭਾਸ਼ਾ ਪ੍ਰੈੱਸ ਤੇ ਖੇਤਰੀ ਪ੍ਰੈੱਸ ਵਿਚ ਤਾਲਮੇਲ ਦੀ ਘਾਟ, ਅਜਿਹੇ ਕਾਰਨ ਹਨ, ਜਿਨਾਂ ਦੇ ਕਾਰਨ ਸਥਿਤੀ ਵਿਚ ਸਕਾਰਾਤਮਕ ਪਰਿਵਰਤਨ ਲਿਆਉਣ ਦੇ ਲਈ ਸਾਂਝੇ ਤੇ ਨਿਰੰਤਰ ਯਤਨ ਨਹੀਂ ਹੁੰਦੇ। ਇਸ ਲਈ ਇਹ ਹੈਰਾਨੀ ਨਹੀਂ ਹੈ ਕਿ 'ਵਰਲਡ ਪ੍ਰੈੱਸ ਫਰੀਡਮ ਇੰਡੈਕਸ 2021' ਅਨੁਸਾਰ ਭਾਰਤ ਪ੍ਰੈੱਸ ਦੀ ਅਜ਼ਾਦੀ ਦੇ ਪੱਖ ਤੋਂ 180 ਦੇਸ਼ਾਂ ਵਿਚੋਂ 142ਵੇਂ ਸਥਾਨ 'ਤੇ ਆ ਗਿਆ ਹੈ।

## ਪੰਜਾਬ ਸਰਕਾਰ...

ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਪੰਜਾਬ ਭਰ ਦੀਆਂ ਸਿੱਖ ਜਥੇਬੰਦੀਆਂ, ਸਿੱਖ ਸੰਪਰਦਾਵਾਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਸਾਂਝੇ ਪਲੇਟਫਾਰਮ ਤੇ ਇਕੱਤਰ ਹੋ ਕੇ ਪੰਜਾਬ ਦੀ ਝਾੜੂ ਸਰਕਾਰ ਵਲੋਂ ਹਿੰਦੁਤਵ ਦੀ ਸੀ ਟੀਮ ਬਣਦਿਆਂ ਸਿੱਖ ਨੌਜਵਾਨਾਂ ਤੇ ਦਰਜ ਕੀਤੇ ਜਾ ਰਹੇ ਨਜਾਇਜ਼ ਪਰਚਿਆਂ ਅਤੇ ਗ੍ਰਿਫਤਾਰੀਆਂ ਖਿਲਾਫ ਆਵਾਜ਼ ਬੁਲੰਦ ਕਰਨ ਅਤੇ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਸਾਰਥਿਕ ਪਹੁੰਚ ਅਪਨਾਉਣ ਦੀ ਸਨਿਮਰ ਅਪੀਲ ਕੀਤੀ ਗਈ ਹੈ। ਪੁਲਿਸ ਸਿੱਖ ਨੌਜਵਾਨ ਦੇ ਪਰਿਵਾਰ ਮੈਂਬਰਾਂ ਨੂੰ ਗ੍ਰਿਫਤਾਰ ਕਰ ਰਹੀ ਹੈ ਜਦਕਿ ਪੁਲਿਸ ਨੇ ਭਗੌੜੇ ਸਾਬਕਾ ਪੁਲਿਸ ਮੁਖੀ ਸੁਮੇਧ ਸੈਣੀ ਦੇ ਕਿਸੇ ਪਰਿਵਾਰਕ ਮੈਂਬਰ ਨੂੰ ਗ੍ਰਿਫਤਾਰ ਨਹੀ ਕੀਤਾ। ਜ਼ਿਕਰਯੋਗ ਹੈ ਕਿ ਸੁਮੇਧ ਸੈਣੀ ਸੈਂਕੜੇ ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰਨ ਦਾ ਦੋਸ਼ੀ ਹੈ। ਪਰ ਭਾਰਤ ਦਾ ਨਿਆਂਇਕ ਸਿਸਟਮ, ਪੰਜਾਬ ਪੁਲਿਸ, ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਉਸਨੂੰ ਹਰ ਮੋੜ ਤੇ ਰਾਹਤ ਦੇਣ ਲਈ ਯਤਨਸ਼ੀਲ ਹੈ।

## ਪਟਿਆਲਾ ਹਿੰਸਾ ਕਾਰਨ...

ਕਰਨੈਲ ਸਿੰਘ ਪੰਜੋਲੀ ਤੇ ਸ਼੍ਰੋਮਣੀ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ ਤੇ ਜਰਨੈਲ ਸਿੰਘ ਕਰਤਾਰਪੁਰ ਨੇ ਕਿਹਾ ਕਿ ਬਲਜਿੰਦਰ ਸਿੰਘ ਪਰਵਾਨਾ ਖਿਲਾਫ਼ ਕੇਸ ਦਰਜ ਕਰਨਾ ਗਲਤ ਹੈ, ਕਿਉਂਕਿ ਘਟਨਾ ਮੌਕੇ ਉਹ ਤਾਂ ਉਥੇ ਮੌਜੂਦ ਹੀ ਨਹੀਂ ਸੀ। ਉਨਾਂ ਟਕਰਾਓ ਦੀ ਘਟਨਾ ਲਈ ਸਿੱਧੇ ਤੌਰ 'ਤੇ ਪੰਜਾਬ ਸਰਕਾਰ ਅਤੇ ਪੁਲਿਸ ਨੂੰ ਜ਼ਿੰਮੇਵਾਰ ਦੱਸਿਆ, ਜੋ ਹਾਲਾਤ 'ਤੇ ਕਾਬੂ ਪਾਉਣ 'ਚ ਨਾਕਾਮ ਰਹੀ। ਉਨਾਂ ਕਿਹਾ ਕਿ ਇਸ ਪੂਰੀ ਘਟਨਾ ਪਿੱਛੇ ਹਰੀਸ਼ ਸਿੰਗਲਾ ਦਾ ਹੱਥ ਹੈ, ਜਿਸ ਨੇ ਖਾਲਿਸਤਾਨ ਦੇ ਵਿਰੋਧ 'ਚ ਮਾਰਚ ਕੱਢਣ ਦਾ ਸੁਨੇਹਾ ਦੇ ਕੇ ਉਕਸਾਉਣ ਦੀ ਕੋਸ਼ਿਸ਼ ਕੀਤੀ, ਜਿਸ ਮਗਰੋਂ ਹੀ ਸਾਰੀ ਘਟਨਾ ਵਾਪਰੀ।ਆਪ ਸਰਕਾਰ ਇਕ ਪਾਸੜ ਕਾਰਵਾਈ ਕਰ ਰਹੀ ਹੈ।

ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਹਰਨਾਮ ਸਿੰਘ ਖ਼ਾਲਸਾ ਨੇ ਪਟਿਆਲਾ ਵਿਖੇ ਸਿੱਖ ਜਥੇਬੰਦੀਆਂ ਨਾਲ ਹੋਏ ਟਕਰਾਅ ਨੂੰ ਗੰਭੀਰਤਾ ਨਾਲ ਲੈਂਦਿਆਂ ਸਖ਼ਤ ਨਿਖੇਧੀ ਕੀਤੀ । ਉਨਾਂ ਸਰਕਾਰ ਤੇ ਪੁਲਿਸ ਨੂੰ ਸਮਾਜ ਵਿਚ ਫਿਰਕੂ ਤਣਾਅ ਪੈਦਾ ਕਰਨ ਵਾਲੀ ਸ਼ਿਵ ਸੈਨਾ 'ਤੇ ਸਖ਼ਤੀ ਨਾਲ ਕਾਬੂ ਪਾਉਣ ਲਈ ਕਿਹਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਟਿਆਲਾ ਵਿਖੇ ਵਾਪਰੀ ਘਟਨਾ ਨੂੰ ਪੰਜਾਬ ਸਰਕਾਰ ਦੀ ਨਕਾਮੀ ਕਰਾਰ ਦਿੰਦਿਆਂ ਕਿਹਾ ਕਿ ਇਸ ਘਟਨਾ ਦੇ ਮੁੱਖ ਕਾਰਨ ਨੂੰ ਅੱਖੋਂ ਓਹਲੇ ਕਰਕੇ ਪੁਲਿਸ ਪ੍ਰਸ਼ਾਸਨ ਨੇ ਬਣਦੀ ਭੂਮਿਕਾ ਨਹੀਂ ਨਿਭਾਈ, ਜਿਸ ਕਾਰਨ ਸਿੱਖ ਸੰਗਤਾਂ ਵਿਚ ਭਾਰੀ ਰੋਸ ਪੈਦਾ ਹੋਇਆ। ਉਨਾਂ ਆਖਿਆ ਕਿ ਕੁਝ ਫਿਰਕੂ ਲੋਕ ਪੰਜਾਬ ਦੇ ਮਾਹੌਲ ਨੂੰ ਤਣਾਅਪੂਰਨ ਬਣਾਉਣ ਦਾ ਲਗਾਤਾਰ ਯਤਨ ਕਰ ਰਹੇ ਹਨ, ਪਰ ਸਰਕਾਰ ਉਨਾਂ ਨੂੰ ਰੋਕਣ ਲਈ ਸੰਜੀਦਾ ਨਹੀਂ ਹੈ।

ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪਟਿਆਲਾ ਵਿੱਚ ਹੋਏ ਟਕਰਾਅ ਨੂੰ ਸੁਰੱਖਿਆ ਏਜੰਸੀਆਂ ਦੀ ਨਾਕਾਮੀ ਦੱਸਿਆ ਹੈ। ਉਨਾਂ ਕਿਹਾ ਕਿ ਸਿੱਖਾਂ ਦਾ ਸ਼ਿਵ ਸੈਨਾ ਨਾਲ ਨਹੀਂ ਸਗੋਂ ਕੇਂਦਰ ਨਾਲ ਟਕਰਾਅ ਹੈ, ਜਿਹੜਾ ਪੰਥਕ ਮਸਲੇ ਹੱਲ ਨਹੀਂ ਕਰ ਰਿਹਾ। ਮਾਨ ਨੇ ਕਿਹਾ ਕਿ ਦੇਸ਼ ਦੀਆਂ ਸੂਹੀਆ ਏਜੰਸੀਆਂ 'ਆਈਬੀ' ਤੇ 'ਰਾਅ' ਬੁਰੀ ਤਰਾਂ ਫੇਲ ਹੋ ਚੁੱਕੀਆਂ ਹਨ। ਇਨਾਂ ਕੋਲ ਕਿਸੇ ਮਾਮਲੇ ਵਿੱਚ ਅਗਾਊਂ ਸੂਚਨਾ ਨਹੀਂ ਹੁੰਦੀ, ਭਾਵੇਂ ਉਹ ਘਰੇਲੂ ਮਸਲੇ ਹੋਣ ਜਾਂ ਕੌਮਾਂਤਰੀ ਪੱਧਰ ਦੇ।

ਬਾਦਲ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਟਿਆਲਾ ਵਿੱਚ ਵਾਪਰੀਆਂ ਹਿੰਸਕ ਘਟਨਾਵਾਂ ਬਾਰੇ ਕਿਹਾ ਕਿ ਇਹ ਘਟਨਾਵਾਂ ਸਿੱਧੇ ਤੌਰ 'ਤੇ ਪ੍ਰਸ਼ਾਸਨਿਕ ਅਵੇਸਲਾਪਣ ਅਤੇ ਗ਼ੈਰ-ਜ਼ਿੰਮੇਵਾਰਾਨਾ ਸਿਆਸਤ ਦਾ ਨਤੀਜਾ ਹਨ, ਜੋ 'ਆਪ' ਸਰਕਾਰ ਦੀ ਕਾਰਜ ਸ਼ੈਲੀ ਦੀ ਪਛਾਣ ਬਣ ਚੁੱਕੇ ਹਨ।

**ਭਾਜਪਾ ਭਗਵੇਂਵਾਦੀਆਂ ਦੀ ਪਿੱਠ 'ਤੇ**

ਪੰਜਾਬ ਦੀਆਂ ਭਗਵੀਆਂ ਜਥੇਬੰਦੀਆਂ ਨੇ ਪੁਲਿਸ ਦੀ ਢਿੱਲੀ ਕਾਰਗੁਜ਼ਾਰੀ ਨੂੰ ਪਟਿਆਲਾ ਹਿੰਸਾ ਦਾ ਮੁੱਖ ਕਾਰਨ ਦੱਸਿਆ ਹੈ। ਹਿੰਦੂ ਆਗੂ ਨੇਤਾ ਨਿਸ਼ਾਂਤ ਸ਼ਰਮਾ, ਸੰਜੀਵ ਘਨੌਲੀ, ਵਿਜੈ ਭਾਰਦਵਾਜ, ਸਤੀਸ਼ ਕੁਮਾਰ, ਮਹਿੰਦਰ ਭੱਟੀ ਅਤੇ ਕੀਰਤ ਸਿੰਘ ਨੇ ਕਿਹਾ ਕਿ ਸ਼ਿਵ ਸੈਨਾ ਆਗੂ ਹਰੀਸ਼ ਸਿੰਗਲਾ ਨੇ ਪਹਿਲਾਂ ਹੀ ਪੁਲਿਸ ਨੂੰ ਆਰੀਆ ਸਮਾਜ ਚੌਕ ਵਿੱਚ ਮਾਰਚ ਕੱਢਣ ਦੀ ਜਾਣਕਾਰੀ ਦੇ ਦਿੱਤੀ ਸੀ। ਹਿੰਸਕ ਘਟਨਾ ਕਾਲੀ ਦੇਵੀ ਮੰਦਰ ਅੱਗੇ ਵਾਪਰੀ ਹੈ, ਜੋ ਆਰੀਆ ਸਮਾਜ ਚੌਕ ਤੋਂ ਕਾਫੀ ਦੂਰ ਹੈ। ਉਨਾਂ ਕਿਹਾ ਕਿ ਬਲਜਿੰਦਰ ਸਿੰਘ ਪਰਵਾਨਾ ਇਕ ਸਾਜ਼ਿਸ਼ ਤਹਿਤ ਕਾਲੀ ਦੇਵੀ ਮੰਦਰ ਕੋਲ ਪਹੁੰਚੇ ਅਤੇ ਪਥਰਾਅ ਕਰਵਾਇਆ। ਉਨਾਂ ਕਿਹਾ ਕਿ ਪੰਜਾਬ ਪੁਲਿਸ ਦੇ ਖੁਫੀਆ ਵਿੰਗ ਕੋਲ ਦੋਵਾਂ ਧਿਰਾਂ ਦੇ ਪ੍ਰੋਗਰਾਮਾਂ ਦੀ ਜਾਣਕਾਰੀ ਸੀ। ਇਸ ਦੇ ਬਾਵਜੂਦ ਪੁਲਿਸ ਨੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਨਹੀਂ ਕੀਤੇ। ਉਨਾਂ ਪੰਜਾਬ ਵਿੱਚ ਅਮਨ-ਸ਼ਾਂਤੀ ਭੰਗ ਕਰਨ ਵਾਲੇ ਖਾਲਿਸਤਾਨੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਸੂਬਾ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੰਜਾਬ ਵਿਚ ਸਖ਼ਤ ਮਿਹਨਤ ਨਾਲ ਕਾਇਮ ਕੀਤੀ ਗਈ ਸ਼ਾਂਤੀ ਨੂੰ ਕਿਸੇ ਵੀ ਸੂਰਤ ਵਿਚ ਭੰਗ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਦੇਸ਼ ਵਿਰੋਧੀ ਤਾਕਤਾਂ ਨੂੰ ਪੰਜਾਬੀਅਤ ਨਾਲ ਹਰਾਇਆ ਜਾਵੇਗਾ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਏਨੀ ਵੱਡੀ ਘਟਨਾ ਨੂੰ ਵਾਪਰਨ ਦਿੱਤਾ ਗਿਆ ।

**ਪੰਜਾਬ ਦੀ ਸ਼ਾਂਤੀ ਭੰਗ ਨਹੀਂ ਹੋਣ ਦਿਆਂਗੇ : ਕੇਜਰੀਵਾਲ**

ਨਵੀਂ ਦਿੱਲੀ: ਪਟਿਆਲਾ ਵਿੱਚ ਦੋ ਧੜਿਆਂ ਵਿੱਚ ਹੋਈਆਂ ਝੜਪਾਂ ਤੋਂ ਇੱਕ ਦਿਨ ਮਗਰੋਂ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਪੰਜਾਬ ਵਿੱਚ ਸ਼ਾਂਤੀ ਭੰਗ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

**ਘੱਟ-ਗਿਣਤੀ ਕਮਿਸ਼ਨ ਵਲੋਂ ਮੁੱਖ ਸਕੱਤਰ ਤੋਂ ਰਿਪੋਰਟ ਤਲਬ**

ਨਵੀਂ ਦਿੱਲੀ- ਕੌਮੀ ਘੱਟ-ਗਿਣਤੀ ਕਮਿਸ਼ਨ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਪਟਿਆਲਾ ਵਿਚ ਦੋ ਧਿਰਾਂ ਵਿਚਾਲੇ ਹੋਈ ਝੜਪ ਨੂੰ ਲੈ ਕੇ ਪੱਤਰ ਲਿਖਿਆ ਹੈ ਅਤੇ ਇਕ ਹਫ਼ਤੇ ਦੇ ਅੰਦਰ ਇਸ ਮਾਮਲੇ 'ਤੇ ਰਿਪੋਰਟ ਮੰਗੀ ਹੈ । ਕਮਿਸ਼ਨ ਨੇ ਮੁੱਖ ਸਕੱਤਰ ਅਨਿਰੁਧ ਤਿਵਾੜੀ ਨੂੰ ਪੱਤਰ ਲਿਖ ਕੇ ਕਿਹਾ ਕਿ ਉਸ ਨੇ ਪਟਿਆਲਾ ਵਿਚ ਘੱਟ ਗਿਣਤੀ ਭਾਈਚਾਰੇ ਨਾਲ ਸੰਬੰਧਤ ਫਿਰਕੂ ਝੜਪ ਦੀਆਂ ਖ਼ਬਰਾਂ ਦਾ ਨੋਟਿਸ ਲਿਆ ਹੈ ਅਤੇ ਤੁਹਾਨੂੰ ਬੇਨਤੀ ਕੀਤੀ ਜਾਂਦੀ ਹੈ ਕਿ 7 ਦਿਨਾਂ ਦੇ ਅੰਦਰ ਕਮਿਸ਼ਨ ਦੇ ਵਿਚਾਰਨ ਹਿੱਤ ਇਸ ਮਾਮਲੇ ਵਿਚ ਵਿਸਥਾਰ ਰਿਪੋਰਟ ਭੇਜੋ ।

## ਮਾਮਲਾ ਬੇਅੰਤ ਸਿੰਘ

ਜੇਲ ਵਿਚ ਗੁਜ਼ਾਰ ਚੁੱਕੇ ਹਨ ਜੋ ਉਮਰ ਕੈਦ ਤੋਂ ਵੱਧ ਹੈ। ਇਸ ਲਈ ਉਨਾਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

ਅਕਾਲੀ ਦਲ ਦੀ ਮੰਗ ਦਾ ਰਵਨੀਤ ਸਿੰਘ ਬਿੱਟੂ ਨੇ ਤੁਰੰਤ ਵਿਰੋਧ ਕੀਤਾ ਅਤੇ ਕਿਹਾ ਕਿ ਬਾਦਲ ਪਰਿਵਾਰ ਉਸ ਖਾੜਕੂ ਦੀ ਰਿਹਾਈ ਦੀ ਮੰਗ ਕਰ ਰਿਹਾ ਹੈ ਜਿਸ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਅਤੇ 17 ਹੋਰ ਵਿਅਕਤੀਆਂ ਨੂੰ ਕਤਲ ਕੀਤਾ ਸੀ।

ਉਨਾਂ ਸੁਖਬੀਰ ਬਾਦਲ ਨੂੰ ਉਲਟਾ ਸਵਾਲ ਕੀਤਾ ਸੀ ਕਿ ਉਹ ਦੱਸਣ ਕਿ ਕਿਸ ਮਜ਼ਬੂਰੀ ਤਹਿਤ ਉਹ ਵਾਰ-ਵਾਰ ਰਾਜੋਆਣਾ ਦੀ ਰਿਹਾਈ ਦੀ ਮੰਗ ਕਰਦੇ ਹਨ।

ਰਵਨੀਤ ਬਿੱਟੂ ਦੇ ਉਲਟ ਕਾਂਗਰਸ ਪਾਰਟੀ ਦੇ ਸੰਸਦ ਮੈਂਬਰ ਮੁਨੀਸ਼ ਤਿਵਾੜੀ ਨੇ ਕਿਹਾ ਸੀ, ਮੈਂ ਖਾੜਕੂਵਾਦ ਪੀੜਤ ਹੋਣ ਦੇ ਨਾਤੇ ਆਪਣੇ ਸਾਥੀ ਰਵਨੀਤ ਬਿੱਟੂ ਦੀ ਪੀੜਾ ਸਮਝਦਾ ਹਾਂ। ਪਰ ਇੱਕ ਵਕੀਲ ਅਤੇ ਪੰਜਾਬ ਦਾ ਸੰਸਦ ਮੈਂਬਰ ਹੋਣ ਦੇ ਨਾਤੇ ਇਹ ਸਮਝਦਾ ਹਾਂ ਕਿ ਬਲਵੰਤ ਸਿੰਘ ਰਾਜੋਆਣਾ ਨੂੰ ਧਾਰਾ 432 ਤਹਿਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਕਿਉਂ ਕਿ ਉਹ 26 ਸਾਲ ਕੈਦ ਪਹਿਲਾਂ ਹੀ ਕੱਟ ਚੁੱਕੇ ਹਨ।




ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AAJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com